

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊ ਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 22; June 3, 2023 20451 N. Plum Grove Rd., Palatine, IL 60074 Ph:847-359-0746, Fax:847-705-9388


# ਪਹਿਲਵਾਨ ਕੁੜੀਆਂ ਨੂੰ ਸੜਕ ’ਤੇ ਘੜੀਸਿਆ

**ਨਵੀਂ ਦਿੱਲੀ:** ਪੁਲਿਸ ਨੇ ਪਿਛਲੇ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਜੰਤਰ-ਮੰਤਰ ‘ਤੇ ਇਨਸਾਫ ਲਈ ਧਰਨੇ ‘ਤੇ ਬੈਠੀਆਂ ਪਹਿਲਵਾਨ ਲੜਕੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਉਤੇ ਤਸ਼ੱਦਦ ਦੀ ਹੱਦ ਪਾਰ ਕਰ ਦਿੱਤੀ। ਮੈਡਲ ਜਿੱਤ ਕੇ ਦੇਸ਼ ਦਾ ਮਾਣ ਵਧਾਉਣ ਵਾਲੀਆਂ ਕੁੜੀਆਂ ਨਾਲ ਇਹ ਖਿੱਚ-ਧੂਹ ਉਸ ਸਮੇਂ ਹੋ ਰਹੀ ਸੀ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਸਦ ਦੀ ਨਵੀਂ ਇਮਾਰਤ ਦਾ ਉਦਘਾਟਨ ਕਰ ਰਿਹਾ ਸੀ। ਨਵੇਂ ਸੰਸਦ ਭਵਨ ਵੱਲ ਸ਼ਾਂਤਮਈ ਢੰਗ ਨਾਲ ਪੈਦਲ ਵਧ ਰਹੀਆਂ ਮਹਿਲਾ ਪ੍ਰਦਰਸ਼ਨਕਾਰੀ ਪਹਿਲਵਾਨਾਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਸੜਕਾਂ ਉਤੇ ਘੜੀਸਿਆ।

ਮਹਿਲਾ ਅਤੇ ਪੁਰਸ਼ ਪਹਿਲਵਾਨਾਂ ਨੂੰ ਜੰਤਰ ਮੰਤਰ ਤੋਂ ਹਿਰਾਸਤ ਵਿਚ ਲੈਣ ਦਾ ਦ੍ਰਿਸ਼ ਬੜਾ ਹੌਲਨਾਕ ਸੀ। ਉਨ੍ਹਾਂ ਨੂੰ ਪੁਲਿਸ ਨੇ ਜ਼ਬਰਦਸਤੀ ਹਿਰਾਸਤ ਵਿਚ ਲਿਆ ਅਤੇ ਇਸ ਅਮਲ ਦੌਰਾਨ ਮਹਿਲਾ ਅਤੇ ਪੁਰਸ਼ ਪਹਿਲਵਾਨਾਂ ਦੀ ਜੰਮ ਕੇ ਧੂਹ-ਘੜੀਸ ਕੀਤੀ ਗਈ। ਦਰਅਸਲ, ਪਿਛਲੇ ਕਾਫੀ ਸਮੇਂ ਤੋਂ ਭਾਰਤੀ ਰੈਸਲਿੰਗ ਫੈਡਰੇਸ਼ਨ ਦੇ ਪ੍ਰਧਾਨ ਅਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਮਹਿਲਾ ਅਤੇ ਪੁਰਸ਼ ਪਹਿਲਵਾਨਾਂ ਵੱਲੋਂ ਜੰਤਰ ਮੰਤਰ ਉਤੇ ਅੰਦੋਲਨ ਕੀਤਾ ਜਾ ਰਿਹਾ ਹੈ। ਇਕ ਨਾਬਾਲਗ ਸਮੇਤ ਸੱਤ ਮਹਿਲਾ ਪਹਿਲਵਾਨਾਂ ਨੇ ਭਾਜਪਾ ਦੇ ਸੰਸਦ ਮੈਂਬਰ ਉਤੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕਰਨ ਅਤੇ ਧਮਕੀਆਂ ਦੇਣ ਦੇ ਦੋਸ਼ ਲਗਾਏ ਹਨ ਪਰ ਦਿੱਲੀ ਪੁਲਿਸ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਭਾਜਪਾ ਸੰਸਦ ਮੈਂਬਰ ਹੋਣ ਤੇ ਉਸ ਦੇ ਕੇਂਦਰੀ ਸੱਤਾ ਵਿਚ ਰਸੂਖ਼ ਕਾਰਨ ਉਸ ਵਿਰੁੱਧ ਕੋਈ ਵੀ ਕਾਰਵਾਈ ਤੋਂ ਟਲਦੀ ਰਹੀ। ਹਾਲਾਂਕਿ ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਖ਼ਿਲਾਫ਼ ਕੇਸ ਤਾਂ ਦਰਜ ਹੋ ਗਏ ਪਰ ਅਜੇ ਤੱਕ ਵੀ ਪੁਲਿਸ ਨੇ ਅੱਗੇ ਦੀ ਕਾਰਵਾਈ ਕਰਦਿਆਂ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ।



## ਤਮਗੇ ਗੰਗਾ ‘ਚ ਵਹਾਉਣ ਦਾ ਫੈਸਲਾ

**ਹਰਿਦੁਆਰ:** ਇਨਸਾਫ ਨਾ ਮਿਲਦਾ ਦੇਖ ਦੇਸ਼ ਦੇ ਨਾਮੀ ਪਹਿਲਵਾਨ ਆਪਣੇ ਕੌਮਾਂਤਰੀ ਤੇ ਓਲੰਪਿਕ ਤਮਗੇ ਗੰਗਾ ‘ਚ ਵਹਾਉਣ ਲਈ ਹਰਿਦੁਆਰ ਪੁੱਜ ਗਏ, ਹਾਲਾਂਕਿ ਕਿਸਾਨ ਜਥੇਬੰਦੀਆਂ ਦੇ ਆਖੇ ਲੱਗ ਭਲਵਾਨ ਇਕ ਹਫਤਾ ਹੋਰ ਰੁਕਣ ਲਈ ਤਿਆਰ ਹੋ ਗਏ। ਭਲਵਾਨ ਬਜਰੰਗ ਪੂਨੀਆ ਨੇ ਟਵੀਟ ਵਿਚ ਕਿਹਾ ਕਿ ਤਮਗੇ ਉਨ੍ਹਾਂ ਦੀ ਜਾਨ ਤੇ ਆਤਮਾ ਹਨ ਤੇ ਇਨ੍ਹਾਂ ਤੋਂ ਬਗੈਰ ਜ਼ਿੰਦਗੀ ਕੁਝ ਵੀ ਨਹੀਂ। ਇਸ ਲਈ ਤਮਗੇ ਗੰਗਾ ਵਿਚ ਸੁੱਟਣ ਬਾਅਦ ਉਹ ਇੰਡੀਆ ਗੇਟ ‘ਤੇ ਮਰਨ ਵਰਤ ‘ਤੇ ਬੈਠਣਗੇ। ਦੇਸ਼ ਦੇ ਸ਼ਹੀਦਾਂ ਦੀ ਯਾਦਗਾਰ ‘ਤੇ ਆਪਣੇ ਪ੍ਰਾਣ ਤਿਆਗ ਦੇਣਗੇ।

ਇਨਸਾਫ ਦੀ ਆਸ ਨਾ ਦਿਸਦੀ ਦੇਖ ਪਹਿਲਵਾਨ ਲੜਕੀਆਂ ਨੇ ਜੰਤਰ-ਮੰਤਰ ਉਤੇ ਧਰਨਾ ਸ਼ੁਰੂ ਕੀਤਾ ਸੀ ਜਿਸ ਨੂੰ ਕਿਸਾਨ ਜਥੇਬੰਦੀਆਂ, ਖਾਪ ਪੰਚਾਇਤਾਂ ਸਣੇ ਜਮਹੂਰੀ ਹੱਕਾਂ ਲਈ ਲੜਨ ਵਾਲੀਆਂ ਸੈਂਕੜੇ ਜਥੇਬੰਦੀਆਂ ਨੇ ਸਮਰਥਨ ਦਿੱਤਾ ਸੀ। ਇਹ ਕੁੜੀਆਂ ਆਪਣੇ ਸਮਰਥਕਾਂ ਸਮੇਤ ਪਿਛਲੇ ਇਕ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਇਥੇ ਅਤਿ ਦੀ ਗਰਮੀ ਵਿਚ ਧਰਨਾ ਲਾਈ ਬੈਠੀਆਂ ਸਨ ਪਰ ‘ਬੇਟੀ ਬਚਾਓ, ਬੇਟੀ ਪੜ੍ਹਾਓ’ ਦਾ ਨਾਅਰਾ ਮਾਰਨ ਵਾਲੀ ਭਾਜਪਾ, ਇਸ ਦੇ ਮੰਤਰੀ ਤੇ ਵਿਧਾਇਕ, ਇਥੋਂ ਤੱਕ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਤੱਕ ਇਨ੍ਹਾਂ ਪੀੜਤਾਂ ਦੇ ਹੱਕ ਵਿਚ ਇਕ ਸ਼ਬਦ ਵੀ ਨਹੀਂ ਬੋਲੇ। ਹੋਰ ਕੋਈ ਚਾਰਾ ਚੱਲਦਾ ਨਾ ਦੇਖ ਆਪਣੀ ਗੱਲ ਬੋਲੀ ਸਰਕਾਰ ਤੱਕ ਪਹੁੰਚਣ ਲਈ ਨਵੀਂ ਸੰਸਦ ਦੇ ਸਾਹਮਣੇ ‘ਮਹਿਲਾ ਸਨਮਾਨ ਮਹਾਂ ਪੰਚਾਇਤ’ ਰੱਖੀ ਗਈ ਸੀ। ਸ਼ਾਂਤੀਪੂਰਵਕ ਅੱਗੇ ਵਧ ਰਹੀਆਂ ਪ੍ਰਦਰਸ਼ਨਕਾਰੀ ਕੁੜੀਆਂ ਤੇ ਹਮਾਇਤੀਆਂ ਨੂੰ ਰਸਤੇ ਵਿਚ ਨਾਕੇ ਲਗਾ ਕੇ ਰੋਕ ਲਿਆ ਤੇ ਖਿੱਚ-ਧੂਹ ਸ਼ੁਰੂ ਕਰ ਦਿੱਤੀ। ਪੁਲਿਸ ਨੇ 109 ਪ੍ਰਦਰਸ਼ਨਕਾਰੀਆਂ ਸਮੇਤ 700 ਦੇ ਲਗਭਗ ਹੋਰ ਲੋਕਾਂ ਨੂੰ ਹਿਰਾਸਤ ਵਿਚ ਲਿਆ। ਇਸ ਅੰਦੋਲਨ ਦੀ ਅਗਵਾਈ ਕਰਨ ਵਾਲੇ ਪਹਿਲਵਾਨਾਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ, ਬਜਰੰਗ ਪੂਨੀਆ ਆਦਿ ਦੇ ਵਿਰੁੱਧ ਸਖ਼ਤ ਧਾਰਾਵਾਂ ਲਗਾ ਕੇ ਪੁਲਿਸ ਵੱਲੋਂ ਕੇਸ ਵੀ ਦਰਜ ਕਰ ਦਿੱਤਾ ਗਿਆ।

ਪ੍ਰਦਰਸ਼ਨਕਾਰੀਆਂ ਦੀ ਹਮਾਇਤ ਲਈ ਦਿੱਲੀ ਆ ਰਹੇ ਕਿਸਾਨਾਂ ਅਤੇ ਹੋਰ ਲੋਕਾਂ ਨੂੰ ਗਾਜ਼ੀਪੁਰ, ਸਿੰਘੂ ਅਤੇ ਟਿੱਕਰੀ ਬਾਰਡਰਾਂ ‘ਤੇ ਰੋਕਿਆ ਗਿਆ। ਹਰਿਆਣੇ ਦੇ ਕਈ ਜ਼ਿਲ੍ਹਿਆਂ ਵਿਚ ਕਿਸਾਨ ਆਗੂਆਂ ਨੂੰ ਹਿਰਾਸਤ ਵਿਚ ਲਿਆ ਗਿਆ ਅਤੇ ਉਨ੍ਹਾਂ ਨੂੰ ਦਿੱਲੀ ਵੱਲ ਵਧਣ ਨਾ ਦਿੱਤਾ ਗਿਆ। ਇਸੇ ਦਿਨ ਪੰਜਾਬ ਦੀਆਂ ਕਈ ਕਿਸਾਨ ਜਥੇਬੰਦੀਆਂ ਨੇ ਭਰਵੇਂ ਇਕੱਠ ਕਰ ਕੇ ਮਹਿਲਾ ਪਹਿਲਵਾਨਾਂ ਦੇ ਹੱਕ ਵਿਚ ਆਵਾਜ਼ ਉਠਾਈ। ਕਾਂਗਰਸ, ਆਮ ਆਦਮੀ ਪਾਰਟੀ ਅਤੇ ਹੋਰ ਸਿਆਸੀ ਪਾਰਟੀਆਂ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ ਪਰ ਦੇਸ਼ ਦੇ ਪ੍ਰਧਾਨ ਮੰਤਰੀ ਦੇ ਮੂੰਹੋਂ ਹੁਣ ਤੱਕ ਇਸ ਧੱਕੇਸ਼ਾਹੀ ਖ਼ਿਲਾਫ਼ ਇਕ ਸ਼ਬਦ ਵੀ ਨਹੀਂ ਨਿਕਲਿਆ।

ਪਹਿਲਵਾਨ ਲੜਕੀਆਂ ਨੂੰ ਇਨਸਾਫ ਦਾ ਗੰਭੀਰ ਮਸਲਾ ਕਾਨੂੰਨੀ ਮਾਮਲਾ ਹੈ। ਪੋਕਸੋ ਐਕਟ ਤਹਿਤ ਨਾਬਾਲਗ ਬੱਚੇ/ਬੱਚੀਆਂ ਨਾਲ ਜਿਣਸੀ ਸ਼ੋਸ਼ਣ ਦੇ ਮਾਮਲੇ ਵਿਚ ਨਾਮਜ਼ਦ ਵਿਅਕਤੀਆਂ ਖ਼ਿਲਾਫ਼ ਤੁਰਤ ਕਾਰਵਾਈ ਕਰ ਕੇ ਕੇਸ ਦਰਜ ਕਰਨ ਦੀ ਵਿਵਸਥਾ ਹੈ। ਇਸ ਲਿਹਾਜ਼ ਨਾਲ ਪਹਿਲਵਾਨ ਲੜਕੀਆਂ ਨਾਲ ਕਾਨੂੰਨੀ ਪੱਧਰ ‘ਤੇ ਘੋਰ ਬੇਇਨਸਾਫ਼ੀ ਹੋ ਰਹੀ ਹੈ। ਇਨ੍ਹਾਂ ਲੜਕੀਆਂ ਦੀ ਸ਼ਿਕਾਇਤ ‘ਤੇ ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਕੇਸ ਤਾਂ ਦਰਜ ਕਰ ਦਿੱਤਾ ਗਿਆ ਅਤੇ ਲੜਕੀਆਂ ਦੇ ਬਿਆਨ ਮੈਜਿਸਟਰੇਟ ਦੇ ਸਾਹਮਣੇ ਦਰਜ ਕਰਨ ਤੋਂ ਬਾਅਦ ਵੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਹਿਰਾਸਤ ਵਿਚ ਨਹੀਂ ਲਿਆ ਗਿਆ। ਇਸ ਨਾਲ ਪੋਕਸੋ ਐਕਟ ਦੀਆਂ ਧਾਰਾਵਾਂ ਦੀ ਪੁਲਿਸ ਵੱਲੋਂ ਇਸ ਕਰ ਕੇ ਪਾਲਣਾ ਨਹੀਂ ਕੀਤੀ ਜਾ ਰਹੀ।

(ਬਾਕੀ ਸਫਾ 6 ‘ਤੇ)

# ਪਹਿਲਵਾਨਾਂ ਨਾਲ ਧੱਕੇਸ਼ਾਹੀ ਦਾ ਨੋਟਿਸ ਲਿਆ

**ਅੰਮ੍ਰਿਤਸਰ:** ਦਿੱਲੀ ਦੇ ਜੰਤਰ ਮੰਤਰ ‘ਤੇ ਇਨਸਾਫ ਲਈ ਧਰਨੇ ‘ਤੇ ਬੈਠੀਆਂ ਓਲੰਪੀਅਨ ਮਹਿਲਾ ਪਹਿਲਵਾਨਾਂ ਨਾਲ ਸਰਕਾਰ ਵੱਲੋਂ ਕੀਤੀ ਗਈ ਧੱਕੇਸ਼ਾਹੀ ਦੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੇ ਸਖਤ ਨਿੰਦਾ ਕੀਤੀ ਹੈ।



ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਵਿਚ ਇਸ ਧੱਕੇਸ਼ਾਹੀ ਖ਼ਿਲਾਫ਼ ਰੋਸ ਦਰਜ ਕਰਦਿਆਂ ਕਿਹਾ ਕਿ ਨਵੇਂ ਸੰਸਦ ਭਵਨ ਦੇ ਉਦਘਾਟਨ ਮੌਕੇ ਭਾਰਤ ਵਾਸਤੇ ਸੋਨ ਤਗਮੇ ਜਿੱਤਣ ਵਾਲੀਆਂ ਕੁੜੀਆਂ ਨੂੰ ਡਾਂਗਾਂ ਨਾਲ ਕੁੱਟਣਾ ਤੇ ਬੇਵੱਸ ਕੁੜੀਆਂ ਦੀਆਂ ਹੂਕਾਂ ਨਵੀਂ ਸੰਸਦ ਦੇ ਇਤਿਹਾਸ ਦਾ ਪਹਿਲਾ ਕਾਲਾ ਵਰਕਾ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਆਖਿਆ ਕਿ ਸਰਕਾਰੀ ਤੰਤਰ ਵੱਲੋਂ ਮਨੁੱਖੀ ਹੱਕਾਂ ਲਈ ਆਵਾਜ਼ ਉਠਾਉਣ ਵਾਲਿਆਂ ਨਾਲ ਜਬਰਦਸਤੀ ਕਰਨਾ ਲੋਕਤੰਤਰ ‘ਤੇ ਦਾਗ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਦੇਸ਼ ਲਈ ਨਵੀਂ ਬਣੀ ਸੰਸਦ ਦਾ ਉਦਘਾਟਨ ਹੋ ਰਿਹਾ ਸੀ ਤੇ ਦੂਜੇ ਪਾਸੇ ਦੇਸ਼ ਦਾ ਨਾਮ ਰੋਸ਼ਨ ਕਰਨ ਵਾਲੀਆਂ ਮਹਿਲਾ ਪਹਿਲਵਾਨਾਂ ‘ਤੇ ਤਸ਼ੱਦਦ ਕੀਤਾ ਜਾ ਰਿਹਾ ਸੀ ਜਿਸ ਨਾਲ ਪੂਰੇ ਦੇਸ਼ ਸ਼ਰਮਸਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਹੱਕਾਂ ਲਈ ਲੜਾਈ ਲੜ ਰਹੀਆਂ ਇਨ੍ਹਾਂ ਮਹਿਲਾ ਪਹਿਲਵਾਨਾਂ ਨਾਲ ਡੱਟ ਕੇ ਖੜ੍ਹੀ ਹੈ ਅਤੇ ਇਨ੍ਹਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇਗਾ।

(ਬਾਕੀ ਸਫਾ 6 ‘ਤੇ)





Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com


*Personal Injury and Wrongful Death Attorneys*

Case Results*

$10 MILLION
Motorcycle vs. Truck Collision

$8 MILLION
Wrongful Death

$5.25 MILLION
Traumatic Brain Injury



WILLIAM E. WEISS
Of Counsel

Offices in San Francisco and Union City



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418


ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਡਾ. ਗੁਰੂਮੇਲ ਸਿੱਧੂ ਦੇ ਨਾਮ ਸ਼ਾਇਰੀ ਅਤੇ ਸੰਗੀਤ ਵਿਚ ਭਿੱਜੀ ਸ਼ਾਮ

**ਫਰਿਜ਼ਨੋ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਬਾਨੀ ਮਰਹੂਮ ਡਾ. ਗੁਰੂਮੇਲ ਸਿੱਧੂ ਵਲੋਂ ਪੰਜਾਬੀ ਸਾਹਿਤ, ਗਿਆਨ-ਵਿਗਿਆਨ, ਧਰਮ ਅਤੇ ਇਤਿਹਾਸ ਵਿਚ ਕੀਤੀ ਖੋਜਕਾਰੀ ਦੇ ਹਵਾਲੇ ਨਾਲ, ਉਨ੍ਹਾਂ ਦਾ 'ਜਨਮ ਦਿਨ' ਫਰਿਜ਼ਨੋ ਦੇ ਮਕੈਨਜ਼ੀ ਸਥਿਤ ਫਾਰਮ ਹਾਊਸ ਵਿਚ ਮਨਾਇਆ ਗਿਆ, ਜਿਸ ਵਿਚ ਅਕਾਦਮੀ ਦੇ ਸਥਾਨਕ ਅਤੇ ਬੇਏਰੀਏ ਦੇ ਮੈਂਬਰਾਂ ਤੋਂ ਇਲਾਵਾ,



ਸਿੱਧੂ ਪਰਿਵਾਰ, ਇੰਡੋ-ਅਮੇਰੀਕਨ ਫੋਰਮ ਅਤੇ ਵਿਸ਼ੇਸ਼ ਤੌਰ 'ਤੇ ਕੈਨੇਡਾ ਤੋਂ ਆਏ ਮਹਿਮਾਨਾਂ ਨੇ ਭਾਗ ਲਿਆ।

ਹਾਜ਼ਰ ਸੱਜਣਾਂ ਨੂੰ 'ਜੀ ਆਇਆਂ' ਆਖਦਿਆਂ ਅਕਾਦਮੀ ਦੇ ਸਕੱਤਰ ਅਤੇ ਸ਼ਾਇਰ ਹਰਜਿੰਦਰ ਕੰਗ ਨੇ ਆਪਣੇ ਮਖਸੂਸ ਅੰਦਾਜ਼ ਵਿਚ ਕਿਹਾ ਕਿ ਇਹ ਸਮਾਗਮ, ਇੱਕ ਚੰਗੇ ਬੰਦੇ ਦੀ ਯਾਦ ਵਿਚ, ਕਿੰਨੇ ਹੀ ਚੰਗੇ ਬੰਦਿਆਂ ਦਾ ਮੇਲ ਹੈ, ਜਿਸ ਨੂੰ ਸਾਕਾਰ ਕਰਨ ਲਈ ਡਾ. ਸਿੱਧੂ ਦੀ ਸਾਥਣ ਬਲਜੀਤ ਕੌਰ ਦਾ ਵਿਸ਼ੇਸ਼ ਯੋਗਦਾਨ ਹੈ।

ਦੋ ਚਰਨਾਂ ਵਿਚ ਵੰਡੇ ਇਸ ਸਮਾਗਮ ਦੇ ਪਹਿਲੇ ਅੱਧ ਵਿਚ ਯਾਦਾਂ, ਕਵਿਤਾਵਾਂ ਦਾ ਪਾਠ ਹੋਇਆ ਅਤੇ ਦੂਜੇ ਭਾਗ ਵਿਚ ਬੇਏਰੀਏ ਤੋਂ ਆਏ ਗਾਇਕ ਸੁਖਦੇਵ ਸਾਹਿਲ ਨੇ ਕਲਾਸਿਕ ਗਾਇਕੀ ਨਾਲ ਰੰਗ ਬੰਨ੍ਹਿਆ।

ਬਹੁਪੱਖੀ ਸ਼ਖਸੀਅਤ ਡਾ. ਸਿੱਧੂ ਦੀ ਜ਼ਿੰਦਗੀ ਦੇ ਵਰਕੇ ਫਰੋਲਦਿਆਂ, ਬੁਲਾਰਿਆਂ ਨੇ ਉਨ੍ਹਾਂ ਦੀ ਕਵਿਤਾ, ਸੰਗੀਤ ਪ੍ਰੇਮ, ਅਕਾਦਮਿਕਤਾ, ਅਤੇ ਖਾਸ ਤੌਰ 'ਤੇ ਗਦਰ ਲਹਿਰ ਦੇ ਅਣਗੌਲੇ ਪੱਖਾਂ ਨੂੰ ਦਸਤਾਵੇਜ਼ੀ ਰੂਪ ਦੇਣ ਵਾਲੇ ਉਨ੍ਹਾਂ ਦੇ ਇਤਿਹਾਸਕ ਰੋਲ ਨੂੰ ਸੋਰਤਿਆਂ ਨਾਲ ਸਾਂਝਿਆਂ ਕੀਤਾ।

ਕੈਨੇਡਾ ਤੋਂ ਆਏ ਇੰਜ. ਬਲਜਿੰਦਰ ਸੰਧੂ ਨੇ ਆਪਣੀ ਅੱਧੀ ਸਦੀ ਦੀ ਨੇੜਤਾ ਦੇ ਹਵਾਲੇ ਨਾਲ ਕਿਹਾ ਕਿ ਉਸ ਦਾ ਪੰਜਾਬੀ ਭਾਸ਼ਾ ਨਾਲ ਲਗਾਓ, ਡਾ. ਸਿੱਧੂ ਕਰਕੇ ਬਣਿਆ। ਡਾ. ਸਿੱਧੂ ਦੇ ਵਿਨੋਦੀ ਸੁਭਾਅ, ਸੰਗੀਤ ਪ੍ਰੇਮ ਅਤੇ ਇਸ ਨਾਲ ਜੁੜੀਆਂ ਰੋਚਕ ਘਟਨਾਵਾਂ ਨੂੰ ਸਾਂਝਿਆਂ ਕਰਦਿਆਂ, ਸੰਧੂ ਨੇ ਕਿਹਾ ਕਿ ਮਿਲਾਪੜਾ ਦਿਸਣ ਵਾਲਾ ਇਹ ਸ਼ਖਸ, ਬਹੁਤ ਹੀ ਸੰਕੋਚਸ਼ੀਲ ਸੀ। ਉਸ ਦੀਆਂ ਗੱਲਾਂ ਵਿਚ ਵੀ ਚੁੱਪ ਸੀ, ਇਕੱਲ ਸੀ।

ਕਵਿਤਾ ਪਾਠ ਦੀ ਸ਼ੁਰੂਆਤ ਸਾਧੂ ਸਿੰਘ ਸੰਘਾ ਨੇ ਕੀਤੀ ਅਤੇ ਹੈਰੀ ਮਾਨ ਨੇ ਵੀ ਹਿਸਾ ਲਿਆ। ਬੇ ਏਰੀਏ ਤੋਂ ਆਈ ਸ਼ਾਇਰਾ ਗੁਲਸ਼ਨ ਦਿਆਲ ਨੇ ਆਪਣੀ ਕਵਿਤਾ ਵਿਚ 'ਹੋਂਦ ਦੀ ਤਾਲਾਸ਼' ਦੀ ਗੱਲ ਕੀਤੀ। ਹਰਜਿੰਦਰ ਢੇਸੀ ਨੇ ਕਿਹਾ, 'ਮੁਸੀਬਤ ਵਿਚ ਕਿਸੇ ਦੇਵਤੇ ਨਹੀਂ ਦੇਣਾ ਸਾਥ, ਬੰਦੇ ਕਿਸੇ ਨੂੰ ਆਪਣਾ ਮਹਿਰਮ ਬਣਾ ਕੇ ਰੱਖ'। ਪੰਜਾਬ ਐਗਰੀਕਲਚਰ ਵਿਸ਼ਵਿਦਿਆਲੇ ਵਿਚਲੀਆਂ ਆਪਣੀਆਂ ਯਾਦਾਂ ਸਾਂਝਿਆਂ ਕਰਦਿਆਂ ਡਾ. ਅਰਜਨ ਜੋਸਨ ਨੇ ਆਪਣੀ ਕਵਿਤਾ ਨਾਲ ਹਾਜ਼ਰੀ ਲੁਆਈ। ਇਸ ਤੋਂ ਬਾਅਦ ਅਵਤਾਰ ਗੋਂਦਾਰਾ ਨੇ 'ਹੱਥਾਂ 'ਚੋਂ ਕਿਰ ਗਏ ਪਲਾਂ' ਦੀ ਕਵਿਤਾ ਪੜ੍ਹੀ। ਬੇਏਰੀਏ ਦੀ ਸ਼ਾਇਰਾ ਲਾਜ ਨੀਲਮ ਸੈਣੀ ਦੀ ਕਵਿਤਾ ਵਿਚ, ਪ੍ਰੇਮ-ਗੜੁੱਚੀ ਜ਼ਿੰਦਗੀ ਦੇ 'ਥਈਆ ਥਈਆ' ਕਰਨ ਦੀ ਧਮਕ ਸੀ। ਇੰਦਰਜੀਤ ਚੁਗਾਵਾਂ ਨੇ ਆਪਣੀ ਕਵਿਤਾ ਵਿਚ, ਪਿੰਜਰੇ ਵਿਚ ਤਾੜੀਆਂ ਚਿੜੀਆਂ ਨੂੰ ਆਜ਼ਾਦ ਕਰਨ ਦਾ ਹੋਕਾ ਦਿੱਤਾ। ਦਲਜੀਤ ਰਿਆੜ ਨੇ ਆਪਣੀ ਰਚਨਾ ਸਾਂਝੀ



ਕੀਤੀ। ਜਗਜੀਤ ਨੌਸ਼ਹਿਰਵੀ ਨੇ ਆਪਣੀ ਕਵਿਤਾ ਤੋਂ ਇਲਾਵਾ, ਡਾ. ਸਿੱਧੂ ਦੀ ਆਪਣੀ ਗਾਈ ਕਵਿਤਾ ਦੀ ਰਿਕਾਰਡਿੰਗ ਸਰੋਤਿਆਂ ਨਾਲ ਸਾਂਝੀ ਕੀਤੀ, 'ਪੜ੍ਹ ਨਾ ਧੀਆਂ ਦੇ ਲੇਖ ਨੀ ਮਾਏ, ਲੱਗੇਗਾ ਤੈਨੂੰ ਸੇਕ ਨੀ ਮਾਏ, ਨਾ ਰਾਹਾਂ ਵੱਲ ਨਾ ਦੇਖ ਨੀ ਮਾਏ, ਕੂੰਜਾਂ ਦੇ ਵਾਂਗੂ ਉਡ ਗਈਆਂ ਨੀ ਤੇਰੀਆਂ, ਦੁੱਧ ਮੱਖਣਾਂ ਦੀਆਂ ਪਾਲੀਆਂ'।

ਗਦਰੀ ਬਾਬੇ ਬਚਨ ਸਿੰਘ ਗੋਲੀਆ ਦੇ ਬੇਟੇ, ਕਰਨਲ ਹਰਦੇਵ ਗਿੱਲ ਨੇ ਕਿਹਾ ਕਿ ਬਾਗੀ ਹੋਣ ਕਰਕੇ ਜਿੰਨਾ ਗਦਰੀਆਂ ਨੂੰ ਜਿਉਂਦੇ ਜੀਅ ਦਰਕਿਨਾਰ ਕੀਤਾ ਗਿਆ, ਡਾ. ਸਿੱਧੂ ਨੇ ਉਨ੍ਹਾਂ ਦੇ ਅਣਗੌਲੇ ਪੱਖਾਂ ਨੂੰ ਕਿਤਾਬੀ ਰੂਪ ਦੇ ਕੇ ਸਨਮਾਨ ਦਿੱਤਾ ਹੈ। ਕਈ ਦਹਾਕਿਆਂ ਦੇ ਸਾਥ ਨੂੰ ਯਾਦ ਕਰਦਿਆਂ ਕਹਾਣੀਕਾਰ ਕਰਮ ਸਿੰਘ ਮਾਨ ਨੇ ਡਾ. ਸਿੱਧੂ ਦੀਆਂ ਸਾਹਿਤਕ ਰਚਨਾਵਾਂ ਦਾ ਜ਼ਿਕਰ ਕੀਤਾ। ਅਕਾਦਮੀ ਦੇ ਮੈਂਬਰ ਅਤੇ ਸ਼ਾਇਰ ਅਸ਼ਰਫ ਗਿੱਲ ਨੇ ਆਪਣੀਆਂ ਪੰਜਾਬੀ ਅਤੇ ਉਰਦੂ ਰਚਨਾਵਾਂ ਨਾਲ ਹਾਜ਼ਰੀ ਲੁਆਈ।

ਆਪਣੀ ਭੂ-ਹੇਰਵੇ ਨਾਲ ਭਿੱਜੀ ਗਜ਼ਲ ਨਾਲ ਹਰਜਿੰਦਰ ਕੰਗ ਬੋਲ ਰਿਹਾ ਸੀ, 'ਇਸ ਵਾਰੀ ਜਦ ਪਿੰਡੋਂ ਹੋ ਕੇ ਆਇਆ ਹਾਂ। ਆਪਣੇ ਹੀ ਗਲ, ਲੱਗ ਲੱਗ ਰੋ ਕੇ ਆਇਆਂ ਹਾਂ'।

ਸ਼ਾਇਰੀ ਦਾ ਚਰਨ ਸੰਤੋਖ ਮਿਨਹਾਸ ਦੁਆਰਾ ਡਾ. ਸਿੱਧੂ ਦੇ ਲਿਖੇ ਕਾਵਿ-ਚਿੱਤਰ ਨਾਲ ਸੰਪੂਰਨ ਹੋਇਆ, 'ਪਹਿਲੀ ਤਕਣੀ ਉਹ ਡਬਲਿਊ ਡਬਲਿਊ ਅਖਾੜੇ ਦਾ ਖਲੀ ਲਗਦਾ, ਮਸਤੀ 'ਚ ਝੂਮਦਾ ਹੌਲੀ ਹੌਲੀ ਪੱਬ ਧਰਦਾ, ਨੇੜਿਓਂ ਤਕਿਆ, ਉਹ ਜੰਗਲ 'ਚੋਂ ਪਰਤਿਆ ਕੋਈ ਮਹਾਂਰਿਸ਼ੀ ਲਗਦਾ'। ਇਸ ਸਮਾਗਮ ਨੂੰ ਸਮੇਟਦਿਆਂ, ਕੈਨੇਡਾ ਤੋਂ ਆਏ ਸੁੱਚਾ ਸਿੰਘ ਥਿੰਦ ਨੇ ਕਿਹਾ ਇਹ ਸਮਾਗਮ, ਉਸ ਦੀ ਜ਼ਿੰਦਗੀ ਦਾ ਯਾਦਗਾਰੀ ਸਮਾਗਮ ਹੈ, ਜਿਸ ਵਿਚ ਉਚਪਾਏ ਦੀਆਂ ਕਵਿਤਾਵਾਂ ਸੁਣਨ ਨੂੰ ਮਿਲੀਆਂ।

ਅਕਾਦਮੀ ਦੇ ਮੈਂਬਰਾਂ ਤੋਂ ਇਲਾਵਾ, ਸਮਾਗਮ ਵਿਚ ਮਨਜੀਤ ਪਲਾਹੀ, ਰਿੰਮੀ ਸੰਧੂ, ਸੋਨੀਆ ਹੀਰ, ਸੁਰਿੰਦਰ ਮੰਢਾਲੀ, ਮਹਿੰਦਰ ਢਾਅ, ਨਵਦੀਪ ਧਾਲੀਵਾਲ, ਗੁਰਮੀਤ ਸਿੰਘ, ਭੁਪਿੰਦਰ ਢਿਲੋਂ, ਸੰਤੋਖ ਢਿਲੋਂ, ਬਲਦੇਵ ਧਾਲੀਵਾਲ, ਨਰਿੰਦਰ ਜੋਸਨ, ਗੁਰਬਚਨ ਕੌਰ ਔਲਖ ਅਤੇ ਜੇ ਸਿੰਘ ਵੀ ਹਾਜ਼ਰ ਸਨ।

ਢਲੀ ਸ਼ਾਮ ਦੇ ਘੁਸਮੁਸੇ ਵਿਚ, ਅਸ਼ਰਫ ਗਿੱਲ ਅਤੇ ਪਟਿਆਲਾ ਘਰਾਣੇ ਨਾਲ ਜੁੜੇ ਸੁਖਦੇਵ ਸਾਹਿਲ ਦੀ ਗਾਇਕੀ ਅਤੇ ਨਵਨੀਤ ਰੰਧਾਵਾ ਦੇ ਤਬਲਾਵਾਦਨ ਨੇ, ਹਾਜ਼ਰ ਸਾਹਿਤਰਸੀਆਂ ਨੂੰ ਵਜਦ ਵਿਚ ਲੈ ਆਂਦਾ।

'ਤੇਰੇ ਨਾਲ ਰੁੱਸੇ ਹਾਂ ਤਾਂ ਤੇਰੇ ਨਾਲ ਹੱਸਾਂ ਵੇ'।

*- ਰਿਪੋਰਟ: ਅਵਤਾਰ ਗੋਂਦਰਾ*

# ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਲੋਕ-ਅਰਪਣ

ਅੰਮ੍ਰਿਤਸਰ: ਲੰਘੀ 27 ਮਈ ਨੂੰ ਡਾ. ਸੁਖਦੇਵ ਸਿੰਘ ਝੰਡ ਦੀ ਨਵ-ਪ੍ਰਕਾਸ਼ਿਤ ਵਾਰਤਕ ਪੁਸਤਕ ਦਾ ਲੋਕ-ਅਰਪਣ ਸਮਾਗ਼ਮ ਅੰਮ੍ਰਿਤਸਰ ਦੇ ਇਤਿਹਾਸਕ ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਵਿਭਾਗੀ ਲਾਇਬ੍ਰੇਰੀ-ਕਮ-ਸੈਮੀਨਾਰ ਹਾਲ ਵਿੱਚ ਕੀਤਾ ਗਿਆ। ਇਸ ਮੌਕੇ ਵਿਭਾਗ ਵੱਲੋਂ ਪੁਸਤਕ ਬਾਰੇ ਵਿਚਾਰ-ਗੋਸ਼ਟੀ ਕਰਵਾਈ ਗਈ ਜਿਸ ਵਿਚ ਕਈ ਵਿਦਵਾਨਾਂ ਨੇ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਪ੍ਰਧਾਨਗੀ-ਮੰਡਲ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਸਕੂਲ ਦੇ ਸਾਬਕਾ ਪ੍ਰੋਫ਼ੈਸਰ ਡਾ. ਇਕਬਾਲ ਕੌਰ ਸੌਂਦ, ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਆਤਮ ਰੰਧਾਵਾ ਅਤੇ ਪੁਸਤਕ-ਲੇਖਕ ਡਾ. ਸੁਖਦੇਵ ਸਿੰਘ ਝੰਡ ਸ਼ਾਮਲ ਸਨ। ਸਮਾਗ਼ਮ ਦੀ ਪ੍ਰਧਾਨਗੀ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਕਰਨੀ ਸੀ ਪਰ ਕਿਸੇ ਜ਼ਰੂਰੀ ਕੰਮ ਕਰਕੇ ਉਹ ਸਮਾਗ਼ਮ ਵਿਚ ਨਾ ਪਹੁੰਚ ਸਕੇ।

ਸਮਾਗ਼ਮ ਦਾ ਆਰੰਭ ਕਰਦਿਆਂ ਪੰਜਾਬੀ ਵਿਭਾਗ ਦੇ ਮੁਖੀ ਡਾ. ਆਤਮ ਰੰਧਾਵਾ ਨੇ ਹਾਜ਼ਰ ਸਭਨਾਂ ਨੂੰ ਨਿੱਘੀ ਜੀ-ਆਇਆਂ ਕਹਿੰਦਿਆਂ ਡਾ. ਸੁਖਦੇਵ ਸਿੰਘ ਝੰਡ ਨੂੰ ਵਾਰਤਕ ਦੀ ਇਹ ਖ਼ੂਬਸੂਰਤ ਪੁਸਤਕ ਛਪਵਾਉਣ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਮਿਆਰੀ ਪੁਸਤਕਾਂ ਦੀ ਇਸ ਸਮੇਂ ਘਾਟ ਹੈ ਅਤੇ ਡਾ. ਝੰਡ ਦੀ ਇਹ ਵਾਰਤਕ ਪੁਸਤਕ ਇਹ ਘਾਟ ਦੂਰ ਕਰਨ ਵੱਲ ਸਾਰਥਿਕ ਕਦਮ ਸਾਬਤ ਹੋਵੇਗੀ। ਮੰਚ-ਸੰਚਾਲਕ ਡਾ. ਹੀਰਾ ਸਿੰਘ ਨੇ ਸ਼ਾਇਰ ਮਲਵਿੰਦਰ ਨੂੰ ਪੁਸਤਕ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਜਿਨ੍ਹਾਂ ਨੇ ਦੱਸਿਆ ਕਿ ਇਸ ਪੁਸਤਕ ਵਿਚ ਡਾ. ਝੰਡ ਨੇ ਵੱਖ-ਵੱਖ ਮਨੁੱਖੀ ਸਰੋਕਾਰਾਂ ਦੀ ਗੱਲ ਕਰਦਿਆਂ ਕਈ ਮਹੱਤਵਪੂਰਨ ਸਖ਼ਸੀਅਤਾਂ ਬਾਰੇ ਬਾਖ਼ੂਬੀ ਬਿਆਨ ਕੀਤਾ ਹੈ। ਉਨ੍ਹਾਂ ਪੁਸਤਕ ਵਿਚਲੇ ਕੁਝ ਲੇਖਾਂ ਦੇ ਸਿਰਨਾਵਿਆਂ ਅਤੇ ਉਨ੍ਹਾਂ ਦੇ ਉਲੇਖਾਂ ਦੇ ਹਵਾਲੇ ਵੀ ਦਿੱਤੇ।

ਕਲਾਸਿਕ ਲਿਟਰੇਚਰ ਦੀ ਗੱਲ ਕਰਦਿਆਂ ਕਾਲਜ ਦੇ ਪੰਜਾਬੀ ਵਿਭਾਗ ਦੇ ਅਧਿਆਪਕ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਕਿਸੇ ਵੀ ਮਸਲੇ ਬਾਰੇ ਲਿਖਣ ਜਾਂ ਬੋਲਣ ਲਈ ਉਸ ਖਿੱਤੇ ਦੇ ਇਤਿਹਾਸ ਅਤੇ ਸਭਿਆਚਾਰ ਨੂੰ ਸਮਝਣ ਦੀ ਲੋੜ ਹੈ। ਪੰਜਾਬ ਦੀ ਨਬਜ਼ ਨੂੰ ਪਛਾਣਦਿਆਂ ਹੋਇਆਂ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਡਾ. ਸੁਖਦੇਵ ਸਿੰਘ ਝੰਡ ਨੇ ਪੰਜਾਬੀਅਤ, ਕਿਸਾਨੀ ਮਸਲਿਆਂ, ਪਾਣੀ ਦੀ ਘਾਟ ਤੇ ਇਸ ਦੇ ਗੰਧਲੇਪਨ, ਹਵਾਈ ਪ੍ਰਦੂਸ਼ਣ ਦੇ ਕਾਰਨ ਲਗਾਤਾਰ ਵਿਗੜ ਰਹੇ ਵਾਤਾਵਰਨ ਅਤੇ ਉਚੇਰੇ ਮਨੁੱਖੀ ਆਚਰਨ ਦੀ ਲੋੜ ਦਾ ਬਾਖ਼ੂਬੀ ਵਰਣਨ ਕੀਤਾ ਹੈ। ਪੁਸਤਕ ਦੇ ਦੂਸਰੇ ਭਾਗ ਵਿਚ ਕਈ ਮਹੱਤਵਪੂਰਨ ਸ਼ਖ਼ਸੀਅਤਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਪੰਜਾਬੀ ਵਿਭਾਗ ਦੇ ਹੀ ਇੱਕ ਹੋਰ ਅਧਿਆਪਕ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਡਾ. ਝੰਡ ਦੀ ਅੱਧਿਉਂ ਵਧੇਰੇ ਪੁਸਤਕ ਪੰਜਾਬ ਦੇ ਅਹਿਮ ਮੁੱਦਿਆਂ ਦੁਆਲੇ ਘੁੰਮਦੀ ਹੈ ਅਤੇ ਇਸ ਵਿਚ ਉਨ੍ਹਾਂ ਨੇ ਸਰਲ ਭਾਸ਼ਾ ਵਿਚ ਬਹੁਤ ਵਧੀਆ ਵਾਕ ਬਣਤਰ ਕੀਤੀ ਹੈ। ਇਸ ਦੇ ਨਾਲ ਹੀ ਸ਼ਖ਼ਸੀਅਤਾਂ ਨੂੰ ਰੇਖਾ-ਚਿੱਤਰ ਦੇ ਰੂਪ ਵਿਚ ਉਭਾਰਨ ਲਈ ਉਨ੍ਹਾਂ ਨੂੰ ਹੋਰ ਮਿਹਨਤ ਕਰਨ ਦੀ ਲੋੜ ਹੈ।

ਡਾ. ਇਕਬਾਲ ਕੌਰ ਸੌਂਦ ਨੇ ਚੌਹਾਨ ਤੇ ਛੱਜਲਵੱਡੀ ਪਿੰਡਾਂ ਦੀ ਨੇੜਤਾ ਦੀ ਗੱਲ ਕਰਦਿਆਂ ਡਾ. ਝੰਡ ਦੇ ਪਿਤਾ ਜੀ ਸ. ਵਰਿਆਮ ਸਿੰਘ ਬਾਰੇ ਵੀ ਦੱਸਿਆ ਜਿਨ੍ਹਾਂ ਦੇ ਉਹ ਅਤੇ ਉਨ੍ਹਾਂ ਦੇ ਪਤੀ ਪ੍ਰਿੰਸੀਪਲ ਨਰੋਤਮ ਸਿੰਘ ਸਰਕਾਰੀ ਹਾਈ ਸਕੂਲ ਛੱਜਲਵੱਡੀ ਵਿਖੇ ਵਿਦਿਆਰਥੀ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਵਾਰਤਕ ਪੁਸਤਕ ਵਿਚ ਪੰਜਾਬ ਦੇ ਵੱਖ-ਵੱਖ ਮਸਲਿਆਂ ਨੂੰ ਬਾਖ਼ੂਬੀ ਉਭਾਰਿਆ ਗਿਆ ਹੈ ਅਤੇ ਡਾ. ਮਹਿੰਦਰ ਸਿੰਘ ਰੰਧਾਵਾ, ਡਾ. ਬਲਵੰਤ ਸਿੰਘ ਲੱਛੜ ਤੇ ਡਾ. ਸਵੈਮਾਣ ਸਿੰਘ ਪੱਖੋਕੇ ਵਰਗੀਆਂ ਮਹਾਨ ਸ਼ਖ਼ਸੀਅਤਾਂ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ ਹੈ। ਇਸ ਦੌਰਾਨ ਪੰਜਾਬੀ ਕਵਿੱਤਰੀ ਤੇ ਵਾਰਤਕ ਲੇਖਕ ਅਰਤਿੰਦਰ ਸੰਧੂ, ਕਵੀ ਤੇ ਨਾਟਕਕਾਰ ਡਾ. ਸੰਤੋਖ ਸਿੰਘ ਸ਼ਹਰਯਾਰ ਅਤੇ ਕਹਾਣੀਕਾਰ ਦੀਪ ਦਵਿੰਦਰ ਸਿੰਘ ਵੱਲੋਂ ਵੀ ਵਿਚਾਰ ਪੇਸ਼ ਕੀਤੇ ਗਏ। ਪੰਜਾਬੀ



ਵਿਭਾਗ ਵੱਲੋਂ ਡਾ. ਸੁਖਦੇਵ ਸਿੰਘ ਝੰਡ ਨੂੰ ਖਾਲਸਾ ਕਾਲਜ ਦੀ ਖ਼ੂਬਸੂਰਤ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ। ਮੰਚ-ਸੰਚਾਲਨ ਦੀ ਕਾਰਵਾਈ ਡਾ. ਹੀਰਾ ਸਿੰਘ ਤੇ ਮਲਵਿੰਦਰ ਵੱਲੋਂ ਮਿਲ ਕੇ ਨਿਭਾਈ ਗਈ। ਸਮਾਗ਼ਮ ਦੇ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਡਾ. ਸੁਖਦੇਵ ਸਿੰਘ ਝੰਡ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਇਸ ਪੁਸਤਕ ਦੇ ਖਾਲਸਾ ਕਾਲਜ ਵਿਚ ਲੋਕ-ਅਰਪਿਤ ਹੋਣ 'ਤੇ ਬੇਹੱਦ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ ਜਿੱਥੇ ਉਨ੍ਹਾਂ ਦੇ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ (ਉਨ੍ਹਾਂ ਦੇ ਪਿਤਾ ਜੀ, ਉਨ੍ਹਾਂ ਖ਼ੁਦ ਤੇ ਉਨ੍ਹਾਂ ਦੇ ਦੋਹਾਂ ਬੱਚਿਆਂ) ਨੇ ਵਿੱਦਿਆ ਪ੍ਰਾਪਤ ਕੀਤੀ ਹੈ। ਦੋ ਘੰਟੇ ਚੱਲੇ ਇਸ ਸਮਾਗ਼ਮ ਵਿਚ ਪ੍ਰੋੜ੍ਹ-ਕਵੀ ਨਿਰਮਲ ਅਰਪਨ, ਸਰਬਜੀਤ ਸਿੰਘ ਸੰਧੂ, ਹਰਜੀਤ ਸਿੰਘ ਸੰਧੂ, ਰਾਜਖੁਸ਼ਵੰਤ ਸਿੰਘ, ਜਗਤਾਰ ਗਿੱਲ, ਜਸਵੰਤ ਧਾਪ, ਆਇਆ ਸਿੰਘ, ਕੁਲਜੀਤ ਸਿੰਘ, ਜੋਗਿੰਦਰ ਸਿੰਘ ਸਾਬਰ, ਬਲਦੇਵ ਸਿੰਘ ਮੋਹਾਰ, ਪ੍ਰਿਤਪਾਲ ਸਿੰਘ, ਵਿਸ਼ਾਲ ਬਿਆਸ, ਡਾ. ਮੋਹਨ ਬੇਗੋਵਾਲ, ਵਿਜੇਤਾ ਭਾਰਦਵਾਜ, ਜਗਦੀਸ਼ ਕੌਰ ਝੰਡ ਤੇ ਕਈ ਹੋਰ ਸ਼ਾਮਲ ਹੋਏ। ਸਮਾਗ਼ਮ ਦੀ ਸਮਾਪਤੀ 'ਤੇ ਸਾਰਿਆਂ ਨੇ ਮਿਲ ਕੇ ਚਾਹ-ਪਾਣੀ ਦਾ ਅਨੰਦ ਮਾਣਿਆ।

### *13ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ*

# *ਨੀਟਾ ਕਲੱਬ ਰਾਮਪੁਰ ਅਤੇ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾਂ ਬਣੇ ਚੈਂਪੀਅਨ*

ਲੁਧਿਆਣਾ: ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵੱਲੋਂ ਕਰਵਾਇਆ ਜਾ ਰਿਹਾ 13ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2023 ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਿਆ। ਟੂਰਨਾਮੈਂਟ ਦੇ ਆਖਰੀ ਦਿਨ ਜਿੱਥੇ ਸੀਨੀਅਰ ਵਰਗ ਵਿਚ ਨੀਟਾ ਕਲੱਬ ਰਾਮਪੁਰ ਨੇ ਜਿੱਤ ਦਾ ਝੰਡਾ ਗੱਡਿਆ ਉਥੇ ਹੀ



ਜੂਨੀਅਰ ਵਰਗ ਵਿਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾਂ ਨੇ ਖ਼ਿਤਾਬੀ ਜਿੱਤ ਹਾਸਲ ਕੀਤੀ।

ਸੀਨੀਅਰ ਵਰਗ ਵਿਚ ਬਹੁਤ ਹੀ ਸੰਘਰਸ਼ ਪੂਰਨ ਅਤੇ ਰੋਮਾਂਚਕ ਮੁਕਾਬਲੇ ਵਿਚ ਨੀਟਾ ਕਲੱਬ ਰਾਮਪੁਰ ਨੇ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੂੰ 5-4 ਗੋਲਾਂ ਨਾਲ ਹਰਾਇਆ। ਰਾਮਪੁਰ ਨੇ ਪਹਿਲੀ ਵਾਰ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਪਹਿਲੇ ਅੱਧ ਤੱਕ ਦੋਵੇਂ ਟੀਮਾਂ 3-3 ਗੋਲਾਂ 'ਤੇ ਬਰਾਬਰ ਸਨ। ਜੇਤੂ ਟੀਮ ਨੂੰ 11 ਏਵਨ ਸਾਈਕਲ ਦੇ ਕੇ ਸਨਮਾਨਿਆ ਗਿਆ। ਜਦਕਿ ਜੂਨੀਅਰ ਵਰਗ ਵਿਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾਂ, ਏਕ ਨੂਰ ਅਕੈਡਮੀ ਤੇਹਿੰਗ ਨਾਲ 4-4 ਗੋਲਾਂ ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਆਊਟ 'ਚ 3-1 ਨਾਲ ਜੇਤੂ ਰਹੀ। ਸੀਨੀਅਰ ਵਰਗ ਵਿਚ ਰਾਮਪੁਰ ਦਾ ਗੋਲ ਕੀਪਰ ਜਸ਼ਨਦੀਪ ਸਿੰਘ ਸਰਵੋਤਮ ਗੋਲਕੀਪਰ, ਜਰਖੜ ਦੇ ਪਰਗਟ ਸਿੰਘ ਨੂੰ ਸਰਵੋਤਮ ਸਕੋਰਰ, ਕਿਲ੍ਹਾ ਰਾਇਪੁਰ ਦੇ ਸਰਬਜੋਤ ਸਿੰਘ ਜੋਤੀ ਨੂੰ ਸਰਵੋਤਮ ਵੇਟਰਨ ਖ਼ਿਡਾਰੀ, ਮੋਗਾ ਦੇ ਅੰਗਦ ਵੀਰ ਸਿੰਘ ਅਤੇ ਰਾਮਪੁਰ ਦੇ ਮਿਲਖਾ ਸਿੰਘ ਨੂੰ ਸਾਂਝੇ ਤੌਰ 'ਤੇ ਟੂਰਨਾਮੈਂਟ ਦੇ ਸਰਵੋਤਮ ਖਿਡਾਰੀ ਵਜੋਂ ਵੱਡੇ ਸਾਈਕਲ ਦੇ ਕੇ ਸਨਮਾਨਿਆ ਗਿਆ। ਜੂਨੀਅਰ ਵਰਗ ਵਿਚ ਰਾਮਪੁਰ ਛੰਨਾਂ ਦੇ ਨਵਜੋਤ ਸਿੰਘ ਸੋਹੀ ਨੂੰ ਮੈਨ ਆਫ਼ ਦਿ ਟੂਰਨਾਮੈਂਟ, ਪਰਵਿੰਦਰ ਕੁਮਾਰ ਨੂੰ ਸਰਵੋਤਮ ਗੋਲਕੀਪਰ, ਗੁਰਬਖ਼ਸ ਕੌਰ ਨੂੰ ਕੁੜੀਆਂ ਦੀ ਸਰਵੋਤਮ ਖਿਡਾਰਨ, ਤੇਹਿੰਗ ਅਕੈਡਮੀ ਦੇ ਨਵਨੀਤ ਕੁਮਾਰ ਨੂੰ ਮੈਨ ਆਫ਼ ਦਿ ਮੈਚ, ਜਰਖੜ ਅਕੈਡਮੀ ਦੇ ਮਾਨਵਦੀਪ ਸਿੰਘ ਨੂੰ ਟਾਪ ਸਕੋਰਰ ਵਜੋਂ ਹਾਕੀ ਸਟਿੱਕ, ਬਦਾਮ, ਅਤੇ ਟਰਾਫ਼ੀ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟੇਟ ਐਵਾਰਡ ਜੇਤੂ ਟੀਚਰ ਅਤੇ ਗਾਇਕ ਕਰਮਜੀਤ ਸਿੰਘ ਗਰੇਵਾਲ ਅਤੇ ਜਰਖੜ ਸਕੂਲ ਦੇ ਬੱਚਿਆਂ ਨੇ ਖੇਡਾਂ ਨਾਲ ਸਬੰਧਤ ਗੀਤ ਅਤੇ ਸਭਿਆਚਾਰਕ ਵੰਨਗੀਆਂ ਪੇਸ਼ ਕਰ ਕੇ ਖੇਡਾਂ ਦੇ ਮਾਹੌਲ ਨੂੰ ਹੋਰ ਸੁਹਾਵਣਾ ਕੀਤਾ।

ਅੱਜ ਦੇ ਫਾਈਨਲ ਸਮਾਰੋਹ ਦੌਰਾਨ ਵਿਧਾਇਕ ਬੀਬੀ ਰਜਿੰਦਰਪਾਲ ਕੌਰ ਛੀਨਾ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਚੇਅਰਮੈਨ ਅਮਨਦੀਪ ਸਿੰਘ ਮੋਹੀ ਮਾਰਕਫੈੱਡ, ਪਰਵਿੰਦਰ ਸਿੰਘ ਗੋਲਡੀ ਚੇਅਰਮੈਨ ਯੂਥ ਵੈੱਲਫੇਅਰ ਬੋਰਡ, ਸ਼ਰਨਪਾਲ ਸਿੰਘ ਮੱਕੜ ਚੇਅਰਮੈਨ ਯੋਜਨਾ ਬੋਰਡ ਲੁਧਿਆਣਾ ਨੇ ਮੁੱਖ ਮਹਿਮਾਨ ਵਜੋਂ ਟੀਮਾਂ ਨਾਲ ਜਾਣ-ਪਛਾਣ ਕੀਤੀ ਅਤੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਚੇਅਰਮੈਨ ਮੱਕੜ ਅਤੇ ਮੋਹੀ ਨੇ ਜਰਖੜ ਸਟੇਡੀਅਮ ਲਈ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਖਿਡਾਰੀਆਂ ਦਾ ਧੰਨਵਾਦ ਕੀਤਾ।

# ਪੰਜਾਬ ਦੀ ਫ਼ਸਲ ਐਕਸਪੋਰਟ ਕਰਨ ਲਈ ਉਪਰਾਲੇ ਜਾਰੀ: ਬਾਲ ਮੁਕੰਦ ਸ਼ਰਮਾ

**ਫਰਿਜ਼ਨੋ:** ਕਾਰੋਬਾਰੀ ਨੀਟੂ ਵਡਿਆਲ ਵੱਲੋਂ ਪਿਛਲੇ ਦਿਨੀਂ ਸਥਾਨਕ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਵਿਖੇ ਕਾਮੇਡੀਅਨ ਅਤੇ ਮਾਰਕਫੈੱਡ ਦੇ ਐਡੀਸ਼ਨਲ ਐਮ ਡੀ ਰਹੇ ਬਾਲ ਮੁਕੰਦ ਸ਼ਰਮਾ ਦੇ ਸਨਮਾਨ ਲਈ ਸਮਾਗਮ ਕਰਵਾਇਆ ਗਿਆ, ਜਿੱਥੇ ਸ਼ਹਿਰ ਦੀਆਂ ਸਿਰਕੱਢ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।



ਸਮਾਗਮ ਦੌਰਾਨ ਬਾਲ ਮੁਕੰਦ ਸ਼ਰਮਾ ਨੇ ਪੰਜਾਬ ਦੀ ਕਿਰਸਾਨੀ ਦੀ ਗੱਲ ਕਰਦਿਆਂ ਕਿਹਾ ਕਿ ਉਨਹਾ ਦੀ ਟੀਮ ਕੋਸ਼ਿਸ਼ ਕਰ ਰਹੀ ਹੈ ਕਿ ਕਿਸੇ ਤਰੀਕੇ ਪੰਜਾਬ ਦੇ ਕਿਸਾਨ ਦੀ ਫਸਲ ਅਮਰੀਕਾ, ਕੈਨੇਡਾ, ਇੰਗਲੈਂਡ ਜਾਂ ਆਸਟ੍ਰੇਲੀਆ ਵਰਗੇ ਦੇਸ਼ਾਂ ਨੂੰ ਹਵਾਈ ਜਹਾਜ਼ਾਂ ਰਾਹੀਂ ਐਕਸਪੋਰਟ ਹੋਣ ਲੱਗ ਜਾਵੇ। ਇਸ ਪ੍ਰੋਜੈਕਟ ਲਈ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਉਨ੍ਹਾ ਦੀ ਮਦਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦੀ ਸ਼ੁਰੂਆਤ ਬਾਹਰ ਖੁੱਲ੍ਹੇ ਵੱਡੇ ਪੰਜਾਬੀ ਗਰੋਸਰੀ ਸਟੋਰਾਂ ਦੇ ਸਹਿਯੋਗ ਨਾਲ ਹੋਵੇਗੀ। ਉਨ੍ਹਾਂ ਕਿਹਾ ਕਿ ਨੀਟੂ ਵਡਿਆਲ ਜੋ ਕਿ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਦੇ ਨਾਲ ਗਰੋਸਰੀ ਡੀਪੂ ਨਾਮੀ ਪੰਜਾਬੀ ਗਰੋਸਰੀ ਅਤੇ ਹਰੀਆਂ ਸਬਜ਼ੀਆਂ ਦਾ ਸਟੋਰ ਚਲਾ ਰਹੇ ਹਨ, ਵਰਗੇ ਹੋਰ ਕਾਰੋਬਾਰੀ ਵੀ ਇਸ ਪ੍ਰੋਜੈਕਟ ਲਈ ਮਦਦ ਕਰਨ ਤਾਂ ਇਹ ਕੰਮ ਔਖਾ ਨਹੀਂ। ਉਨ੍ਹਾਂ ਕਿਹਾ ਕਿ ਜੇ ਵਿਦੇਸ਼ੀਂ ਵਸਦੇ ਪੰਜਾਬੀ ਤੇ ਸਰਕਾਰਾਂ ਸਾਥ ਦੇਣ ਤਾਂ ਕੁਝ ਵੀ ਅਸੰਭਵ ਨਹੀਂ। ਇਸ ਮੌਕੇ ਜੋਤ ਰਣਜੀਤ ਕੌਰ, ਸੰਜੀਵ ਕੁਮਾਰ, ਡਾ. ਮੋਮੀ ਨੇ ਵਿਚਾਰ ਪੇਸ਼ ਕੀਤੇ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ। ਗਾਇਕ ਕਮਲਜੀਤ ਬੈਨੀਪਾਲ ਨੇ ਗੀਤ ਰਾਹੀਂ ਹਾਜ਼ਰੀ ਲਵਾਈ। ਅਖੀਰ ਬੇ-ਲੀਫ਼ ਦੇ ਸੁਆਦਲੇ ਖਾਣੇ ਤੋਂ ਬਾਅਦ ਇਹ ਪ੍ਰੋਗਰਾਮ ਅਮਿੱਟ ਯਾਦਾਂ ਛੱਡਦਾ ਸਮਾਪਤ ਹੋਇਆ।


## ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ

ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ

ਚਾਹਵਾਨ ਸੰਪਰਕ ਕਰਨ: 469-353-9516

## Truck Shop For Lease

Truck Shop Truck Wash Restaurant with 2 Pump huge building is available for lease on Highway 10 Texas

Contact: 469-353-9516



## Machinist Wanted

## ਮਸ਼ੀਨਿਸਟ ਦੀ ਲੋੜ ਹੈ

ਤਜਰਬੇਕਾਰ ਸੈਟਅਪ, ਪ੍ਰੋਗਰਾਮਰ ਅਤੇ ਓਪਰੇਟਰ ਦੀ ਲੋੜ ਹੈ

Set Up, Programmer and Operators are all required with experience for

Lathe Machine & Milling Machine

Apply as Walk In, Email or Telephone (510) 585-5848

Systomatic Inc.
33372 Dowe Ave,
Union City CA
info@systomaticinc.com


# Matrimonials

## ਲੜਕੀ ਦੀ ਲੋੜ ਹੈ

Wanted suitable girl for Gursikh, turbuned Arora, divorced boy, 36 yrs., 5'9', MTech engineering. Owns commercial, residential property in India. Settled in US. Caste no bar. Pl email: utakecare2@yahoo.com or call 1-618-402-4269 20-23

Looking for a suitable match for my Kamboj,Sikh brother height 5'8, 1995 born and raised in USA. Our parents hometown is from Amritsar. My brother has completed studies in criminal justice/business Management. Currently has well established business in Pennsylvania. We are a modern/traditional family looking for someone who will be a great fit for my brother preferably looking in USA only.
Please call or whatsapp 347-920-9033. 20-23

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar.
Please send biodata/pictures
Whatsapp: (224) 595-9926
inderjeetverma08@gmail.com 17-20

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only.
Please Contact us at: +15103968812

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also.Want sikh beautiful girl with professional qualifications. Please Contact us at: +9198963-19944 (India).

## ਲੜਕੇ ਦੀ ਲੋੜ ਹੈ

Sikh Family is looking for USA Citizen match for their daughter 1988 born, 5'9", divorcee and has one child living with. Family belongs to Punjab Ludhiana. She has completed her nursing associate in India, currently not working as she is preparing for RN/IELTS.
Please contact us at 262-960-7366. 21-24

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949 20-23




## UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madra
Call For Special Sale Fares

Call: 773-338-5603

# ਮਾਨ ਸਰਕਾਰ ਦਾ ਪਾਵਰਕੌਮ ਦੇ ਡਿਫਾਲਟਰਾਂ ਨੂੰ ਵੱਡਾ ਤੋਹਫਾ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪਾਵਰਕੌਮ ਦੇ ਡਿਫਾਲਟਰਾਂ ਨੂੰ ਰਾਹਤ ਦਿੰਦਿਆਂ ਯਕਮੁਸ਼ਤ ਨਿਬੇੜਾ ਸਕੀਮ ਦਾ ਐਲਾਨ ਕੀਤਾ ਹੈ। ਸਰਕਾਰ ਵੱਲੋਂ ਐਲਾਨੀ ਗਈ ਇਹ ਸਕੀਮ ਤਿੰਨ ਮਹੀਨੇ ਜਾਰੀ ਰਹੇਗੀ, ਜਿਸ ਤਹਿਤ ਉਨ੍ਹਾਂ ਖਪਤਕਾਰਾਂ ਨੂੰ ਲਾਭ ਮਿਲੇਗਾ, ਜਿਨ੍ਹਾਂ ਦੇ ਬਿਜਲੀ ਕੁਨੈਕਸ਼ਨ ਕੱਟੇ ਗਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਭਰ 'ਚ ਪਾਵਰਕੌਮ ਦੇ ਕਰੀਬ 22 ਲੱਖ ਡਿਫਾਲਟਰ ਹਨ, ਜੋ ਬਿਜਲੀ ਬਿੱਲ ਨਹੀਂ ਭਰ ਸਕੇ ਹਨ। ਇਨ੍ਹਾਂ ਡਿਫਾਲਟਰਾਂ ਵੱਲ ਕਰੀਬ 4445 ਕਰੋੜ ਰੁਪਏ ਦੇ ਬਕਾਏ ਖੜ੍ਹੇ ਹਨ। ਪੰਜਾਬ ਭਰ ਵਿਚ ਕਰੀਬ 3.90 ਲੱਖ ਘਰਾਂ ਦੇ ਬਿਜਲੀ ਕੁਨੈਕਸ਼ਨ ਇਸ ਵੇਲੇ ਕੱਟੇ ਹੋਏ ਹਨ, ਜਿਨ੍ਹਾਂ ਨੂੰ ਪਾਵਰਕੌਮ ਨੇ ਇਹ ਮੌਕਾ ਦਿੱਤਾ ਹੈ। ਸਰਕਾਰੀ ਵਿਭਾਗਾਂ ਵੱਲ ਵੀ ਕਰੀਬ 2370 ਕਰੋੜ ਦੇ ਬਕਾਏ ਖੜ੍ਹੇ ਹਨ, ਜਦਕਿ ਗੈਰ-ਸਰਕਾਰੀ ਖਪਤਕਾਰਾਂ ਦੇ ਬਕਾਏ 2075 ਕਰੋੜ ਦੇ ਬਣਦੇ ਹਨ। ਇਸੇ ਤਰ੍ਹਾਂ ਘਰੇਲੂ ਬਿਜਲੀ ਦੇ 1000 ਕਰੋੜ, ਕਮਰਸ਼ੀਅਲ ਦੇ 550 ਕਰੋੜ ਅਤੇ ਸਨਅਤੀ ਕੁਨੈਕਸ਼ਨਾਂ ਦੇ ਡਿਫਾਲਟਰਾਂ ਵੱਲ 500 ਕਰੋੜ ਦੇ ਬਕਾਏ ਖੜ੍ਹੇ ਹਨ।

ਕੱਟੇ ਹੋਏ ਕੁਨੈਕਸ਼ਨਾਂ ਦੀ ਗੱਲ ਕਰੀਏ ਤਾਂ ਪੰਜਾਬ ਵਿਚ 2.70 ਲੱਖ ਘਰ ਬਿਜਲੀ ਤੋਂ ਵਾਂਝੇ ਹਨ। ਸੂਬੇ 'ਚ ਸਭ ਤੋਂ ਵੱਧ ਪੱਛਮੀ ਜ਼ੋਨ (ਬਠਿੰਡਾ, ਮਾਨਸਾ, ਮੁਕਤਸਰ ਆਦਿ ਜ਼ਿਲ੍ਹਿਆਂ) ਵਿਚ 85 ਹਜ਼ਾਰ ਕੁਨੈਕਸ਼ਨ ਕੱਟੇ ਹੋਏ ਹਨ, ਜਿਨ੍ਹਾਂ ਵੱਲ ਕਰੀਬ 100 ਕਰੋੜ ਦੀ ਰਾਸ਼ੀ ਖੜ੍ਹੀ ਹੈ। ਮੁੱਖ ਮੰਤਰੀ ਨੇ ਇਸ ਸਕੀਮ ਨੂੰ ਨਸ਼ਰ ਕਰਦਿਆਂ ਕਿਹਾ ਕਿ ਇਸ ਸਕੀਮ ਤਹਿਤ ਬਿੱਲਾਂ ਦੀ ਬਕਾਇਆ ਰਾਸ਼ੀ 'ਤੇ ਦੇਰੀ ਨਾਲ ਅਦਾਇਗੀ ਉਤੇ ਵਿਆਜ 9 ਫ਼ੀਸਦੀ ਦੀ ਸਾਧਾਰਨ ਦਰ ਦੇ ਹਿਸਾਬ ਨਾਲ ਲਿਆ ਜਾਵੇਗਾ। ਜੇਕਰ ਕੁਨੈਕਸ਼ਨ ਕੱਟਣ ਦੀ ਤਰੀਕ ਤੋਂ ਕੁਨੈਕਸ਼ਨ ਜੋੜਨ ਦੀ ਮਿਆਦ ਛੇ ਮਹੀਨੇ ਜਾਂ ਇਸ ਤੋਂ ਘੱਟ ਹੈ ਤਾਂ ਕੋਈ ਵੀ ਫਿਕਸਡ ਚਾਰਜਿਜ਼ ਨਹੀਂ ਲਏ ਜਾਣਗੇ ਤੇ ਜੇਕਰ ਇਹ ਮਿਆਦ ਛੇ ਮਹੀਨੇ ਜਾਂ ਇਸ ਤੋਂ ਵੱਧ ਹੈ ਤਾਂ ਫਿਕਸਡ ਚਾਰਜਿਜ਼ ਸਿਰਫ 6 ਮਹੀਨਿਆਂ ਦੇ ਹੀ ਲਏ ਜਾਣਗੇ।

ਸਕੀਮ ਤਹਿਤ ਬਕਾਇਆ ਰਕਮ ਇਕ ਸਾਲ ਦੇ ਅੰਦਰ ਚਾਰ ਕਿਸ਼ਤਾਂ ਵਿੱਚ ਜਮ੍ਹਾਂ ਕਰਵਾਏ ਜਾਣ ਦੀ ਛੋਟ ਦਿੱਤੀ ਗਈ ਹੈ, ਜਦਕਿ ਪਹਿਲਾਂ ਅਜਿਹੀ ਵਿਵਸਥਾ ਮੌਜੂਦ ਨਹੀਂ ਸੀ। ਪਹਿਲਾਂ ਬਿੱਲਾਂ ਦੀ ਬਕਾਇਆ ਰਾਸ਼ੀ ਉੱਪਰ ਲੇਟ ਅਦਾਇਗੀ ਉਤੇ 18 ਫ਼ੀਸਦ ਕੰਪਾਊਂਡ ਦੇ ਹਿਸਾਬ ਨਾਲ ਵਿਆਜ ਲਿਆ ਜਾਂਦਾ ਸੀ ਅਤੇ ਕੁਨੈਕਸ਼ਨ ਕੱਟਣ ਦੀ ਤਰੀਕ ਤੋਂ ਕੁਨੈਕਸ਼ਨ ਜੋੜਨ ਦੀ ਮਿਆਦ ਤੱਕ ਦੇ ਪੂਰੇ ਸਮੇਂ ਦੇ ਫਿਕਸਡ ਚਾਰਜਿਜ਼ ਲਏ ਜਾਂਦੇ ਸਨ, ਜੋ ਹੁਣ ਬਿਲਕੁਲ ਬੰਦ ਕਰ ਦਿੱਤੇ ਗਏ ਹਨ।

## ਪੰਜਾਬ ਦੇ ਥਾਣਿਆਂ ਵਿਚ ਲੱਗਣਗੇ ਸੋਲਰ ਸਿਸਟਮ

**ਲੁਧਿਆਣਾ:** ਪੰਜਾਬ ਦੇ ਥਾਣਿਆਂ 'ਚ ਬਿਜਲੀ ਦੀ ਘਾਟ ਦੂਰ ਕਰਨ ਲਈ ਪੁਲਿਸ ਖੁਦ ਹੀ ਪ੍ਰਬੰਧ ਕਰਨ 'ਚ ਲੱਗੀ ਹੈ। ਹੁਣ ਪੰਜਾਬ ਦੇ ਹਰ ਥਾਣੇ 'ਚ ਸੋਲਰ ਸਿਸਟਮ ਲਾਇਆ ਜਾਵੇਗਾ। ਇਸ ਨਾਲ ਥਾਣਿਆਂ ਵਿਚ ਬਿਜਲੀ ਦੀ ਕਿੱਲਤ ਦੂਰ ਹੋਵੇਗੀ ਅਤੇ ਵਿਭਾਗੀ ਤੇ ਲੋਕਾਂ ਦੇ ਕੰਮ ਸਮੇਂ 'ਤੇ ਹੋ ਸਕਣਗੇ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਸ਼ਹਿਰ ਦੇ 13 ਥਾਣਿਆਂ ਵਿਚ 120 ਕਿਲੋਵਾਟ ਵਾਲੇ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਹੈ। ਲੁਧਿਆਣਾ ਦੇ ਥਾਣਾ ਜਮਾਲਪੁਰ ਦੀ ਵਿਚ ਸੋਲਰ ਪ੍ਰੋਜੈਕਟ ਦਾ ਉਦਘਾਟਨ ਕਰਨ ਤੋਂ ਬਾਅਦ ਡੀ.ਜੀ.ਪੀ. ਗੌਰਵ ਯਾਦਵ ਨੇ ਉਥੇ ਮੌਜੂਦ ਸਾਰੇ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਤੇ ਸੋਲਰ ਪੈਨਲ ਬਾਰੇ ਪੂਰੀ ਜਾਣਕਾਰੀ ਲਈ। ਡੀ.ਜੀ.ਪੀ. ਨੇ ਦੱਸਿਆ ਕਿ ਪੰਜਾਬ 'ਚ 400 ਥਾਣੇ ਹਨ। ਇਸ ਯੋਜਨਾ ਤਹਿਤ ਜਲਦੀ ਹੀ ਇਨ੍ਹਾਂ ਸਾਰੇ ਥਾਣਿਆਂ ਵਿਚ ਆਧੁਨਿਕ ਸੋਲਰ ਸਿਸਟਮ ਲਾਏ ਜਾਣਗੇ।

## ਕਿਸਾਨਾਂ ਵੱਲੋਂ ਚਿੱਪ ਵਾਲੇ ਮੀਟਰਾਂ ਦਾ ਵਿਰੋਧ

**ਰੂਪਨਗਰ:** ਸ਼ੇਰ-ਏ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਕੁਲਵਿੰਦਰ ਸਿੰਘ ਦੀ ਅਗਵਾਈ ਹੇਠ ਪਾਵਰਕੌਮ ਦੇ ਐੱਸ.ਈ. ਦੇ ਦਫਤਰ ਸਾਹਮਣੇ ਮੀਟਰ ਰੀਡਰਾਂ ਦੇ ਹੱਕ ਵਿਚ ਅਤੇ ਚਿੱਪ ਵਾਲੇ ਮੀਟਰਾਂ ਦੇ ਵਿਰੋਧ ਵਿਚ ਰੋਸ ਧਰਨਾ ਦਿੱਤਾ ਗਿਆ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਜੱਸੜਾਂ, ਕੁਲਵਿੰਦਰ ਸਿੰਘ ਪੰਜੋਲਾ, ਜ਼ਿਲ੍ਹਾ ਜਨਰਲ ਸਕੱਤਰ ਰਵਿੰਦਰ ਸਿੰਘ ਚੈੜੀਆਂ ਅਤੇ ਪ੍ਰੈਸ ਸਕੱਤਰ ਭੁਪਿੰਦਰ ਸਿੰਘ ਡੇਕਵਾਲਾ ਨੇ ਕਿਹਾ ਕਿ ਪਾਵਰਕਾਮ ਮਹਿਕਮੇ ਦੁਆਰਾ ਲਗਾਏ ਜਾ ਚਿੱਪ ਵਾਲੇ ਮੀਟਰਾਂ ਕਾਰਨ ਜਿੱਥੇ ਖਪਤਕਾਰਾਂ ਦਾ ਵੱਡਾ ਨੁਕਸਾਨ ਹੋਵੇਗਾ, ਉੱਥੇ ਹੀ ਪੰਜਾਬ ਭਰ ਵਿਚ ਕੰਮ ਕਰਦੇ ਮੀਟਰ ਰੀਡਰਾਂ ਨੂੰ ਆਪਣੀਆਂ ਨੌਕਰੀਆਂ ਤੋਂ ਹੱਥ ਧੋਣੇ ਪੈਣਗੇ।

# ਪੰਜਾਬ ਦੇ ਸੜਕ ਤੇ ਰੇਲਵੇ ਪ੍ਰੋਜੈਕਟ ਛੇਤੀ ਪੂਰੇ ਕਰਨ ਦੇ ਹੁਕਮ



**ਚੰਡੀਗੜ੍ਹ:** ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਸੂਬੇ ਵਿਚ ਬਣਨ ਵਾਲੇ ਕੌਮੀ ਮਾਰਗਾਂ ਅਤੇ ਰੇਲਵੇ ਪ੍ਰੋਜੈਕਟਾਂ ਦੇ ਕੰਮ ਦੀ ਸਮੀਖਿਆ ਕਰਦੇ ਹੋਏ ਰਹਿੰਦੇ ਕੰਮ ਜਲਦ ਪੂਰਾ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕੌਮੀ ਹਾਈਵੇਜ਼ ਅਥਾਰਿਟੀ (ਐਨ.ਐਚ.ਏ.ਆਈ.) ਦੇ ਚੱਲ ਰਹੇ ਪ੍ਰੋਜੈਕਟਾਂ ਦੀ ਸਮੀਖਿਆ ਕਰਦਿਆਂ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਜ਼ਮੀਨ ਐਕੁਆਇਰ ਕਰਨ ਦੀ ਪ੍ਰਕਿਰਿਆ ਤੁਰਤ ਮੁਕੰਮਲ ਕਰਨ ਅਤੇ ਸਬੰਧਿਤ ਵਿਅਕਤੀਆਂ ਨੂੰ ਮੁਆਵਜ਼ਾ ਅਦਾ ਕਰਨ ਦੀ ਹਦਾਇਤ ਕੀਤੀ ਤਾਂ ਕਿ ਮਾਰਗਾਂ ਦੀ ਉਸਾਰੀ ਸਮੇਂ ਸਿਰ ਹੋ ਸਕੇ।

ਇੱਥੇ ਸਬੰਧਤ ਵਿਭਾਗਾਂ ਦੇ ਉੱਚ ਅਧਿਕਾਰੀਆਂ, ਐਨ.ਐਚ.ਏ.ਆਈ. ਅਧਿਕਾਰੀਆਂ ਅਤੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਦੌਰਾਨ ਜੰਜੂਆ ਨੇ ਕਿਹਾ ਕਿ ਸੂਬੇ ਦੇ ਕਿਸਾਨਾਂ ਨੂੰ ਮੁਆਵਜ਼ੇ ਦੇ ਰੂਪ ਵਿਚ 15 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਮਿਲਣੀ ਹੈ ਅਤੇ 40 ਹਜ਼ਾਰ ਕਰੋੜ ਰੁਪਏ ਦੀ ਲਾਗਤ ਦੀਆਂ ਸੜਕਾਂ ਦੀ ਉਸਾਰੀ ਹੋਣੀ ਹੈ। ਨਵੇਂ ਐਕਸਪ੍ਰੈੱਸ ਵੇਅ ਬਣਨ ਨਾਲ ਸੂਬੇ ਵਿਚ ਵਿਕਾਸ ਦੀ ਰਫ਼ਤਾਰ ਹੋਰ ਤੇਜ਼ ਹੋਵੇਗੀ ਅਤੇ ਨਿਵੇਸ਼ਕਾਂ ਨੂੰ ਵੱਡਾ ਹੁਲਾਰਾ ਮਿਲੇਗਾ।

# ਪੰਜਾਬ ਸਰਕਾਰ ਨੂੰ ਨਵੀਂ ਖੇਤੀ ਨੀਤੀ ਤੋਂ ਵੱਡੀਆਂ ਆਸਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਨਵੀਂ ਖੇਤੀ ਨੀਤੀ ਤੋਂ ਵੱਡੀਆਂ ਆਸਾਂ ਹਨ। ਸਰਕਾਰ ਦਾ ਦਾਅਵਾ ਹੈ ਕਿ ਨਵੀਂ ਖੇਤੀ ਨੀਤੀ ਕਿਸਾਨਾਂ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਦੇ ਮਕਸਦ ਨਾਲ ਤਿਆਰ ਕੀਤੀ ਜਾ ਰਹੀ ਹੈ। ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ 30 ਜੂਨ ਨੂੰ ਜਾਰੀ ਹੋਣ ਵਾਲੀ ਨਵੀਂ ਖੇਤੀ ਨੀਤੀ ਕਿਸਾਨੀ ਮੁਸ਼ਕਲਾਂ ਦਾ ਹੱਲ ਕਰਨ 'ਚ ਸਹਾਈ ਸਿੱਧ ਹੋਵੇਗੀ। ਉਨ੍ਹਾਂ ਕਿਹਾ ਕਿ ਨਵੀਂ ਖੇਤੀ ਨੀਤੀ ਕਿਸਾਨਾਂ, ਖੇਤੀ ਮਾਹਿਰਾਂ, ਕਿਸਾਨ ਆਗੂਆਂ, ਆਮ ਲੋਕਾਂ ਅਤੇ ਵੱਖ-ਵੱਖ ਵਰਗਾਂ ਦੇ ਪ੍ਰਤੀਨਿਧੀਆਂ ਦੇ ਸੁਝਾਵਾਂ ਨਾਲ ਤਿਆਰ ਕੀਤੀ ਜਾ ਰਹੀ ਹੈ ਜੋ ਪੰਜਾਬ ਦੇ ਕਿਸਾਨ ਅਤੇ ਕਿਸਾਨੀ ਨੂੰ ਬਚਾਉਣ 'ਚ ਅਹਿਮ ਭੂਮਿਕਾ ਅਦਾ ਕਰੇਗੀ।



ਸ੍ਰੀ ਧਾਲੀਵਾਲ ਨੇ ਸਥਾਨਕ ਪੰਜਾਬ ਭਵਨ ਵਿਚ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਦੇ ਆਗੂਆਂ ਨਾਲ ਮੀਟਿੰਗ ਕੀਤੀ ਜੋ ਚਾਰ ਘੰਟੇ ਚੱਲੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਨਵੀਂ ਖੇਤੀ ਨੀਤੀ ਕਿਸਾਨਾਂ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਦੇ ਮਕਸਦ ਨਾਲ ਤਿਆਰ ਕੀਤੀ ਜਾ ਰਹੀ ਹੈ। ਕਿਸਾਨ ਆਗੂਆਂ ਵੱਲੋਂ ਖੰਡ ਮਿੱਲਾਂ ਦੇ ਬਕਾਇਆ ਜਾਰੀ ਕਰਨ ਦੀ ਰੱਖੀ ਮੰਗ ਬਾਬਤ ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਬਹੁਤ ਜਲਦ ਗੰਨਾ ਕਾਸ਼ਤਕਾਰਾਂ ਨੂੰ ਉਨ੍ਹਾਂ ਦੀ ਬਕਾਇਆ ਰਾਸ਼ੀ ਦਾ ਭੁਗਤਾਨ ਕਰ ਦਿੱਤਾ ਜਾਵੇਗਾ।

ਇਸ ਮੌਕੇ ਹੋਰ ਵੀ ਕਿਸਾਨੀ ਅਤੇ ਪੰਜਾਬ ਨਾਲ ਜੁੜੇ ਮੁੱਦਿਆਂ 'ਤੇ ਵਿਚਾਰ-ਚਰਚਾ ਹੋਈ। ਕਿਸਾਨ ਆਗੂਆਂ ਨੇ ਖੇਤੀ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ 'ਚੋਂ ਕੁਝ ਵਾਰਸਾਂ ਨੂੰ ਹਾਲੇ ਤੱਕ ਸਰਕਾਰੀ ਨੌਕਰੀ ਨਹੀਂ ਦਿੱਤੀ ਗਈ। ਧਾਲੀਵਾਲ ਨੇ ਮੌਕੇ 'ਤੇ ਹੀ ਖੇਤੀ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਜਲਦ ਦਫਤਰੀ ਪ੍ਰਕਿਰਿਆ ਪੂਰੀ ਕਰਕੇ ਨੌਕਰੀ ਦੇਣ ਦੀ ਹਦਾਇਤ ਕੀਤੀ।

## ਅਕਾਲੀ ਦਲ (ਸੰਯੁਕਤ) ਨੇ ਕਮੇਟੀਆਂ ਬਣਾਈਆਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਪਾਰਟੀ ਦੀਆਂ ਤਾਲਮੇਲ, ਧਾਰਮਿਕ ਅਤੇ ਸਲਾਹਕਾਰ ਕਮੇਟੀਆਂ ਦਾ ਗਠਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਤਾਲਮੇਲ ਕਮੇਟੀ ਵਿਚ ਨੌਂ ਮੈਂਬਰ ਨਿਯੁਕਤ ਕੀਤੇ ਗਏ ਹਨ ਜਿਨ੍ਹਾਂ ਵਿਚ ਜਗਮੀਤ ਸਿੰਘ ਬਰਾੜ, ਰਣਜੀਤ ਸਿੰਘ ਤਲਵੰਡੀ, ਜਸਟਿਸ (ਸੇਵਾਮੁਕਤ) ਨਿਰਮਲ ਸਿੰਘ, ਪਰਮਿੰਦਰ ਸਿੰਘ ਢੀਂਡਸਾ, ਸਰਵਣ ਸਿੰਘ ਫਿਲੌਰ, ਸੁਖਵਿੰਦਰ ਸਿੰਘ ਔਲਖ, ਮਨਜੀਤ ਸਿੰਘ ਦਸੂਹਾ, ਰਣਧੀਰ ਸਿੰਘ ਰੱਖੜਾ ਅਤੇ ਗੁਰਿੰਦਰ ਸਿੰਘ ਬਾਜਵਾ ਸ਼ਾਮਲ ਹਨ। ਧਾਰਮਿਕ ਕਮੇਟੀ ਵਿਚ ਸੁਖਦੇਵ ਸਿੰਘ ਭੌਰ, ਕਰਨੈਲ ਸਿੰਘ ਪੰਜੋਲੀ, ਮਾਸਟਰ ਮਿੱਠੂ ਸਿੰਘ ਕਾਹਨੇਕੇ, ਰਾਮਪਾਲ ਸਿੰਘ ਬਹਿਣੀਵਾਲ, ਅਰਜਨ ਸਿੰਘ ਸ਼ੇਰਗਿੱਲ, ਮਨਜੀਤ ਸਿੰਘ ਭੋਮਾ, ਅਮਰਿੰਦਰ ਸਿੰਘ ਚੰਡੀਗੜ੍ਹ, ਮਲਕੀਤ ਸਿੰਘ ਚੰਗਾਲ ਅਤੇ ਭੁਪਿੰਦਰ ਸਿੰਘ ਅਸੰਧ ਨੂੰ ਸ਼ਾਮਲ ਕੀਤਾ ਗਿਆ ਹੈ।

## ਸਾਬਕਾ ਮੰਤਰੀ ਅਨਿਲ ਜੋਸ਼ੀ ਪੁਰਾਣੇ ਕੇਸ ਵਿਚੋਂ ਬਰੀ

**ਅੰਮ੍ਰਿਤਸਰ:** ਸਥਾਨਕ ਅਦਾਲਤ ਨੇ ਸਾਬਕਾ ਮੰਤਰੀ ਅਤੇ ਹੁਣ ਸੀਨੀਅਰ ਅਕਾਲੀ ਆਗੂ ਅਨਿਲ ਜੋਸ਼ੀ ਨੂੰ ਐਡਵੋਕੇਟ ਵਨੀਤ ਮਹਾਜਨ ਵੱਲੋਂ 2012 ਵਿਚ ਦਾਇਰ ਇਕ ਕੇਸ ਵਿਚੋਂ ਬਰੀ ਕਰ ਦਿੱਤਾ ਹੈ। ਵਨੀਤ ਮਹਾਜਨ ਨੇ ਦੋਸ਼ ਲਾਇਆ ਸੀ ਕਿ ਨਗਰ ਨਿਗਮ ਦੇ ਤਤਕਾਲੀ ਅਧਿਕਾਰੀ ਕਥਿਤ ਤੌਰ 'ਤੇ ਸ੍ਰੀ ਜੋਸ਼ੀ ਦੇ ਇਸ਼ਾਰੇ 'ਤੇ ਬਟਾਲਾ ਰੋਡ 'ਤੇ ਸਥਿਤ ਉਨ੍ਹਾਂ ਦੇ ਹੋਟਲ ਦੀ ਇਮਾਰਤ ਦੇ ਕਾਨੂੰਨੀ ਤੌਰ 'ਤੇ ਬਣੇ ਹਿੱਸੇ ਨੂੰ ਢਾਹੁਣ ਗਏ ਸਨ। ਸ੍ਰੀ ਜੋਸ਼ੀ ਦੇ ਵਕੀਲ ਅਮਨਦੀਪ ਸਿੰਘ ਨੇ ਕਿਹਾ ਕਿ ਮਹਾਜਨ ਨੇ ਦੋਸ਼ ਲਾਇਆ ਸੀ ਕਿ ਉਹ ਜੋਸ਼ੀ ਵਿਰੁੱਧ ਚੋਣਾਂ ਦੌਰਾਨ ਨਾਜਾਇਜ਼ ਸ਼ਰਾਬ ਜ਼ਬਤ ਕਰਨ ਦੇ ਮਾਮਲੇ ਵਿਚ ਗਵਾਹ ਸੀ, ਇਸ ਲਈ ਉਸ (ਜੋਸ਼ੀ) ਨੇ ਨਗਰ ਨਿਗਮ ਅਧਿਕਾਰੀਆਂ ਨੂੰ ਇਸ ਹਿੱਸੇ ਨੂੰ ਤੋੜਨ ਦੇ ਨਿਰਦੇਸ਼ ਦਿੱਤੇ ਸਨ। ਅਦਾਲਤ ਨੇ ਜੋਸ਼ੀ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ।



# ਕੁਸ਼ਲਦੀਪ ਢਿੱਲੋਂ ਨੂੰ 7 ਜੂਨ ਤੱਕ ਜੇਲ੍ਹ ਭੇਜਿਆ

**ਫਰੀਦਕੋਟ:** ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਤਹਿਤ 16 ਮਈ ਨੂੰ ਗ੍ਰਿਫ਼ਤਾਰ ਕੀਤੇ ਗਏ ਫਰੀਦਕੋਟ ਦੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੂੰ ਇਥੇ ਇਲਾਕਾ ਮੈਜਿਸਟਰੇਟ ਲਵਦੀਪ ਹੁੰਦਲ ਨੇ 7 ਦਿਨ ਦਾ ਪੁਲਿਸ ਰਿਮਾਂਡ ਖਤਮ ਹੋਣ ਤੋਂ ਬਾਅਦ ਜੇਲ੍ਹ ਭੇਜ ਦਿੱਤਾ ਹੈ। ਵਿਜੀਲੈਂਸ ਬਿਊਰੋ ਨੇ ਕੁਸ਼ਲਦੀਪ ਸਿੰਘ ਢਿੱਲੋਂ ਖਿਲਾਫ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਹੈ। ਵਿਜੀਲੈਂਸ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮ ਨੇ ਆਪਣੀ ਆਮਦਨ ਨਾਲੋਂ 8 ਕਰੋੜ ਰੁਪਏ ਵੱਧ ਖਰਚੇ ਹਨ। ਵਿਜੀਲੈਂਸ ਨੇ ਦੱਸਿਆ ਕਿ ਸਾਬਕਾ ਵਿਧਾਇਕ ਤੋਂ ਪੁੱਛ-ਪੜਤਾਲ ਮੁਕੰਮਲ ਹੋ ਗਈ ਹੈ ਜਦੋਂਕਿ ਇਸ ਮਾਮਲੇ ਦੀ ਤਫ਼ਤੀਸ਼ ਅਜੇ ਚੱਲ ਰਹੀ ਹੈ। ਮੈਜਿਸਟਰੇਟ ਨੇ ਅਦਾਲਤੀ ਹਿਰਾਸਤ ਤਹਿਤ ਕੁਸ਼ਲਦੀਪ ਸਿੰਘ ਢਿੱਲੋਂ ਨੂੰ 7 ਜੂਨ ਤੱਕ ਜੇਲ੍ਹ ਭੇਜ ਦਿੱਤਾ। ਇਸ ਕੇਸ ਵਿਚ ਸਾਬਕਾ ਵਿਧਾਇਕ ਦੇ ਕਰੀਬੀ ਸਾਥੀ ਗੁਰਸੇਵਕ ਸਿੰਘ ਨੀਲਾ ਅਤੇ ਰਾਜਵਿੰਦਰ ਸਿੰਘ ਨਾਮ ਦੇ ਵਿਅਕਤੀ ਨੂੰ ਮੁਲਜ਼ਮ ਵਜੋਂ ਸ਼ਾਮਲ ਕੀਤਾ ਗਿਆ ਹੈ, ਪਰ ਇਨ੍ਹਾਂ ਦੋਵਾਂ ਨੂੰ ਅਜੇ ਤੱਕ ਵਿਜੀਲੈਂਸ ਗ੍ਰਿਫਤਾਰ ਨਹੀਂ ਕਰ ਸਕੀ। ਉਂਜ ਵਿਜੀਲੈਂਸ ਵੱਲੋਂ ਛਾਪੇਮਾਰੀ ਜਾਰੀ ਹੈ। ਸਾਬਕਾ ਵਿਧਾਇਕ ਕਿੱਕੀ ਢਿੱਲੋਂ ਨੂੰ ਅਦਾਲਤ ਵਿਚ ਪੇਸ਼ ਕਰਨ ਮੌਕੇ ਅਦਾਲਤੀ ਕੰਪਲੈਕਸ ਦੇ ਬਾਹਰ ਉਸ ਦੇ ਸਮਰਥਕਾਂ ਨੇ ਸਾਬਕਾ ਵਿਧਾਇਕ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ ਅਤੇ ਸਰਕਾਰ ਉੱਪਰ ਸਿਆਸੀ ਰੰਜਿਸ਼ ਤਹਿਤ ਕੇਸ ਦਰਜ ਕਰਨ ਦੇ ਦੋਸ਼ ਲਾਏ।

# ਕਾਂਗਰਸ ਨੇ ਕੇਂਦਰ 'ਚ 9 ਸਾਲਾਂ ਦੇ ਸ਼ਾਸਨ ਸਬੰਧੀ ਭਾਜਪਾ ਨੂੰ ਘੇਰਿਆ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਕੇਂਦਰ ਸਰਕਾਰ ਦੇ 9 ਸਾਲਾਂ ਦੇ ਸ਼ਾਸਨ ਸਬੰਧੀ ਭਾਜਪਾ ਨੂੰ ਘੇਰਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸ਼ਾਸਨ ਦੌਰਾਨ ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਵਧੀ ਹੈ।

ਭਾਜਪਾ ਨੇ ਚੰਗੇ ਦਿਨਾਂ ਦੇ ਨਾਂ 'ਤੇ ਦੇਸ਼ ਦੇ ਲੋਕਾਂ ਨਾਲ ਵਾਰ-ਵਾਰ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ 9 ਸਾਲਾਂ ਦੇ ਕਾਰਜਕਾਲ 'ਚ ਜੇਕਰ ਕਿਸੇ ਦੇ 'ਚੰਗੇ ਦਿਨ' ਆਏ ਹਨ ਤਾਂ ਉਹ ਸਿਰਫ ਉਨ੍ਹਾਂ ਦੇ ਜਿਗਰੀ ਦੋਸਤਾਂ ਦੇ ਆਏ ਹਨ। ਕੇਂਦਰ ਸਰਕਾਰ ਨੇ ਦੇਸ਼ ਦੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ ਪਰ ਬਦਲੇ 'ਚ ਉਨ੍ਹਾਂ ਨੂੰ ਲੰਬੀਆਂ ਕਤਾਰਾਂ 'ਚ ਖੜ੍ਹਾ ਕੀਤਾ ਗਿਆ।



ਕਾਂਗਰਸ ਪਾਰਟੀ ਦੇ ਕੌਮੀ ਬੁਲਾਰੇ ਡਾ. ਅਜੋਏ ਕੁਮਾਰ ਨੇ ਕਿਹਾ ਕਿ ਅੱਜ ਦੇਸ਼ ਦੇ ਅਰਥਚਾਰੇ ਦੀ ਗੱਲ ਹੋਵੇ ਜਾਂ ਖੇਤੀ ਤੇ ਕਿਸਾਨੀ ਮੁੱਦੇ, ਭ੍ਰਿਸ਼ਟਾਚਾਰ ਹੋਵੇ ਜਾਂ ਫਿਰਕਾਪ੍ਰਸਤੀ, ਚੀਨ ਤੇ ਕੌਮੀ ਸੁਰੱਖਿਆ, ਸਮਾਜਿਕ ਨਿਆਂ ਜਾਂ ਸਮਾਜਿਕ ਸਦਭਾਵਨਾ, ਕਲਿਆਣਕਾਰੀ ਯੋਜਨਾਵਾਂ, ਲੋਕਤੰਤਰ ਤੇ ਕੋਵਿਡ-19 ਦੇ ਮਾੜੇ ਪ੍ਰਬੰਧ, ਨੋਟਬੰਦੀ ਹੋਵੇ ਜਾਂ ਪ੍ਰੈੱਸ ਦੀ ਆਜ਼ਾਦੀ, ਭੁੱਖਮਰੀ ਸੂਚਕ ਜਾਂ ਦੇਸ਼ ਦੇ ਲੋਕਾਂ ਨਾਲ ਸਬੰਧਤ ਹੋਰ ਗੰਭੀਰ ਮੁੱਦਿਆਂ ਤੋਂ ਕੇਂਦਰ ਸਰਕਾਰ ਨੇ ਬਚਣ ਲਈ ਹਮੇਸ਼ਾ ਧਿਆਨ ਭਟਕਾਉਣ ਦੀ ਚਾਲ ਚੱਲੀ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅੰਕੜਿਆਂ ਨੂੰ ਛੁਪਾਉਣ ਲਈ ਸਰਵੇਖਣ ਨਹੀਂ ਕਰਵਾਏ ਤੇ ਜੋ ਡਾਟਾ ਉਪਲਬਧ ਹੈ, ਉਸ ਨੂੰ ਇਕ ਤਸਵੀਰ ਪੇਸ਼ ਕਰਨ ਲਈ ਬਦਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ 'ਚ 20 ਤੋਂ 30 ਸਾਲ ਦੀ ਉਮਰ ਦੇ ਕਰੀਬ 40 ਫੀਸਦੀ ਨੌਜਵਾਨ ਬੇਰੁਜ਼ਗਾਰ ਹਨ ਪਰ ਸਰਕਾਰ ਨੂੰ ਨੌਜਵਾਨਾਂ ਦੇ ਭਵਿੱਖ ਦੀ ਕੋਈ ਚਿੰਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਦੇਸ਼ 'ਚ ਫਿਰਕੂ ਹਿੰਸਾ ਦਾ ਵਧਣਾ ਭਾਰਤ ਦੇ ਲੋਕਤੰਤਰ ਲਈ ਖਤਰਾ ਹੈ ਪਰ ਇਸ ਤਾਨਾਸ਼ਾਹੀ ਸਰਕਾਰ ਦਾ ਪਰਦਾਫਾਸ਼ ਕਰਨ ਵਾਲਿਆਂ ਨੂੰ ਇਸ ਦੇ ਨਤੀਜੇ ਭੁਗਤਣੇ ਪੈ ਰਹੇ ਹਨ। ਸਰਕਾਰ ਦੀਆਂ ਨੀਤੀਆਂ ਤੇ ਬਿਆਨਬਾਜ਼ੀ ਨੇ ਦੇਸ਼ ਦੇ ਧਰਮ ਨਿਰਪੱਖ ਤਾਣੇ-ਬਾਣੇ ਨੂੰ ਢਾਹ ਲਗਾਉਣ ਦਾ ਕੰਮ ਕੀਤਾ ਹੈ।

# ਹਿਮਾਚਲ ਵੱਲੋਂ ਪੰਜਾਬ ਦੇ ਸ਼ਾਨਨ ਬਿਜਲੀ ਪ੍ਰੋਜੈਕਟ ‘ਤੇ ਦਾਅਵਾ

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਵਿਚਲਾ ‘ਸ਼ਾਨਨ ਪਾਵਰ ਪ੍ਰੋਜੈਕਟ’ ਪੰਜਾਬ ਹੱਥੋਂ ਖੁੱਸ ਸਕਦਾ ਹੈ। ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਮੰਡੀ ਵਿਚਲਾ ‘ਸ਼ਾਨਨ ਪਾਵਰ ਪ੍ਰੋਜੈਕਟ’ ਪੰਜਾਬ ਪੁਨਰਗਠਨ ਐਕਟ 1966 ਤਹਿਤ ਪੰਜਾਬ ਨੂੰ ਅਲਾਟ ਹੋਇਆ ਸੀ। ਹਿਮਾਚਲ ਪ੍ਰਦੇਸ਼ 3 ਮਾਰਚ, 1925 ਵਿਚ ਮੰਡੀ ਦੇ ਰਾਜਾ ਅਤੇ ਬ੍ਰਿਟਿਸ਼ ਹਕੂਮਤ ਦਰਮਿਆਨ ਹੋਏ 99 ਸਾਲਾਂ ਦੇ ਲੀਜ਼ ਐਗਰੀਮੈਂਟ ਦਾ ਹਵਾਲਾ ਦੇ ਰਿਹਾ ਹੈ। ਪ੍ਰੋਜੈਕਟ ਦੀ ਲੀਜ਼ ਅਗਲੇ ਵਰ੍ਹੇ 2 ਮਾਰਚ ਨੂੰ ਖ਼ਤਮ ਹੋ ਰਹੀ ਹੈ ਅਤੇ ਹਿਮਾਚਲ ਪ੍ਰਦੇਸ਼ ਉਸ ਦਾ ਚਾਰਜ ਲੈਣਾ ਚਾਹੁੰਦਾ ਹੈ। ਪੰਜਾਬ ਲਈ ਇਹ ਵੱਡਾ ਝਟਕਾ ਹੋਵੇਗਾ ਜਿਸ ਕਾਰਨ ਸਰਕਾਰ ਦੀ ਫ਼ਿਕਰਮੰਦੀ ਵਧ ਗਈ ਹੈ।

ਉਧਰ, ਪੰਜਾਬ ਸਰਕਾਰ ਨੇ ‘ਸ਼ਾਨਨ ਪਾਵਰ ਪ੍ਰੋਜੈਕਟ’ ਦੇ ਮਾਮਲੇ ’ਚ ਹਿਮਾਚਲ ਪ੍ਰਦੇਸ਼ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਜਲਦੀ ਹੀ ਹਿਮਾਚਲ ਪ੍ਰਦੇਸ਼ ਦੇ ਆਪਣੇ ਹਮਰੁਤਬਾ ਸੁਖਵਿੰਦਰ ਸਿੰਘ ਸੁੱਖੂ ਨੂੰ ਪੱਤਰ ਲਿਖਣਗੇ ਜਿਸ ਦੀ ਤਿਆਰੀ ਬਿਜਲੀ ਵਿਭਾਗ ਨੇ ਵਿੱਢ ਦਿੱਤੀ ਹੈ। ਮੁੱਖ ਮੰਤਰੀ ਦਫਤਰ ਦੇ ਸੂਤਰਾਂ ਨੇ ਦੱਸਿਆ ਕਿ ਬਿਜਲੀ ਵਿਭਾਗ ਨੂੰ ਇਸ ਬਾਰੇ ਪੱਤਰ ਤਿਆਰ ਕਰਨ ਲਈ ਆਖ ਦਿੱਤਾ ਗਿਆ ਹੈ।



ਸੂਬਾ ਸਰਕਾਰ ਹੁਣ ਪੱਤਰ ਲਿਖੇਗੀ ਕਿ ਆਜ਼ਾਦੀ ਮਗਰੋਂ ਸਾਰੇ ਅਸਾਸੇ ਭਾਰਤੀ ਹਕੂਮਤ ਅਧੀਨ ਆ ਗਏ ਸਨ ਜਿਸ ਕਰਕੇ ਬ੍ਰਿਟਿਸ਼ ਹਕੂਮਤ ਸਮੇਂ ਹੋਈ ਲੀਜ਼ ਦਾ ਕੋਈ ਮਾਅਨਾ ਨਹੀਂ ਰਹਿ ਜਾਂਦਾ ਹੈ। ਇਸ ਮਗਰੋਂ ਪੰਜਾਬ ਪੁਨਰਗਠਨ ਐਕਟ 1965 ਤਹਿਤ ‘ਸ਼ਾਨਨ ਪਾਵਰ ਪ੍ਰੋਜੈਕਟ’ ਪੰਜਾਬ ਨੂੰ ਸੌਂਪਿਆ ਗਿਆ ਸੀ ਅਤੇ ਭਾਰਤ ਸਰਕਾਰ ਨੇ 1 ਮਈ, 1967 ਨੂੰ ਪੱਤਰ ਭੇਜ ਕੇ ਇਸ ਪ੍ਰੋਜੈਕਟ ਦੀ ਮੁਕੰਮਲ ਮਾਲਕੀ ’ਤੇ ਪੰਜਾਬ ਸਰਕਾਰ ਦੀ ਮੋਹਰ ਲਗਾ ਦਿੱਤੀ ਸੀ। ਇੱਥੇ ਹੀ ਬੱਸ ਨਹੀਂ, ਕੇਂਦਰ ਸਰਕਾਰ ਨੇ 22 ਮਾਰਚ, 1972 ਨੂੰ ਪੱਤਰ ਲਿਖ ਕੇ ਹਿਮਾਚਲ ਪ੍ਰਦੇਸ਼ ਦੇ ‘ਸ਼ਾਨਨ ਪਾਵਰ ਪ੍ਰੋਜੈਕਟ’ ’ਤੇ ਜਤਾਏ ਦਾਅਵੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਸੀ। ਹਿਮਾਚਲ ਪ੍ਰਦੇਸ਼ ਹਾਈ ਕੋਰਟ ਵਿਚ ਚੱਲ ਰਹੇ ਕੇਸ ’ਚ ਵੀ ਕੇਂਦਰ, ਪੰਜਾਬ ਸਰਕਾਰ ਦੀ ਪਿੱਠ ਥਾਪੜ ਰਿਹਾ ਹੈ।

ਊਰਜਾ ਮੰਤਰੀ ਹਰਭਜਨ ਸਿੰਘ ਨੇ ਸ਼ਾਨਨ ਪ੍ਰੋਜੈਕਟ ਬਾਰੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਵਿਚਾਰ ਵਟਾਂਦਰਾ ਕੀਤਾ ਹੈ। ਜਾਣਕਾਰੀ ਅਨੁਸਾਰ ਬਿਜਲੀ ਵਿਭਾਗ ਨੇ ਕੁਝ ਵੇਰਵੇ ਵੀ ਤਿਆਰ ਕੀਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੂੰ ਮੌਜੂਦਾ ਸਥਿਤੀ ਤੋਂ ਬਿਜਲੀ ਵਿਭਾਗ ਜਾਣੂ ਕਰਾਏਗਾ। ਉਸ ਮਗਰੋਂ ਉਹ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਪੱਤਰ ਲਿਖਣਗੇ।

ਬਿਜਲੀ ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੱਲੋਂ ਸ਼ਾਨਨ ਪ੍ਰੋਜੈਕਟ ‘ਤੇ ਕੀਤੇ ਗਏ ਦਾਅਵੇ ਦੀ ਕੋਈ ਤੁਕ ਨਹੀਂ ਬਣਦੀ ਹੈ ਕਿਉਂਕਿ ਆਜ਼ਾਦੀ ਮਗਰੋਂ ਕਿਸੇ ਤਰ੍ਹਾਂ ਦੀ ਕੋਈ ਲੀਜ਼ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪਹਿਲਾਂ ਹੀ ਸੁਲਝ ਚੁੱਕਾ ਹੈ ਅਤੇ ਕੇਂਦਰ ਸਰਕਾਰ ਵੀ ਦੋ ਮੌਕਿਆਂ ‘ਤੇ ਪੰਜਾਬ ਦੇ ਇਸ ਪ੍ਰੋਜੈਕਟ ‘ਤੇ ਮੋਹਰ ਲਗਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਨਰਗਠਨ ਐਕਟ 196 ਦੀ ਧਾਰਾ 48 ਦੀ ਸਬ ਧਾਰਾ 1 ਤਹਿਤ ਸ਼ਾਨਨ ਪ੍ਰੋਜੈਕਟ ਪੰਜਾਬ ਨੂੰ ਦਿੱਤਾ ਗਿਆ ਸੀ।

## ਸਿੱਖਿਆ ਨੀਤੀਆਂ ਕਾਰਨ ਸਰਕਾਰੀ ਸਕੂਲਾਂ ਨਤੀਜੇ ਸੁਧਰੇ: ਬੈਂਸ



**ਚੰਡੀਗੜ੍ਹ:** ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਸਾਇੰਸ, ਕਾਮਰਸ ਅਤੇ ਵੋਕੇਸ਼ਨਲ ਗਰੁੱਪਾਂ ਵਿਚ ਮੋਹਰੀ ਪੁਜ਼ੀਸ਼ਨਾਂ ਹਾਸਲ ਕਰ ਕੇ ਸਰਕਾਰ ਦੀਆਂ ਸਕੂਲ ਸਿੱਖਿਆ ਸਬੰਧੀ ਨੀਤੀਆਂ ‘ਤੇ ਮੋਹਰ ਲਾ ਦਿੱਤੀ ਹੈ। ਇਸ ਦਾ ਸਿਹਰਾ ਸਰਕਾਰੀ ਸਕੂਲਾਂ ਦੇ ਮਿਹਨਤੀ ਸਟਾਫ ਨੂੰ ਜਾਂਦਾ ਹੈ। ਸਿੱਖਿਆ ਮੰਤਰੀ ਨੇ ਕਿਹਾ ਕਿ ਸਰਕਾਰ ਦੀਆਂ ਸਿੱਖਿਆ ਸੁਧਾਰ ਨੀਤੀਆਂ ਦਾ ਅਸਰ ਦਿਖਣਾ ਸ਼ੁਰੂ ਹੋ ਚੁੱਕਾ ਹੈ ਜਿਸ ਨਾਲ ਸਰਕਾਰੀ ਸਕੂਲਾਂ ਦਾ ਸਿੱਖਿਆ ਮਿਆਰ ਸੁਧਰ ਰਿਹਾ ਹੈ। ਉਨ੍ਹਾਂ ਕਿਹਾ ਕਿ ਵਧੀਆ ਨਤੀਜੇ ਲਿਆਉਣ ਵਾਸਤੇ ‘ਮਿਸ਼ਨ ਸੌ ਪ੍ਰਤੀਸ਼ਤ’ ਮੁਹਿੰਮ ਪੂਰੀ ਤਰਾਂ ਸਫਲ ਰਹੀ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬੀਤੇ ਦਿਨੀਂ ਐਲਾਨੇ ਗਏ ਪੰਜਵੀਂ ਅਤੇ ਅੱਠਵੀਂ ਜਮਾਤ ਦੇ ਬੋਰਡ ਨਤੀਜਿਆਂ ਵਿਚ ਵੀ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਕੇ ਸ਼ਾਨਦਾਰ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕੀਤਾ ਸੀ।

# ਦਰਬਾਰ ਸਾਹਿਬ ‘ਚ ਐੱਲ.ਈ.ਡੀ. ‘ਤੇ ਮਰਿਆਦਾ ਬਾਰੇ ਹਦਾਇਤਾਂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਚ ਮਰਿਆਦਾ ਦੀ ਪਾਲਣਾ ਕਰਨ ਲਈ ਸ਼ਰਧਾਲੂਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਹ ਹਦਾਇਤਾਂ ਦਰਬਾਰ ਸਾਹਿਬ ਦੇ ਬਾਹਰ ਪਲਾਜਾ ਵਿੱਚ ਵੱਡੀ ਸਕਰੀਨ ‘ਤੇ ਤਿੰਨ ਭਾਸ਼ਾਵਾਂ ਵਿਚ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ ਜਿਸ ਵਿਚ ਦਰਸ਼ਨਾਂ ਲਈ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸਰਧਾਲੂਆਂ ਨੂੰ ਦਿਖਾਵੇ ਵਾਲੇ ਅਤੇ ਛੋਟੇ ਕੱਪੜੇ ਪਹਿਨਣ ਤੋਂ ਵਰਜਿਆ ਗਿਆ ਹੈ।

ਇਸੇ ਤਰ੍ਹਾਂ ਬਿਨਾਂ ਪ੍ਰਵਾਨਗੀ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਦੀ ਵੀ ਮਨਾਹੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਦਿਸ਼ਾ ਨਿਰਦੇਸ਼ ਹਾਲ ਹੀ ਵਿਚ ਵਾਪਰੀਆਂ ਕੁਝ ਘਟਨਾਵਾਂ ਤੋਂ ਬਾਅਦ ਜਾਰੀ ਕੀਤੇ ਗਏ ਹਨ। ਦੱਸਣਾ ਬਣਦਾ ਹੈ ਕਿ ਬੀਤੇ ਦਿਨੀਂ ਇਥੇ ਇਕ ਕੁੜੀ ਨੂੰ ਮੂੰਹ ‘ਤੇ ਤਿਰੰਗੇ ਵਾਲਾ ਸਟਿਕਰ ਅਤੇ ਛੋਟੇ ਕੱਪੜੇ ਪਹਿਨ ਕੇ ਅੰਦਰ ਜਾਣ ਤੋਂ ਰੋਕਿਆ ਗਿਆ ਸੀ, ਜਿਸ ਕਾਰਨ ਸੇਵਾਦਾਰ ਨਾਲ ਵਿਵਾਦ ਹੋਇਆ ਸੀ ਅਤੇ ਇਸ ਮਾਮਲੇ ਨੂੰ ਕੌਮੀ ਪੱਧਰ ‘ਤੇ ਤੂਲ ਦਿੱਤੀ ਗਈ ਸੀ। ਇਸ ਤੋਂ ਬਾਅਦ ਇਕ ਗੈਰ ਪੰਜਾਬੀ ਯਾਤਰੀ ਕੋਲੋਂ ਤੰਬਾਕੂ ਵਾਲੀਆਂ ਵਸਤਾਂ ਬਰਾਮਦ ਹੋਈਆਂ ਸਨ। ਦਰਬਾਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸਰਧਾਲੂ ਮੱਥਾ ਟੇਕਣ ਲਈ ਪੁੱਜਦੇ ਹਨ ਪਰ ਮਰਿਆਦਾ ਤੇ ਨਿਯਮਾਂ ਦੀ ਜਾਣਕਾਰੀ ਨਾ ਹੋਣ ਕਾਰਨ ਇਨ੍ਹਾਂ ਕੋਲੋਂ ਅਨਜਾਣੇ ਵਿਚ ਕੋਈ ਭੁੱਲ ਹੋ ਜਾਂਦੀ ਹੈ। ਹੁਣ ਸਕਰੀਨ ‘ਤੇ ਹਰ ਵੇਲੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਦਿਸ਼ਾ ਨਿਰਦੇਸ਼ ਦਰਸਾਏ ਜਾ ਰਹੇ ਹਨ ਜਿਨ੍ਹਾਂ ‘ਚ ਦੱਸਿਆ ਗਿਆ ਹੈ ਕਿ ਸ਼ਰਧਾਲੂ ਪਰਿਕਰਮਾ ਵਿਚ ਦਾਖਲ ਹੋਣ ਵੇਲੇ ਸਿਰ ਢੱਕ ਕੇ ਜਾਣ ਅਤੇ ਇਸ ਲਈ ਹਰੇਕ ਪ੍ਰਵੇਸ਼ ਦੁਆਰ ‘ਤੇ ਰੁਮਾਲਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤੰਬਾਕੂ, ਬੀੜੀ, ਸਿਗਰਟ, ਸਰਾਬ ਅਤੇ ਕੋਈ ਵੀ ਨਸ਼ੀਲੀ ਚੀਜ਼ ਅੰਦਰ ਲੈ ਕੇ ਜਾਣ ਤੋਂ ਮਨ੍ਹਾਂ ਕੀਤਾ ਗਿਆ ਹੈ ਤੇ ਯਾਤਰੀਆਂ ਨੂੰ ਆਪਣਾ ਸਮਾਨ ਸਿਰਫ ਪਰਿਕਰਮਾ ਅੰਦਰ ਅਤੇ ਬਾਹਰ ਬਣੇ ਗਠੜੀ ਘਰਾਂ ਵਿਚ ਹੀ ਜਮ੍ਹਾਂ ਕਰਵਾਉਣ ਵਾਸਤੇ ਆਖਿਆ ਗਿਆ ਹੈ।



# ਭਾਜਪਾ ਵੱਲੋਂ ਨਿਗਮ ਚੋਣਾਂ ਇਕੱਲਿਆਂ ਲੜਨ ਦੀ ਤਿਆਰੀ

**ਅੰਮ੍ਰਿਤਸਰ:** ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਾਜਪਾ ਸੂਬੇ ‘ਚ ਨਗਰ ਨਿਗਮ ਚੋਣਾਂ ਵਾਸਤੇ ਪੂਰੀ ਤਰ੍ਹਾਂ ਤਿਆਰ ਹੈ, ਪਰ ਹਾਕਮ ਧਿਰ ਆਪਣੀਆਂ ਨਾਕਾਮੀਆਂ ਕਾਰਨ ਫਿਲਹਾਲ ਇਹ ਚੋਣਾਂ ਕਰਵਾਉਣ ਤੋਂ ਭੱਜ ਰਹੀ ਹੈ। ਉਹ ਇੱਥੇ ਭਾਜਪਾ ਜ਼ਿਲ੍ਹਾ ਕਾਰਜਕਾਰਨੀ ਦੀ ਮੀਟਿੰਗ ‘ਚ ਸੰਬੋਧਨ ਕਰ ਰਹੇ ਸਨ।

ਅਸ਼ਵਨੀ ਸ਼ਰਮਾ ਨੇ ਆਖਿਆ ਕਿ ਪੰਜਾਬ ਵਿਚ ਨਗਰ ਨਿਗਮ ਦੀਆਂ ਚੋਣਾਂ ਭਾਜਪਾ ਆਪਣੇ ਬਲਬੂਤੇ ‘ਤੇ ਲੜੇਗੀ। ਇਸ ਦੌਰਾਨ ਦੋਸ਼ ਲਾਇਆ ਕਿ ਸੂਬੇ ‘ਚ ਅਮਨ-ਕਾਨੂੰਨ ਦੀ ਸਥਿਤੀ ਵਿਗੜ ਚੁੱਕੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਆਖਿਆ ਕਿ ਉਹ ਬਤੌਰ ਗ੍ਰਹਿ ਮੰਤਰੀ ਲੋਕਾਂ ਅੱਗੇ ਜਵਾਬਦੇਹ ਹਨ। ਸਰਕਾਰ ਵੱਲੋਂ ਇਸ ਮਾਮਲੇ ਵਿਚ ਇਕ ਸਾਲ ਵਿਚ ਕਿੰਨੇ ਕਤਲ ਹੋਏ ਹਨ ਅਤੇ ਕਿੰਨੀਆਂ ਲੁੱਟਾਂ-ਖੋਹਾਂ ਹੋਈਆਂ ਹਨ, ਬਾਰੇ ਸਮੁੱਚੇ ਅੰਕੜੇ ਜਨਤਕ ਕੀਤੇ ਜਾਣ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਵੱਲੋਂ ਪੰਜਾਬੀਆਂ ਵਾਸਤੇ ਸਮਾਂ ਹੀ ਨਹੀਂ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹਰ ਮੰਚ ‘ਤੇ ਫੇਲ੍ਹ ਸਰਕਾਰ ਕਰਾਰ ਦਿੱਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਇਕ ਸੰਵੇਦਨਸ਼ੀਲ ਸੂਬਾ ਹੈ ਅਤੇ ਉਸ ਨੂੰ ਭਾਜਪਾ ਵਰਗੀ ਪਾਰਟੀ ਦੀ ਲੋੜ ਹੈ। ਜੋ ਸੂਬੇ ਦੇ ਲੋਕਾਂ ਨੂੰ ਸਥਾਈ ਅਤੇ ਵਧੀਆ ਪ੍ਰਸ਼ਾਸਨ ਦੇ ਸਕਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਦੇ ਲੋਕ ਹੁਣ ਭਾਜਪਾ ਵੱਲ ਦੇਖ ਰਹੇ ਹਨ ਅਤੇ ਭਾਜਪਾ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰੇਗੀ।



# ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲੀ ‘ਜ਼ੈੱਡ ਪਲੱਸ’ ਸੁਰੱਖਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੇਸ਼ ਤੇ ਵਿਦੇਸ਼ ਤੋਂ ਸੰਭਾਵੀ ਖਤਰੇ ਨੂੰ ਦੇਖਦਿਆਂ ਉਨ੍ਹਾਂ ਨੂੰ ‘ਜ਼ੈੱਡ ਪਲੱਸ’ ਸੁਰੱਖਿਆ ਦਿੱਤੀ ਹੈ। ਸੂਤਰਾਂ ਨੇ ਦੱਸਿਆ ਕਿ 49 ਸਾਲਾ ਭਗਵੰਤ ਮਾਨ ਨੂੰ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐੱਫ.) ਦੇ ਵੀ.ਆਈ.ਪੀ. ਸੁਰੱਖਿਆ ਦਸਤੇ ਵੱਲੋਂ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ। ਸੂਤਰਾਂ ਨੇ ਦੱਸਿਆ ਕਿ ਭਗਵੰਤ ਮਾਨ ਨੂੰ ਪੂਰੇ ਭਾਰਤ ’ਚ ਸਿਖਰਲੀ ਸ਼੍ਰੇਣੀ ਦੀ ‘ਜ਼ੈੱਡ ਪਲੱਸ ਸੁਰੱਖਿਆ ਦਿੱਤੀ ਜਾਵੇਗੀ ਅਤੇ ਗ੍ਰਹਿ ਮੰਤਰਾਲੇ ਨੇ ਹਾਲ ਹੀ ਵਿਚ ਇਸ ਦੀ ਮਨਜ਼ੂਰੀ ਦਿੱਤੀ ਹੈ।’ ਉਨ੍ਹਾਂ ਦੱਸਿਆ ਕਿ ਸੀ.ਆਰ.ਪੀ.ਐੱਫ. ਜਲਦੀ ਹੀ ਭਗਵੰਤ ਮਾਨ ਦੀ ਸੁਰੱਖਿਆ ਦਾ ਜ਼ਿੰਮਾ ਸੰਭਾਲੇਗੀ ਅਤੇ ਇਸ ਲਈ 55 ਹਥਿਆਰਬੰਦ ਜਵਾਨਾਂ ਦੀ ਟੀਮ ਭੇਜੀ ਗਈ ਹੈ। ਸੂਤਰਾਂ ਨੇ ਦੱਸਿਆ ਕਿ ਪੰਜਾਬ ਪੁਲਿਸ ਦੀ ਸੁਰੱਖਿਆ ਤੋਂ ਇਲਾਵਾ ਦਿੱਤੀ ਗਈ ‘ਜ਼ੈੱਡ ਪਲੱਸ’ ਸੁਰੱਖਿਆ ਮੁੱਖ ਮੰਤਰੀ ਦੀ ਰਿਹਾਇਸ਼ ਤੇ ਉਨ੍ਹਾਂ ਦੇ ਪਰਿਵਾਰ ਦੇ ਨੇੜਲੇ ਮੈਂਬਰਾਂ ਨੂੰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਰਹੱਦੀ ਸੂਬੇ ’ਚ ਖਾਲਿਸਤਾਨੀ ਗਤੀਵਿਧੀਆਂ ਕਾਰਨ ਮੁੱਖ ਮੰਤਰੀ ਨੂੰ ਖਤਰੇ ਦੇ ਖਦਸ਼ੇ ਨੂੰ ਦੇਖਦਿਆਂ ਕੇਂਦਰੀ ਏਜੰਸੀਆਂ ਤੇ ਸੁਰੱਖਿਆ ਏਜੰਸੀਆਂ ਨੇ ਭਗਵੰਤ ਮਾਨ ਨੂੰ ‘ਜੈੱਡ ਪਲੱਸ’ ਸੁਰੱਖਿਆ ਦੇਣ ਦੀ ਸਿਫਾਰਸ਼ ਕੀਤੀ ਹੈ।

# ‘ਆਪ’ ਵੱਲੋਂ ਹਰਿਆਣਾ ਦੇ ਜਥੇਬੰਦਕ ਢਾਂਚੇ ਦਾ ਐਲਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਹਰਿਆਣਾ ਵਿਚ ਆਗਾਮੀ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਵਜੋਂ ਹਰਿਆਣਾ ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਹੈ। ‘ਆਪ’ ਨੇ ਦਿੱਲੀ ਤੋਂ ਰਾਜ ਸਭਾ ਮੈਂਬਰ ਡਾ. ਸੁਸ਼ੀਲ ਗੁਪਤਾ ਨੂੰ ਹਰਿਆਣਾ ਦਾ ਪ੍ਰਧਾਨ ਅਤੇ ਅਨੁਰਾਗ ਢਾਂਡਾ ਨੂੰ ਸੀਨੀਅਰ ਮੀਤ ਪ੍ਰਧਾਨ ਲਾਇਆ ਹੈ। ਜ਼ਿਕਰਯੋਗ ਹੈ ਕਿ ‘ਆਪ’ ਨੇ 25 ਜਨਵਰੀ ਨੂੰ ਆਪਣੀ ਪੂਰੀ ਸੂਬਾ ਇਕਾਈ ਭੰਗ ਕਰ ਦਿੱਤੀ ਸੀ।

ਜਥੇਬੰਦਕ ਢਾਂਚੇ ਦਾ ਐਲਾਨ ਕਰਦਿਆਂ ‘ਆਪ’ ਦੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਨੇ ਦੱਸਿਆ ਕਿ ਅਸ਼ੋਕ ਤੰਵਰ ਨੂੰ ਸੂਬੇ ਦੀ ਪ੍ਰਚਾਰ ਕਮੇਟੀ ਦਾ ਚੇਅਰਮੈਨ ਤੇ ਸਾਬਕਾ ਮੰਤਰੀ ਨਿਰਮਲ ਸਿੰਘ ਨੂੰ ਕੌਮੀ ਸੰਯੁਕਤ ਸਕੱਤਰ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਬਲਬੀਰ ਸਿੰਘ ਸੈਣੀ, ਬੰਤਾ ਸਿੰਘ ਤੇ ਕਾਂਗਰਸ ਤੋਂ ਬਾਗੀ ਚਿੱਤਰਾ ਸਰਵਰਾ ਨੂੰ ਹਰਿਆਣਾ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਡਾ. ਮਨੀਸ਼ ਯਾਦਵ ਨੂੰ ਯੂਥ ਵਿੰਗ ਦਾ ਪ੍ਰਧਾਨ ਅਤੇ ਡਾ. ਰਜਨੀਤ ਜੈਨ ਨੂੰ ਮਹਿਲਾ ਵਿੰਗ ਦਾ ਪ੍ਰਧਾਨ ਅਤੇ ਆਯੁਸ਼ ਖਟਕੜ ਨੂੰ ਵਿਦਿਆਰਥੀ ਜਥੇਬੰਦੀ ਸੀ.ਵਾਈ.ਐਸ.ਐਸ. ਦਾ ਪ੍ਰਧਾਨ ਲਗਾਇਆ ਗਿਆ ਹੈ। ਇਸੇ ਤਰ੍ਹਾਂ ਕੁਲਦੀਪ ਨੂੰ ਕਿਸਾਨ ਸੈੱਲ ਦਾ ਪ੍ਰਧਾਨ, ਨਰੇਸ਼ ਬਾਗੜੀ ਨੂੰ ਐਸ.ਸੀ. ਸੈੱਲ ਦਾ ਪ੍ਰਧਾਨ, ਧੀਰਜ ਯਾਦਵ ਨੂੰ ਓ.ਬੀ.ਸੀ. ਸੈੱਲ ਦਾ ਪ੍ਰਧਾਨ, ਕਵਿਤਾ ਦਲਾਲ ਨੂੰ ਖੇਡ ਸੈੱਲ ਦਾ ਪ੍ਰਧਾਨ, ਐਡਵੋਕੇਟ ਮੋਕਸ਼ ਪਸਰੀਜਾ ਨੂੰ ਲੀਗਲ ਸੈੱਲ ਦਾ ਪ੍ਰਧਾਨ ਲਗਾਇਆ ਗਿਆ ਹੈ।



‘ਆਪ’ ਨੇ ਸੁਨੀਲ ਬਿੰਦਲ ਨੂੰ ਖ਼ਜ਼ਾਨਚੀ, ਸੁਰੇਸ਼ ਗਰਗ ਨੂੰ ਵਪਾਰ ਸੈੱਲ ਦਾ ਪ੍ਰਧਾਨ, ਡਾ. ਸਾਰਿਕਾ ਵਰਮਾ ਨੂੰ ਡਾਕਟਰ ਵਿੰਗ ਦਾ ਪ੍ਰਧਾਨ ਅਤੇ ਗੁਰਚਰਨ ਸਿੰਘ ਨੂੰ ਬੁੱਧੀਜੀਵੀ ਸੈੱਲ ਦਾ ਪ੍ਰਧਾਨ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਆਦਰਸ਼ਪਾਲ ਸਿੰਘ ਨੂੰ ਲੋਕ ਸਭਾ ਹਲਕਾ ਅੰਬਾਲਾ, ਸਤਿਆਨਾਰਾਇਣ ਯਾਦਵ ਨੂੰ ਲੋਕ ਸਭਾ ਹਲਕਾ ਭਿਵਾਨੀ, ਰਾਜੇਂਦਰ ਸ਼ਰਮਾ ਨੂੰ ਲੋਕ ਸਭਾ ਹਲਕਾ ਫਰੀਦਾਬਾਦ, ਮੁਕੇਸ਼ ਡਾਗਰ ਨੂੰ ਲੋਕ ਸਭਾ ਹਲਕਾ ਗੁਰੂਗ੍ਰਾਮ, ਪਵਨ ਫੌਜੀ ਨੂੰ ਲੋਕ ਸਭਾ ਹਲਕਾ ਹਿਸਾਰ, ਦਲਵਿੰਦਰ ਸਿੰਘ ਚੀਮਾ ਨੂੰ ਲੋਕ ਸਭਾ ਹਲਕਾ ਕਰਨਾਲ ਅਤੇ ਸੁਮਿਤ ਹਿੰਦੁਸਤਾਨੀ ਨੂੰ ਲੋਕ ਸਭਾ ਹਲਕਾ ਕੁਰੂਕਸ਼ੇਤਰ ਦਾ ਇੰਚਾਰਜ ਨਿਯੁਕਤ ਕੀਤਾ ਹੈ।

## ਹਵਾਈ ਜਹਾਜ਼ ਖੁੱਲ੍ਹੇ ਦਰਵਾਜ਼ੇ ਨਾਲ ਉੱਡਦਾ ਰਿਹਾ

**ਸਿਓਲ:** ਏਅਰਲਾਈਨ ਅਤੇ ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਏਸ਼ੀਆਨਾ ਏਅਰਲਾਈਨਜ਼ ਦੇ ਉੱਡਦੇ ਜਹਾਜ਼ ਦਾ ਯਾਤਰੀ ਨੇ ਦਰਵਾਜਾ ਖੋਲ੍ਹ ਦਿੱਤਾ ਪਰ ਇਸ ਦੇ ਬਾਵਜੂਦ ਜਹਾਜ਼ ਦੱਖਣੀ ਕੋਰੀਆ ਦੇ ਹਵਾਈ ਅੱਡੇ ਉਤੇ ਸੁਰੱਖਿਅਤ ਉਤਰ ਗਿਆ। ਟਰਾਂਸਪੋਰਟ ਮੰਤਰਾਲੇ ਨੇ ਕਿਹਾ ਕਿ ਜਹਾਜ਼ ‘ਤੇ ਸਵਾਰ ਕੁਝ ਲੋਕਾਂ ਨੇ ਵਿਅਕਤੀ ਨੂੰ ਦਰਵਾਜ਼ਾ ਖੋਲ੍ਹਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮ ਹੋ ਗਏ। 194 ਯਾਤਰੀਆਂ ਨੂੰ ਲੈ ਕੇ ਇਹ ਜਹਾਜ਼ ਦੱਖਣੀ ਟਾਪੂ ਜੇਜੂ ਤੋਂ ਦੱਖਣ-ਪੂਰਬੀ ਸ਼ਹਿਰ ਡੇਗੂ ਲਈ ਜਾ ਰਿਹਾ ਸੀ। ਸਫਰ ਕਰੀਬ ਘੰਟੇ ਦਾ ਸੀ ਪਰ ਹਾਲੇ ਤੱਕ ਸਪਸ਼ਟ ਨਹੀਂ ਹੋਇਆ ਕਿ ਦਰਵਾਜ਼ਾ ਕਿੰਨਾ ਸਮਾਂ ਖੁੱਲ੍ਹਾ ਰਿਹਾ। ਏਅਰਲਾਈਨ ਨੇ ਦੱਸਿਆ ਕਿ ਪੁਲਿਸ ਨੇ ਦਰਵਾਜ਼ਾ ਖੋਲ੍ਹਣ ਵਾਲੇ ਨੂੰ ਹਿਰਾਸਤ ਵਿਚ ਲੈ ਲਿਆ। ਉਸ ਦੇ ਇਰਾਦੇ ਦਾ ਤੁਰਤ ਪਤਾ ਨਹੀਂ ਲੱਗ ਸਕਿਆ। 9 ਯਾਤਰੀਆਂ ਨੂੰ ਸਾਹ ਦੀ ਸਮੱਸਿਆ ਕਾਰਨ ਹਸਪਤਾਲ ਲਿਜਾਇਆ ਗਿਆ।

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹੁਣ ਫਾਰਸੀ ਦੀ ਥਾਂ ਸੌਖੀ ਪੰਜਾਬੀ 'ਚ ਮਿਲੇਗਾ ਜ਼ਮੀਨੀ ਰਿਕਾਰਡ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਲਈ ਤਹਿਸੀਲਾਂ ਵਿਚ ਹੁਣ ਜ਼ਮੀਨੀ ਰਿਕਾਰਡ 'ਚ ਫਾਰਸੀ ਸ਼ਬਦਾਂ ਦੀ ਥਾਂ ਸਰਲ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਜਾਵੇਗੀ ਤਾਂ ਜੋ ਲੋਕਾਂ ਨੂੰ ਜ਼ਮੀਨ ਨਾਲ ਜੁੜੇ ਦਸਤਾਵੇਜ਼ਾਂ ਦੀ ਸਾਰੀ ਜਾਣਕਾਰੀ ਪੜ੍ਹਨ ਤੇ ਸਮਝਣ 'ਚ ਆਸਾਨੀ ਹੋਵੇ।

ਇਸ ਤੋਂ ਪਹਿਲਾਂ ਜ਼ਮੀਨੀ ਰਿਕਾਰਡ ਵਿਚ ਕੁਝ ਫਾਰਸੀ ਦੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਸਮਝਣ 'ਚ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਜ਼ਮੀਨੀ ਰਿਕਾਰਡ ਸਰਲ ਪੰਜਾਬੀ ਭਾਸ਼ਾ ਵਿਚ ਉਪਲਬਧ ਕਰਵਾਇਆ ਜਾਵੇ ਤਾਂ ਜੋ ਲੋਕਾਂ ਨੂੰ ਇਸ ਨੂੰ ਪੜ੍ਹਨ 'ਚ ਕਿਸੇ ਕਿਸਮ ਦੀ ਦਿੱਕਤ ਨਾ ਆਏ। ਮੁੱਖ ਮੰਤਰੀ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਮੀਨ ਨਾਲ ਸਬੰਧਤ ਸਾਰੇ ਰਿਕਾਰਡ ਨੂੰ ਆਨਲਾਈਨ ਕਰਨ 'ਤੇ ਜ਼ੋਰ ਦਿੱਤਾ ਤਾਂ ਜੋ ਲੋਕ ਇਕ ਕਲਿੱਕ 'ਤੇ ਜ਼ਮੀਨੀ ਰਿਕਾਰਡ ਬਾਰੇ ਸਾਰੀ ਜਾਣਕਾਰੀ ਹਾਸਲ ਕਰ ਸਕਣ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸੂਬੇ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਪੂਰੀ ਤਰ੍ਹਾਂ ਡਿਜੀਟਾਈਜ਼ ਕੀਤਾ ਜਾਵੇ। ਸੂਬੇ ਦੇ ਨਾਲ-ਨਾਲ ਜ਼ਿਲ੍ਹਾ ਅਤੇ ਸਬ-ਡਿਵੀਜਨ ਪੱਧਰ 'ਤੇ ਰਿਕਾਰਡ ਰੂਮਾਂ ਦੀ ਢੁਕਵੇਂ ਢੰਗ ਨਾਲ ਸਾਂਭ-ਸੰਭਾਲ ਕੀਤੀ ਜਾਵੇ। ਇਸ ਤੋਂ ਇਲਾਵਾ ਮਾਲ ਵਿਭਾਗ ਦੇ ਕੰਮਕਾਜ 'ਚ ਪਾਰਦਰਸ਼ਤਾ ਤੇ ਕੁਸ਼ਲਤਾ ਲਿਆਉਣ ਲਈ ਰਜਿਸਟਰੇਸ਼ਨ ਸਬੰਧੀ ਤੇ ਦਫਤਰੀ ਕੰਮਕਾਜ ਨੂੰ ਆਨਲਾਈਨ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਤਹਿਸੀਲ ਪੱਧਰ 'ਤੇ ਵਿਆਪਕ ਸੁਧਾਰ ਲਿਆਉਣ ਦਾ ਐਲਾਨ ਕੀਤਾ ਤਾਂ ਜੋ ਲੋਕ ਆਪਣੇ ਰੋਜ਼ਾਨਾ ਦੇ ਪ੍ਰਸ਼ਾਸਕੀ ਕੰਮ ਬਿਨਾਂ ਕਿਸੇ ਦਿੱਕਤ ਤੇ ਪਰੇਸ਼ਾਨੀ ਤੋਂ ਕਰਵਾ ਸਕਣ। ਉਨ੍ਹਾਂ ਸੂਬੇ 'ਚ ਮਾਲ ਵਿਭਾਗ ਦੇ ਕੰਪਿਊਟਰੀਕਰਨ ਪ੍ਰਾਜੈਕਟਾਂ ਦਾ ਵੀ ਜਾਇਜ਼ਾ ਲਿਆ ਅਤੇ ਇਨ੍ਹਾਂ ਨੂੰ ਜਲਦੀ ਮੁਕੰਮਲ ਕਰਨ ਦੀ ਹਦਾਇਤ ਕੀਤੀ।

# ਸਿੰਧੀ ਸਮਾਜ ਦਾ ਸਿਖ ਕੌਮ ਵਿਚ ਵੱਡਾ ਸਤਿਕਾਰ: ਜਥੇਦਾਰ

**ਅੰਮ੍ਰਿਤਸਰ:** ਇੰਦੌਰ ਵਿਚ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੰਧੀ ਸਮਾਜ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ ਅਤੇ ਇਸ ਦਾ ਸਿੱਖ ਕੌਮ ਵਿਚ ਵੱਡਾ ਸਤਿਕਾਰ ਹੈ। ਇਹ ਗੁਰਮਤਿ ਸਮਾਗਮ ਸ਼੍ਰੋਮਣੀ ਕਮੇਟੀ ਵੱਲੋਂ ਇੰਦੌਰ ਵਿਚ ਅੰਮ੍ਰਿਤ ਵੇਲਾ ਟਰੱਸਟ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਗੁਰਦੁਆਰਾ ਖ਼ਾਲਸਾ ਬਾਗ ਇੰਦੌਰ ਵਿਚ ਕਰਵਾਏ ਗਏ ਇਸ ਗੁਰਮਤਿ ਸਮਾਗਮ 'ਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਭਾਈ ਰਾਜਿੰਦਰ ਸਿੰਘ ਮਹਿਤਾ ਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਜ਼ਿਕਰਯੋਗ ਹੈ ਕਿ ਬੀਤੇ ਸਮੇਂ ਵਿਚ ਕੁਝ ਵਿਅਕਤੀਆਂ ਵੱਲੋਂ ਸਿੰਧੀ ਭਾਈਚਾਰੇ ਦੇ ਘਰਾਂ ਅਤੇ ਧਾਰਮਿਕ ਅਸਥਾਨਾਂ 'ਚੋਂ ਪਾਵਨ ਸਰੂਪ ਜਬਰੀ ਚੁੱਕ ਲਏ ਗਏ ਸਨ ਤੇ ਇਹ ਮੁੱਦਾ ਦੋਵਾਂ ਫਿਰਕਿਆਂ ਵਿਚਾਲੇ ਆਪਸੀ ਦੂਰੀ ਦਾ ਕਾਰਨ ਬਣਿਆ ਸੀ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੰਧੀ ਸਮਾਜ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ। ਇਸ ਦਾ ਸਿੱਖ ਕੌਮ ਵਿਚ ਵੱਡਾ ਸਤਿਕਾਰ ਹੈ ਅਤੇ ਹਮੇਸ਼ਾ ਬਣਿਆ ਰਹੇਗਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਬਾਣੀ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੰਦੀ ਹੈ ਪਰ ਕੁਝ ਲੋਕਾਂ ਵੱਲੋਂ ਸਿੰਧੀ ਤੇ ਸਿੱਖ ਸਮਾਜ ਵਿਚ ਵਖਰੇਵੇਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਭਾਈ ਰਾਜਿੰਦਰ ਸਿੰਘ ਮਹਿਤਾ ਤੇ ਬਲਵਿੰਦਰ ਸਿੰਘ ਕਾਹਲਵਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੰਧੀ ਸਮਾਜ ਨੂੰ ਸਿੱਖ ਧਰਮ ਨਾਲ ਜੋੜੀ ਰੱਖਣ ਲਈ ਅਜਿਹੇ ਸਮਾਗਮ ਕਰਵਾਉਂਦੀ ਰਹੇਗੀ।

## ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਬਾਰੇ ਮੁੱਖ ਮੰਤਰੀ ਦੀ ਚੁੱਪ ਖਤਰਨਾਕ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਹੈ ਕਿ ਉਨ੍ਹਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਆਪਣੀ 'ਭਾਰਤ ਯਾਤਰਾ' ਦੌਰਾਨ ਪੰਜਾਬ ਨਾਲ ਵਿਤਕਰੇ ਦਾ ਇਕ ਵੀ ਮਾਮਲਾ ਕਿਉਂ ਨਹੀਂ ਚੁੱਕਿਆ। ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੇ ਮਾਮਲਿਆਂ 'ਤੇ ਮੁੱਖ ਮੰਤਰੀ ਦੀ ਚੁੱਪ ਸੂਬੇ ਲਈ ਖ਼ਤਰਨਾਕ ਹੈ। ਇਹ ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਕਈ ਰਾਜਾਂ ਦਾ ਦੌਰਾ ਕੀਤਾ ਅਤੇ ਉਹ ਕੇਂਦਰ ਸਰਕਾਰ ਵੱਲੋਂ ਆਰਡੀਨੈਂਸ ਜਾਰੀ ਕਰ ਕੇ ਦਿੱਲੀ ਦੇ ਉਪ ਰਾਜਪਾਲ ਨੂੰ ਨਿਯੁਕਤੀਆਂ ਤੇ ਤਬਾਦਲਿਆਂ ਲਈ ਅੰਤਿਮ ਅਥਾਰਟੀ ਬਣਾਉਣ ਵਿਰੁੱਧ ਸਮਰਥਨ ਜੁਟਾਉਂਦੇ ਰਹੇ ਪਰ ਉਨ੍ਹਾਂ ਪੰਜਾਬ ਨਾਲ ਵਿਤਕਰੇ ਦਾ ਇਕ ਵੀ ਮਾਮਲਾ ਨਹੀਂ ਚੁੱਕਿਆ।

# ਕੈਨੇਡਾ ਜਾਣ ਲਈ ਹੁਣ ਵਿਦਿਆਰਥੀਆਂ ਨੂੰ ਆਇਲਟਸ ਦੀ ਲੋੜ ਨਹੀਂ

**ਨਵੀਂ ਦਿੱਲੀ:** ਕੈਨੇਡਾ ਦੇ ਸਟੂਡੈਂਟ ਡਾਇਰੈਕਟ ਸਟ੍ਰੀਮ (ਐਸ.ਡੀ.ਐਸ.) ਲਈ ਹੁਣ ਟੋਫਲ (ਟੈਸਟ ਆਫ ਇੰਗਲਿਸ਼ ਐਜ ਫੋਰੇਨ ਲੈਂਗੂਏਜ) ਟੈਸਟ ਵੀ ਸਵੀਕਾਰ ਕੀਤਾ ਜਾਵੇਗਾ। ਐਸ.ਡੀ.ਐਸ. ਕੌਮਾਂਤਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਪ੍ਰੋਸੈਸਿੰਗ ਪ੍ਰੋਗਰਾਮ ਹੈ, ਜੋ ਕੈਨੇਡਾ ਦੀ ਕਿਸੇ ਵੀ ਪੋਸਟ-ਸੈਕੰਡਰੀ ਸਿੱਖਿਆ ਸੰਸਥਾਵਾਂ ਵਿਚ ਦਾਖਲਾ ਲੈਣ ਦੀ ਯੋਜਨਾ ਬਣਾ ਰਹੇ ਹਨ। ਇਹ ਟੈਸਟ ਇਮੀਗ੍ਰੇਸ਼ਨ, ਰਫਿਊਜੀਜ ਤੇ ਸਿਟੀਜਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਵੱਲੋਂ ਪ੍ਰਵਾਨਿਤ ਹੈ। ਹੁਣ ਤੱਕ ਐਸ.ਡੀ.ਐੱਸ. ਰੂਟ ਲਈ ਆਇਲਟਸ (ਇੰਟਰਨੈਸ਼ਨਲ ਇੰਗਲਿਸ਼ ਲੈਂਗੁਏਜ ਟੈਸਟਿੰਗ ਸਿਸਟਮ) ਹੀ ਅੰਗਰੇਜ਼ੀ ਭਾਸ਼ਾ ਟੈਸਟਿੰਗ ਦਾ ਇਕੋ ਇਕ ਵਿਕਲਪ ਸੀ, ਜਿਸ ਨੂੰ ਵੈਧ ਮੰਨਿਆ ਜਾਂਦਾ ਸੀ। ਗਲੋਬਲ ਹਾਇਰ ਐਜੂਕੇਸ਼ਨ ਐਂਡ ਵਰਕ ਸਕਿੱਲਜ ਦੇ ਸੀਨੀਅਰ ਵਾਈਜ ਪ੍ਰਧਾਨ ਰੋਹਿਤ ਸ਼ਰਮਾ ਨੇ ਕਿਹਾ ਕਿ ਟੋਫਲ ਨੂੰ ਸ਼ਾਮਲ ਕੀਤੇ ਜਾਣ ਨਾਲ ਹਰ ਸਾਲ ਐਸ.ਡੀ.ਐਸ. ਰੂਟ ਦਾ ਲਾਹਾ ਲੈਣ ਵਾਲੇ ਲੱਖਾਂ ਵਿਦਿਆਰਥੀਆਂ ਨੂੰ ਇਸ ਦਾ ਲਾਭ ਮਿਲੇਗਾ। ਵਿਦਿਆਰਥੀ 10 ਅਗਸਤ 2023 ਤੋਂ ਆਪਣੀਆਂ ਐਸ.ਡੀ.ਐਸ. ਅਰਜ਼ੀਆਂ ਨਾਲ ਟੋਫਲ ਦਾ ਆਈ.ਬੀ.ਟੀ. ਸਕੋਰ ਲਾ ਸਕਣਗੇ। ਆਈ.ਆਰ.ਸੀ.ਸੀ. ਮੁਤਾਬਕ ਜੇਕਰ ਸਾਰੀਆਂ ਯੋਗਤਾ ਲੋੜਾਂ ਪੂਰੀਆਂ ਹਨ ਤਾਂ ਐਸ.ਡੀ.ਐਸ. ਅਰਜ਼ੀਆਂ ਨੂੰ 20 ਦਿਨਾਂ ਅੰਦਰ ਪ੍ਰੋਸੈਸ ਕੀਤਾ ਜਾ ਸਕਦਾ ਹੈ।

## ਪਹਿਲਵਾਨ ਕੁੜੀਆਂ ਨੂੰ ਸੜਕ 'ਤੇ ਘੜੀਸਿਆ

*(ਪਹਿਲੇ ਸਫੇ ਦੀ ਬਾਕੀ)*

ਇਸ ਤੋਂ ਸਰਕਾਰ ਦਾ ਰੁਖ ਸਾਫ ਦਿਖਾਈ ਦੇ ਰਿਹਾ ਹੈ ਕਿ ਉਹ ਆਪਣੇ ਸੰਸਦ ਮੈਂਬਰ (ਬ੍ਰਿਜ ਭੂਸ਼ਨ) ਦੇ ਨਾਲ ਖੜ੍ਹੀ ਹੈ ਅਤੇ ਧਰਨਾਕਾਰੀਆਂ ਨੂੰ ਖਦੇੜਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਹਾਲਾਂਕਿ ਕਿਸਾਨ ਜਥੇਬੰਦੀਆਂ ਤੇ ਖਾਪ ਪੰਚਾਇਤਾਂ ਵੱਲੋਂ ਭਲਵਾਨਾਂ ਦੇ ਹੱਕ ਵਿਚ ਖੁੱਲ੍ਹ ਕੇ ਡਟਣ ਕਾਰਨ ਕਿਸਾਨ ਅੰਦੋਲਨ ਤੋਂ ਬਾਅਦ ਭਾਜਪਾ ਸਰਕਾਰ ਖ਼ਿਲਾਫ਼ ਇਹ ਦੂਜਾ ਵੱਡਾ ਮੋਰਚਾ ਖੜ੍ਹਾ ਹੁੰਦਾ ਜਾਪ ਰਿਹਾ ਹੈ। ਖੇਤੀ ਕਾਨੂੰਨ ਰੱਦ ਕਰਵਾਉਣ ਲਈ ਕਿਸਾਨਾਂ ਨੇ ਦਿੱਲੀ ਦੀਆਂ ਹੱਦਾਂ ਉਤੇ ਇਕ ਸਾਲ ਤੋਂ ਵੀ ਵੱਧ ਸਮਾਂ ਮੋਰਚਾ ਲਾਇਆ ਸੀ। ਸਰਕਾਰ ਨੇ ਇਸ ਮੋਰਚੇ ਨੂੰ ਖਦੇੜਨ ਲਈ ਹਰ ਹਰਬਾ ਵਰਤਿਆ ਪਰ ਨਕਾਮ ਰਹਿਣ ਉਤੇ ਝੁਕਣਾ ਪਿਆ ਤੇ ਖੇਤੀ ਕਾਨੂੰਨ ਵਾਪਸ ਲੈਣੇ ਪਏ। ਇਕ ਵਾਰ ਫਿਰ ਉਸੇ ਤਰ੍ਹਾਂ ਦਾ ਅੰਦੋਲਨ ਖੜ੍ਹਾ ਹੁੰਦਾ ਵੇਖ ਸਰਕਾਰ ਭਾਵੇਂ ਫਿਕਰਮੰਦ ਤਾਂ ਜ਼ਰੂਰ ਹੈ ਪਰ ਉਹ (ਸਰਕਾਰ) ਆਪਣੇ 'ਕਿਸੇ ਵੀ ਕੀਮਤ ਉਤੇ ਨਾ ਝੁਕਣ' ਅਤੇ ਹਠਧਰਮੀ ਵਾਲੇ ਰਵੱਈਏ ਕਾਰਨ ਪਿੱਛੇ ਨਾ ਹਟਣ ਲਈ ਮਜਬੂਰ ਹੈ।

## ਪਹਿਲਵਾਨਾਂ ਨਾਲ ਧੱਕੇਸ਼ਾਹੀ ਦਾ ਨੋਟਿਸ ਲਿਆ

*(ਪਹਿਲੇ ਸਫੇ ਦੀ ਬਾਕੀ)*

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਮੈਂਬਰ ਗੁਰਿੰਦਰ ਕੌਰ ਭੋਲੂਵਾਲ ਨੇ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਜਿਨ੍ਹਾਂ ਬੱਚੀਆਂ ਨੇ ਖੇਡਾਂ ਵਿਚ ਮੈਡਲ ਜਿੱਤ ਕੇ ਦੇਸ਼ ਦਾ ਨਾਮ ਰੋਸ਼ਨ ਕੀਤਾ, ਅੱਜ ਉਨ੍ਹਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਇਨ੍ਹਾਂ ਬੱਚੀਆਂ ਦੀ ਗੱਲ ਸੁਣਨ ਦੀ ਥਾਂ ਉਨ੍ਹਾਂ ਨੂੰ ਸੜਕਾਂ 'ਤੇ ਰੋਲਿਆ ਜਾ ਰਿਹਾ ਹੈ।

## ਅਮਰੀਕਾ 'ਚ ਭਾਰਤੀ ਮੂਲ ਦੇ ਵਿਦਿਆਰਥੀ ਦੀ ਹੱਤਿਆ

**ਨਿਊ ਯਾਰਕ:** ਅਮਰੀਕਾ ਦੇ ਫਿਲਾਡੇਲਫੀਆ ਵਿਚ 21 ਸਾਲਾ ਭਾਰਤੀ ਮੂਲ ਦੇ ਵਿਦਿਆਰਥੀ ਦੀ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਕੇਰਲ ਦੇ ਕੋਲਮ ਜਿਲ੍ਹੇ ਦੇ ਰਹਿਣ ਵਾਲੇ ਜੂਡ ਚਾਕੋ ਨੂੰ ਕੰਮ ਤੋਂ ਵਾਪਸ ਆਉਂਦੇ ਸਮੇਂ ਗੋਲੀ ਮਾਰ ਦਿੱਤੀ ਗਈ। ਉਸ ਦੇ ਮਾਤਾ-ਪਿਤਾ 30 ਸਾਲ ਪਹਿਲਾਂ ਅਮਰੀਕਾ ਗਏ ਸਨ। ਪੁਲਿਸ ਅਧਿਕਾਰੀਆਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚਾਕੋ, ਵਿਦਿਆਰਥੀ ਸੀ ਤੇ ਪਾਰਟ-ਟਾਈਮ ਵੀ ਕੰਮ ਕਰਦਾ ਸੀ। ਉਸ ਨੂੰ ਲੁੱਟਣ ਦੀ ਕੋਸ਼ਿਸ਼ ਦੌਰਾਨ ਦੋ ਵਿਅਕਤੀਆਂ ਨੇ ਹਮਲਾ ਕੀਤਾ ਸੀ। ਇਸ ਸਾਲ ਅਪਰੈਲ ਵਿਚ ਆਂਧਰਾ ਪ੍ਰਦੇਸ ਦੇ 24 ਸਾਲਾ ਵਿਦਿਆਰਥੀ ਸਈਸ ਵੀਰਾ ਨੂੰ ਓਹੀਓ ਵਿਚ ਪੈਟਰੋਲ ਪੰਪ 'ਤੇ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਦਿੱਤੀ ਸੀ।

# ਪੰਜਾਬ ਦੇ ਜੰਮਪਲ ਚਮਨ ਲਾਲ ਨੇ ਲਾਰਡ ਮੇਅਰ ਬਣ ਕੇ ਇਤਿਹਾਸ ਸਿਰਜਿਆ

**ਲੰਡਨ:** ਪੰਜਾਬ ਦੇ ਜੰਮਪਲ ਚਮਨ ਲਾਲ ਨੇ ਬਰਮਿੰਘਮ ਦਾ ਪਹਿਲਾ ਭਾਰਤੀ-ਬਰਤਾਨਵੀ ਲਾਰਡ ਮੇਅਰ ਬਣ ਕੇ ਇਤਿਹਾਸ ਸਿਰਜ ਦਿੱਤਾ ਹੈ। ਇੰਗਲੈਂਡ ਦੇ ਵੈਸਟ ਮਿਡਲੈਂਡਜ ਖੇਤਰ ਦੇ ਸ਼ਹਿਰ ਬਰਮਿੰਘਮ ਦੇ ਕੌਂਸਲਰਾਂ ਨੇ ਚਮਨ ਲਾਲ ਨੂੰ ਕੌਂਸਲ ਦੀ ਅਗਵਾਈ ਲਈ ਚੁਣਿਆ ਹੈ। ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪੱਖੋਵਾਲ ਪਿੰਡ 'ਚ ਜੰਮੇ ਚਮਨ ਬਰਤਾਨਵੀ ਸਿੱਖਾਂ ਦੇ ਰਵਿਦਾਸੀਆ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਯੂਕੇ ਜਾਣ ਤੋਂ ਬਾਅਦ ਉਹ ਕਈ ਸਾਲਾਂ ਤੱਕ ਸਥਾਨਕ ਕੌਂਸਲ ਦੇ ਮੈਂਬਰ (ਕੌਂਸਲਰ) ਰਹੇ ਹਨ। ਲੇਬਰ ਪਾਰਟੀ ਨਾਲ ਜੁੜੇ ਚਮਨ ਪਹਿਲੀ ਵਾਰ 1994 ਵਿਚ ਚੁਣੇ ਗਏ ਸਨ ਤੇ ਹਾਲ ਹੀ ਵਿਚ ਹੋਈਆਂ ਸਥਾਨਕ ਚੋਣਾਂ 'ਚ ਉਹ ਮੁੜ ਸੋਹੋ ਤੇ ਜਿਊਲਰੀ ਕੁਆਰਟਰ ਵਾਰਡ ਤੋਂ ਕੌਂਸਲਰ ਚੁਣੇ ਗਏ ਸਨ। ਚਮਨ ਲਾਲ ਨੇ ਕਿਹਾ ਕਿ ਉਨ੍ਹਾਂ ਕਦੇ ਨਹੀਂ ਸੋਚਿਆ ਸੀ ਕਿ ਇਕ ਦਿਨ ਉਹ ਬਰਮਿੰਘਮ ਦੇ ਲਾਰਡ ਮੇਅਰ ਬਣਨਗੇ।

ਉਨ੍ਹਾਂ ਇਸ ਮੌਕੇ ਸਾਥੀ ਕੌਂਸਲਰਾਂ ਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ। ਬਰਮਿੰਘਮ ਸਿਟੀ ਕੌਂਸਲ ਮੁਤਾਬਕ ਚਮਨ ਲਾਲ ਦੇ ਪਿਤਾ ਸਰਦਾਰ ਹਰਨਾਮ ਸਿੰਘ ਬੰਗਾ ਬਰਤਾਨਵੀ-ਭਾਰਤੀ ਫੌਜ ਦੇ ਅਧਿਕਾਰੀ ਸਨ ਜਿਨ੍ਹਾਂ ਦੂਜੀ ਵਿਸ਼ਵ ਜੰਗ ਵਿਚ ਸੇਵਾਵਾਂ ਦਿੱਤੀਆਂ। ਚਮਨ ਲਾਲ ਦੇ ਪਿਤਾ 1954 ਵਿਚ ਇੰਗਲੈਂਡ ਆ ਗਏ ਤੇ ਬਰਮਿੰਘਮ 'ਚ ਵਸ ਗਏ। ਇਸ ਤੋਂ ਬਾਅਦ ਉਨ੍ਹਾਂ ਕਈ ਤਰ੍ਹਾਂ ਦੀਆਂ ਉਦਯੋਗਿਕ ਇਕਾਈਆਂ ਵਿਚ ਕੰਮ ਕੀਤਾ ਜਿਸ ਵਿਚ ਸਟੀਲ ਫੈਕਟਰੀ (ਬ੍ਰਿਟਿਸ਼ ਸਟੀਲ) ਦਾ ਕੰਮ ਵੀ ਸ਼ਾਮਲ ਸੀ।

# ਕੈਨੇਡਾ ਵਿਚ ਗੈਂਗਸਟਰ ਅਮਰਪ੍ਰੀਤ ਸਮਰਾ ਦੀ ਹੱਤਿਆ

**ਵੈਨਕੂਵਰ:** ਵੈਨਕੂਵਰ ਵਿਚ ਕਈ ਸਾਲਾਂ ਤੋਂ ਚੱਲ ਰਹੀ ਗੈਂਗਵਾਰ ਦਰਮਿਆਨ ਇਕ ਹੋਰ ਗੈਂਗਸਟਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮਾਰੇ ਗਏ ਗੈਂਗਸਟਰ ਦੀ ਪਛਾਣ ਅਮਰਪ੍ਰੀਤ (ਚੱਕੀ) ਸਮਰਾ (28) ਵਜੋਂ ਹੋਈ ਹੈ। ਕਾਤਲਾਂ ਨੇ ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਕੁਝ ਦੂਰੀ 'ਤੇ ਜਾ ਕੇ ਆਪਣੀ ਕਾਰ ਨੂੰ ਅੱਗ ਲਾ ਦਿੱਤੀ। ਪੁਲਿਸ ਅਨੁਸਾਰ ਅਮਰਪ੍ਰੀਤ ਸਮਰਾ ਫਿਰੌਤੀਆਂ, ਡਕੈਤੀਆਂ ਅਤੇ ਅਗਵਾ ਆਦਿ ਕਈ ਜੁਰਮਾਂ ਵਿਚ ਸ਼ਾਮਲ ਸੀ। ਕੁਝ ਮਹੀਨੇ ਪਹਿਲਾਂ ਉਹ ਜੇਲ੍ਹ 'ਚੋਂ ਬਾਹਰ ਆਇਆ ਸੀ। ਮਈ 2021 ਵਿਚ ਮਾਰੇ ਗਏ ਜੇਲ੍ਹ ਅਫਸਰ ਬਿਕਰਮਦੀਪ ਰੰਧਾਵਾ ਦਾ ਘਰ ਅਮਰਪ੍ਰੀਤ ਸਮਰਾ ਦੇ ਗੁਆਂਢ ਵਿਚ ਹੋਣ ਕਰਕੇ ਪੁਲਿਸ ਨੂੰ ਸ਼ੱਕ ਸੀ ਕਿ ਉਸ ਦੇ ਕਤਲ ਪਿੱਛੇ ਸਮਰਾ ਦਾ ਹੀ ਹੱਥ ਸੀ। ਪੁਲਿਸ ਹੁਣ ਤੱਕ ਇਸ ਦੇ ਸਬੂਤ ਇਕੱਠੇ ਕਰ ਰਹੀ ਸੀ। ਜਾਣਕਾਰੀ ਅਨੁਸਾਰ ਵੈਨਕੂਵਰ ਦੇ ਫਰੇਜਰ ਵਿਊ ਹਾਲ ਵਿਚ ਵਿਆਹ ਸਮਾਗਮ ਚੱਲ ਰਿਹਾ ਸੀ, ਜਿਸ ਵਿਚ ਅਮਰਪ੍ਰੀਤ ਸਮਰਾ ਤੇ ਉਸ ਦਾ ਵੱਡਾ ਭਰਾ ਰਵਿੰਦਰ ਸਮਰਾ ਸ਼ਾਮਲ ਸਨ। ਡੇਢ ਕੁ ਵਜੇ ਤੱਕ ਦੋਵੇਂ ਡੀਜੇ ਉਤੇ ਭੰਗੜਾ ਪਾ ਰਹੇ ਸਨ। ਕੁਝ ਮਿੰਟਾਂ ਬਾਅਦ ਜਿਵੇਂ ਹੀ ਅਮਰਪ੍ਰੀਤ ਸਮਰਾ ਹਾਲ 'ਚੋਂ ਬਾਹਰ ਨਿਕਲਿਆ ਤਾਂ ਕਿਸੇ ਨੇ ਉਸ ਉੱਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਉਸ ਦੀ ਮੌਕੇ 'ਤੇ ਮੌਤ ਹੋ ਗਈ। ਪੁਲਿਸ ਤਰਜਮਾਨ ਬੀਬੀ ਤਾਨੀਆ ਵਿੰਸਟਨ ਨੇ ਦੱਸਿਆ ਕਿ ਮੁੱਢਲੇ ਵੇਰਵਿਆਂ ਅਨੁਸਾਰ ਇਹ ਹੱਤਿਆ ਦੋ ਗਰੋਹਾਂ ਦੀ ਪੁਰਾਣੀ ਦੁਸ਼ਮਣੀ ਦਾ ਨਤੀਜਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| | | | ਡਾ. ਗੁਰਚਰਨ ਸਿੰਘ ਗਰੇਵਾਲ |
| (ਡਾ.) ਨਵਦੀਪ ਕੌਰ | ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਡਾ. ਇਨਕਲਾਬੀ ਥਾਂਦੀ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |

# ਦਿੱਲੀ ਪੁਲਿਸ ਨੇ ਜੰਤਰ-ਮੰਤਰ 'ਤੇ ਧਰਨਾ ਲਾਈ ਬੈਠੇ ਭਲਵਾਨ ਖਦੇੜੇ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਨਵੇਂ ਸੰਸਦ ਭਵਨ ਵੱਲ ਮਾਰਚ ਕਰ ਰਹੇ ਪਹਿਲਵਾਨਾਂ ਨੂੰ ਹਿਰਾਸਤ ਵਿਚ ਲੈਣ ਮਗਰੋਂ ਜੰਤਰ-ਮੰਤਰ 'ਤੇ ਧਰਨਾ ਲਾਉਣ ਵਾਲੇ ਪ੍ਰਬੰਧਕਾਂ ਤੇ ਪਹਿਲਵਾਨਾਂ ਦੇ ਹਮਾਇਤੀਆਂ ਖ਼ਿਲਾਫ਼ ਦੰਗਿਆਂ ਤੇ ਸਰਕਾਰੀ ਮੁਲਾਜ਼ਮ ਦੀ ਡਿਊਟੀ 'ਚ ਵਿਘਨ ਪਾਉਣ ਦੇ ਦੋਸ਼ ਤਹਿਤ ਸੰਸਦ ਮਾਰਗ ਥਾਣੇ 'ਚ ਕੇਸ ਦਰਜ ਕਰ ਲਿਆ ਹੈ।

ਪੁਲਿਸ ਨੇ ਜੰਤਰ ਮੰਤਰ 'ਤੇ ਧਰਨਾ ਦੇਣ ਵਾਲੇ 109 ਪ੍ਰਦਰਸ਼ਨਕਾਰੀਆਂ ਸਣੇ ਪੂਰੀ ਦਿੱਲੀ 'ਚੋਂ 700 ਲੋਕਾਂ ਨੂੰ ਹਿਰਾਸਤ 'ਚ ਲੈਣ ਦਾ ਦਾਅਵਾ ਕੀਤਾ। ਪੁਲਿਸ ਨੇ ਮਗਰੋਂ ਮਹਿਲਾ ਤੇ ਪੁਰਸ਼ ਪਹਿਲਵਾਨਾਂ ਨੂੰ ਛੱਡ ਦਿੱਤਾ। ਸੀਨੀਅਰ ਪੁਲਿਸ ਅਧਿਕਾਰੀ ਮੁਤਾਬਕ ਐਫ.ਆਈ.ਆਰ. ਆਈ.ਪੀ.ਸੀ. ਦੀਆਂ ਧਾਰਾਵਾਂ 188, 186, 353 ਤੇ 332 ਤਹਿਤ ਦਰਜ ਕੀਤੀ ਗਈ ਹੈ। ਐਫ.ਆਈ.ਆਰ. ਵਿਚ ਧਾਰਾ 352, 147(ਦੰਗੇ) ਤੇ 149 (ਗੈਰਕਾਨੂੰਨੀ ਇਕੱਤਰਤਾ) ਵੀ ਆਇਦ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਜਿਨਸੀ ਸ਼ੋਸ਼ਣ ਮਾਮਲੇ ਵਿਚ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਜੰਤਰ-ਮੰਤਰ 'ਤੇ ਲਾਏ ਧਰਨੇ ਦੀ ਮੂਹਰੇ ਹੋ ਕੇ ਅਗਵਾਈ ਕਰ ਰਹੇ ਪਹਿਲਵਾਨਾਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਤੇ ਬਜਰੰਗ ਪੂਨੀਆ ਸਣੇ ਹੋਰਨਾਂ ਨੂੰ ਪੁਲਿਸ ਨੇ ਅਮਨ-ਕਾਨੂੰਨ ਦੀ ਉਲੰਘਣਾ ਦੇ ਦੋਸ਼ 'ਚ ਹਿਰਾਸਤ ਵਿਚ ਲੈ ਲਿਆ ਸੀ। ਪ੍ਰਦਰਸ਼ਨਕਾਰੀ ਪਹਿਲਵਾਨ ਸਵੇਰੇ ਨਵੀਂ ਸੰਸਦੀ ਇਮਾਰਤ ਅੱਗੇ ਮਹਿਲਾ 'ਮਹਾਪੰਚਾਇਤ' ਲਈ ਅੱਗੇ ਵਧ ਰਹੇ ਸਨ ਜਦੋਂ ਪੁਲਿਸ ਨੇ ਕਥਿਤ ਸੁਰੱਖਿਆ ਘੇਰਾ ਤੋੜਨ ਦੇ ਦੋਸ਼ ਹੇਠ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ। ਦਿੱਲੀ ਪੁਲਿਸ ਇਨ੍ਹਾਂ ਪਹਿਲਵਾਨਾਂ ਨੂੰ ਬੱਸਾਂ ਵਿਚ ਧੱਕ ਕੇ ਅਣਦੱਸੀ ਥਾਂ 'ਤੇ ਲੈ ਕੇ ਰਵਾਨਾ ਹੋਈ, ਪੁਲਿਸ ਅਧਿਕਾਰੀਆਂ ਨੇ ਜੰਤਰ-ਮੰਤਰ 'ਤੇ ਧਰਨੇ ਵਾਲੀ ਥਾਂ ਲੱਗੇ ਤੰਬੂ ਪੁੱਟ ਦਿੱਤੇ ਤੇ ਉਥੇ ਪਏ ਗੱਦੇ, ਕੂਲਰ, ਪੱਖੇ, ਤਰਪਾਲ ਤੇ ਪਹਿਲਵਾਨਾਂ ਦਾ ਹੋਰ ਸਮਾਨ ਉਥੋਂ ਹਟਾ ਦਿੱਤਾ। ਜਾਣਕਾਰੀ ਅਨੁਸਾਰ ਪ੍ਰਦਰਸ਼ਨਕਾਰੀ ਪਹਿਲਵਾਨ ਨਵੀਂ ਸੰਸਦੀ ਇਮਾਰਤ ਅੱਗੇ ਤਜਵੀਜ਼ਤ 'ਮਹਿਲਾ ਮਹਾਪੰਚਾਇਤ' ਲਈ ਅੱਗੇ ਵਧੇ ਤਾਂ ਪਹਿਲਾਂ ਪੁਲਿਸ ਨੇ ਉਨ੍ਹਾਂ ਨੂੰ ਅਜਿਹਾ ਨਾ ਕਰਨ ਦੀ ਚਿਤਾਵਨੀ ਦਿੱਤੀ। ਜਦੋਂ ਪਹਿਲਵਾਨ ਨਹੀਂ ਰੁਕੇ ਤਾਂ ਉਨ੍ਹਾਂ ਦੀ ਉਥੇ ਤਾਇਨਾਤ ਪੁਲਿਸ ਕਰਮੀਆਂ ਨਾਲ ਝੜਪ ਹੋ ਗਈ। ਵਿਨੇਸ਼ ਫੋਗਾਟ, ਸੰਗੀਤਾ ਫੋਗਾਟ ਤੇ ਸਾਕਸ਼ੀ ਮਲਿਕ ਨੇ ਪੁਲਿਸ ਵੱਲੋਂ ਲਾਏ ਬੈਰੀਕੇਡ ਉਲੰਘਣ ਦੀ ਕੋਸ਼ਿਸ਼ ਕੀਤੀ ਤਾਂ ਦਿੱਲੀ ਮਹਿਲਾ ਪੁਲਿਸ ਨੇ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ। ਇਸ ਮੌਕੇ ਮਹਿਲਾ ਪਹਿਲਵਾਨਾਂ ਨਾਲ ਖਿਚ-ਧੂਹ ਵੀ ਕੀਤੀ ਗਈ। ਉਨ੍ਹਾਂ ਉਪਰ ਕਈ ਮਹਿਲਾ ਪੁਲਿਸ ਮੁਲਾਜ਼ਮਾਂ ਟੁੱਟ ਕੇ ਪੈ ਗਈਆਂ। ਸ਼ਾਕਸ਼ੀ ਮਲਿਕ ਨੂੰ ਕਾਬੂ ਕਰਨ ਲਈ ਪੁਲਿਸ ਨੂੰ ਖਾਸੀ ਮੁਸ਼ੱਕਤ ਕਰਨੀ ਪਈ। ਵਿਨੇਸ਼ ਤੇ ਸੰਗੀਤਾ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈਣ ਦਾ ਜ਼ੋਰਦਾਰ ਵਿਰੋਧ ਕੀਤਾ। ਪੁਲਿਸ ਨੇ ਸੜਕਾਂ 'ਤੇ ਲਿਟੀਆਂ ਇਨ੍ਹਾਂ ਦੋਵਾਂ ਮਹਿਲਾ ਪਹਿਲਵਾਨਾਂ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਧੂਹ ਕੇ ਬੱਸਾਂ ਵਿਚ ਚੜ੍ਹਾਇਆ।



## ਗੁੰਡਾ ਸੰਸਦ 'ਚ ਬੈਠਾ ਹੈ ਤੇ ਸਾਨੂੰ ਸੜਕਾਂ 'ਤੇ ਧੂਹਿਆ ਜਾ ਰਿਹੈ: ਸਾਕਸ਼ੀ

**ਨਵੀਂ ਦਿੱਲੀ:** ਪੁਲਿਸ ਵੱਲੋਂ ਹਿਰਾਸਤ ਵਿਚ ਲਏ ਜਾਣ ਮਗਰੋਂ ਪਹਿਲਵਾਨ ਸਾਕਸ਼ੀ ਮਲਿਕ ਨੇ ਕਿਹਾ, "ਅਸੀਂ ਸ਼ਾਂਤੀਪੂਰਵਕ ਮਾਰਚ ਕਰ ਰਹੇ ਸੀ ਪਰ ਉਨ੍ਹਾਂ ਨੇ ਜ਼ਬਰਦਸਤੀ ਸਾਨੂੰ ਖਿਚਿਆ ਅਤੇ ਹਿਰਾਸਤ ਵਿਚ ਲੈ ਲਿਆ। ਸਾਡੇ ਚੈਂਪੀਅਨਾਂ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾ ਰਿਹਾ ਹੈ। ਦੁਨੀਆ ਸਾਨੂੰ ਦੇਖ ਰਹੀ ਹੈ!" ਇਕ ਹੋਰ ਟਵੀਟ ਵਿਚ ਮਹਿਲਾ ਪਹਿਲਵਾਨ ਨੇ ਕਿਹਾ, "ਕੀ ਕੋਈ ਸਰਕਾਰ ਦੇਸ਼ ਦੇ ਚੈਂਪੀਅਨਾਂ ਨਾਲ ਇੰਜ ਸਲੂਕ ਕਰਦੀ ਹੈ? ਅਸੀਂ ਕਿਹੜਾ ਜੁਰਮ ਕੀਤਾ ਹੈ? ਜਿਨਸੀ ਸ਼ੋਸ਼ਣ ਕਰਨ ਵਾਲਾ ਗੁੰਡਾ ਬ੍ਰਿਜ ਭੂਸ਼ਣ ਅੱਜ ਸੰਸਦ ਵਿੱਚ ਬੈਠਾ ਹੈ ਤੇ ਸਾਨੂੰ ਸੜਕਾਂ 'ਤੇ ਧੂਹਿਆ ਜਾ ਰਿਹੈ।

## ਲੋਕਾਂ ਦੀ ਆਵਾਜ਼ ਦਬਾ ਰਿਹੈ ਹੰਕਾਰੀ ਰਾਜਾ: ਰਾਹੁਲ



**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦਿੱਲੀ ਪੁਲਿਸ ਵੱਲੋਂ ਪ੍ਰਦਰਸ਼ਨਕਾਰੀ ਪਹਿਲਵਾਨਾਂ ਨੂੰ ਹਿਰਾਸਤ ਵਿਚ ਲੈਣ ਦੇ ਹਵਾਲੇ ਨਾਲ ਮੋਦੀ ਸਰਕਾਰ ਨੂੰ ਘੇਰਦਿਆਂ ਕਿਹਾ ਕਿ 'ਤਾਜਪੋਸ਼ੀ' ਸਮਾਗਮ ਖ਼ਤਮ ਹੋ ਗਿਆ ਤੇ 'ਹੰਕਾਰੀ ਰਾਜਾ' ਸੜਕਾਂ 'ਤੇ ਲੋਕਾਂ ਦੀ ਆਵਾਜ਼ ਨੂੰ ਮਧੋਲ ਰਿਹੈ।' ਰਾਹੁਲ ਨੇ ਟਵੀਟ ਦੇ ਨਾਲ ਇਕ ਵੀਡੀਓ ਵੀ ਟੈਗ ਕੀਤੀ ਹੈ, ਜਿਸ ਵਿਚ ਦਿੱਲੀ ਪੁਲਿਸ ਚੈਂਪੀਅਨ ਪਹਿਲਵਾਨਾਂ ਨੂੰ ਹਿਰਾਸਤ ਵਿਚ ਲੈ ਰਹੀ ਹੈ। ਪਾਰਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਵੀ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਭਾਜਪਾ ਸਰਕਾਰ ਦਾ 'ਹੰਕਾਰ' ਇਸ ਕਦਰ ਵਧ ਗਿਆ ਕਿ ਉਹ ਸਾਡੀਆਂ ਮਹਿਲਾ ਖਿਡਾਰੀਆਂ ਦੀ ਆਵਾਜ਼ ਨੂੰ 'ਬੜੀ ਬੇਰਹਿਮੀ' ਨਾਲ ਆਪਣੇ ਬੂਟਾਂ ਹੇਠ ਕੁਚਲ ਰਹੀ ਹੈ।

## ਭਾਜਪਾ ਆਪਣੇ ਸਾਥੀਆਂ ਨੂੰ ਹੀ ਖਾ ਜਾਂਦੀ: ਰਾਊਤ

**ਮੁੰਬਈ:** ਸ਼ਿਵ ਸੈਨਾ ਦੇ ਸੰਸਦ ਮੈਂਬਰ ਗਜਾਨਨ ਕੀਰਤੀਕਰ ਵੱਲੋਂ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਵਿਚ ਉਨ੍ਹਾਂ ਦੀ ਪਾਰਟੀ ਨਾਲ ਮਤਰੇਆ ਵਿਹਾਰ ਹੋਣ ਦੀ ਸ਼ਿਕਾਇਤ ਕੀਤੇ ਜਾਣ ਤੋਂ ਇਕ ਦਿਨ ਬਾਅਦ ਸ਼ਿਵ ਸੈਨਾ (ਯੂ.ਬੀ.ਟੀ.) ਦੇ ਨੇਤਾ ਸੰਜੇ ਰਾਊਤ ਨੇ ਕਿਹਾ ਕਿ ਭਾਜਪਾ ਮਗਰਮੱਛ ਜਾਂ ਅਜਗਰ ਦੀ ਤਰ੍ਹਾਂ ਹੈ। ਜੋ ਕੋਈ ਵੀ ਉਸ ਨਾਲ ਹੁੰਦਾ ਹੈ, ਉਹ ਉਸੇ ਨੂੰ ਨਿਗਲ ਲੈਂਦੀ ਹੈ।

ਰਾਊਤ ਨੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਤੋਂ ਤੁਰਤ ਬਾਅਦ ਅਣਵੰਡੀ ਸ਼ਿਵ ਸੈਨਾ ਤੇ ਭਾਰਤੀ ਜਨਤਾ ਪਾਰਟੀ ਦੇ ਰਾਹ ਵੱਖ ਹੋਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹੀ ਕਾਰਨ ਹੈ ਕਿ ਉਨ੍ਹਾਂ ਦੀ ਪਾਰਟੀ ਦੇ ਮੁਖੀ ਊਧਵ ਠਾਕਰੇ ਨੇ 2019 'ਚ ਭਾਜਪਾ ਤੋਂ ਦੂਰੀ ਬਣਾ ਲਈ ਸੀ। ਰਾਊਤ ਨੇ ਕਿਹਾ, 'ਸ਼ਿਵ ਸੈਨਾ ਨੇ ਖੁਦ ਨੂੰ ਭਾਜਪਾ ਤੋਂ ਦੂਰ ਕਰ ਲਿਆ ਕਿਉਂਕਿ ਪਾਰਟੀ ਇਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਭਾਜਪਾ ਮਗਰਮੱਛ ਜਾਂ ਅਜਗਰ ਦੀ ਤਰ੍ਹਾਂ ਹੈ, ਜੋ ਵੀ ਉਸ ਦਾ ਸਾਥੀ ਹੁੰਦੇ ਹਨ, ਉਹ ਨਿਗਲੇ ਜਾਂਦੇ ਹਨ। ਹੁਣ ਉਹ (ਸ਼ਿਵ ਸੈਨਾ ਦੇ ਸੰਸਦ ਮੈਂਬਰ ਤੇ ਵਿਧਾਇਕ, ਜਿਨ੍ਹਾਂ ਲੀਡਰਸ਼ਿਪ ਖ਼ਿਲਾਫ਼ ਬਗ਼ਾਵਤ ਕੀਤੀ ਸੀ) ਮਹਿਸੂਸ ਕਰਨਗੇ ਕਿ ਇਸ ਮਗਰਮੱਛ ਤੋਂ ਦੂਰੀ ਬਣਾਉਣ ਲਈ ਊਧਵ ਠਾਕਰੇ ਦਾ ਫੈਸਲਾ ਸਹੀ ਸੀ।' ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ 'ਚ ਕਾਫੀ ਬੇਚੈਨੀ ਹੈ। ਰਾਊਤ ਨੇ ਕਿਹਾ ਕਿ ਗਜਾਨਨ ਕੀਰਤੀਕਰ ਨੇ ਜੋ ਗੱਲ ਕਹੀ ਹੈ, ਉਹੀ ਸ਼ਿਵ ਸੈਨਾ (ਯੂ.ਬੀ.ਟੀ.) ਦਾ ਰੁਖ ਹੈ। ਭਾਜਪਾ ਆਪਣੀ ਗੱਲ ਉਤੇ ਕਾਇਮ ਨਹੀਂ ਰਹਿ ਰਹੀ ਤੇ ਸ਼ਿਵ ਸੈਨਾ ਦੇ ਵਿਧਾਇਕਾਂ ਨੂੰ ਫੰਡ ਨਹੀਂ ਦਿੱਤਾ ਗਿਆ।

## ਰੂਸ ਵੱਲੋਂ ਯੂਕਰੇਨ 'ਤੇ ਸਭ ਤੋਂ ਵੱਡਾ ਡਰੋਨ ਹਮਲਾ

**ਕੀਵ:** ਕੀਵ ਦਿਵਸ ਦੀਆਂ ਤਿਆਰੀਆਂ ਦਰਮਿਆਨ ਯੂਕਰੇਨ ਦੀ ਰਾਜਧਾਨੀ 'ਚ ਜੰਗ ਦੀ ਸ਼ੁਰੂਆਤ ਤੋਂ ਬਾਅਦ ਰੂਸ ਵੱਲੋਂ ਸਭ ਤੋਂ ਵੱਡਾ ਡਰੋਨ ਹਮਲਾ ਕੀਤਾ ਗਿਆ। ਹਮਲੇ 'ਚ ਘੱਟ ਤੋਂ ਘੱਟ ਇਕ ਵਿਅਕਤੀ ਮਾਰਿਆ ਗਿਆ ਹੈ। ਸਥਾਨਕ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।



ਯੂਕਰੇਨ ਦੇ ਇਕ ਸੀਨੀਅਰ ਫੌਜੀ ਅਧਿਕਾਰੀ ਸੇਰਹੀ ਪੋਪਕੋ ਨੇ ਕਿਹਾ ਕਿ ਰੂਸ ਨੇ ਇਰਾਨ 'ਚ ਬਣੇ ਸ਼ਾਹਿਦ ਡਰੋਨਾਂ ਨਾਲ ਸ਼ਹਿਰ 'ਤੇ ਸਭ ਤੋਂ ਵੱਡਾ ਹਮਲਾ ਕੀਤਾ। ਇਹ ਹਮਲਾ ਪੰਜ ਘੰਟੇ ਤੋਂ ਵੀ ਵੱਧ ਸਮਾਂ ਚੱਲਿਆ ਜਿਸ ਵਿਚ ਯੂਕਰੇਨ ਦੀ ਹਵਾਈ ਰੱਖਿਆ ਪ੍ਰਣਾਲੀ ਨੇ ਕਥਿਤ ਤੌਰ 'ਤੇ 40 ਤੋਂ ਵੱਧ ਡਰੋਨ ਤਬਾਹ ਕੀਤੇ। ਕੀਵ ਦੇ ਮੇਅਰ ਵਿਟਾਲੀ ਕਲਿਟਸਕੋ ਨੇ ਕਿਹਾ ਕਿ ਸੱਤ ਮੰਜ਼ਿਲਾ ਗੈਰ ਰਿਹਾਇਸ਼ੀ ਇਮਾਰਤ 'ਤੇ ਡਰੋਨ ਦਾ ਮਲਬਾ ਡਿੱਗਣ ਅਤੇ ਅੱਗ ਲੱਗਣ ਕਾਰਨ 41 ਸਾਲਾ ਇਕ ਵਿਅਕਤੀ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਘਟਨਾ 'ਚ ਜ਼ਖਮੀ ਹੋਈ 35 ਸਾਲਾ ਇਕ ਮਹਿਲਾ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।

ਯੂਕਰੇਨ ਦੀ ਹਵਾਈ ਸੈਨਾ ਨੇ ਕਿਹਾ ਕਿ ਦੇਸ਼ ਭਰ 'ਚ ਸ਼ਾਹਿਦ ਡਰੋਨਾਂ ਨਾਲ ਇੰਨੇ ਹਮਲੇ ਕੀਤੇ ਗਏ ਜਿੰਨੇ ਇਸ ਤੋਂ ਪਹਿਲਾਂ ਕਦੇ ਨਹੀਂ ਹੋਏ ਸਨ। ਰੂਸੀ ਸੈਨਾ ਵੱਲੋਂ ਦਾਗੇ ਗਏ 54 ਡਰੋਨਾਂ 'ਚੋਂ 52 ਨੂੰ ਹਵਾਈ ਸੈਨਾ ਪ੍ਰਣਾਲੀਆਂ ਵੱਲੋਂ ਹੇਠਾਂ ਸੁੱਟ ਲਿਆ ਗਿਆ। ਪੂਰਬ-ਉੱਤਰ ਦੇ ਖਾਰਕੀਵ ਸੂਬੇ 'ਚ ਖੇਤਰੀ ਗਵਰਨਰ ਓਲੇਹ ਸਿਨੀਹੂਬੋਵ ਨੇ ਕਿਹਾ ਕਿ ਦੋ ਵੱਖ-ਵੱਖ ਹਮਲਿਆਂ 'ਚ ਇੱਥੇ 61 ਸਾਲਾ ਇਕ ਮਹਿਲਾ ਤੇ 60 ਸਾਲਾ ਵਿਅਕਤੀ ਦੀ ਮੌਤ ਹੋ ਗਈ।

## ਇਮਰਾਨ ਖਾਨ ਦੀ ਪਾਰਟੀ ਦੀ ਹੋਂਦ ਖਤਰੇ ਵਿਚ

**ਲਾਹੌਰ:** ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਪਾਰਟੀ ਦੀ ਹੋਂਦ ਖਤਰੇ 'ਚ ਹੈ। ਫੌਜੀ ਟਿਕਾਣਿਆਂ 'ਤੇ ਪਾਰਟੀ ਸਮਰਥਕਾਂ ਵੱਲੋਂ ਕੀਤੇ ਗਏ ਹਮਲਿਆਂ ਮਗਰੋਂ ਗੱਠਜੋੜ ਹਾਕਮ ਧਿਰ ਪੀ.ਟੀ.ਆਈ. ਉਤੇ ਪਾਬੰਦੀ ਲਾਉਣ ਦੇ ਰੌਂਅ 'ਚ ਹੈ। ਰੱਖਿਆ ਮੰਤਰੀ ਖਵਾਜਾ ਆਸਿਫ ਨੇ ਪਹਿਲਾਂ ਹੀ ਸੰਕੇਤ ਦਿੱਤੇ ਹਨ ਕਿ ਸੰਸਦ 'ਚ ਛੇਤੀ ਹੀ ਪੀ.ਟੀ.ਆਈ. 'ਤੇ ਪਾਬੰਦੀ ਲਾਉਣ ਦੀ ਤਜਵੀਜ਼ ਪੇਸ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੇ ਸਾਰੇ ਗੱਠਜੋੜ ਭਾਈਵਾਲਾਂ ਤੋਂ ਇਸ ਮੁੱਦੇ 'ਤੇ ਹਮਾਇਤ ਲਈ ਜਾਵੇਗੀ। ਇਮਰਾਨ ਖਾਨ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੀ ਸਥਾਪਨਾ 25 ਅਪਰੈਲ, 1996 ਨੂੰ ਲਾਹੌਰ 'ਚ ਕੀਤੀ ਸੀ ਅਤੇ ਹੁਣ ਇਹ ਆਪਣੇ ਸਭ ਤੋਂ ਮੁਸ਼ਕਲ ਦੌਰ 'ਚੋਂ ਗੁਜਰ ਰਹੀ ਹੈ। ਜਾਣਕਾਰੀ ਮੁਤਾਬਕ 60 ਤੋਂ ਜ਼ਿਆਦਾ ਆਗੂਆਂ ਨੇ ਫੌਜੀ ਟਿਕਾਣਿਆਂ 'ਤੇ ਹਮਲਿਆਂ ਦਾ ਹਵਾਲਾ ਦਿੰਦਿਆਂ ਪਾਰਟੀ ਅਤੇ ਇਮਰਾਨ ਖਾਨ ਤੋਂ ਕਿਨਾਰਾ ਕਰ ਲਿਆ ਹੈ। ਰਿਪੋਰਟਾਂ ਮੁਤਾਬਕ ਆਉਂਦੇ ਦਿਨਾਂ 'ਚ ਕਈ ਹੋਰ ਆਗੂ ਦਬਾਅ ਹੇਠ ਪਾਰਟੀ ਛੱਡ ਜਾਣਗੇ। ਹੁਣ ਤੱਕ ਸਾਬਕਾ ਮੰਤਰੀ ਅਸਦ ਉਮਰ, ਸ਼ਿਰੀਨ ਮਜ਼ਾਰੀ, ਫਵਾਦ ਚੌਧਰੀ ਅਤੇ ਫਿਰਦੌਸ ਆਸ਼ਿਕ ਅਵਾਨ ਪਾਰਟੀ ਛੱਡ ਚੁੱਕੇ ਹਨ। ਉਂਜ ਇਮਰਾਨ ਨੇ ਐਲਾਨ ਕੀਤਾ ਹੈ ਕਿ ਜੇਕਰ ਉਹ ਪਾਰਟੀ 'ਚ ਇਕੱਲਾ ਵੀ ਰਹਿ ਜਾਂਦਾ ਹੈ ਤਾਂ ਉਹ ਆਪਣੀ ਜੰਗ ਜਾਰੀ ਰੱਖੇਗਾ।

## ਲੋਕ ਸਭਾ ਚੋਣਾਂ ਤੋਂ ਪਹਿਲਾਂ ਕਰਵਾਈ ਜਾ ਸਕਦੀ ਹੈ ਮਰਦਮਸ਼ੁਮਾਰੀ

**ਨਵੀਂ ਦਿੱਲੀ:** ਹਰੇਕ ਦਸ ਸਾਲਾਂ ਬਾਅਦ ਸਰਕਾਰ ਵੱਲੋਂ ਕਰਵਾਈ ਜਾਣ ਵਾਲੀ ਮਰਦਮਸ਼ੁਮਾਰੀ ਅਗਲੇ ਸਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਰਵਾਈ ਜਾ ਸਕਦੀ ਹੈ। ਕੇਂਦਰ ਸਰਕਾਰ ਵੱਲੋਂ ਕਰੋਨਾ ਮਹਾਮਾਰੀ ਕਰਕੇ ਮਰਦਮਸ਼ੁਮਾਰੀ ਕਰਵਾਉਣ ਦਾ ਫੈਸਲਾ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਸੀ, ਜੋ ਹੁਣ ਅਗਲੇ ਸਾਲ ਅਪਰੈਲ-ਮਈ ਮਹੀਨਿਆਂ ਦੌਰਾਨ ਕਰਵਾਏ ਜਾਣ ਦੀ ਸੰਭਾਵਨਾ ਹੈ। ਇਸ ਸਾਲ ਮਰਦਮਸ਼ੁਮਾਰੀ ਵੇਲੇ 31 ਸਵਾਲ ਪੁੱਛੇ ਜਾਣਗੇ, ਜਿਨ੍ਹਾਂ ਵਿਚ ਸਮਾਰਟਫੋਨ, ਇੰਟਰਨੈੱਟ, ਲੈਪਟਾਪ, ਕੰਪਿਊਟਰ, ਕਾਰਾਂ, ਦੋਪਹੀਆ ਵਾਹਨਾਂ, ਅਨਾਜਾਂ ਆਦਿ ਸਬੰਧੀ ਸਵਾਲ ਸ਼ਾਮਲ ਹਨ। ਪਹਿਲਾਂ ਮਰਦਮਸ਼ੁਮਾਰੀ ਵਿਚਲੇ ਹਾਊਸ ਲਿਸਟਿੰਗ ਭਾਗ ਅਤੇ ਸਾਰੇ ਦੇਸ਼ ਵਿਚ ਕੌਮੀ ਜਨਸੰਖਿਆ ਰਜਿਸਟਰ (ਐਨ.ਪੀ.ਆਰ.) ਨੂੰ ਅਪਡੇਟ ਕਰਨ ਦਾ ਕੰਮ ਪਹਿਲੀ ਅਪਰੈਲ ਤੋਂ 30 ਸਤੰਬਰ 2020 ਤੱਕ ਮੁਕੰਮਲ ਕਰਨ ਦੀ ਯੋਜਨਾ ਮਿਥੀ ਗਈ ਸੀ।

## ਪ੍ਰਧਾਨ ਮੰਤਰੀ ਮੋਦੀ ਵੱਲੋਂ ਨਵੇਂ ਸੰਸਦ ਭਵਨ ਦਾ ਉਦਘਾਟਨ

**ਨਵੀਂ ਦਿੱਲੀ:** ਕਾਂਗਰਸ ਸਣੇ ਹੋਰਨਾਂ ਵਿਰੋਧੀ ਧਿਰਾਂ ਵੱਲੋਂ ਕੀਤੇ ਬਾਈਕਾਟ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਧਾਰਮਿਕ ਰਹੁ-ਰੀਤਾਂ ਨਾਲ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤਾ। ਤਾਮਿਲ ਨਾਡੂ ਤੋਂ ਵਿਸ਼ੇਸ਼ ਤੌਰ 'ਤੇ ਆਏ 'ਅਧਿਨਾਮਾਂ' ਦੇ ਆਸ਼ੀਰਵਾਦ ਨਾਲ ਸ੍ਰੀ ਮੋਦੀ ਨੇ ਇਤਿਹਾਸਕ ਸੇਂਗੋਲ ਨੂੰ ਲੋਕ ਸਭਾ ਚੈਂਬਰ ਵਿਚ ਸਪੀਕਰ ਦੇ ਆਸਣ ਨਾਲ ਸਥਾਪਿਤ ਕੀਤਾ। ਇਸ ਦੌਰਾਨ ਉਦਘਾਟਨ ਸਮਾਗਮ ਦੇ ਦੂਜੇ ਪੜਾਅ ਤਹਿਤ ਨਵੀਂ ਸੰਸਦੀ ਇਮਾਰਤ ਦੇ ਹੇਠਲੇ ਸਦਨ 'ਚ ਜੁੜੇ ਦੋਵਾਂ ਸਦਨਾਂ ਦੇ ਮੈਂਬਰਾਂ ਤੇ ਹੋਰਨਾਂ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਨਵੇਂ ਸੰਸਦ ਭਵਨ ਦਾ ਉਦਘਾਟਨ ਦੇਸ਼ ਦੀ ਵਿਕਾਸ ਯਾਤਰਾ ਦਾ 'ਸਦੀਵੀਂ' ਪਲ ਹੈ। ਉਨ੍ਹਾਂ ਨਵੀਂ ਸੰਸਦ ਨੂੰ 140 ਕਰੋੜ ਭਾਰਤੀਆਂ ਦੀਆਂ ਇੱਛਾਵਾਂ ਤੇ ਸੁਫਨਿਆਂ ਦਾ ਪ੍ਰਤੀਬਿੰਬ ਦੱਸਿਆ। ਉਨ੍ਹਾਂ ਕਿਹਾ ਕਿ ਇਹ ਆਤਮ-ਨਿਰਭਰ ਤੇ ਵਿਕਸਤ ਭਾਰਤ ਦਾ ਨਵਾਂ ਸਵੇਰਾ ਹੈ, ਜੋ ਹੋਰਨਾਂ ਮੁਲਕਾਂ ਦੀ ਤਰੱਕੀ ਦਾ ਵੀ ਪ੍ਰੇਰਨਾ ਸਰੋਤ ਬਣੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਨਵੀਂ ਸੰਸਦ ਤੋਂ ਨਵੇਂ ਟੀਚੇ ਹਾਸਲ ਕਰਨ ਲਈ 'ਨਵੇਂ ਭਾਰਤ' ਦੀਆਂ ਇੱਛਾਵਾਂ ਤੇ ਸੰਕਲਪ ਸ਼ਕਤੀ ਝਲਕਦੀ ਹੈ। ਆਉਣ ਵਾਲੇ ਸਮੇਂ ਤੇ 2026 ਮਗਰੋਂ ਕੀਤੀ ਜਾਣ ਵਾਲੀ ਹੱਦਬੰਦੀ ਦੇ ਮੱਦੇਨਜ਼ਰ ਸੰਸਦ ਵਿਚ ਮੈਂਬਰਾਂ ਦੀ ਗਿਣਤੀ ਵਧ ਸਕਦੀ ਹੈ। ਪ੍ਰਧਾਨ ਮੰਤਰੀ ਨੇ ਇਸ ਮੌਕੇ ਯਾਦਗਾਰੀ ਡਾਕ ਟਿਕਟ ਤੇ 75 ਰੁਪਏ ਦਾ ਯਾਦਗਾਰੀ ਸਿੱਕਾ ਵੀ ਜਾਰੀ ਕੀਤਾ। ਇਸ ਤੋਂ ਪਹਿਲਾਂ ਮੰਤਰਾਂ ਦੇ ਉਚਾਰਣ ਦਰਮਿਆਨ ਹੇਠਲੇ ਸਦਨ ਵਿਚ ਸੇਂਗੋਲ ਸਥਾਪਿਤ ਕਰਨ ਦੀ ਰਸਮ ਮੌਕੇ ਕੇਂਦਰੀ ਮੰਤਰੀ ਰਾਜਨਾਥ ਸਿੰਘ, ਐੱਸ.ਜੈਸ਼ੰਕਰ, ਅਸ਼ਵਨੀ ਵੈਸ਼ਨਵ, ਮਨਸੁਖ ਮਾਂਡਵੀਆ ਤੇ ਜੀਤੇਂਦਰ ਸਿੰਘ, ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਅਸਾਮ ਦੇ ਉਨ੍ਹਾਂ ਦੇ ਹਮਰੁਤਬਾ ਹਿਮੰਤ ਬਿਸਵਾ ਸਰਮਾ ਤੇ ਭਾਜਪਾ ਪ੍ਰਧਾਨ ਜੇ.ਪੀ.ਨੱਡਾ ਸਣੇ ਹੋਰ ਆਗੂ ਮੌਜੂਦ ਸਨ। ਸ੍ਰੀ ਮੋਦੀ ਨੇ ਨਵੇਂ ਸੰਸਦ ਭਵਨ ਦੇ ਨਿਰਮਾਣ 'ਚ ਅਹਿਮ ਯੋਗਦਾਨ ਪਾਉਣ ਵਾਲੇ ਕੁਝ ਵਰਕਰਾਂ ਨੂੰ ਸ਼ਾਲ ਤੇ ਸੋਵੀਨਾਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਵੱਖ ਵੱਖ ਧਰਮਾਂ ਦੀ ਪ੍ਰਾਰਥਨਾ ਸਭਾ ਵੀ ਕਰਵਾਈ ਗਈ। ਸ੍ਰੀ ਮੋਦੀ ਨੇ ਸੇਂਗੋਲ ਨੂੰ ਲੇਟ ਕੇ ਪ੍ਰਣਾਮ ਕੀਤਾ।



ਇਮਾਰਤ ਤੋਂ ਝਲਕਦੀ ਭਾਰਤ ਦੀ ਵੰਨ-ਸੁਵੰਨਤਾ ਤੇ ਭਵਨ ਨਿਰਮਾਣ ਕਲਾ ਦੀ ਰਵਾਇਤੀ ਅਮੀਰੀ ਦੀ ਤਾਰੀਫ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਨਵੇਂ ਭਾਰਤ ਨੇ 'ਗੁਲਾਮ ਮਾਨਸਿਕਤਾ' ਨੂੰ ਪਰ੍ਹੇ ਸੁੱਟ ਛੱਡਿਆ ਹੈ, ਜਿਸ ਨੇ ਸੈਂਕੜੇ ਸਾਲਾਂ ਦੀ ਗੁਲਾਮੀ ਮਗਰੋਂ ਦੇਸ਼ ਨੂੰ ਆਪਣੇ ਕਲਾਵੇ 'ਚ ਲੈ ਲਿਆ ਸੀ। ਉਨ੍ਹਾਂ ਅਗਲੇ 25 ਸਾਲਾਂ ਦੇ ਅਰਸੇ...ਜਦੋਂ 2047 ਵਿੱਚ ਆਜ਼ਾਦੀ ਦੇ ਸੌ ਸਾਲ ਪੂਰੇ ਹੋਣਗੇ, ਨੂੰ ਮਹਾਤਮਾ ਗਾਂਧੀ ਦੇ ਅਸਹਿਯੋਗ ਅੰਦੋਲਨ, ਜੋ 1922 ਵਿਚ ਖਤਮ ਹੋਇਆ ਸੀ ਤੇ ਦੇਸ਼ ਆਜ਼ਾਦੀ ਵਿਚਲੇ ਸਮੇਂ ਦੇ ਵਕਫ਼ੇ ਨਾਲ ਮੇਲਿਆ। ਸ੍ਰੀ ਮੋਦੀ ਨੇ ਕਿਹਾ, "ਨਵੀਂ ਸੰਸਦ 140 ਕਰੋੜ ਭਾਰਤੀਆਂ ਦੀਆਂ ਇੱਛਾਵਾਂ ਤੇ ਸੁਫਨਿਆਂ ਦਾ ਪ੍ਰਤੀਬਿੰਬ ਹੈ। ਇਹ ਸਾਡੇ ਲੋਕਤੰਤਰ ਦਾ ਮੰਦਿਰ ਹੈ, ਜੋ ਭਾਰਤ ਦੀ ਸੰਕਲਪ ਸ਼ਕਤੀ ਦਾ ਸੁਨੇਹਾ ਦਿੰਦਾ ਹੈ।

# ਪਲੀਤ ਪਾਣੀਆਂ ਦਾ ਮਸਲਾ: ਪੰਜਾਬ ਵਿਚ ਕੇਂਦਰ ਸੰਭਾਲੇਗਾ ਮੋਰਚਾ

**ਚੰਡੀਗੜ੍ਹ:** ਭਾਰਤ ਸਰਕਾਰ ਦਾ ਭੂ-ਸਰਵੇਖਣ ਵਿਭਾਗ (ਜੀ.ਐਸ.ਆਈ.) ਪੰਜਾਬ ਤੇ ਹਰਿਆਣਾ ਦੇ ਕਈ ਹਿੱਸਿਆਂ ਵਿਚ ਜ਼ਮੀਨ ਹੇਠਲੇ ਪਾਣੀ 'ਚ ਭਾਰੀਆਂ ਧਾਤਾਂ ਤੇ ਹੋਰ ਖਣਿਜਾਂ ਦੀ ਮੌਜੂਦਗੀ ਕਾਰਨ ਪ੍ਰਦੂਸ਼ਣ ਦੇ ਪੱਧਰ ਨੂੰ ਜਾਂਚਣ ਲਈ ਇਕ ਪ੍ਰੋਜੈਕਟ ਉਤੇ ਕੰਮ ਕਰੇਗਾ।

ਇਸ ਪ੍ਰੋਜੈਕਟ ਤਹਿਤ ਇਕ ਨਕਸ਼ਾ ਤਿਆਰ ਕੀਤਾ ਜਾਵੇਗਾ ਜਿਸ ਵਿਚ ਪ੍ਰਦੂਸ਼ਣ ਤੋਂ ਪ੍ਰਭਾਵਿਤ ਤੇ ਇਸ ਦੀ ਮਾਰ ਤੋਂ ਬਚੇ ਹੋਏ ਇਲਾਕਿਆਂ ਨੂੰ ਦਰਸਾਇਆ ਜਾਵੇਗਾ। ਇਸ ਪ੍ਰੋਜੈਕਟ ਨੂੰ ਦੋ ਸਾਲਾਂ ਵਿਚ ਮੁਕੰਮਲ ਕੀਤਾ ਜਾਵੇਗਾ ਤੇ ਇਹ ਪੰਜਾਬ ਦੇ ਲੁਧਿਆਣਾ, ਜਲੰਧਰ ਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਵਿਚ ਲਾਗੂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਹਰਿਆਣਾ ਦੇ ਰੋਹਤਕ ਤੇ ਭਿਵਾਨੀ ਜ਼ਿਲ੍ਹਿਆਂ ਵਿਚ ਵੀ ਪਾਣੀ ਵਿਚ ਪ੍ਰਦੂਸ਼ਣ ਦੇ ਪੱਧਰ ਨੂੰ ਜਾਂਚਿਆ ਜਾਵੇਗਾ। ਦੱਸਣਯੋਗ ਹੈ ਕਿ ਖਣਿਜ ਤੇ ਭਾਰੀਆਂ ਧਾਤਾਂ (ਹੈਵੀ ਮੈਟਲਜ਼) ਵਾਤਾਵਰਨ ਵਿਚ ਬਹੁਤ ਘੱਟ ਮਿਕਦਾਰ ਵਿਚ ਮੌਜੂਦ ਹਨ ਤੇ ਜੇਕਰ ਇਨ੍ਹਾਂ ਦਾ ਪੱਧਰ ਮਨੁੱਖ ਦੇ ਸਰੀਰ ਅੰਦਰ ਲੰਮੇ ਸਮੇਂ ਲਈ ਉਚੇ ਪੱਧਰ ਉਤੇ ਰਹਿੰਦਾ ਹੈ ਤਾਂ ਇਹ ਜ਼ਹਿਰੀਲੇ ਸਾਬਤ ਹੋ ਸਕਦੇ ਹਨ। ਇਨ੍ਹਾਂ ਵਿਚ ਪਾਰਾ, ਨਿੱਕਲ, ਪਲੈਟੀਨਮ, ਯੂਰੇਨੀਅਮ, ਥੈਲੀਅਮ, ਲੈੱਡ (ਸੀਸਾ), ਲੋਹਾ, ਆਰਸੈਨਿਕ, ਮੈਗਨੀਜ਼ ਤੇ ਹੋਰ ਧਾਤਾਂ-ਖਣਿਜ ਸ਼ਾਮਲ ਹਨ। ਪ੍ਰੋਜੈਕਟ ਤਹਿਤ ਜੀਓਜੈਨਿਕ ਦੀ ਮੌਜੂਦਗੀ ਵੀ ਖੋਜੀ ਜਾਵੇਗੀ, ਜੋ ਕਿ ਮਿੱਟੀ ਵਿਚ ਹੁੰਦੀ ਹੈ ਤੇ ਨਾਲ ਹੀ ਐਂਥਰੋਪੋਜੈਨਿਕ ਦੀ ਮੌਜੂਦਗੀ ਵੀ ਜਾਂਚ ਵੀ ਕੀਤੀ ਜਾਵੇਗੀ ਜੋ ਕਿ ਮਨੁੱਖੀ ਗਤੀਵਿਧੀ ਨਾਲ ਸਬੰਧਤ ਹੈ। ਪ੍ਰਦੂਸ਼ਣ ਦੇ ਕਾਰਨ ਖੋਜ ਕੇ ਸੰਭਵ ਹੱਲ ਸੁਝਾਏ ਜਾਣਗੇ। 'ਜੀ.ਐਸ.ਆਈ' ਇਸ ਪ੍ਰੋਜੈਕਟ ਨੂੰ ਕੇਂਦਰੀ 'ਗਰਾਊਂਡ ਵਾਟਰ ਬੋਰਡ' ਨਾਲ ਮਿਲ ਕੇ ਸਿਰੇ ਚੜ੍ਹਾਏਗਾ।

ਜ਼ਿਕਰਯੋਗ ਹੈ ਕਿ ਕੁਝ ਸਰਕਾਰੀ ਰਿਪੋਰਟਾਂ ਵਿਚ ਕਿਹਾ ਗਿਆ ਸੀ ਕਿ ਪੰਜਾਬ ਦੇ 13 ਜ਼ਿਲ੍ਹਿਆਂ ਵਿਚ ਧਰਤੀ ਹੇਠਲੇ ਪਾਣੀ 'ਚ ਆਰਸੈਨਿਕ ਦੀ ਮਾਤਰਾ ਸੁਰੱਖਿਅਤ ਸੀਮਾ ਤੋਂ ਵੱਧ ਹੈ। ਇਸ ਤੋਂ ਇਲਾਵਾ ਪੰਜਾਬ ਦੇ 15,384 ਘਰਾਂ ਵਿਚੋਂ ਲਏ ਗਏ ਧਰਤੀ ਹੇਠਲੇ ਪਾਣੀ ਦੇ ਨਮੂਨਿਆਂ ਵਿਚ ਧਾਤਾਂ ਦੀ ਮਾਤਰਾ ਕਾਫੀ ਵੱਧ ਪਾਈ ਗਈ ਸੀ।



## ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਪਾਣੀ 'ਚ ਆਰਸੈਨਿਕ ਤੇ ਫਲੋਰਾਈਡ

**ਚੰਡੀਗੜ੍ਹ:** ਇਸ ਤੋਂ ਪਹਿਲਾਂ ਕੀਤੇ ਗਏ ਅਧਿਐਨ ਵਿਚ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਪਾਣੀ ਵਿਚ ਆਰਸੈਨਿਕ ਤੇ ਫਲੋਰਾਈਡ ਮਿਲਿਆ ਸੀ, ਜਦਕਿ ਹੁਸ਼ਿਆਰਪੁਰ ਦੇ ਪਾਣੀ ਵਿਚ ਸੈਲੇਨੀਅਮ ਮਿਲਿਆ ਸੀ, ਪੰਜਾਬ ਤੇ ਹਰਿਆਣਾ ਦੇ ਕੁਝ ਜ਼ਿਲ੍ਹਿਆਂ ਵਿਚ ਯੂਰੇਨੀਅਮ ਤੇ ਫਲੋਰਾਈਡ ਵੀ ਮਿਲਿਆ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਲੁਧਿਆਣਾ ਤੇ ਜਲੰਧਰ ਜਿਹੇ ਉਦਯੋਗਿਕ ਖੇਤਰਾਂ ਦੇ ਪਾਣੀ ਵਿਚ ਭਾਰੀਆਂ ਧਾਤਾਂ ਦੇ ਪ੍ਰਦੂਸ਼ਣ ਦਾ ਪੱਧਰ ਕਾਫੀ ਵੱਧ ਹੈ।

## ਅਕਾਲੀ ਦਲ (ਅ) ਨੇ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਐਲਾਨਿਆ

**ਚਮਕੌਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਦੇ ਜਨਰਲ ਸਕੱਤਰ ਕੁਸ਼ਲਪਾਲ ਸਿੰਘ ਮਾਨ ਨੂੰ ਆਨੰਦਪੁਰ ਸਾਹਿਬ ਤੋਂ ਪਾਰਟੀ ਦਾ ਉਮੀਦਵਾਰ ਐਲਾਨਿਆ ਹੈ। ਇਸ ਸਬੰਧੀ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਦੀਵਾਨ ਹਾਲ ਵਿਚ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਯੂਥ ਪ੍ਰਧਾਨ ਹਰਜੀਤ ਸਿੰਘ ਚਤਾਮਲਾ ਨੇ ਦੱਸਿਆ ਕਿ ਪਾਰਟੀ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਗੂਆਂ ਤੇ ਵਰਕਰਾਂ ਦੀ ਸਲਾਹ ਨਾਲ ਕੁਸ਼ਲਪਾਲ ਸਿੰਘ ਮਾਨ ਨੂੰ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਐਲਾਨਿਆ ਹੈ। ਕੁਸ਼ਲਪਾਲ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਵੱਡੀ ਜ਼ਿੰਮੇਵਾਰੀ ਹੈ ਜਿਸ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ।

# ਦਰਿਆਈ ਪਾਣੀਆਂ ਦੇ ਮਸਲੇ 'ਤੇ ਸੰਘਰਸ਼ ਵਿੱਢਣ ਦੀ ਚਿਤਾਵਨੀ

**ਮੋਗਾ:** ਕਿਰਤੀ ਕਿਸਾਨ ਯੂਨੀਅਨ ਦੀ ਸੂਬਾ ਪੱਧਰੀ ਰੈਲੀ 'ਚ ਸੂਬੇ ਦੇ 15 ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਖੇਤੀ ਦੇ ਬਦਲਵੇਂ ਮਾਡਲ, ਕਰਜ਼ਾ ਮੁਆਫ਼ੀ, ਦਰਿਆਈ ਪਾਣੀਆਂ, ਵਪਾਰ ਲਈ ਭਾਰਤ-ਪਾਕਿ ਸਰਹੱਦ ਖੋਲ੍ਹਣ, ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ, ਹਰ ਖੇਤ ਤੱਕ ਨਹਿਰੀ ਪਾਣੀ ਅਤੇ ਪੀਣ ਲਈ ਸ਼ੁੱਧ ਪਾਣੀ ਦੀ ਮੰਗ ਦੇ ਮੁੱਦੇ ਚੁੱਕੇ ਗਏ। ਇਸ ਮੌਕੇ ਉਨ੍ਹਾਂ ਭਾਜਪਾ ਸਰਕਾਰ ਵੱਲੋਂ ਫੈਡਰਲ ਢਾਂਚੇ ਨੂੰ ਢਾਹ ਲਾ ਕੇ ਸੂਬੇ ਦੇ ਅਧਿਕਾਰਾਂ 'ਤੇ ਮਾਰੇ ਜਾ ਰਹੇ ਡਾਕਿਆਂ ਦਾ ਵੀ ਵਿਰੋਧ ਕੀਤਾ।

ਇਸ ਮੌਕੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਸੂਬਾ ਮੀਤ ਪ੍ਰਧਾਨ ਜਤਿੰਦਰ ਸਿੰਘ ਛੀਨਾ, ਹਰਮੇਸ਼ ਸਿੰਘ ਢੇਸੀ, ਸਤਿਬੀਰ ਸਿੰਘ ਸੁਲਤਾਨੀ ਅਤੇ ਔਰਤ ਕਿਸਾਨ ਆਗੂ ਛਿੰਦਰਪਾਲ ਕੌਰ ਰੋਡੇ ਨੇ ਸੂਬਾ ਸਰਕਾਰ ਨੂੰ ਦਰਿਆਈ ਪਾਣੀ ਦੇ ਮਸਲੇ 'ਤੇ ਲੋਕਾਂ ਦੇ ਜਜ਼ਬਾਤ ਨਾਲ ਖੇਡਣ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿੰਦਿਆਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਖੇਤੀ ਸੰਕਟ ਹੱਲ ਕਰਨ ਲਈ ਫਸਲੀ-ਵਿਭਿੰਨਤਾ ਦੇ ਦਾਅਵੇ ਮਹਿਜ਼ ਇਸ਼ਤਿਹਾਰ ਬਣ ਕੇ ਰਹਿ ਗਏ ਹਨ। ਖੇਤੀ ਸੰਕਟ ਦੀ ਬੁਨਿਆਦੀ ਜੜ੍ਹ ਹਰੇ ਇਨਕਲਾਬ ਦੇ ਕਾਰਪੋਰੇਟ ਪੱਖੀ ਖੇਤੀ ਵਿਕਾਸ ਮਾਡਲ ਵਿਚ ਪਈ ਹੈ, ਜਿਸ ਨੇ ਅੱਜ ਕਿਸਾਨਾਂ ਨੂੰ ਕਰਜ਼ਈ ਕਰਨ ਸਮੇਤ ਵਾਤਾਵਰਨ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਨ੍ਹਾਂ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ।

ਇਸ ਮੌਕੇ ਉਨ੍ਹਾਂ ਹਰ ਖੇਤ ਤੱਕ ਨਹਿਰੀ ਅਤੇ ਹਰ ਘਰ ਤੱਕ ਪੀਣ ਯੋਗ ਪਾਣੀ ਪਹੁੰਚਦਾ ਕਰਨ, ਕਿਸਾਨਾਂ ਦੀ ਕਰਜ਼ਾ-ਮੁਕਤੀ, ਵਾਤਾਵਰਨ ਪੱਖੀ ਤੇ ਹੰਢਣਸਾਰ ਬਦਲਵਾਂ ਖੇਤੀ ਮਾਡਲ ਲਾਗੂ ਕਰਵਾਉਣ, ਸਵਾਮੀਨਾਥਨ ਰਿਪੋਰਟ ਤਹਿਤ ਐਮ.ਐਸ.ਪੀ. ਉਤੇ ਖਰੀਦ ਦਾ ਗਾਰੰਟੀ ਕਾਨੂੰਨ ਬਣਾਉਣ, ਆਬਾਦਕਾਰਾਂ ਨੂੰ ਉਜਾੜਨਾ ਬੰਦ ਕਰ ਕੇ ਮਾਲਕੀ ਹੱਕ ਦੇਣ ਅਤੇ ਭਾਰਤ-ਪਾਕਿਸਤਾਨ ਵਪਾਰ ਲਈ ਅਟਾਰੀ ਤੇ ਹੁਸੈਨੀਵਾਲਾ ਸੜਕੀ ਲਾਂਘੇ ਖੋਲ੍ਹਣ ਦੀ ਮੰਗ ਕੀਤੀ।



# ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਵੈਦ ਮੁੜ ਵਿਜੀਲੈਂਸ ਅੱਗੇ ਪੇਸ਼

**ਲੁਧਿਆਣਾ:** ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਸਾਬਕਾ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਵੈਦ ਮੁੜ ਵਿਜੀਲੈਂਸ ਅੱਗੇ ਪੇਸ਼ ਹੋਏ ਹਨ। ਉਹ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਜ਼ਦੀਕੀ ਮੰਨੇ ਜਾਂਦੇ ਹਨ। ਪੁੱਛ-ਪੜਤਾਲ ਦੌਰਾਨ ਵਿਜੀਲੈਂਸ ਨੇ ਸ੍ਰੀ ਵੈਦ ਨੂੰ ਜਾਇਦਾਦ ਨਾਲ ਸਬੰਧਤ ਕਾਗਜ਼ਾਤ ਦੇਣ ਲਈ ਕਿਹਾ ਹੈ, ਕਿਉਂਕਿ ਉਹ ਕੁਝ ਕਾਗਜ਼ ਲੈ ਕੇ ਨਹੀਂ ਆਏ ਸਨ।

ਹੁਣ ਉਨ੍ਹਾਂ ਨੂੰ ਪੰਜ ਜੂਨ ਨੂੰ ਤਲਬ ਕੀਤਾ ਗਿਆ ਹੈ। ਜੇਕਰ ਉਸ ਦਿਨ ਵੀ ਵੈਦ ਪੂਰੇ ਕਾਗਜ਼ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਉਨ੍ਹਾਂ ਖ਼ਿਲਾਫ਼ ਵਿਜੀਲੈਂਸ ਸਖ਼ਤ ਐਕਸ਼ਨ ਲੈ ਸਕਦੀ ਹੈ। ਇਸ ਤੋਂ ਪਹਿਲਾਂ ਵੀ ਵਿਜੀਲੈਂਸ ਨੇ ਸ੍ਰੀ ਵੈਦ ਨੂੰ ਕਈ ਵਾਰ ਸੱਦਿਆ ਸੀ ਤੇ ਕਾਗਜ਼ ਦੇਣ ਲਈ ਕਿਹਾ ਸੀ ਪਰ ਹਰ ਵਾਰ ਉਹ ਕਾਗਜ਼ ਨਾ ਲਿਆਉਣ ਦਾ ਕੋਈ ਨਾ ਕੋਈ ਬਹਾਨਾ ਬਣਾ ਦਿੰਦੇ ਪਰ ਇਸ ਵਾਰ ਵਿਜੀਲੈਂਸ ਐਕਸ਼ਨ ਦੀ ਤਿਆਰੀ ਵਿਚ ਹੈ।

ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਹੋ ਰਹੀ ਜਾਂਚ ਦਾ ਸਾਹਮਣਾ ਕਰ ਰਹੇ ਸਾਬਕਾ ਆਈ.ਏ.ਐਸ. ਅਧਿਕਾਰੀ ਤੇ ਹਲਕਾ ਗਿੱਲ ਤੋਂ ਸਾਬਕਾ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਵੈਦ ਦੀ ਜਾਇਦਾਦ ਦੀ ਪੈਮਾਇਸ਼ ਵੀ ਹੋ ਚੁੱਕੀ ਹੈ। ਵਿਜੀਲੈਂਸ ਦੇ ਸਾਹਮਣੇ ਪੇਸ਼ ਹੋਣ ਦੌਰਾਨ ਅਧਿਕਾਰੀਆਂ ਨੇ ਉਨ੍ਹਾਂ ਤੋਂ ਕਾਗਜ਼ਾਤ ਮੰਗੇ ਸਨ ਪਰ ਇਕ ਪਲਾਟ ਦੇ ਦਸਤਾਵੇਜ਼ ਘੱਟ ਸਨ ਤਾਂ ਉਨ੍ਹਾਂ ਨੇ ਬਹਾਨਾ ਬਣਾ ਦਿੱਤਾ, ਜਿਸ ਤੋਂ ਬਾਅਦ ਵਿਜੀਲੈਂਸ ਅਧਿਕਾਰੀਆਂ ਨੇ ਉਨ੍ਹਾਂ 'ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ। ਤਿੰਨ ਘੰਟੇ ਦੀ ਪੁੱਛ-ਪੜਤਾਲ ਦੌਰਾਨ ਕੁਲਦੀਪ ਵੈਦ ਨੇ ਕਈ ਸਵਾਲਾਂ ਦੇ ਜਵਾਬ ਦਿੱਤੇ। ਵਿਜੀਲੈਂਸ ਸੂਤਰਾਂ ਮੁਤਾਬਕ ਪੁੱਛ-ਪੜਤਾਲ ਤੋਂ ਬਾਅਦ ਅਧਿਕਾਰੀਆਂ ਨੇ ਸਾਬਕਾ ਵਿਧਾਇਕ ਨੂੰ ਸਪੱਸ਼ਟ ਆਖ ਦਿੱਤਾ ਹੈ ਕਿ ਹੁਣ ਉਨ੍ਹਾਂ ਕੋਲ ਆਖਰੀ ਮੌਕਾ 5 ਜੂਨ ਤੱਕ ਦਾ ਹੈ, ਜੇਕਰ ਉਹ ਸਾਰੇ ਕਾਗਜ਼ਾਤ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਉਨ੍ਹਾਂ ਖ਼ਿਲਾਫ਼ ਸਖ਼ਤ ਐਕਸ਼ਨ ਲਿਆ ਜਾਵੇਗਾ।

# ਪੰਜਾਬ ਤੋਂ ਪਾਣੀ ਖੋਹਣ ਦੀ ਸਾਜ਼ਿਸ਼: ਸੁਖਬੀਰ

**ਅਬੋਹਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਜਾਨ ਦੇ ਦੇਣਗੇ, ਪਰ 'ਆਪ' ਸਰਕਾਰ ਨੂੰ ਦਰਿਆਈ ਪਾਣੀ ਦੀ ਇਕ ਵੀ ਵਾਧੂ ਬੂੰਦ ਰਾਜਸਥਾਨ ਨੂੰ ਨਹੀਂ ਦੇਣ ਦੇਣਗੇ। ਉਨ੍ਹਾਂ ਕਿਹਾ ਕਿ ਰਾਜਸਥਾਨ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਵਿਚੋਂ ਹਿੱਸਾ ਵਧਾਉਣਾ ਅਕਾਲੀ ਦਲ ਨੂੰ ਮਨਜ਼ੂਰ ਨਹੀਂ ਹੈ। ਉਨ੍ਹਾਂ ਕਿਹਾ, ''ਅਸੀਂ ਰਾਜਸਥਾਨ ਨੂੰ ਇਕ ਵੀ ਬੂੰਦ ਵਾਧੂ ਪਾਣੀ ਨਹੀਂ ਦੇਣ ਦੇਵਾਂਗੇ ਭਾਵੇਂ ਇਸ ਅਨਿਆਂ ਨੂੰ ਰੋਕਣ ਵਾਸਤੇ ਸਾਨੂੰ ਆਪਣੀਆਂ ਜਾਨਾਂ ਹੀ ਕਿਉਂ ਨਾ ਵਾਰਨੀਆਂ ਪੈ ਜਾਣ।''

ਉਹ ਰਾਜਸਥਾਨ ਦੀ ਹੱਦ ਨੇੜੇ ਪਾਰਟੀ ਵੱਲੋਂ ਦਿੱਤੇ ਵਿਸ਼ਾਲ ਧਰਨੇ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਨੇ ਉਨ੍ਹਾਂ ਰਿਪੋਰਟਾਂ ਦਾ ਖੰਡਨ ਨਹੀਂ ਕੀਤਾ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਮੁੱਖ ਮੰਤਰੀ ਨੇ ਰਾਸ਼ਟਰੀ ਲੋਕਤੰਤਰਿਕ ਪਾਰਟੀ (ਆਰ.ਐਲ.ਪੀ.) ਦੇ ਮੁਖੀ ਹਨੂਮਾਨ ਬੈਨੀਵਾਲ ਅਤੇ ਰਾਜਸਥਾਨ ਦੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਸੀ ਕਿ 'ਆਪ' ਸਰਕਾਰ ਸਰਹਿੰਦ ਫੀਡਰ ਤੋਂ ਰਾਜਸਥਾਨ ਨੂੰ ਜਾਂਦਾ ਪਾਣੀ 700 ਤੋਂ ਵਧਾ ਕੇ 1250 ਕਿਊਸਿਕ ਕੀਤਾ ਜਾਵੇਗਾ। ਉਨ੍ਹਾਂ ਦਾ ਇਹ ਭਰੋਸਾ ਪੰਜਾਬ ਤੋਂ ਇਸ ਦੇ ਦਰਿਆਈ ਪਾਣੀ ਖੋਹਣ ਦੀ ਸਾਜ਼ਿਸ਼ ਦਾ ਸਬੂਤ ਹੈ। ਇਸ ਨਾਲ ਪੰਜਾਬ ਦੇ ਲੱਖਾਂ ਕਿਸਾਨਾਂ ਦਾ ਜੀਵਨ ਖਤਰੇ ਵਿਚ ਪੈ ਜਾਵੇਗਾ।



## ਥਾਣੇਦਾਰ ਵੱਢੀ ਲੈਂਦੇ ਗ੍ਰਿਫਤਾਰ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਨੇ ਮੁਹਾਲੀ ਦੇ ਦੋ ਥਾਣੇਦਾਰ ਬਲਜਿੰਦਰ ਸਿੰਘ ਮੰਡ ਅਤੇ ਤਫਤੀਸ਼ੀ ਅਫਸਰ ਏ.ਐਸ.ਆਈ. ਕੁਲਦੀਪ ਸਿੰਘ ਨੂੰ 25 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਗ੍ਰਿਫਤਾਰ ਕੀਤਾ ਹੈ। ਬਲਜਿੰਦਰ ਸਿੰਘ ਮੰਡ ਚੌਕੀ ਇੰਚਾਰਜ ਹੈ ਅਤੇ ਏ.ਐਸ.ਆਈ. ਕੁਲਦੀਪ ਸਿੰਘ ਉਸੇ ਚੌਕੀ ਵਿਚ ਤਾਇਨਾਤ ਹੈ। ਇਨ੍ਹਾਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਉਡਣ ਦਸਤਾ-1, ਮੁਹਾਲੀ ਵਿਚ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਵਿਜੀਲੈਂਸ ਬਿਊਰੋ ਅਨੁਸਾਰ ਇਨ੍ਹਾਂ ਪੁਲਿਸ ਕਰਮਚਾਰੀਆਂ ਨੂੰ ਰਾਜਿੰਦਰ ਕੁਮਾਰ ਵਾਸੀ ਮੁੰਡੀਆਂ ਕਲਾਂ, ਲੁਧਿਆਣਾ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦੇ ਦੋਸਤ ਪਾਰਸ ਨੂੰ ਉਕਤ ਥਾਣਾ ਇੰਚਾਰਜ ਨੇ ਸ਼ਰਾਬ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਸੀ ਅਤੇ ਦੋਵੇਂ ਪੁਲਿਸ ਮੁਲਾਜ਼ਮ ਅਦਾਲਤ ਤੋਂ ਪਾਰਸ ਦੀ ਜ਼ਮਾਨਤ ਕਰਾਉਣ ਵਿਚ ਮਦਦ ਕਰਨ ਬਦਲੇ ਪਹਿਲਾਂ ਹੀ ਵੱਖ-ਵੱਖ ਤਰੀਕਾਂ 'ਤੇ 45,000 ਰੁਪਏ ਲੈ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪਾਰਸ ਦਾ ਆਉਣ ਵਾਲੇ ਦਿਨਾਂ ਵਿਚ ਵਿਆਹ ਹੋਣਾ ਤੈਅ ਸੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਇਹ ਮੁਲਾਜ਼ਮ ਹੁਣ ਇਸ ਸ਼ਰਾਬ ਦੇ ਮਾਮਲੇ ਵਿਚ ਪਾਰਸ ਨਾਲ ਉਸ ਦੇ ਇਕ ਹੋਰ ਦੋਸਤ ਹਰਮੀਤ ਸਿੰਘ ਨੂੰ ਬਤੌਰ ਸਹਿ-ਦੋਸ਼ੀ ਸ਼ਾਮਲ ਨਾ ਕਰਨ ਬਦਲੇ 50,000 ਰੁਪਏ ਹੋਰ ਮੰਗ ਰਹੇ ਹਨ। ਵਿਜੀਲੈਂਸ ਨੇ ਉਕਤ ਦੋਵੇਂ ਮੁਲਾਜ਼ਮਾਂ ਖ਼ਿਲਾਫ਼ ਜਾਲ ਵਿਛਾਇਆ ਅਤੇ ਗ੍ਰਿਫਤਾਰ ਕਰ ਲਿਆ।

# ਬੇਮੌਸਮੇ ਮੀਂਹ ਦੇ ਬਾਵਜੂਦ ਪੰਜਾਬ ਵਿਚ ਕਣਕ ਪੈਦਾਵਾਰ ਨੇ ਤੋੜੇ ਰਿਕਾਰਡ

**ਚੰਡੀਗੜ੍ਹ:** ਪੰਜਾਬ 'ਚ ਮਾਰਚ ਮਹੀਨੇ ਪਏ ਬੇਮੌਸਮੇ ਮੀਂਹ ਦੇ ਬਾਵਜੂਦ ਇਸ ਵਾਰ ਕਣਕ ਦੀ ਪੈਦਾਵਾਰ ਪਿਛਲੇ ਸਾਲ ਨਾਲੋਂ ਵੱਧ ਹੋਈ ਹੈ। ਉਥੇ ਹੀ ਇਸ ਸਾਲ ਕਣਕ ਦੀ ਖਰੀਦ ਪਿਛਲੇ ਸਾਲ ਨਾਲੋਂ 24 ਲੱਖ ਮੀਟ੍ਰਿਕ ਟਨ ਵੱਧ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਅੱਜ ਸੂਬੇ 'ਚ ਕਣਕ ਦੀ ਖਰੀਦ ਦਾ ਸੀਜ਼ਨ ਸਮਾਪਤ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਹੁਣ ਤੱਕ 125.75 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ ਜਦੋਂ ਕਿ ਪਿਛਲੇ ਸਾਲ 102 ਲੱਖ ਮੀਟ੍ਰਿਕ ਟਨ ਦੇ ਕਰੀਬ ਕਣਕ ਦੀ ਖਰੀਦ ਕੀਤੀ ਗਈ ਸੀ। ਸੂਬਾ ਸਰਕਾਰ ਨੇ ਇਸ ਸਾਲ ਸੂਬੇ ਦੀਆਂ ਮੰਡੀਆਂ ਵਿੱਚ 132 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਦਾ ਟੀਚਾ ਰੱਖਿਆ ਸੀ।

ਜਾਣਕਾਰੀ ਅਨੁਸਾਰ ਇਸ ਸਾਲ ਸੂਬੇ ਦੀਆਂ ਮੰਡੀਆਂ 'ਚ ਖਰੀਦ ਏਜੰਸੀਆਂ ਵੱਲੋਂ 125.75 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਇਸ 'ਚੋਂ 121.07 ਲੱਖ ਮੀਟ੍ਰਿਕ ਟਨ ਕਣਕ ਸਰਕਾਰੀ ਖਰੀਦ ਏਜੰਸੀਆਂ ਨੇ ਖਰੀਦੀ ਹੈ ਜਦੋਂ ਕਿ 4.68 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਨਿੱਜੀ ਕੰਪਨੀਆਂ ਵੱਲੋਂ ਕੀਤੀ ਗਈ ਹੈ। ਪਿਛਲੇ ਸਾਲ ਸੂਬੇ ਦੀਆਂ ਮੰਡੀਆਂ ਵਿਚ ਕਣਕ ਦੀ ਕੁੱਲ ਖਰੀਦ 96.29 ਲੱਖ ਮੀਟ੍ਰਿਕ ਟਨ ਕੀਤੀ ਗਈ ਸੀ, ਜਿਸ ਵਿਚੋਂ ਸਰਕਾਰੀ ਖਰੀਦ ਏਜੰਸੀਆਂ ਨੇ 90 ਲੱਖ ਮੀਟ੍ਰਿਕ ਟਨ ਦੇ ਕਰੀਬ ਕਣਕ ਖਰੀਦੀ ਸੀ। ਇਸ ਤੋਂ ਇਲਾਵਾ 6.36 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਨਿੱਜੀ ਕੰਪਨੀਆਂ ਵੱਲੋਂ ਕੀਤੀ ਗਈ ਸੀ। ਪੰਜਾਬ ਖੇਤੀਬਾੜੀ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਸਾਲ ਕਣਕ ਦੀ ਪੈਦਾਵਾਰ ਵੀ ਪਿਛਲੇ ਸਾਲ ਨਾਲੋਂ ਵੱਧ ਹੋਈ ਹੈ। ਇਸ ਵਾਰ 166 ਲੱਖ ਮੀਟ੍ਰਿਕ ਟਨ ਕਣਕ ਦੀ ਪੈਦਾਵਾਰ ਹੋਈ ਹੈ, ਜਦੋਂ ਕਿ ਪਿਛਲੇ ਸਾਲ 148 ਲੱਖ ਮੀਟ੍ਰਿਕ ਟਨ ਕਣਕ ਹੋਈ ਸੀ।

ਇਸ ਸਾਲ ਸੂਬੇ 'ਚ ਕਣਕ ਦਾ ਝਾੜ ਪਹਿਲਾਂ ਵਾਲੋਂ ਵੱਧ ਨਿਕਲਿਆ ਹੈ। ਕਈ ਜ਼ਿਲ੍ਹਿਆਂ ਵਿਚ ਕਣਕ ਦਾ ਝਾੜ 50 ਕੁਇੰਟਲ ਪ੍ਰਤੀ ਹੈਕਟੇਅਰ ਨੂੰ ਪਾਰ ਕਰ ਗਿਆ ਹੈ। ਸੰਗਰੂਰ 'ਚ ਸਭ ਤੋਂ ਵੱਧ 52.28 ਕੁਇੰਟਰ ਪ੍ਰਤੀ ਹੈਕਟੇਅਰ ਝਾੜ ਨਿਕਲਿਆ ਹੈ। ਇਸ ਤੋਂ ਬਾਅਦ ਨਵਾਂ ਸ਼ਹਿਰ 'ਚ 50.16 ਕੁਇੰਟਲ, ਬਰਨਾਲਾ 'ਚ 50.06 ਕੁਇੰਟਲ ਝਾੜ ਨਿਕਲਿਆ ਹੈ। ਉਨ੍ਹਾਂ ਦੱਸਿਆ ਕਿ ਸਭ ਤੋਂ ਘੱਟ ਝਾੜ ਹੁਸ਼ਿਆਰਪੁਰ ਵਿੱਚ 39.75 ਕੁਇੰਟਲ ਪ੍ਰਤੀ ਹੈਕਟੇਅਰ ਨਿਕਲਿਆ ਹੈ। ਇਸੇ ਤਰ੍ਹਾਂ ਪਠਾਨਕੋਟ 'ਚ 42.48 ਕੁਇੰਟਲ ਅਤੇ ਫਰੀਦਕੋਟ 'ਚ 43.73 ਕੁਇੰਟਲ ਝਾੜ ਨਿਕਲਿਆ ਹੈ।



# ਅਕਾਸ਼ਵਾਣੀ: ਪੰਜਾਬੀ ਬੁਲੇਟਿਨ ਬੰਦ ਕਰਨ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਕੌਮੀ ਰਾਜਧਾਨੀ ਦਿੱਲੀ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਚੱਲਦੇ ਅਕਾਸ਼ਵਾਣੀ ਕੇਂਦਰਾਂ ਤੋਂ ਪੰਜਾਬੀ ਖ਼ਬਰਾਂ ਦੇ ਬੁਲੇਟਿਨ ਜਲੰਧਰ ਤਬਦੀਲ ਕਰਨ ਦਾ ਮੁੱਦਾ ਭਖ ਗਿਆ ਹੈ। ਕੇਂਦਰ ਸਰਕਾਰ ਦੇ ਇਸ ਵਤੀਰੇ ਦੀ ਚੁਫੇਰਿਓਂ ਨਿਖੇਧੀ ਹੋ ਰਹੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਨੂੰ ਆਪਣੇ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਦਾ ਇਹ ਫੈਸਲਾ ਪੰਜਾਬ ਅਤੇ ਪੰਜਾਬੀ ਨਾਲ ਵਿਤਕਰੇ ਵਾਲਾ ਹੈ, ਜਿਸ ਨੂੰ ਤੁਰਤ ਵਾਪਸ ਲਿਆ ਜਾਣਾ ਚਾਹੀਦਾ ਹੈ।

ਇਸੇ ਤਰ੍ਹਾਂ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ) ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਇਸ ਫੈਸਲੇ ਵਿਰੁੱਧ ਪੰਜਾਬੀਆਂ ਨੂੰ ਆਵਾਜ਼ ਚੁੱਕਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਹਮਲੇ ਵਿਰੁੱਧ ਆਵਾਜ਼ ਬੁਲੰਦ ਕਰਨਾ ਜਿੱਥੇ ਸਾਹਿਤਕਾਰਾਂ, ਲੇਖਕਾਂ, ਬੁੱਧੀਜੀਵੀਆਂ, ਰੰਗ ਕਰਮੀਆਂ ਅਤੇ ਕਵੀਆਂ ਦਾ ਫਰਜ਼ ਹੈ, ਉਥੇ ਹੀ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ ਤੇ ਤਰਕਸ਼ੀਲਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ।



ਦੱਸ ਦਈਏ ਕਿ ਅਕਾਸ਼ਵਾਣੀ ਵੱਲੋਂ ਦੇਸ਼ ਤੇ ਪੰਜਾਬ ਦੀਆਂ ਰਾਜਧਾਨੀਆਂ ਵਿਚੋਂ ਪੰਜਾਬੀ ਦੀਆਂ ਖ਼ਬਰਾਂ ਦਾ ਬੁਲੇਟਿਨ ਜਲੰਧਰ ਤਬਦੀਲ ਕਰ ਦਿੱਤਾ ਗਿਆ ਹੈ। ਦਿੱਲੀ ਵਿਚ ਅਕਾਸ਼ਵਾਣੀ 'ਤੇ ਪਿਛਲੇ 70 ਸਾਲ ਤੋਂ ਵੱਧ ਸਮੇਂ ਤੋਂ ਪੰਜਾਬੀ ਦੀਆਂ ਖ਼ਬਰਾਂ ਪੜ੍ਹੀਆਂ ਜਾਂਦੀਆਂ ਸਨ ਤੇ ਚੰਡੀਗੜ੍ਹ ਤੋਂ 55 ਸਾਲ ਤੋਂ ਪੰਜਾਬੀ ਦੀਆਂ ਖ਼ਬਰਾਂ ਪੜ੍ਹੀਆਂ ਜਾਂਦੀਆਂ ਸਨ। ਦਿੱਲੀ ਤੇ ਚੰਡੀਗੜ੍ਹ ਵਿਚ ਪੰਜਾਬੀ ਸੈਕਸ਼ਨ ਵਿੱਚ ਕੰਮ ਕਰਦੇ ਸਟਾਫ਼ ਨੂੰ ਜਲੰਧਰ ਅਕਾਸ਼ਵਾਣੀ ਕੇਂਦਰ ਭੇਜਣ ਦੀਆਂ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ।

### 'ਸਰਕਾਰਾਂ ਪੰਜਾਬੀ ਦਾ ਘਾਣ ਕਰਨ 'ਤੇ ਤੁਲੀਆਂ'

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਰਕਾਰ ਵੱਲੋਂ ਅਕਾਸ਼ਵਾਣੀ ਦੇ ਕੇਂਦਰਾਂ ਤੋਂ ਪੰਜਾਬੀ ਖ਼ਬਰਾਂ ਦੇ ਬੁਲੇਟਿਨ ਤਬਦੀਲ ਕਰਨ 'ਤੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰਾਂ ਪੰਜਾਬੀ ਦਾ ਘਾਣ ਕਰਨ 'ਤੇ ਤੁਲੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅਕਾਸ਼ਵਾਣੀ ਦੇ ਦਿੱਲੀ ਤੇ ਚੰਡੀਗੜ੍ਹ ਕੇਂਦਰਾਂ ਤੋਂ ਖ਼ਬਰਾਂ ਦੇ ਪੰਜਾਬੀ ਬੁਲੇਟਿਨ ਤਬਦੀਲ ਕਰਨੇ ਬਹੁਤ ਨਿੰਦਣਯੋਗ ਹੈ ਤੇ ਸਰਕਾਰ ਦਾ ਪੰਜਾਬ ਤੇ ਪੰਜਾਬੀ ਪ੍ਰਤੀ ਰਵੱਈਆ ਤੰਗ ਦਿਲ ਹੈ।

ਕੇਂਦਰ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਅਧੀਨ ਚੱਲਦੇ ਪ੍ਰਸਾਰ ਭਾਰਤੀ ਨੇ ਦਿੱਲੀ ਤੇ ਚੰਡੀਗੜ੍ਹ ਵਿਚ ਪੰਜਾਬੀ ਦੀਆਂ ਖ਼ਬਰਾਂ ਪੜ੍ਹਨ ਵਾਲੇ ਸਟਾਫ ਨੂੰ 14 ਮਈ ਨੂੰ ਜਲੰਧਰ ਜਾਣ ਦੇ ਹੁਕਮ ਸੁਣਾ ਦਿੱਤੇ ਸਨ ਜਿਸ ਕਾਰਨ ਸਟਾਫ ਮੈਂਬਰਾਂ ਦੇ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਹੋਵੇਗੀ।

ਪੰਜਾਬੀ ਸੱਥ ਦੇ ਪ੍ਰਧਾਨ ਡਾ. ਨਿਰਮਲ ਸਿੰਘ ਲਾਂਬੜਾ ਤੇ ਮੋਤਾ ਸਿੰਘ ਸਰਾਏ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਪੰਜਾਬ ਤੇ ਪੰਜਾਬੀ ਭਾਸ਼ਾ ਨਾਲ ਇਹ ਬਹੁਤ ਵੱਡਾ ਧੱਕਾ ਹੈ। ਦਿੱਲੀ ਵਿਚ ਪੰਜਾਬੀਆਂ ਦੀ ਵੱਡੀ ਵਸੋਂ ਹੈ ਤੇ ਉਨ੍ਹਾਂ ਦੀ ਆਪਣੀ ਜ਼ੁਬਾਨ ਪੰਜਾਬੀ ਨੂੰ ਹੀ ਉਥੋਂ ਰੁਖਸਤ ਕਰ ਦੇਣਾ ਦੇਸ਼ ਦੇ ਲੋਕਤੰਤਰ ਨਾਲ ਕੋਝਾ ਮਜ਼ਾਕ ਹੈ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਨੂੰ ਇਹ ਮਾਮਲਾ ਕੇਂਦਰ ਸਰਕਾਰ ਕੋਲ ਉਠਾਉਣ ਬਾਰੇ ਕਹਿਣਗੇ ਅਤੇ ਰਾਜ ਸਭਾ ਵਿੱਚ ਇਸ ਨੂੰ ਮੌਨਸੂਨ ਸੈਸ਼ਨ ਵਿੱਚ ਵੀ ਉਠਾਉਣਗੇ।

## ਡੇਢ ਮਹੀਨੇ ਪਹਿਲਾਂ ਕੈਨੇਡਾ ਪੜ੍ਹਨ ਗਈ ਲੜਕੀ ਦੀ ਹਾਦਸੇ 'ਚ ਮੌਤ



### ਪੰਜਾਬੀ ਨੌਜਵਾਨ ਦੀ ਇਟਲੀ 'ਚ ਮੌਤ

**ਫਿਲੌਰ:** ਪਿੰਡ ਦੁਸਾਂਝ ਖ਼ੁਰਦ ਦੇ ਨੌਜਵਾਨ ਨਵਜੋਤ ਸਿੰਘ (39) ਦੀ ਇਟਲੀ ਵਿਚ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਉਹ ਕੁਝ ਅਰਸਾ ਪਹਿਲਾਂ ਹੀ ਮੁੜ ਇਟਲੀ ਗਿਆ ਸੀ ਅਤੇ ਹੁਣ ਉਸ ਦੀ ਮੌਤ ਦੀ ਖ਼ਬਰ ਆ ਗਈ। ਉਸ ਦੇ ਪਿਤਾ ਗੁਰਮੇਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਿਸ਼ਤੇਦਾਰਾਂ ਜਰੀਏ ਪਤਾ ਲੱਗਾ ਕਿ ਉਸ ਦੇ ਪੁੱਤਰ ਦੀ ਮੌਤ ਹੋ ਗਈ ਹੈ। ਉਥੋਂ ਦੇ ਮੀਡੀਆ ਮੁਤਾਬਕ ਪੁਲਿਸ ਨੇ 24 ਮਈ ਨੂੰ ਏਰਬਾ ਸ਼ਹਿਰ ਵਿਚ ਇਕ ਨਹਿਰ ਦੇ ਪੁਲ ਨੇੜਿਓਂ ਨਵਜੋਤ ਸਿੰਘ ਦੀ ਲਾਸ਼ ਬਰਾਮਦ ਕੀਤੀ ਹੈ। ਪੁਲਿਸ ਵੱਲੋਂ ਉਸ ਦੀ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਸ ਦੇ ਪਰਿਵਾਰ ਵਿਚ ਪਤਨੀ ਤੇ ਪੁੱਤਰ ਹਨ।

**ਬਨੂੜ:** ਬਨੂੜ ਦੇ ਵਾਰਡ ਨੰਬਰ ਅੱਠ ਦੀ ਵਸਨੀਕ ਕੋਮਲਪ੍ਰੀਤ ਕੌਰ (23) ਦੀ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਇਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਕੋਮਲਪ੍ਰੀਤ ਡੇਢ ਮਹੀਨੇ ਪਹਿਲਾਂ 14 ਅਪਰੈਲ ਨੂੰ ਆਪਣੇ ਭਰਾ ਦੀਦਾਰ ਸਿੰਘ ਨਾਲ ਕੈਨੇਡਾ ਪੜ੍ਹਨ ਗਈ ਸੀ।

ਕੋਮਲਪ੍ਰੀਤ ਕੌਰ ਦੇ ਪਿਤਾ ਜੋਧਾ ਸਿੰਘ ਦੀ ਵੀ ਬੀਤੀ 15 ਫਰਵਰੀ ਨੂੰ ਕੈਂਸਰ ਕਾਰਨ ਮੌਤ ਹੋ ਚੁੱਕੀ ਹੈ। ਜਾਣਕਾਰੀ ਅਨੁਸਾਰ ਕੋਮਲਪ੍ਰੀਤ ਆਪਣੀ ਸਹੇਲੀ ਨਾਲ ਕਾਰ ਵਿਚ ਕੰਮ ਤੋਂ ਵਾਪਸ ਆ ਰਹੀ ਸੀ ਤਾਂ ਰਸਤੇ ਵਿਚ ਚਾਰ ਗੱਡੀਆਂ ਆਪਸ ਵਿਚ ਟਕਰਾ ਗਈਆਂ। ਹਾਦਸਾ ਇੰਨਾ ਭਿਆਨਕ ਸੀ ਕਿ ਚਾਰੇ ਗੱਡੀਆਂ ਬੁਰੀ ਤਰ੍ਹਾਂ ਚਕਨਾਚੂਰ ਹੋ ਗਈਆਂ। ਹਾਦਸੇ ਦੌਰਾਨ ਗੱਡੀ ਦੀ ਖਿੜਕੀ ਖੁੱਲ੍ਹਣ ਕਾਰਨ ਕੋਮਲਪ੍ਰੀਤ ਸੜਕ 'ਤੇ ਡਿੱਗ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ।

## ਕਿਸਾਨ ਅੰਦੋਲਨ 'ਚ ਕੁੱਦੇ ਪਰਵਾਸੀ ਪੰਜਾਬੀਆਂ ਨੂੰ ਪਰੇਸ਼ਾਨ ਨਾ ਕਰੇ ਕੇਂਦਰ: ਧਾਲੀਵਾਲ

**ਚੰਡੀਗੜ੍ਹ:** ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਪਰਵਾਸੀ ਪੰਜਾਬੀਆਂ ਨੂੰ ਕੇਂਦਰ ਸਰਕਾਰ ਪਰੇਸ਼ਾਨ ਕਰਨਾ ਬੰਦ ਕਰੇ। ਉਹ ਇੱਥੇ ਜੇ.ਡਬਲਿਊ ਮੈਰੀਅਟ ਹੋਟਲ ਵਿਚ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਅਤੇ ਪੰਜਾਬ ਦੇ ਐਨ.ਆਰ.ਆਈ. ਵਿਭਾਗ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਵਿਦੇਸ਼ ਸੰਪਰਕ ਪ੍ਰੋਗਰਾਮ ਵਿਚ ਸੰਬੋਧਨ ਕਰ ਰਹੇ ਸਨ।



ਸ੍ਰੀ ਧਾਲੀਵਾਲ ਨੇ ਕਿਹਾ ਕਿ ਜਿਹੜੇ ਪਰਵਾਸੀ ਪੰਜਾਬੀਆਂ ਨੇ ਕਿਸਾਨੀ ਅੰਦੋਲਨ ਵਿਚ ਹਿੱਸਾ ਲਿਆ ਸੀ, ਉਨ੍ਹਾਂ ਨੂੰ ਭਾਰਤ ਵਿਚ ਆਉਣ ਤੋਂ ਰੋਕੇ ਜਾਣ ਸਣੇ ਹੋਰ ਕਈ ਤਰੀਕਿਆਂ ਨਾਲ ਤੰਗ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਵਰਤਾਰਾ ਬੰਦ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਰਾਜਨੀਤਕ ਸ਼ਰਨ ਲੈਣ ਵਾਲਿਆਂ ਲਈ ਵੀ ਭਾਰਤ ਸਰਕਾਰ ਨੂੰ ਕੋਈ ਠੋਸ ਨੀਤੀ ਬਣਾਉਣੀ ਚਾਹੀਦੀ ਹੈ।

## ਐਚ-1ਬੀ ਵੀਜ਼ਾ 'ਤੇ ਵਿਦੇਸ਼ੀ ਸਿਹਤ ਕਰਮੀਆਂ ਨੂੰ ਨੌਕਰੀ 'ਤੇ ਰੱਖਣ ਬਾਰੇ ਬਿੱਲ ਪੇਸ਼

**ਨਿਊ ਯਾਰਕ:** ਅਮਰੀਕਾ ਦੀਆਂ ਦੋ ਸੰਸਦ ਮੈਂਬਰਾਂ ਨੇ ਇਕ ਬਿੱਲ ਪੇਸ਼ ਕੀਤਾ ਹੈ ਜਿਸ ਤਹਿਤ ਸਾਬਕਾ ਫੌਜੀਆਂ ਦੇ ਮਾਮਲਿਆਂ ਬਾਰੇ ਵਿਭਾਗ ਨੂੰ ਐਚ-1ਬੀ ਵੀਜ਼ਿਆਂ ਉਤੇ ਆਏ ਵਿਦੇਸ਼ੀ ਕਰਮੀਆਂ ਨੂੰ ਨੌਕਰੀ 'ਤੇ ਰੱਖਣਾ ਸੌਖਾ ਹੋਵੇਗਾ। ਬਿੱਲ ਵਿਚ ਤਜਵੀਜ਼ ਹੈ ਕਿ ਜੇਕਰ ਦੇਸ਼ ਵਿਚ ਢੁਕਵਾਂ ਅਰਜ਼ੀਕਰਤਾ ਨਹੀਂ ਮਿਲਦਾ ਤਾਂ ਵਿਭਾਗ ਐਚ-1ਬੀ ਵੀਜ਼ਾ ਧਾਰਕ ਨੂੰ ਰੱਖ ਸਕਦਾ ਹੈ। ਇਹ ਬਿੱਲ ਰਸ਼ੀਦਾ ਤਲੈਬ ਤੇ ਡੇਲੀਆ ਰਾਮੀਰੇਜ਼ ਨੇ ਪੇਸ਼ ਕੀਤਾ ਹੈ। ਇਸ ਦਾ ਮੰਤਵ ਅਮਰੀਕਾ ਵਿਚ ਸਿਹਤ-ਸੰਭਾਲ ਖੇਤਰ ਵਿਚ ਕਾਮਿਆਂ ਦੀ ਕਮੀ ਨੂੰ ਘਟਾਉਣਾ ਹੈ। ਕਮੀ ਨੂੰ ਪੂਰਨ ਲਈ ਆਵਾਸੀ ਸਿਹਤ ਵਰਕਰਾਂ, ਜਿਨ੍ਹਾਂ ਕੋਲ ਐਚ-1ਬੀ ਵੀਜ਼ਾ ਹੈ, ਨੂੰ ਸਾਬਕਾ ਫੌਜੀਆਂ ਨਾਲ ਸਬੰਧਤ ਇਨ੍ਹਾਂ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਐਚ-1ਬੀ ਵੀਜ਼ਾ ਦੀ ਗਿਣਤੀ ਸੀਮਤ ਹੋਣ ਕਾਰਨ ਅਜਿਹੀਆਂ ਸੇਵਾਵਾਂ ਲਈ ਵਿਭਾਗ ਨੂੰ ਕਾਮੇ ਰੱਖਣ ਵਿਚ ਮੁਸ਼ਕਲ ਆ ਰਹੀ ਹੈ।




## ਭਾਰਤ ਨੂੰ 'ਨਾਟੋ ਪਲੱਸ' ਦਾ ਹਿੱਸਾ ਬਣਾਉਣ ਦੀ ਸਿਫਾਰਸ਼

**ਵਾਸ਼ਿੰਗਟਨ:** ਚੀਨ ਬਾਰੇ ਅਮਰੀਕੀ ਸਦਨ ਦੀ ਇਕ ਤਾਕਤਵਰ ਚੋਣਵੀਂ ਕਮੇਟੀ ਨੇ ਭਾਰਤ ਨੂੰ 'ਨਾਟੋ ਪਲੱਸ' ਗੱਠਜੋੜ ਵਿਚ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ ਹੈ। ਦੱਸਣਯੋਗ ਹੈ ਕਿ ਇਸ ਕਮੇਟੀ ਨੂੰ 'ਚਾਈਨਾ ਕਮੇਟੀ' ਵੀ ਕਿਹਾ ਜਾਂਦਾ ਹੈ। 'ਨਾਟੋ ਪਲੱਸ 5' ਫਿਲਹਾਲ ਇਕ ਅਜਿਹਾ ਸੁਰੱਖਿਆ ਪ੍ਰਬੰਧ ਹੈ ਜੋ 'ਨਾਟੋ' ਤੇ ਪੰਜ ਹੋਰ ਸਹਿਯੋਗੀ ਮੁਲਕਾਂ ਆਸਟਰੇਲੀਆ, ਨਿਊਜ਼ੀਲੈਂਡ, ਜਪਾਨ, ਇਜ਼ਰਾਈਲ ਤੇ ਦੱਖਣ ਕੋਰੀਆ ਨੂੰ ਇਕ ਮੰਚ 'ਤੇ ਇਕੱਠਾ ਕਰ ਰਿਹਾ ਹੈ ਤਾਂ ਕਿ ਆਲਮੀ ਪੱਧਰ 'ਤੇ ਰੱਖਿਆ ਤਾਲਮੇਲ ਨੂੰ ਮਜ਼ਬੂਤ ਕੀਤਾ ਜਾ ਸਕੇ। ਕਾਂਗਰੈਸ਼ਨਲ ਕਮੇਟੀ ਦਾ ਕਹਿਣਾ ਹੈ ਕਿ ਭਾਰਤ ਨੂੰ ਇਸ ਦਾ ਹਿੱਸਾ ਬਣਾਏ ਜਾਣ ਨਾਲ ਇਨ੍ਹਾਂ ਮੁਲਕਾਂ ਤੇ ਭਾਰਤ ਵਿਚਾਲੇ ਖ਼ੁਫ਼ੀਆ ਸੂਚਨਾਵਾਂ ਦਾ ਅਸੀਮਤ ਲੈਣ-ਦੇਣ ਹੋਵੇਗਾ ਤੇ ਭਾਰਤ ਬਿਨਾਂ ਜ਼ਿਆਦਾ ਦੇਰੀ ਤੋਂ ਆਧੁਨਿਕ ਫੌਜੀ ਤਕਨੀਕ ਤੱਕ ਪਹੁੰਚ ਬਣਾ ਸਕੇਗਾ।



ਅਮਰੀਕਾ ਤੇ ਚੀਨੀ ਕਮਿਊਨਿਸਟ ਪਾਰਟੀ (ਸੀ.ਸੀ.ਪੀ.) ਵਿਚਾਲੇ ਰਣਨੀਤਕ ਮੁਕਾਬਲੇ 'ਤੇ ਗਠਿਤ ਸਦਨ ਦੀ ਚੋਣਵੀਂ ਕਮੇਟੀ ਨੇ ਤਾਇਵਾਨ ਦੀ ਸਮਰੱਥਾ ਵਧਾਉਣ, ਤੇ ਨਾਟੋ ਪਲੱਸ ਵਿਚ ਭਾਰਤ ਨੂੰ ਸ਼ਾਮਲ ਕਰਨ ਦੀ ਤਜਵੀਜ਼ ਰੱਖੀ ਹੈ। ਇਸ ਕਮੇਟੀ ਦੀ ਅਗਵਾਈ ਮਾਈਕ ਗੈਲਾਗਰ ਕਰ ਰਹੇ ਹਨ ਜਦਕਿ ਰਾਜਾ ਕ੍ਰਿਸ਼ਨਾਮੂਰਤੀ ਇਸ ਦੇ ਮੈਂਬਰ ਹਨ। 'ਨਾਟੋ ਪਲੱਸ' ਸੁਰੱਖਿਆ ਪ੍ਰਬੰਧ ਵਿਚ ਭਾਰਤ ਨੂੰ ਸ਼ਾਮਲ ਕੀਤੇ ਜਾਣ ਨਾਲ ਅਮਰੀਕਾ ਤੇ ਭਾਰਤ ਦੀ ਭਾਈਵਾਲੀ ਹੋਰ ਮਜ਼ਬੂਤ ਹੋਵੇਗੀ ਅਤੇ ਆਲਮੀ ਸੁਰੱਖਿਆ ਵਿਚ ਵੀ ਇਸ ਦਾ ਮਹੱਤਵਪੂਰਨ ਯੋਗਦਾਨ ਹੋਵੇਗਾ। ਹਿੰਦ-ਪ੍ਰਸ਼ਾਂਤ ਵਿਚ ਇਹ ਚੀਨ ਦੇ ਹਮਲਾਵਰ ਰੁਖ਼ ਦਾ ਟਾਕਰਾ ਕਰਨ ਵਿਚ ਸਹਾਈ ਹੋਵੇਗੀ।

### ਪਤਨੀ ਦਾ ਕਤਲ ਕਰਨ ਵਾਲਾ ਪੰਜਾਬੀ ਗ੍ਰਿਫਤਾਰ

**ਓਂਟਾਰੀਓ:** ਸਥਾਨਕ ਪੀਲ ਪੁਲਿਸ ਨੇ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਆਪਣੀ ਪਤਨੀ ਦਾ ਕਤਲ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਨਵ ਨਿਸ਼ਾਨ ਸਿੰਘ ਵਜੋਂ ਹੋਈ ਹੈ, ਜਿਸ ਨੇ ਬਰੈਂਪਟਨ ਵਿਚ ਦਵਿੰਦਰ ਕੌਰ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਸੀ। ਜਾਣਕਾਰੀ ਅਨੁਸਾਰ ਦਵਿੰਦਰ ਕੌਰ ਨੇ ਜ਼ਖ਼ਮੀ ਹਾਲਤ ਵਿਚ 911 'ਤੇ ਕਾਲ ਕੀਤੀ ਸੀ, ਜਿਸ ਮਗਰੋਂ ਮੌਕੇ 'ਤੇ ਪਹੁੰਚੀ ਪੀਲ ਪੁਲਿਸ ਨੇ ਦਵਿੰਦਰ ਨੂੰ ਮੁਢਲੀ ਸਹਾਇਤਾ ਦਿੱਤੀ, ਪਰ ਉਸ ਨੂੰ ਬਚਾਇਆ ਨਾ ਜਾ ਸਕਿਆ। ਮ੍ਰਿਤਕਾ ਦੇ ਭਰਾ ਲਖਵਿੰਦਰ ਸਿੰਘ ਨੇ ਦੱਸਿਆ ਕਿ ਦਵਿੰਦਰ ਤੇ ਨਵ ਨਿਸ਼ਾਨ ਦਾ ਵਿਆਹ 20 ਸਾਲ ਪਹਿਲਾਂ ਹੋਇਆ ਸੀ ਤੇ ਦੋਵਾਂ ਦੇ ਚਾਰ ਬੱਚੇ ਹਨ, ਜਿਨ੍ਹਾਂ ਵਿਚੋਂ ਤਿੰਨ ਬਰੈਂਪਟਨ ਵਿਚ ਤੇ ਇਕ ਭਾਰਤ ਵਿਚ ਰਹਿੰਦਾ ਹੈ। ਉਸ ਨੇ ਦੱਸਿਆ ਕਿ ਨਵ ਨਿਸ਼ਾਨ ਸਿੰਘ ਦਵਿੰਦਰ ਨਾਲ ਕੁੱਟਮਾਰ ਕਰਦਾ ਸੀ, ਜਿਸ ਕਰਕੇ ਉਹ ਤਲਾਕ ਲੈਣਾ ਚਾਹੁੰਦੀ ਸੀ ਅਤੇ ਛੇ ਮਹੀਨੇ ਪਹਿਲਾਂ ਐਮਰਜੈਂਸੀ ਅਧਿਕਾਰੀਆਂ ਨੇ ਦਵਿੰਦਰ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਦੋਵਾਂ ਨੂੰ ਵੱਖ ਕਰ ਦਿੱਤਾ ਸੀ।

## ਸਿੱਖਾਂ ਨੂੰ ਵਿਸ਼ੇਸ਼ ਮੌਕਿਆਂ 'ਤੇ ਬਿਨਾ ਹੈਲਮਟ ਮੋਟਰਸਾਈਕਲ ਚਲਾਉਣ ਦੀ ਪ੍ਰਵਾਨਗੀ

**ਟੋਰਾਂਟੋ:** ਸਰਕਾਰ ਨੇ ਕੈਨੇਡਾ ਦੇ ਸਸਕੈਚਵਾਨ ਸੂਬੇ ਵਿਚ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਨਗਰ ਕੀਰਤਨ ਤੇ ਰੈਲੀਆਂ ਸਣੇ ਹੋਰਨਾਂ ਵਿਸ਼ੇਸ਼ ਮੌਕਿਆਂ 'ਤੇ ਹੈਲਮਟ ਪਾਉਣ ਤੋਂ ਆਰਜ਼ੀ ਛੋਟ ਦਿੱਤੀ ਹੈ। ਸਰਕਾਰ ਨੇ ਇਹ ਫੈਸਲਾ ਅਜਿਹੇ ਮੌਕੇ ਲਿਆ ਹੈ ਜਦੋਂ ਬ੍ਰਿਟਿਸ਼ ਕੋਲੰਬੀਆ ਅਧਾਰਿਤ 'ਲੀਜੈਂਡਰੀ ਸਿੱਖ ਰਾਈਡਰਜ਼' ਨਾਂ ਦੇ ਮੋਟਰਸਾਈਕਲ ਗਰੁੱਪ ਨੇ ਸੂਬਾ ਸਰਕਾਰ ਅੱਗੇ ਤਜਵੀਜ਼ ਰੱਖੀ ਸੀ ਕਿ ਉਨ੍ਹਾਂ ਨੂੰ ਲੋਕ ਭਲਾਈ ਦੇ ਕੰਮਾਂ ਲਈ ਫੰਡ ਇਕੱਤਰ ਕਰਨ ਖਾਤਰ ਪੂਰੇ ਕੈਨੇਡਾ ਵਿਚ ਮੋਟਰਸਾਈਕਲ ਰੈਲੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇ।

ਦੱਸ ਦਈਏ ਕਿ ਬ੍ਰਿਟਿਸ਼ ਕੋਲੰਬੀਆ, ਐਲਬਰਟਾ, ਮੈਨੀਟੋਬਾ ਤੇ ਓਂਟਾਰੀਓ ਸੂਬਿਆਂ ਵਿਚ ਧਾਰਮਿਕ ਕਾਰਨਾਂ ਕਰਕੇ ਜਿੱਥੇ ਦਸਤਾਰਧਾਰੀ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਮੌਕੇ ਹੈਲਮਟ ਪਾਉਣ ਤੋਂ ਮੁਕੰਮਲ ਛੋਟ ਹੈ, ਉਥੇ ਸਸਕੈਚਵਾਨ ਵਿਚ ਸੜਕਾਂ 'ਤੇ ਮੋਟਰਸਾਈਕਲ ਚਲਾਉਣ ਮੌਕੇ ਸਾਰਿਆਂ ਲਈ ਹੈਲਮਟ ਪਾਉਣਾ ਲਾਜ਼ਮੀ ਹੈ। ਸਬੰਧਤ ਮੰਤਰੀ ਡੌਨ ਮੋਰਗਨ ਨੇ ਕਿਹਾ, "ਮੋਟਰਸਾਈਕਲ ਸਵਾਰਾਂ ਦੀ ਸੁਰੱਖਿਆ ਲਈ ਹੈਲਮਟ ਲਾਜ਼ਮੀ ਹੈ।" ਸਸਕੈਚਵਾਨ ਸਰਕਾਰ ਵੱਲੋਂ ਜਾਰੀ ਰਿਲੀਜ਼ ਮੁਤਾਬਕ ਵਹੀਕਲ ਇਕੁਇਪਮੈਂਟ ਰੈਗੂਲੇਸ਼ਨਜ਼ ਵਿਚ ਕੀਤੀ ਸੋਧ ਆਰਜ਼ੀ ਹੈ ਤੇ ਇਹ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਬਿਨਾਂ ਹੈਲਮਟ ਵਹੀਕਲ ਚਲਾਉਣ ਦੀ ਮੁਕੰਮਲ ਛੋਟ ਨਹੀਂ ਦਿੰਦੀ।



ਮੋਰਗਨ ਨੇ ਕਿਹਾ ਕਿ ਮੋਟਰਸਾਈਕਲ ਹੈਲਮਟ ਕਾਨੂੰਨ ਵਿਚ ਮੁਕੰਮਲ ਛੋਟ ਦੇਣ ਦੀ ਉਨ੍ਹਾਂ ਦੀ ਕੋਈ ਯੋਜਨਾ ਨਹੀਂ ਹੈ ਤੇ ਸਾਡੀ ਸਰਕਾਰ ਇਸ ਨੂੰ ਆਰਜ਼ੀ ਵਿਵਸਥਾ ਵਜੋਂ ਵੇਖਦੀ ਹੈ। ਮੰਤਰੀ ਨੇ ਕਿਹਾ ਕਿ ਛੋਟ ਬਾਰੇ ਸਸਕੈਚਵਾਨ ਗਵਰਨਮੈਂਟ ਇੰਸ਼ੋਰੈਂਸ (ਐਸ.ਜੀ.ਆਈ.) ਵੱਲੋਂ ਲੋੜੀਂਦੀ ਪ੍ਰਵਾਨਗੀ ਦਿੱਤੀ ਜਾਵੇਗੀ ਤੇ ਇਹ ਛੋਟ ਸਿਰਫ ਸਿੱਖ ਭਾਈਚਾਰੇ ਦੇ ਦਸਤਾਰਧਾਰੀ ਮੈਂਬਰਾਂ ਨੂੰ ਮਿਲੇਗੀ, ਜੋ ਆਪਣੇ ਧਾਰਮਿਕ ਅਕੀਦੇ ਕਰਕੇ ਹੈਲਮਟ ਨਹੀਂ ਪਾ ਸਕਦੇ। ਲਰਨਿੰਗ ਲਾਇਸੈਂਸ ਵਾਲੇ ਮੁਸਾਫ਼ਰਾਂ ਜਾਂ ਸਵਾਰਾਂ ਨੂੰ ਇਸ ਛੋਟ ਦਾ ਲਾਭ ਨਹੀਂ ਮਿਲੇਗਾ।

# ਦਰਿਆਵਾਂ 'ਚੋਂ ਹਿੱਸੇਦਾਰੀ ਤੋਂ ਵੱਧ ਪਾਣੀ ਵਰਤ ਰਿਹਾ ਹੈ ਰਾਜਸਥਾਨ

**ਚੰਡੀਗੜ੍ਹ:** ਰਾਜਸਥਾਨ ਹੁਣ ਪੰਜਾਬ ਤੋਂ ਮਾਨਵੀ ਆਧਾਰ ਉਤੇ ਹੋਰ ਵਾਧੂ ਪਾਣੀ ਦੀ ਝਾਕ ਲਾਈ ਬੈਠਾ ਹੈ, ਪਰ ਸਚਾਈ ਇਹ ਹੈ ਕਿ ਰਾਜਸਥਾਨ ਦਰਿਆਵਾਂ 'ਚੋਂ ਆਪਣੀ ਹਿੱਸੇਦਾਰੀ ਤੋਂ ਵੱਧ ਪਾਣੀ ਵਰਤ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੂੰ ਰਾਜਸਥਾਨ ਦੇ ਕਿਸਾਨਾਂ ਦਾ ਵਫ਼ਦ ਬਠਿੰਡਾ ਵਿਚ ਹਨੂੰਮਾਨ ਬੈਨੀਪਾਲ ਦੀ ਅਗਵਾਈ 'ਚ ਮਿਲਿਆ ਸੀ। ਭਗਵੰਤ ਮਾਨ ਸਪਸ਼ਟ ਕਰ ਚੁੱਕੇ ਹਨ ਕਿ ਪੰਜਾਬ ਕੋਲ ਕਿਸੇ ਨੂੰ ਦੇਣ ਲਈ ਕੋਈ ਵਾਧੂ ਪਾਣੀ ਨਹੀਂ ਹੈ ਪਰ ਵਫ਼ਦ ਦੇ ਆਗੂਆਂ ਵੱਲੋਂ ਕੀਤੇ ਦਾਅਵਿਆਂ ਮਗਰੋਂ ਪੰਜਾਬ ਦੀ ਸਿਆਸਤ ਉਬਾਲ ਖਾ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਬੋਹਰ ਵਿਚ ਇਸ ਮਾਮਲੇ 'ਤੇ ਧਰਨਾ ਲਾ ਦਿੱਤਾ। ਉਨ੍ਹਾਂ ਐਲਾਨ ਕੀਤਾ ਕਿ ਰਾਜਸਥਾਨ ਨੂੰ ਇਕ ਬੂੰਦ ਪਾਣੀ ਨਹੀਂ ਜਾਣ ਦਿਆਂਗੇ। ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀ ਇਹ ਮਾਮਲਾ ਚੁੱਕਿਆ ਹੈ। ਰਾਜਸਥਾਨੀ ਵਫ਼ਦ ਦੀ ਭਗਵੰਤ ਮਾਨ ਨਾਲ ਮਿਲਣੀ



ਨੇ ਵਿਰੋਧੀ ਧਿਰਾਂ ਨੂੰ ਮੌਕਾ ਦੇ ਦਿੱਤਾ ਹੈ। ਕਾਂਗਰਸੀ ਨੇਤਾ ਆਖ ਚੁੱਕੇ ਹਨ ਕਿ ਪੰਜਾਬ ਦੇ ਪਾਣੀਆਂ ਨੂੰ ਦਾਅ 'ਤੇ ਲਾ ਕੇ 'ਆਪ' ਸਰਕਾਰ ਰਾਜਸਥਾਨ ਵਿਚ ਆਪਣੀ ਸਿਆਸੀ ਪੈਂਠ ਬਣਾਉਣ ਦੇ ਚੱਕਰ ਵਿਚ ਹੈ। ਜਾਣਕਾਰੀ ਅਨੁਸਾਰ ਰਾਜਸਥਾਨ ਦੀ ਵਾਧੂ ਪਾਣੀ ਦੀ ਮੰਗ ਗ਼ੈਰਵਾਜਬ ਜਾਪਦੀ ਹੈ। ਰਾਜਸਥਾਨ ਦੀ 21 ਮਈ 2022 ਤੋਂ ਲੈ ਕੇ 20 ਮਈ 2023 ਤੱਕ ਦਰਿਆਈ ਪਾਣੀਆਂ ਵਿਚ ਨਿਸ਼ਚਿਤ ਹਿੱਸੇਦਾਰੀ 7.781 ਐਮ.ਏ.ਐਫ. ਬਣਦੀ ਸੀ ਅਤੇ ਰਾਜਸਥਾਨ ਨੇ ਇਸ ਹਿੱਸੇਦਾਰੀ ਦੇ ਮੁਕਾਬਲੇ 8.645 ਐਮ.ਏ.ਐਫ. ਪਾਣੀ ਵਰਤ ਵੀ ਲਿਆ ਹੈ ਜੋ 111 ਫ਼ੀਸਦੀ ਬਣਦਾ ਹੈ। ਇਸੇ ਤਰ੍ਹਾਂ ਹਰਿਆਣਾ ਨੇ ਇਸ ਸਮੇਂ ਦੌਰਾਨ ਆਪਣੀ ਬਣਦੀ 6.160 ਐਮ.ਏ. ਐਫ ਹਿੱਸੇਦਾਰੀ ਦੀ ਥਾਂ 6.549 ਐਮ.ਏ.ਐਫ. ਪਾਣੀ ਵਰਤਿਆ ਹੈ ਜੋ 106 ਫ਼ੀਸਦੀ ਬਣਦਾ ਹੈ। ਪੰਜਾਬ ਇਸ ਮਾਮਲੇ 'ਚ ਫਾਡੀ ਹੈ ਜਿਸ ਨੇ ਇਸ ਸਮੇਂ ਦੌਰਾਨ ਆਪਣੀ ਬਣਦੀ ਹਿੱਸੇਦਾਰੀ 11.285 ਫ਼ੀਸਦੀ ਦੇ ਮੁਕਾਬਲੇ ਸਿਰਫ਼ 9.765 ਐਮ.ਏ.ਐਫ ਪਾਣੀ ਹੀ ਵਰਤਿਆ ਹੈ ਜੋ ਕਿ 87 ਫ਼ੀਸਦੀ ਬਣਦਾ ਹੈ। ਪੰਜਾਬ ਆਪਣੇ ਹਿੱਸੇਦਾਰੀ 'ਚੋਂ ਵੀ 13 ਫ਼ੀਸਦੀ ਨਹਿਰੀ ਪਾਣੀ ਘੱਟ ਵਰਤ ਸਕਿਆ ਹੈ।

## ਪੰਜਾਬ ਨੇ ਕਦੇ ਵੀ ਹਿੱਸੇ ਦਾ ਪਾਣੀ ਨਹੀਂ ਵਰਤਿਆ

ਰਾਜਸਥਾਨ ਤੇ ਹਰਿਆਣਾ ਕਾਫੀ ਵਰ੍ਹਿਆਂ ਤੋਂ ਸਤਲੁਜ, ਰਾਵੀ ਤੇ ਬਿਆਸ ਦੇ ਪਾਣੀਆਂ 'ਚੋਂ ਆਪਣੀ ਬਣਦੀ ਹਿੱਸੇਦਾਰੀ ਦਾ ਪਾਣੀ ਵਰਤ ਰਹੇ ਹਨ। ਸਾਲ 2016-17 ਤੋਂ 2021-22 ਦੇ ਤੱਥਾਂ ਅਨੁਸਾਰ ਸਤਲੁਜ ਦੇ ਪਾਣੀ 'ਚੋਂ ਪੰਜਾਬ ਨੇ ਕਦੇ ਵੀ ਆਪਣੇ ਬਣਦੇ ਹਿੱਸੇ ਦਾ ਪੂਰਾ ਸੌ ਫ਼ੀਸਦੀ ਪਾਣੀ ਨਹੀਂ ਵਰਤਿਆ ਹੈ ਜਦੋਂਕਿ ਗੁਆਂਢੀ ਸੂਬਿਆਂ ਨੇ ਕਦੇ ਵੀ ਅਜਿਹਾ ਮੌਕਾ ਨਹੀਂ ਗੁਆਇਆ। ਇਧਰ, ਪੰਜਾਬ ਦਾ ਜ਼ੋਰ ਜ਼ਮੀਨੀ ਪਾਣੀ 'ਤੇ ਲੱਗਿਆ ਹੋਇਆ ਹੈ। ਪਟਿਆਲਾ, ਫ਼ਤਹਿਗੜ੍ਹ ਸਾਹਿਬ ਤੇ ਸੰਗਰੂਰ 'ਚ ਸਭ ਤੋਂ ਘੱਟ ਨਹਿਰੀ ਪਾਣੀ ਦੀ ਵਰਤੋਂ ਹੋ ਰਹੀ ਹੈ। ਇਹੋ ਕਾਰਨ ਹੈ ਕਿ ਪੰਜਾਬ ਦੇ ਸਿਰਫ਼ 17 ਬਲਾਕ ਹੀ ਜ਼ਮੀਨੀ ਪਾਣੀ ਵਜੋਂ ਸੁਰੱਖਿਅਤ ਬਚੇ ਹਨ। ਰਾਜਸਥਾਨ ਫੀਡਰ 30 ਮਈ ਤੱਕ ਬੰਦ ਹੈ। ਰਾਜਸਥਾਨ ਹੁਣ ਸਰਹੰਦ ਫੀਡਰ ਜ਼ਰੀਏ 750 ਕਿਊਸਿਕ ਤੋਂ 1200 ਕਿਊਸਿਕ ਤੱਕ ਪਾਣੀ ਲੈਣਾ ਚਾਹੁੰਦਾ ਹੈ।

## ਸੜਕ ਹਾਦਸੇ 'ਚ 7 ਵਿਦਿਆਰਥੀਆਂ ਦੀ ਮੌਤ

**ਗੁਹਾਟੀ:** ਗੁਹਾਟੀ ਵਿਚ ਸੜਕ ਹਾਦਸੇ ਵਿਚ ਅਸਾਮ ਇੰਜੀਨੀਅਰਿੰਗ ਕਾਲਜ ਦੇ ਸੱਤ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ ਛੇ ਜ਼ਖਮੀ ਹੋ ਗਏ। ਤੀਜੇ ਸਾਲ ਦੇ ਦਸ ਵਿਦਿਆਰਥੀ ਸਵੇਰੇ ਕਾਰ ਵਿਚ ਕਾਲਜ ਕੈਂਪਸ ਤੋਂ ਬਾਹਰ ਨਿਕਲੇ ਅਤੇ ਉਨ੍ਹਾਂ ਦੀ ਤੇਜ਼ ਰਫਤਾਰ ਗੱਡੀ ਜਾਲੁਕਬਾੜੀ ਖੇਤਰ ਵਿਚ ਸੜਕ ਦੇ ਡਿਵਾਈਡਰ ਅਤੇ ਫਿਰ ਵੈਨ ਨਾਲ ਟਕਰਾ ਗਈ। ਸੱਤ ਵਿਦਿਆਰਥੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਤਿੰਨ ਹੋਰਾਂ ਨੂੰ ਗੰਭੀਰ ਹਾਲਤ ਵਿਚ ਗੁਹਾਟੀ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਵੈਨ ਸਵਾਰ 7 ਵਿਅਕਤੀਆਂ 'ਚੋਂ ਜ਼ਖਮੀ 3 ਨੂੰ ਵੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ।

# ਭਗਵੰਤ ਵੱਲੋਂ ਨੀਤੀ ਆਯੋਗ ਦੀ ਮੀਟਿੰਗ ਦਾ ਬਾਈਕਾਟ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨੀਤੀ ਆਯੋਗ ਦੀ ਮੀਟਿੰਗ ਦਾ ਬਾਈਕਾਟ ਕੀਤਾ ਗਿਆ। ਮਾਨ ਸਰਕਾਰ ਨੇ ਇਹ ਫੈਸਲਾ ਭਾਰਤ ਸਰਕਾਰ ਵੱਲੋਂ ਪੰਜਾਬ ਦੇ ਹਿੱਤਾਂ ਦੀ ਅਣਦੇਖੀ ਕਰਨ ਦੇ ਰੋਸ ਵਿਚ ਲਿਆ ਹੈ। ਹਾਲਾਂਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਨੀਤੀ ਆਯੋਗ ਦੀ ਅਗਸਤ 2022 ਵਿਚ ਹੋਈ ਮੀਟਿੰਗ ਵਿਚ ਸ਼ਮੂਲੀਅਤ ਕੀਤੀ ਸੀ ਅਤੇ ਉਸ ਵਕਤ ਵੀ ਉਨ੍ਹਾਂ ਨੇ ਪੰਜਾਬ ਦੀ ਅਣਦੇਖੀ ਦਾ ਮੁੱਦਾ ਚੁੱਕਿਆ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਨਾਲ ਧਰੋਹ ਕਮਾ ਰਹੀ ਹੈ ਅਤੇ ਪੰਜਾਬ ਨੂੰ ਵਿੱਤੀ ਤੌਰ 'ਤੇ ਨਪੀੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਦਿਹਾਤੀ ਵਿਕਾਸ ਫੰਡ ਰੋਕੇ ਹੋਏ ਹਨ ਅਤੇ ਕੌਮੀ ਸਿਹਤ ਮਿਸ਼ਨ ਦਾ ਪੈਸਾ ਵੀ ਰਿਲੀਜ਼ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦਾ ਇਹ ਵਤੀਰਾ ਪੰਜਾਬ ਵਿਰੋਧੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਤੋਂ ਪੰਜਾਬ ਦੇ ਭਲੇ ਦੀ ਕੋਈ ਉਮੀਦ ਨਹੀਂ ਹੈ। ਉਨ੍ਹਾਂ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਵਿਚ ਭਾਜਪਾ ਦੀ ਜ਼ਮਾਨਤ ਤੱਕ ਜ਼ਬਤ ਹੋ ਗਈ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸਰਹੱਦੀ ਸੂਬੇ ਨਾਲ ਸ਼ਰੇਆਮ ਵਿਤਕਰਾ ਕਰ ਰਹੀ ਹੈ। ਪੰਜਾਬ ਖ਼ੁਦ ਆਪਣੇ ਪੈਰਾਂ ਸਿਰ ਖੜ੍ਹਾ ਹੋਵੇਗਾ। ਉਧਰ ਸਿਆਸੀ ਮਾਹਿਰਾਂ ਨੇ ਕਿਹਾ ਕਿ ਮੁੱਖ ਮੰਤਰੀ ਨੇ ਇਹ ਫੈਸਲਾ ਲੈ ਕੇ ਕੇਂਦਰ ਸਰਕਾਰ ਪ੍ਰਤੀ ਸਪਸ਼ਟ ਸਟੈਂਡ ਲਿਆ ਹੈ।

## ਨੀਤੀ ਆਯੋਗ ਦੀ ਮੀਟਿੰਗ ਦੇ ਬਾਈਕਾਟ ਦੀ ਅਕਾਲੀ ਦਲ ਵੱਲੋਂ ਦੀ ਨਿਖੇਧੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨੀਤੀ ਆਯੋਗ ਦੀ ਮੀਟਿੰਗ ਦਾ ਬਾਈਕਾਟ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ। ਪਾਰਟੀ ਦੇ ਬੁਲਾਰੇ ਚਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੀਟਿੰਗ ਦਾ ਬਾਈਕਾਟ ਕਰ ਕੇ ਸਿੱਖਿਆ, ਸਿਹਤ, ਹੁਨਰ ਵਿਕਾਸ ਤੇ ਬੁਨਿਆਦੀ ਢਾਂਚੇ ਵਰਗੇ ਅਹਿਮ ਮਾਮਲਿਆਂ 'ਤੇ ਵਿਚਾਰ-ਚਰਚਾ ਕਰਨ ਦਾ ਮੌਕਾ ਗੁਆ ਲਿਆ ਹੈ। ਬਰਾੜ ਨੇ ਕਿਹਾ ਕਿ ਨੀਤੀ ਆਯੋਗ ਦੀ 8ਵੀਂ ਜਨਰਲ ਕੌਂਸਲ ਮੀਟਿੰਗ ਵਿਚ ਦੇਸ਼ ਦੇ ਵਿਕਾਸ ਸਬੰਧੀ ਚਰਚਾ ਹੋਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਇਸ ਟੀਚੇ ਦੀ ਪੂਰਤੀ ਵਾਸਤੇ ਲੋੜੀਂਦੇ ਫੰਡ ਲੈਣ ਲਈ ਮੀਟਿੰਗ ਵਿਚ ਸ਼ਮੂਲੀਅਤ ਕਰਨੀ ਚਾਹੀਦੀ ਸੀ।

## ਨਸ਼ਿਆਂ ਦੀ ਬਰਾਮਦਗੀ ਦੇ ਮਾਮਲੇ 'ਚ ਦੋ ਨੌਜਵਾਨਾਂ ਨੂੰ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ:** ਪਾਬੰਦੀਸ਼ੁਦਾ ਨਸ਼ੀਲੇ ਟੀਕਿਆਂ ਦੀ ਬਰਾਮਦਗੀ ਦੇ ਮਾਮਲੇ 'ਚ ਨਾਮਜ਼ਦ ਦੋ ਨੌਜਵਾਨਾਂ ਨੂੰ ਇੱਥੋਂ ਦੀ ਇਕ ਅਦਾਲਤ ਵੱਲੋਂ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਸਾਲ 2017 'ਚ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਹਰਦਿਲ ਸਿੰਘ ਵਾਸੀ ਪਿੰਡ ਕੋਟਲਾ ਬਜਵਾੜਾ ਅਤੇ ਗੁਰਸੇਵਕ ਸਿੰਘ ਵਾਸੀ ਸਰਹਿੰਦ ਨੂੰ ਗ੍ਰਿਫ਼ਤਾਰ ਕਰਦੇ ਹੋਏ ਪੁਲਿਸ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਉਨ੍ਹਾਂ ਦੇ ਕਬਜ਼ੇ 'ਚੋਂ ਪਾਬੰਦੀਸ਼ੁਦਾ ਨਸ਼ੀਲੇ ਟੀਕੇ ਬਰਾਮਦ ਹੋਏ ਸਨ। ਅਦਾਲਤ 'ਚ ਚੱਲੀ ਸੁਣਵਾਈ ਦੌਰਾਨ ਗਵਾਹਾਂ, ਸਬੂਤਾਂ ਅਤੇ ਦਲੀਲਾਂ ਨੂੰ ਵਿਚਾਰਨ ਤੋਂ ਬਾਅਦ ਸਪੈਸ਼ਲ ਅਦਾਲਤ ਨੇ ਮੁਲਜ਼ਮਾਂ ਨੂੰ ਦੋਸ਼ੀ ਮੰਨਦੇ ਹੋਏ 4-4 ਸਾਲ ਕੈਦ ਤੇ 20-20 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਪੰਜਾਬ ਦੇ ਮੁਲਾਜ਼ਮਾਂ ਲਈ ਡੀ.ਏ. ਦਾ ਬਕਾਇਆ ਜਾਰੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਸਰਕਾਰੀ ਮੁਲਾਜ਼ਮਾਂ ਨੂੰ ਤੋਹਫਾ ਦਿੰਦਿਆਂ ਪਹਿਲੀ ਜੁਲਾਈ 2015 ਤੋਂ 31 ਦਸੰਬਰ 2015 ਤੱਕ 6 ਫੀਸਦ ਮਹਿੰਗਾਈ ਭੱਤੇ ਦੀ ਬਕਾਇਆ ਕਿਸ਼ਤ ਜਾਰੀ ਕਰ ਦਿੱਤੀ ਹੈ। ਇਸ ਫੈਸਲੇ ਨਾਲ ਮੁਲਾਜ਼ਮਾਂ ਲਈ ਖਜ਼ਾਨੇ 'ਚੋਂ 356 ਕਰੋੜ ਰੁਪਏ ਜਾਰੀ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਆਮ ਆਦਮੀ ਪਾਰਟੀ ਦੇ ਮੁਲਾਜ਼ਮ ਵਿੰਗ ਦੇ ਸੂਬਾ ਪ੍ਰਧਾਨ ਜੇ.ਪੀ. ਸਿੰਘ ਨੇ ਕਿਹਾ ਕਿ ਪੰਜਾਬ ਦੇ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੇ ਲੱਖਾਂ ਰੁਪਇਆਂ ਦੇ ਪੁਰਾਣੇ ਬਕਾਏ ਜਾਰੀ ਕਰਨਾ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਸ਼ਲਾਘਾਯੋਗ ਫੈਸਲਾ ਹੈ ਜੋ ਦੋਵੇਂ ਵਰਗਾਂ ਲਈ ਸਰਕਾਰ ਦੀ ਵਚਨਬੱਧਤਾ ਦਾ ਸਬੂਤ ਹੈ। ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਸਿੱਧੂ, ਮੀਤ ਪ੍ਰਧਾਨ ਬਚਿੱਤਰ ਸਿੰਘ ਅਤੇ ਖੁਸ਼ਵਿੰਦਰ ਕਪਿਲਾ, ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਕੈਰੋਂ, ਪੈਨਸ਼ਨਰ ਆਗੂ ਹਰਪਾਲ ਸਿੰਘ, ਯੂਥ ਆਗੂ ਤਰਨਜੀਤ ਸਿੰਘ ਪੱਪੂ ਨੇ ਕਿਹਾ ਕਿ ਪਹਿਲੀ ਜੁਲਾਈ 2015 ਤੋਂ 31 ਦਸੰਬਰ 2015 ਤੱਕ ਮਹਿੰਗਾਈ ਭੱਤੇ ਦੀ ਰਾਸ਼ੀ ਬਕਾਇਆ ਖੜ੍ਹੀ ਸੀ ਜੋ ਪਹਿਲਾਂ ਤਾਂ ਉਸ ਸਮੇਂ ਦੀ ਬਾਦਲ ਸਰਕਾਰ ਨੇ ਅਦਾ ਨਹੀਂ ਕੀਤੀ ਅਤੇ ਉਸ ਤੋਂ ਬਾਅਦ ਕਾਂਗਰਸ ਪਾਰਟੀ ਦੀ ਸਰਕਾਰ ਵਿੱਚ ਦੋ ਮੁੱਖ ਮੰਤਰੀਆਂ ਕੈਪਟਨ ਅਮਰਿੰਦਰ ਸਿੰਘ ਅਤੇ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀਆਂ ਸਰਕਾਰਾਂ ਨੇ ਵੀ ਜਾਰੀ ਨਹੀਂ ਕੀਤੀ ਤੇ ਇਸ ਅਦਾਇਗੀ ਨੂੰ ਜਾਣਬੁੱਝ ਕੇ ਲਮਕਾਈ ਰੱਖਿਆ।

# ਗੈਰ-ਨਿਰਧਾਰਿਤ ਰੂਟਾਂ 'ਤੇ ਬੱਸਾਂ ਚਲਾਉਣ ਵਾਲਿਆਂ ਖਿਲਾਫ ਕਾਰਵਾਈ

**ਚੰਡੀਗੜ੍ਹ:** ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ 'ਮਨਿਸਟਰਜ਼ ਫਲਾਇੰਗ ਸਕੁਐਡ' ਨੇ ਗ਼ੈਰ-ਨਿਰਧਾਰਿਤ ਰੂਟਾਂ 'ਤੇ ਚੱਲ ਰਹੀਆਂ ਪਨਬੱਸ ਦੀਆਂ ਪੰਜ ਬੱਸਾਂ ਫੜੀਆਂ ਹਨ। ਇਸ ਤੋਂ ਇਲਾਵਾ ਟਿਕਟ ਗਬਨ ਦੇ ਤਿੰਨ ਹੋਰ ਮਾਮਲੇ ਵੀ ਰਿਪੋਰਟ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਵੱਖ-ਵੱਖ ਥਾਵਾਂ 'ਤੇ ਚੈਕਿੰਗ ਕੀਤੀ ਜਿਸ ਵਿਚ ਮੋਰਿੰਡਾ ਬਾਈਪਾਸ 'ਤੇ ਚੈਕਿੰਗ ਦੌਰਾਨ ਪੱਟੀ ਡਿਪੂ ਦੀ ਬੱਸ, ਖੰਨਾ ਫ਼ਲਾਈਓਵਰ 'ਤੇ ਬਟਾਲਾ ਡਿਪੂ ਦੀ ਬੱਸ, ਖੰਨਾ ਬਾਈਪਾਸ 'ਤੇ ਲੁਧਿਆਣਾ ਡਿਪੂ ਦੀ ਬੱਸ, ਗੁਰਾਇਆ ਪੁਲ 'ਤੇ ਅੰਮ੍ਰਿਤਸਰ-1 ਡਿਪੂ ਦੀ ਬੱਸ ਅਤੇ ਬਟਾਲਾ ਡਿਪੂ ਦੀ ਇਕ ਹੋਰ ਬੱਸ ਨੂੰ ਨਿਰਧਾਰਿਤ ਰੂਟਾਂ ਨਾਲੋਂ ਬਦਲਵੇਂ ਰੂਟਾਂ 'ਤੇ ਚੱਲਣ ਲਈ ਰਿਪੋਰਟ ਕੀਤਾ ਗਿਆ ਹੈ।



ਮੰਤਰੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਤਿੰਨ ਬੱਸਾਂ ਵਿਚ ਟਿਕਟ ਗਬਨ ਦੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਕਾਂਗੜਾ (ਹਿਮਾਚਲ ਪ੍ਰਦੇਸ਼) ਵਿਚ ਚੈਕਿੰਗ ਦੌਰਾਨ ਹੁਸ਼ਿਆਰਪੁਰ ਡਿਪੂ ਦੀ ਬੱਸ ਵਿਚ 90 ਰੁਪਏ ਦਾ ਟਿਕਟ ਗਬਨ, ਕੋਟ ਪੁਤਲੀ ਵਿਚ ਚੈਕਿੰਗ ਦੌਰਾਨ ਚੰਡੀਗੜ੍ਹ ਡਿਪੂ ਦੀ ਬੱਸ ਵਿਚ 30 ਰੁਪਏ ਅਤੇ ਤਿਹਾੜਾ ਵਿਚ ਚੈਕਿੰਗ ਦੌਰਾਨ ਜਗਰਾਉਂ ਡਿਪੂ ਦੀ ਬੱਸ 'ਚ 20 ਰੁਪਏ ਦਾ ਟਿਕਟ ਗਬਨ ਸਾਹਮਣੇ ਆਇਆ। ਟਰਾਂਸਪੋਰਟ ਮੰਤਰੀ ਨੇ ਡਾਇਰੈਕਟਰ ਸਟੇਟ ਟਰਾਂਸਪੋਰਟ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਰਿਪੋਰਟ ਕੀਤੇ ਗਏ ਡਰਾਈਵਰਾਂ ਅਤੇ ਕੰਡਕਟਰਾਂ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਅਮਲ ਵਿਚ ਲਿਆਉਣ।

## ਪੁਰਾਣੀ ਪੈਨਸ਼ਨ ਲਈ ਸੰਘਰਸ਼ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਐਲਾਨ ਕਰਨ ਦੇ ਬਾਵਜੂਦ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕੀਤੇ ਜਾਣ ਤੋਂ ਖਫ਼ਾ ਮੁਲਾਜ਼ਮਾਂ ਨੇ 'ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ' ਹੇਠ ਸਰਕਾਰ ਖ਼ਿਲਾਫ਼ ਸੰਘਰਸ਼ ਵਿੱਢਣ ਦੀ ਤਿਆਰੀ ਕਰ ਲਈ ਹੈ। ਫਰੰਟ ਦੀ ਮੀਟਿੰਗ 'ਚ ਜ਼ਿਲ੍ਹਾ ਪੱਧਰੀ ਕਨਵੈਨਸ਼ਨਾਂ ਦਾ ਫੈਸਲਾ ਕੀਤਾ ਗਿਆ ਹੈ।

ਫਰੰਟ ਦੇ ਕਨਵੀਨਰ ਅਤਿੰਦਰ ਪਾਲ ਸਿੰਘ, ਜ਼ੋਨ ਕਨਵੀਨਰਾਂ ਗੁਰਬਿੰਦਰ ਖਹਿਰਾ, ਇੰਦਰ ਸੁਖਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਐਲਾਨ ਪਿਛਲੇ ਸਾਲ ਨਵੰਬਰ ਵਿਚ ਜਾਰੀ ਹੋਏ 'ਭਰੋਸਗੀ ਨੋਟੀਫਿਕੇਸ਼ਨ' ਦੇ ਛੇ ਮਹੀਨਿਆਂ ਮਗਰੋਂ ਵੀ ਲਟਕਿਆ ਹੋਇਆ ਹੈ। ਪੁਰਾਣੀ ਪੈਨਸ਼ਨ ਦੇ ਨਾਂ 'ਤੇ ਕੀਤੀ ਵਾਅਦਾ-ਖ਼ਿਲਾਫ਼ੀ ਵਿਰੁੱਧ ਲਾਮਬੰਦੀ ਲਈ ਜੂਨ ਮਹੀਨੇ 'ਚ ਐਨ.ਪੀ.ਐਸ. ਮੁਲਾਜ਼ਮਾਂ ਤੱਕ 'ਸੰਪਰਕ ਮੁਹਿੰਮ' ਚਲਾਈ ਜਾਵੇਗੀ।

# ਦੁਨੀਆ ਦੇ ਸਭ ਤੋਂ ਵੱਧ 'ਆਧੁਨਿਕ ਗੁਲਾਮ' ਭਾਰਤ ਵਿਚ

**ਸੰਯੁਕਤ ਰਾਸ਼ਟਰ:** ਦੁਨੀਆਂ ਦੇ 20 ਸਭ ਤੋਂ ਅਮੀਰ ਮੁਲਕਾਂ ਵਿਚ ਜਬਰੀ ਮਜ਼ਦੂਰੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਤਕਰੀਬਨ ਪੰਜ ਕਰੋੜ ਲੋਕਾਂ 'ਚੋਂ ਅੱਧਿਆਂ ਤੋਂ ਵੱਧ ਦੀ 'ਆਧੁਨਿਕ ਗੁਲਾਮੀ' ਲਈ ਇਹ ਦੇਸ਼ ਹੀ ਜ਼ਿੰਮੇਵਾਰ ਹਨ। ਇਨ੍ਹਾਂ ਮੁਲਕਾਂ 'ਚੋਂ ਪਹਿਲਾ ਸਥਾਨ ਭਾਰਤ ਤੇ ਦੂਜਾ ਸਥਾਨ ਚੀਨ ਦਾ ਹੈ। ਜਾਰੀ ਹੋਈ ਇੱਕ ਰਿਪੋਰਟ 'ਚ ਇਹ ਦਾਅਵਾ ਕੀਤਾ ਗਿਆ ਹੈ।



ਮਨੁੱਖੀ ਅਧਿਕਾਰ ਸੰਗਠਨ 'ਵਾਕ ਫਰੀ ਫਾਊਂਡੇਸ਼ਨ' ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਜੀ-20 ਸਮੂਹ ਦੇ ਛੇ ਮੁਲਕਾਂ 'ਚੋਂ ਸਭ ਤੋਂ ਵੱਧ ਗਿਣਤੀ 'ਚ ਲੋਕ ਆਧੁਨਿਕ ਗੁਲਾਮੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਤੋਂ ਜਾਂ ਤਾਂ ਜਬਰੀ ਮਜ਼ਦੂਰੀ ਕਰਵਾਈ ਜਾ ਰਹੀ ਹੈ ਜਾਂ ਉਨ੍ਹਾਂ ਨੂੰ ਵਿਆਹ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਸੂਚੀ ਵਿਚ 1.1 ਕਰੋੜ ਲੋਕਾਂ ਨਾਲ ਭਾਰਤ ਪਹਿਲੇ ਸਥਾਨ 'ਤੇ ਹੈ। ਉਸ ਤੋਂ ਬਾਅਦ ਚੀਨ (58 ਲੱਖ), ਰੂਸ (19 ਲੱਖ), ਇੰਡੋਨੇਸ਼ੀਆ (18 ਲੱਖ), ਤੁਰਕੀ (13 ਲੱਖ) ਅਤੇ ਅਮਰੀਕਾ (11 ਲੱਖ) ਦਾ ਸਥਾਨ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਆਧੁਨਿਕ ਗੁਲਾਮੀ ਦੀ ਘੱਟੋ ਘੱਟ ਮੌਜੂਦਗੀ ਵਾਲੇ ਦੇਸ਼ਾਂ ਵਿੱਚ ਸਵਿਟਜ਼ਰਲੈਂਡ, ਨਾਰਵੇ, ਜਰਮਨੀ, ਨੀਦਰਲੈਂਡਜ਼, ਸਵੀਡਨ, ਡੈਨਮਾਰਕ, ਬੈਲਜੀਅਮ, ਆਇਰਲੈਂਡ, ਜਪਾਨ ਤੇ ਫਿਨਲੈਂਡ ਸ਼ਾਮਲ ਹਨ ਅਤੇ ਇਨ੍ਹਾਂ 'ਚੋਂ ਵੀ ਜ਼ਿਆਦਾਤਰ ਮੁਲਕ ਜੀ-20 ਦੇ ਮੈਂਬਰ ਹਨ। ਰਿਪੋਰਟ 'ਚ ਕਿਹਾ ਗਿਆ ਹੈ, 'ਹਾਲਾਂਕਿ ਇਨ੍ਹਾਂ ਦੇਸ਼ਾਂ 'ਚ ਵੀ ਉਨ੍ਹਾਂ ਦੇ ਆਰਥਿਕ ਵਿਕਾਸ ਦੇ ਉੱਚੇ ਪੱਧਰ, ਲਿੰਗਿਕ ਬਰਾਬਰੀ, ਸਮਾਜ ਭਲਾਈ ਅਤੇ ਸਿਆਸੀ ਸਥਿਰਤਾ ਤੇ ਮਜ਼ਬੂਤ ਅਪਰਾਧਿਕ ਨਿਆਂ ਪ੍ਰਣਾਲੀ ਦੇ ਬਾਵਜੂਦ ਹਜ਼ਾਰਾਂ ਲੋਕ ਜਬਰੀ ਕੰਮ ਕਰਨ ਜਾਂ ਵਿਆਹ ਕਰਨ ਲਈ ਮਜਬੂਰ ਹਨ।'

ਪਿਛਲੇ ਸਾਲ ਸਤੰਬਰ 'ਚ ਸੰਯੁਕਤ ਰਾਸ਼ਟਰ ਦੇ ਕੌਮਾਂਤਰੀ ਕਿਰਤ ਸੰਗਠਨ ਤੇ ਕੌਮਾਂਤਰੀ ਪਰਵਾਸ ਸੰਗਠਨ ਅਤੇ ਵਾਕ ਫਰੀ ਨੇ ਇਹ ਅਨੁਮਾਨ ਜ਼ਾਹਿਰ ਕੀਤਾ ਸੀ ਕਿ 2021 ਦੇ ਅੰਤ ਤੱਕ ਪੰਜ ਕਰੋੜ ਲੋਕ ਆਧੁਨਿਕ ਗੁਲਾਮੀ ਝੱਲਣ ਲਈ ਮਜਬੂਰ ਸੀ ਜਿਨ੍ਹਾਂ 'ਚੋਂ 2.8 ਕਰੋੜ ਲੋਕਾਂ ਨੇ ਜਬਰੀ ਮਜ਼ਦੂਰੀ ਦਾ ਸਾਹਮਣਾ ਕੀਤਾ ਅਤੇ 2.2 ਕਰੋੜ ਲੋਕਾਂ ਦਾ ਜਬਰੀ ਵਿਆਹ ਕਰ ਦਿੱਤਾ ਗਿਆ। ਇਹ ਸਾਲ 2016 ਮੁੱਕਣ ਤੋਂ ਸਿਰਫ ਪੰਜ ਸਾਲਾਂ ਅੰਦਰ ਇਕ ਕਰੋੜ ਲੋਕਾਂ ਦਾ ਵਾਧਾ ਹੈ। ਰਿਪੋਰਟ ਅਨੁਸਾਰ 2021 ਦੇ ਅੰਤ ਤੱਕ ਸਭ ਤੋਂ ਵੱਧ ਗਿਣਤੀ 'ਚ ਆਧੁਨਿਕ ਗੁਲਾਮੀ ਵਾਲੇ ਦੇਸ਼ਾਂ 'ਚ ਉੱਤਰ ਕੋਰੀਆ, ਐਰੀਟ੍ਰਿਆ, ਮੌਰੀਟਾਨੀਆ, ਸਾਊਦੀ ਅਰਬ ਤੇ ਤੁਰਕੀ ਵੀ ਸ਼ਾਮਲ ਸਨ।

# ਮਾਨ ਸਰਕਾਰ ਨੇ ਭ੍ਰਿਸ਼ਟ ਨੌਕਰਸ਼ਾਹਾਂ ਤੇ ਸਿਆਸਤਦਾਨਾਂ ਦੀ ਲਿਆਂਦੀ ਸ਼ਾਮਤ

**ਚੰਡੀਗੜ੍ਹ:** ਪੰਜਾਬ 'ਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵੱਲੋਂ ਭ੍ਰਿਸ਼ਟਾਚਾਰੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਮੁਹਿੰਮ ਸਦਕਾ ਪੰਜਾਬ ਸਰਕਾਰ ਨੇ ਸਾਲ ਪਹਿਲਾਂ ਜਾਰੀ ਕੀਤੇ 'ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ' ਨੰਬਰ 'ਤੇ ਆਈਆਂ ਸ਼ਿਕਾਇਤਾਂ ਦੇ ਆਧਾਰ 'ਤੇ ਵੱਖ-ਵੱਖ ਵਿਭਾਗਾਂ 'ਚ ਤਾਇਨਾਤ 300 ਤੋਂ ਵੱਧ ਭ੍ਰਿਸ਼ਟ ਅਧਿਕਾਰੀਆਂ ਨੂੰ ਜੇਲ੍ਹਾਂ ਵਿਚ ਬੰਦ ਕਰ ਕੀਤਾ ਹੈ, ਉਥੇ ਹੀ ਆਪਣੀ ਸਰਕਾਰ ਦੇ ਕੈਬਨਿਟ ਮੰਤਰੀ, ਵਿਧਾਇਕ ਸਣੇ ਸਾਬਕਾ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਵਿਰੁੱਧ ਵੀ ਕਾਰਵਾਈ ਕੀਤੀ ਹੈ।

ਜਾਣਕਾਰੀ ਅਨੁਸਾਰ ਸੂਬਾ ਸਰਕਾਰ ਕੋਲ 7920 ਸ਼ਿਕਾਇਤਾਂ ਪਹੁੰਚੀਆਂ ਸਨ ਜਿਸ ਵਿਚੋਂ 294 ਕੇਸ ਦਰਜ ਕਰਕੇ ਕੁੱਲ 339 ਜਣਿਆਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਜਾ ਚੁੱਕਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਾਸੀਆਂ ਦੇ ਨਾਮ ਵੀਡੀਓ ਸੰਦੇਸ਼ ਜਾਰੀ ਕਰਦਿਆਂ ਵੀ ਕਿਹਾ ਸੀ ਕਿ 'ਆਪ' ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ 'ਚੋਂ ਨਿਕਲੀ ਹੈ, ਜਿਸ ਵੱਲੋਂ ਪੰਜਾਬ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ



ਹਨ। ਉਨ੍ਹਾਂ ਕਿਹਾ ਕਿ ਕਾਰਜਕਾਲ ਸੰਭਾਲਣ ਦੇ ਪਹਿਲੇ ਦਿਨ ਤੋਂ ਹੀ ਭ੍ਰਿਸ਼ਟਾਚਾਰੀਆਂ ਨਾਲ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਗਈ। ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸੂਬੇ 'ਚ ਕਿਸੇ ਵੀ ਪ੍ਰਸ਼ਾਸਨਿਕ ਜਾਂ ਪੁਲਿਸ ਅਧਿਕਾਰੀ ਵੱਲੋਂ ਰਿਸ਼ਵਤ ਦੀ ਮੰਗ ਕੀਤੇ ਜਾਣ 'ਤੇ ਉਸ ਦੀ ਆਡੀਓ ਜਾਂ ਵੀਡੀਓ ਬਣਾ ਕੇ ਵਟਸਐੱਪ ਨੰਬਰ 95012-00200 'ਤੇ ਭੇਜੀ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਪੈਸੇ ਦੀ ਲੁੱਟ ਦਾ ਇਕ-ਇਕ ਰੁਪਿਆ ਹਰ ਕੀਮਤ ਉਤੇ ਵਸੂਲਿਆ ਜਾਵੇਗਾ। ਭ੍ਰਿਸ਼ਟਾਚਾਰ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਸਿਆਸਤਦਾਨਾਂ ਵਿਚ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ, ਭਾਰਤ ਭੂਸ਼ਣ ਆਸ਼ੂ ਤੇ ਸਾਧੂ ਸਿੰਘ ਧਰਮਸੋਤ ਸ਼ਾਮਲ ਹਨ। ਇਸੇ ਤਰ੍ਹਾਂ ਕੁਸ਼ਲਦੀਪ ਢਿੱਲੋਂ ਤੇ ਜੋਗਿੰਦਰ ਸਿੰਘ ਭੋਆ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸੂਬਾ ਸਰਕਾਰ ਵੱਲੋਂ ਕਈ ਆਈ.ਏ.ਐਸ. ਤੇ ਪੀ.ਸੀ.ਐੱਸ. ਅਧਿਕਾਰੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਸਾਲ 2017 ਤੋਂ 2022 ਦਰਮਿਆਨ ਕੈਪਟਨ ਅਮਰਿੰਦਰ ਸਿੰਘ ਤੇ ਚਰਨਜੀਤ ਸਿੰਘ ਚੰਨੀ ਵਜ਼ਾਰਤ 'ਚ ਸ਼ਾਮਲ 6 ਹੋਰ ਮੰਤਰੀਆਂ ਵਿਰੁੱਧ ਜਾਂਚ ਜਾਰੀ ਹੈ, ਜਿਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਕਈ ਸਾਬਕਾ ਵਿਧਾਇਕ ਵੀ ਜਾਂਚ ਦੇ ਘੇਰੇ ਵਿਚ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲੇ ਦਿਨ ਹੀ ਲੋਕਾਂ ਦੀ ਕਮਾਈ ਦੇ ਇਕ-ਇਕ ਪੈਸੇ ਨੂੰ ਬਚਾਉਣ ਤੇ ਲੋਕਾਂ ਦੇ ਕੰਮਾਂ 'ਤੇ ਲਗਾਉਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭਵਿੱਖ ਵਿਚ ਵੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਨੂੰ ਜਾਰੀ ਰੱਖਿਆ ਜਾਵੇਗਾ। ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਜਿੱਥੇ 300 ਤੋਂ ਵੱਧ ਅਧਿਕਾਰੀਆਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੈ। ਉੱਥੇ ਹੀ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਡਾ. ਵਿਜੈ ਸਿੰਗਲਾ ਵਿਰੁੱਧ ਵੀ ਸ਼ਿਕਾਇਤ ਮਿਲਣ 'ਤੇ ਉਨ੍ਹਾਂ ਵਿਰੁੱਧ ਕੇਸ ਦਰਜ ਕਰਕੇ ਕੈਬਨਿਟ ਵਿਚੋਂ ਬਾਹਰ ਕਰ ਦਿੱਤਾ ਸੀ।

## 'ਦਾਗੀ ਮੰਤਰੀਆਂ ਖਿਲਾਫ ਕਾਰਵਾਈ ਨਹੀਂ ਕੀਤੀ'

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ 'ਆਪ' ਨੂੰ ਸਵਾਲ ਕੀਤਾ ਕਿ ਉਸ ਨੇ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟੋਲੇਰੈਂਸ ਵਾਲੀ ਨੀਤੀ ਆਪਣੇ ਦਾਗੀ ਮੰਤਰੀਆਂ ਅਤੇ ਵਿਧਾਇਕਾਂ ਖ਼ਿਲਾਫ਼ ਲਾਗੂ ਕਿਉਂ ਨਹੀਂ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਿਆ ਕਿ ਉਹ ਇਸ਼ਤਿਹਾਰਬਾਜ਼ੀ ਕਰ ਕੇ ਪੰਜਾਬੀਆਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਨਾ ਕਰਨ। ਉਨ੍ਹਾਂ ਕਿਹਾ ਕਿ ਸੱਚਾਈ ਇਹ ਹੈ ਕਿ 'ਆਪ' ਸਰਕਾਰ ਹੁਣ ਤੱਕ ਦੀ ਸਭ ਤੋਂ ਭ੍ਰਿਸ਼ਟ ਸਰਕਾਰ ਹੈ।

## ਭਾਜਪਾ ਨਾਲ ਗੱਠਜੋੜ ਕਰਨਾ ਚਾਹੁੰਦੈ ਅਕਾਲੀ ਦਲ: ਵੜਿੰਗ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਔਖੇ ਸਮੇਂ 'ਚੋਂ ਗੁਜ਼ਰ ਰਿਹਾ ਹੈ, ਜਿਸ ਕਾਰਨ ਉਹ ਭਾਜਪਾ ਨਾਲ ਗੱਠਜੋੜ ਕਰਨ ਲਈ ਜ਼ਮੀਨ ਤਲਾਸ਼ ਰਿਹਾ ਹੈ। ਰਾਜਾ ਵੜਿੰਗ ਨੇ ਟਵੀਟ ਕਰਦਿਆਂ ਕਿਹਾ ਕਿ ਅਕਾਲੀ ਦਲ ਨੇ ਪਹਿਲਾਂ



ਰਾਸ਼ਟਰਪਤੀ ਚੋਣਾਂ ਵਿਚ ਭਾਜਪਾ ਦੀ ਹਮਾਇਤ ਕੀਤੀ ਅਤੇ ਹੁਣ ਨਵੇਂ ਸੰਸਦ ਭਵਨ ਦੇ ਉਦਘਾਟਨੀ ਸਮਾਗਮ ਵਿਚ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਭਾਜਪਾ ਨਾਲ ਗੱਠਜੋੜ ਕਰਨ ਲਈ ਭਾਜਪਾ ਦੀ ਹਾਂ 'ਚ ਹਾਂ ਮਿਲਾਉਣ ਲੱਗਾ ਹੋਇਆ ਹੈ। ਇਨ੍ਹਾਂ ਹਾਲਾਤ 'ਚ ਅਕਾਲੀ ਦਲ ਦਾ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਪਿੱਛੇ ਰਹਿ ਗਿਆ ਹੈ।

## ਮੁਲਾਜ਼ਮਾਂ ਦੀਆਂ ਤਨਖਾਹਾਂ 'ਚੋਂ ਕਟੌਤੀ ਨਾ ਕਰਨ ਦੇ ਹੁਕਮ

**ਚੰਡੀਗੜ੍ਹ:** ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਪੀ.ਐਸ.ਪੀ.ਸੀ.ਐਲ. ਮੁਲਾਜ਼ਮਾਂ ਦੀਆਂ ਸ਼ਿਕਾਇਤਾਂ 'ਤੇ ਤੁਰਤ ਕਾਰਵਾਈ ਕਰਦਿਆਂ ਵਿਭਾਗ ਨੂੰ ਮੁਲਾਜ਼ਮਾਂ ਦੀਆਂ ਤਨਖ਼ਾਹਾਂ 'ਚੋਂ ਵਸੂਲੀ ਨੂੰ ਰੋਕਣ ਦੇ ਹੁਕਮ ਦਿੱਤੇ ਹਨ। ਸੀ.ਆਰ.ਏ. 293/19, 294/19, 295/19 ਅਤੇ 296/19 ਦੇ ਤਹਿਤ ਜੁਲਾਈ 17, 2020 ਤੋਂ ਬਾਅਦ ਭਰਤੀ/ਨਿਯੁਕਤ ਕਰਮਚਾਰੀਆਂ ਦੀਆਂ ਤਨਖ਼ਾਹਾਂ ਦਾ ਮੁੱਦਾ ਉਨ੍ਹਾਂ ਦੇ ਧਿਆਨ ਵਿਚ ਲਿਆਂਦੇ ਜਾਣ ਤੋਂ ਬਾਅਦ ਉਨ੍ਹਾਂ ਵਿਭਾਗ ਨੂੰ ਮੁਲਾਜ਼ਮਾਂ ਦੀਆਂ ਤਨਖਾਹਾਂ 'ਚੋਂ ਰਿਕਵਰੀ ਨੂੰ ਰੋਕਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਸੀ.ਆਰ.ਏ. 293/19, 294/19, 295/19 ਅਤੇ 296/19 ਤਹਿਤ ਜੁਲਾਈ 17, 2020 ਤੋਂ ਬਾਅਦ ਭਰਤੀ/ਨਿਯੁਕਤ



ਕਰਮਚਾਰੀਆਂ ਦੀਆਂ ਤਨਖ਼ਾਹਾਂ ਜਾਰੀ ਕਰਨ ਸਬੰਧੀ ਹੁਕਮ ਜਾਰੀ ਕੀਤੇ ਹਨ।

## ਡਾਕਟਰਾਂ ਦਾ 'ਪੇਅ ਸਕੇਲ' ਮੁੜ ਸੋਧੇਗੀ ਮਾਨ ਸਰਕਾਰ

**ਨਵਾਂਸ਼ਹਿਰ:** ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਿਹਤ ਸੇਵਾਵਾਂ ਮਜ਼ਬੂਤ ਕਰਨ ਲਈ ਜਲਦੀ ਹੀ ਡਾਕਟਰਾਂ ਦੇ 'ਪੇਅ ਸਕੇਲ' ਨੂੰ ਮੁੜ ਸੋਧਿਆ ਜਾਵੇਗਾ। ਪਲਸ ਪੋਲੀਓ ਮੁਹਿੰਮ ਦੀ ਸ਼ੁਰੂਆਤ ਕਰਵਾਉਣ ਲਈ ਸ਼ਹੀਦ ਭਗਤ ਸਿੰਘ ਨਗਰ ਪਹੁੰਚੇ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਅਗਲੇ ਮਹੀਨੇ ਤੱਕ 550 ਡਾਕਟਰ ਨਵੇਂ ਆ ਜਾਣਗੇ, ਜਿਨ੍ਹਾਂ ਦੀ ਤਨਖਾਹ 30 ਹਜ਼ਾਰ ਤੋਂ ਵਧਾ ਕੇ 70 ਹਜ਼ਾਰ ਕੀਤੀ ਗਈ ਹੈ।

ਇਸ ਤੋਂ ਇਲਾਵਾ ਪਿਛਲੀ ਸਰਕਾਰ ਵੱਲੋਂ 7ਵੇਂ ਪੇਅ ਸਕੇਲ ਨੂੰ ਲਾਗੂ ਕਰਨ ਨਾਲ ਪੰਜਾਬ ਵਿਚ ਡਾਕਟਰਾਂ ਦੀ ਤਨਖਾਹ 1.41 ਲੱਖ ਤੋਂ ਘਟ ਕੇ 1.18 ਲੱਖ ਰਹਿ ਜਾਣ ਕਾਰਨ ਨੌਕਰੀਆਂ ਛੱਡ ਕੇ ਗੁਆਂਢੀ ਰਾਜਾਂ ਵਿੱਚ ਗਏ ਡਾਕਟਰਾਂ ਨਾਲ ਵੀ ਸੰਪਰਕ ਕੀਤਾ ਗਿਆ ਹੈ। ਉਨ੍ਹਾਂ ਨੂੰ 'ਪੇਅ ਸਕੇਲ' ਮੁੜ ਸੋਧ ਕੇ ਇੱਥੇ ਪੂਰੀ ਤਨਖਾਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪੰਜਾਬ ਨੂੰ ਲੋੜੀਂਦਾ ਮੈਡੀਕਲ ਸਟਾਫ਼ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਸੂਬੇ ਵਿਚ ਜ਼ੀਰੋ ਤੋਂ ਪੰਜ ਸਾਲ ਤੱਕ ਦੇ 14,83,072 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ।

## 'ਆਪ' ਸਰਕਾਰ ਨੇ ਝੂਠੇ ਪ੍ਰਚਾਰ ਰਾਹੀਂ ਕਰੋੜਾਂ ਖਰਚੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਸੂਬਾ ਸਰਕਾਰ 'ਤੇ ਝੂਠੇ ਪ੍ਰਚਾਰ ਰਾਹੀਂ ਕਰੋੜਾਂ ਰੁਪਏ ਬਰਬਾਦ ਕਰਨ ਦੇ ਦੋਸ਼ ਲਾਏ ਹਨ। ਇਕ ਬਿਆਨ ਰਾਹੀਂ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਦੇਸ਼ ਭਰ ਵਿਚ ਪੂਰੇ ਸਫੇ ਦਾ ਇਸ਼ਤਿਹਾਰ ਦੇ ਕੇ ਪੰਜਾਬ ਦੇ ਭ੍ਰਿਸ਼ਟਾਚਾਰ ਮੁਕਤ ਹੋਣ ਦੇ ਦਾਅਵੇ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਪੰਜਾਬੀਆਂ ਨੂੰ ਦੱਸਣ ਕਿ ਉਨ੍ਹਾਂ ਨੇ ਆਪਣੇ ਭ੍ਰਿਸ਼ਟ ਕੈਬਨਿਟ ਮੰਤਰੀਆਂ ਖ਼ਿਲਾਫ਼ ਹੁਣ ਤੱਕ ਕਾਰਵਾਈ ਕਿਉਂ ਨਹੀਂ ਕੀਤੀ। ਅਕਾਲੀ ਦਲ ਨੇ ਸੂਬੇ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਵੀ ਅਪੀਲ ਕੀਤੀ ਕਿ 'ਆਪ' ਸਰਕਾਰ ਵੱਲੋਂ ਚੋਣਾਂ ਵਿਚ ਸਿਆਸੀ ਲਾਹਾ ਲੈਣ ਵਾਸਤੇ ਸੂਬੇ ਤੋਂ ਬਾਹਰ ਦਿੱਤੇ ਸਾਰੇ ਇਸ਼ਤਿਹਾਰਾਂ ਦੀ ਜਾਂਚ ਕਰਵਾਈ ਜਾਵੇ ਅਤੇ ਜਾਣ ਉਪਰੰਤ ਅਜਿਹੇ ਸਾਰੇ ਇਸ਼ਤਿਹਾਰਾਂ ਦੇ ਪੈਸੇ ਆਮ ਆਦਮੀ ਪਾਰਟੀ ਕੋਲੋਂ ਵਸੂਲੇ ਜਾਣ।

## ਵਿਦੇਸ਼ ਤੋਂ ਆਏ ਨੌਜਵਾਨ ਵੱਲੋਂ ਭੂਆ ਦੇ ਪੁੱਤ ਦਾ ਕਤਲ

**ਜਗਰਾਉਂ:** ਪਿੰਡ ਚੌਂਕੀਮਾਨ ਵਿਚ ਵਿਦੇਸ਼ ਤੋਂ ਆਏ ਨੌਜਵਾਨ ਨੇ ਭੂਆ ਦੇ ਪੁੱਤ ਅਮਨਦੀਪ ਸਿੰਘ (29) ਦੇ ਸਿਰ ਵਿਚ ਦਾਤਰ ਮਾਰ ਕੇ ਕਤਲ ਕਰ ਦਿੱਤਾ। ਉਸ ਦੀ ਮਾਤਾ ਕੁਲਵੰਤ ਕੌਰ ਅਨੁਸਾਰ ਅਮਨਦੀਪ ਦੇ ਮਾਮੇ ਦਾ ਪੁੱਤਰ ਇਕਬਾਲ ਸਿੰਘ (26) ਵਾਸੀ ਜੋਧਾਂ ਕੁਝ ਸਮਾਂ ਇੰਗਲੈਂਡ ਰਹਿਣ ਮਗਰੋਂ ਪਿੰਡ ਪਰਤਿਆ ਸੀ। ਸ਼ਾਮ ਉਹ ਆਪਣੀ ਭੂਆ ਦੇ ਪਿੰਡ ਚੌਂਕੀਮਾਨ ਆਇਆ ਤੇ ਭੂਆ ਦੇ ਪੁੱਤਰ ਅਮਨਦੀਪ ਨੂੰ ਆਪਣੇ ਨਾਲ ਕਿਤੇ ਲੈ ਗਿਆ। ਬੱਲੋਵਾਲ ਕੋਲ ਜਾ ਕੇ ਉਸ ਨੇ ਅਮਨਦੀਪ ਦੇ ਸਿਰ 'ਤੇ ਦਾਤਰ ਨਾਲ ਹਮਲਾ ਕੀਤਾ ਜਿਸ ਕਾਰਨ ਉਸ ਦੀ ਮੌਤ ਹੋ ਗਈ। ਕਤਲ ਮਗਰੋਂ ਉਸ ਨੇ ਅਮਨਦੀਪ ਦੀ ਲਾਸ਼ ਸੁਧਾਰ ਵਾਲੀ ਨਹਿਰ 'ਚ ਸੁੱਟ ਦਿੱਤੀ ਸੀ।

## ਪੰਜਾਬ ਵਿਚ ਅਗਲੇ ਮਹੀਨੇ ਆਰੰਭ ਹੋਵੇਗੀ ਪਲੇਸਮੈਂਟ ਮੁਹਿੰਮ

**ਚੰਡੀਗੜ੍ਹ:** ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਅਗਲੇ ਮਹੀਨੇ ਸੂਬੇ ਵਿਚ ਪਲੇਸਮੈਂਟ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਇਸ ਸਬੰਧੀ ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਤਿਆਰੀਆਂ ਵਿੱਢਣ ਦੇ ਨਿਰਦੇਸ਼ ਦਿੱਤੇ ਹਨ। ਉਹ ਇਥੇ ਪੇਡਾ ਕੰਪਲੈਕਸ ਵਿਚ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਇਸ ਦੌਰਾਨ ਅਮਨ ਅਰੋੜਾ ਨੇ ਅਧਿਕਾਰੀਆਂ ਨੂੰ ਸਥਾਨਕ ਉਦਯੋਗਾਂ ਨਾਲ ਤਾਲਮੇਲ ਕਰਨ ਲਈ ਕਿਹਾ ਤਾਂ ਜੋ ਉਨ੍ਹਾਂ ਦੀਆਂ ਰੁਜ਼ਗਾਰ ਸਬੰਧੀ ਲੋੜਾਂ ਬਾਰੇ ਪਤਾ ਲਗਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਜੌਬ ਪੋਰਟਲ 'ਤੇ ਹੁਨਰਮੰਦ ਮਨੁੱਖੀ ਸ਼ਕਤੀ ਬਾਰੇ ਪੂਰੀ ਜਾਣਕਾਰੀ ਉਪਲਬਧ ਹੋਣੀ ਚਾਹੀਦੀ ਹੈ।

## ਭਾਜਪਾ 'ਚ ਸ਼ਾਮਲ ਹੋਏ ਸਾਬਕਾ ਕਾਂਗਰਸੀ ਵਜ਼ੀਰਾਂ 'ਤੇ ਸ਼ਿਕੰਜਾ ਕਸਣ ਦੀ ਤਿਆਰੀ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਨੇ ਦੋ ਸਾਬਕਾ ਵਜ਼ੀਰਾਂ ਗੁਰਪ੍ਰੀਤ ਸਿੰਘ ਕਾਂਗੜ ਤੇ ਬਲਬੀਰ ਸਿੰਘ ਸਿੱਧੂ ਨੂੰ ਮੁੜ ਤਲਬ ਕੀਤਾ ਹੈ। ਦੋਵੇਂ ਥੋੜ੍ਹਾ ਅਰਸਾ ਪਹਿਲਾਂ ਭਾਜਪਾ ਵਿਚ ਸ਼ਾਮਲ ਹੋਏ ਸਨ। ਸੂਤਰਾਂ ਅਨੁਸਾਰ ਭਾਜਪਾ 'ਚ ਸ਼ਾਮਲ ਹੋਣ ਵਾਲੇ ਸਾਬਕਾ ਵਜ਼ੀਰਾਂ ਖ਼ਿਲਾਫ਼ ਹੁਣ ਤੇਜ਼ੀ ਨਾਲ ਕਾਰਵਾਈ ਹੋਣ ਦੀ ਸੰਭਾਵਨਾ ਹੈ। ਪਿਛਲੇ ਸਮੇਂ ਦੌਰਾਨ ਭਾਜਪਾਈ ਬਣੇ ਕਾਂਗੜ ਅਤੇ ਬਲਬੀਰ ਸਿੱਧੂ ਖ਼ਿਲਾਫ਼ ਜਾਂਚ 'ਕੀੜੀ ਦੀ ਚਾਲ' ਹੋ ਗਈ ਸੀ। ਹੁਣ ਕੌਮੀ ਪੱਧਰ 'ਤੇ



'ਆਪ' ਅਤੇ ਭਾਜਪਾ ਸਰਕਾਰ ਖ਼ਿਲਾਫ਼ ਖਿੱਚੀਆਂ ਲਕੀਰਾਂ ਦਾ ਅਸਰ ਪੰਜਾਬ 'ਚ ਵੀ ਦੇਖਣ ਨੂੰ ਮਿਲੇਗਾ। ਆਉਂਦੇ ਦਿਨਾਂ ਵਿਚ ਈ.ਡੀ. ਜਾਂ ਸੀ.ਬੀ.ਆਈ. ਦਿੱਲੀ ਦੇ ਸ਼ਰਾਬ ਘੁਟਾਲੇ ਨੂੰ ਲੈ ਕੇ ਪੰਜਾਬ ਪੁੱਜ ਸਕਦੀ ਹੈ ਅਤੇ ਪੰਜਾਬ 'ਚ ਨਵੇਂ ਭਾਜਪਾਈਆਂ ਦੀਆਂ ਮੁਸ਼ਕਲਾਂ ਵਿਚ ਵੀ ਵਾਧਾ ਹੋ ਸਕਦਾ ਹੈ। ਸਾਬਕਾ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਗੋਡਿਆਂ ਦੇ ਅਪਰੇਸ਼ਨ ਕਾਰਨ ਵਿਜੀਲੈਂਸ ਤੋਂ ਡੇਢ ਮਹੀਨੇ ਦੀ ਮੋਹਲਤ ਲਈ ਹੋਈ ਸੀ।

ਵਿਜੀਲੈਂਸ ਰੇਂਜ ਦੇ ਅਫ਼ਸਰਾਂ ਨੇ ਜਦੋਂ ਥੋੜ੍ਹੇ ਦਿਨ ਪਹਿਲਾਂ ਨੋਟਿਸ ਕੀਤਾ ਕਿ ਕਾਂਗੜ ਭਾਜਪਾ ਦੀ ਕਾਰਜਕਾਰਨੀ ਦੀ ਸੰਗਰੂਰ ਮੀਟਿੰਗ 'ਚ ਸ਼ਾਮਲ ਹੋਏ ਹਨ ਤਾਂ ਅਫ਼ਸਰਾਂ ਨੇ ਉਨ੍ਹਾਂ ਦੇ ਹੁਣ ਠੀਕ ਹੋਣ ਦਾ ਅੰਦਾਜ਼ਾ ਲਗਾਇਆ। ਦੱਸਣਯੋਗ ਹੈ ਕਿ ਵਿਜੀਲੈਂਸ ਰੇਂਜ ਬਠਿੰਡਾ ਨੇ ਸਾਬਕਾ ਮੰਤਰੀ ਕਾਂਗੜ ਨੂੰ 17 ਅਪਰੈਲ ਨੂੰ ਤਲਬ ਕੀਤਾ ਸੀ ਪਰ ਕਾਂਗੜ ਨੇ ਇਸ ਦਿਨ ਮੈਡੀਕਲ ਸਰਟੀਫਿਕੇਟ ਭੇਜ ਦਿੱਤਾ ਸੀ।

ਫੋਰਟਿਸ ਹਸਪਤਾਲ ਮੁਹਾਲੀ ਵੱਲੋਂ ਜਾਰੀ ਮੈਡੀਕਲ ਸਰਟੀਫਿਕੇਟ ਅਨੁਸਾਰ 8 ਅਪਰੈਲ ਨੂੰ ਕਾਂਗੜ ਦਾ ਅਪਰੇਸ਼ਨ ਕਰ ਕੇ ਦੋਵੇਂ ਗੋਡੇ ਬਦਲੇ ਗਏ ਹਨ ਅਤੇ 13 ਅਪਰੈਲ ਨੂੰ ਕਾਂਗੜ ਨੂੰ ਹਸਪਤਾਲ 'ਚੋਂ ਛੁੱਟੀ ਕਰ ਦਿੱਤੀ ਗਈ ਸੀ। ਸਾਬਕਾ ਮੰਤਰੀ ਕਾਂਗੜ ਦੇ ਦੋਵੇਂ ਗੋਡਿਆਂ ਦੇ ਜੋੜ ਘਸ ਗਏ ਸਨ ਜਿਸ ਕਰਕੇ ਗੋਡੇ ਬਦਲਣੇ ਪਏ। ਫੋਰਟਿਸ ਵਿਭਾਗ ਦੇ ਸਬੰਧਤ ਵਿਭਾਗ ਦੇ ਡਾਇਰੈਕਟਰ ਨੇ ਕਾਂਗੜ ਨੂੰ ਛੇ ਹਫ਼ਤੇ ਆਰਾਮ ਕਰਨ ਦੀ ਸਲਾਹ ਦਿੱਤੀ ਸੀ। ਵਿਜੀਲੈਂਸ ਮੁਹਾਲੀ ਨੇ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਨੂੰ ਵੀ ਮੁੜ ਤਲਬ ਕਰ ਲਿਆ ਹੈ। ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲੇ ਵਿਚ ਸਿੱਧੂ ਤੋਂ ਵੀ ਪੁੱਛ-ਪੜਤਾਲ ਕੀਤੀ ਜਾਣੀ ਹੈ।

ਸੂਤਰ ਦੱਸਦੇ ਹਨ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵੀ ਜੂਨ ਦੇ ਪਹਿਲੇ ਹਫ਼ਤੇ ਤਲਬ ਕੀਤਾ ਜਾ ਸਕਦਾ ਹੈ। ਵਿਜੀਲੈਂਸ ਨੇ ਚੰਨੀ ਨੂੰ ਵੀ ਪਿਛਲੀ ਪੇਸ਼ੀ ਮੌਕੇ ਪ੍ਰਾਪਰਟੀ ਦੇ ਵੇਰਵਿਆਂ ਵਾਲਾ ਪ੍ਰੋਫਾਰਮਾ ਦਿੱਤਾ ਸੀ ਜਿਸ ਨੂੰ ਲੈ ਕੇ ਚੰਨੀ ਨੇ ਵਿਜੀਲੈਂਸ ਤੋਂ ਮੋਹਲਤ ਮੰਗੀ ਸੀ। ਹੁਣ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਮੁੱਖ ਮੰਤਰੀ ਚੰਨੀ 'ਤੇ ਇਕ ਕ੍ਰਿਕਟ ਖਿਡਾਰੀ ਦੇ ਹਵਾਲੇ ਨਾਲ ਇਲਜ਼ਾਮ ਲਾਏ ਹਨ ਤਾਂ ਮਾਮਲਾ ਹੋਰ ਭਖ ਗਿਆ ਹੈ। ਅੱਗਿਓਂ ਚੰਨੀ ਨੇ ਵੀ ਮੋੜਵਾਂ ਵਾਰ ਕੀਤਾ ਹੈ।

## ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਇਕਜੁੱਟ ਹੋਵੇ ਮੀਡੀਆ: ਚੰਨੀ

**ਮੋਰਿੰਡਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਨੇ ਆਪਣੀ ਰਿਹਾਇਸ਼ 'ਤੇ ਸੱਦੀ ਪ੍ਰੈੱਸ ਕਾਨਫਰੰਸ ਦੌਰਾਨ ਪੰਜਾਬ ਦੇ ਮੀਡੀਆ ਨੂੰ 'ਆਪ' ਸਰਕਾਰ ਵਿਰੁੱਧ ਇਕਜੁੱਟ ਹੋਣ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਮੀਡੀਆ ਦੀ ਆਜ਼ਾਦੀ ਖਤਮ ਕਰਨ ਲਈ ਹੇਠਲੇ ਪੱਧਰ ਤੱਕ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਵਿਜੀਲੈਂਸ ਵੱਲੋਂ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਨੋਟਿਸ ਭੇਜਣਾ ਨਿੰਦਣਯੋਗ ਹੈ। ਸਰਕਾਰ ਮੀਡੀਆ ਦੀਆਂ ਵੱਡੀਆਂ ਹਸਤੀਆਂ ਨੂੰ ਵਿਜੀਲੈਂਸ ਰਾਹੀਂ ਨੋਟਿਸ ਭੇਜ ਕੇ ਤੰਗ-ਪਰੇਸ਼ਾਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਮੀਡੀਆ ਵਿਰੁੱਧ ਬਦਲਾਖੋਰੀ ਦੀ ਨੀਤੀ ਤਹਿਤ ਡਾ. ਹਮਦਰਦ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 3 ਜੂਨ, 2023*

# ਕੁੜੀਆਂ ਨਾਲ ਵਧੀਕੀ

ਤਮਗੇ ਜੇਤੂ ਪਹਿਲਵਾਨ ਕੁੜੀਆਂ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੰਘਰਸ਼ ਹੁਣ ਭਾਵੇਂ ਕੌਮਾਂਤਰੀ ਪੱਧਰ 'ਤੇ ਪੁੱਜ ਗਿਆ ਹੈ ਪਰ'ਬੇਟੀਬਚਾਓ,ਬੇਟੀ ਪੜ੍ਹਾਓ'ਦਾਨਾਅਰਾਮਾਰਨਵਾਲੀਭਾਜਪਾਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਜੇ ਤੱਕ ਟੱਸ ਤੋਂ ਮੱਸ ਨਹੀਂ ਹੋਏ ਹਨ। ਕੌਮਾਂਤਰੀ ਓਲੰਪਿਕ ਕਮੇਟੀ ਦੇ ਤਰਜਮਾਨ ਨੇ ਲੁਸੇਨ (ਸਵਿੱਟਜ਼ਰਲੈਂਡ) ਤੋਂ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਪਹਿਲਵਾਨਾਂ ਨਾਲ ਜੋ ਵਿਹਾਰ ਕੀਤਾ ਗਿਆ ਹੈ, ਉਹ ਬਹੁਤ ਪ੍ਰੇਸ਼ਾਨ ਕਰਨ ਵਾਲਾ ਹੈ। ਕਮੇਟੀ ਨੇ ਭਾਰਤੀ ਓਲੰਪਿਕ ਐਸੋਸੀਏਸ਼ਨ ਜਿਸ ਦੀ ਪ੍ਰਧਾਨ ਆਪਣੇ ਵੇਲੇ ਦੀ ਮਸ਼ਹੂਰ ਦੌੜਾਕ ਪੀ.ਟੀ. ਊਸ਼ਾ ਹੈ ਤੇ ਉਹ ਇਸ ਮਸਲੇ 'ਤੇ ਕੁਝ ਵੀ ਨਹੀਂ ਕਰ ਰਹੀ, ਨੂੰ ਵੀ ਕਿਹਾ ਹੈ ਕਿ ਅਥਲੀਟਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਇਸੇ ਦੌਰਾਨ ਯੂਨਾਈਟਡ ਵਰਲਡ ਰੈਸਲਿੰਗ ਨੇ ਵੀ ਪਹਿਲਵਾਨਾਂ ਨਾਲ ਕੀਤੇ ਜਾ ਰਹੇ ਮਾੜੇ ਸਲੂਕ ਦੀ ਨਿੰਦਾ ਕੀਤੀ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਜੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੀ ਚੋਣ ਵੇਲੇ ਸਿਰ ਨਾ ਕਰਵਾਈ ਗਈ ਤਾਂ ਭਾਰਤ ਨੂੰ ਕੌਮਾਂਤਰੀ ਕੁਸ਼ਤੀ ਵਿਚੋਂ ਸਸਪੈਂਡ ਕਰ ਦਿੱਤਾ ਜਾਵੇਗਾ।ਭਾਰਤੀ ਓਲੰਪਿਕ ਐਸੋਸੀਏਸ਼ਨ ਨੇ ਕੁਸ਼ਤੀ ਸੰਸਥਾ ਦੀਆਂ ਸਰਗਰਮੀਆ ਜਾਰੀ ਰੱਖਣ ਲਈ ਪਿਛਲੇ ਮਹੀਨੇ ਐਡਹਾਕ ਕਮੇਟੀ ਬਣਾਈ ਸੀ, ਨਾਲ ਹੀ ਵਾਅਦਾ ਕੀਤਾ ਸੀ ਕਿ 45 ਦਿਨ ਦੇ ਅੰਦਰ-ਅੰਦਰ ਨਵੀਂ ਚੋਣ ਕਰਵਾ ਲਈ ਜਾਵੇਗੀ। ਇਸ ਹਿਸਾਬ ਨਾਲ ਹੁਣ ਸਿਰਫ ਦੋ ਹਫਤੇ ਬਾਕੀ ਰਹਿ ਗਏ ਹਨ ਪਰ ਨਵੀਂ ਚੋਣ ਲਈ ਅਜੇ ਤੱਕ ਕੋਈ ਨੋਟੀਫਿਕੇਸ਼ਨ ਤੱਕ ਜਾਰੀ ਨਹੀਂ ਕੀਤਾ ਗਿਆ।

ਯਾਦ ਰਹੇ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਹੈ ਜੋ ਭਾਜਪਾ ਦਾ ਸੰਸਦ ਮੈਂਬਰ ਹੈ,ਖਿਲਾਫ ਪਹਿਲਵਾਨ ਕੁੜੀਆਂਸੰਘਰਸ਼ ਲੜ ਰਹੀਆਂ ਹਨ। ਪਹਿਲਵਾਨਾਂ ਨੇ ਉਸ ਉਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਹਨ। ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਉਸ ਖਿਲਾਫ ਕੇਸ ਦਰਜ ਹੋ ਚੁੱਕੇ ਹਨ ਪਰ ਉਸ ਦੇ ਸਿਆਸੀ ਰਸੂਖ ਕਰ ਕੇ ਮੋਦੀ ਸਰਕਾਰ ਉਸ ਦੀ ਹਮਾਇਤ 'ਤੇ ਹੈ ਅਤੇ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ। ਯੂਨਾਈਟਡ ਵਰਲਡ ਰੈਸਲਿੰਗ ਨੇ ਤਾਂ ਉਸ ਖਿਲਾਫ ਚੱਲ ਰਹੀ ਜਾਂਚ ਦੇ ਪੱਧਰ 'ਤੇ ਵੀ ਇਤਰਾਜ਼ ਜਤਾਇਆ ਹੈ। ਇਸ ਮਾਮਲੇ ਵਿਚ ਹੁਣ ਤੱਕ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਨਾ ਕਰਨ ਅਤੇ ਐਤਵਾਰ ਨੂੰ ਨਵੇਂ ਸੰਸਦ ਭਵਨ ਵੱਲ ਮਾਰਚ ਦੌਰਾਨ ਪੁਲਿਸ ਵੱਲੋਂ ਕੀਤੀ ਵਧੀਕੀ ਦੇ ਰੋਸ ਵਜੋਂ ਆਪਣੇ ਤਮਗੇ ਗੰਗਾ ਵਿਚ ਜਲਪ੍ਰਵਾਹ ਕਰਨ ਲਈ ਪਹਿਲਵਾਨ ਕੁੜੀਆਂ ਹਰਿ ਕੀ ਪੌੜੀ (ਹਰਿਦੁਆਰ) ਪੁੱਜ ਗਈਆਂ। ਇਸ ਤੋਂ ਪਹਿਲਾਂ ਉਨ੍ਹਾਂ ਐਲਾਨ ਕਰ ਦਿੱਤਾ ਸੀ ਕਿ ਉਹ ਰੋਸ ਵਜੋਂ ਆਪਣੇ ਤਮਗੇ ਗੰਗਾ ਵਿਚ ਜਲ ਪ੍ਰਵਾਹ ਕਰ ਰਹੀਆਂ ਹਨ। ਉਂਝ, ਖਾਪਾਂ ਅਤੇ ਕਿਸਾਨ ਆਗੂ ਨਰੇਸ਼ ਟਿਕੈਤ ਦੇ ਦਖਲ ਤੋਂ ਬਾਅਦ ਕੁੜੀਆਂ ਨੇ ਐਨ ਆਖਰੀ ਮੌਕੇ ਆਪਣੀ ਇਹ ਯੋਜਨਾ ਮੁਲਤਵੀ ਕਰ ਦਿੱਤੀ। ਇਸੇ ਦੌਰਾਨ ਪਹਿਲਵਾਨਾਂ ਅਤੇ ਨਰੇਸ਼ ਟਿਕੈਤ ਨੇ ਸਰਕਾਰ ਨੂੰ ਪੰਜ ਦਿਨ ਦਾ ਅਲਟੀਮੇਟਮ ਦਿੱਤਾ ਹੈ ਅਤੇ ਕਿਹਾ ਕਿ ਜੇ ਸਰਕਾਰ ਮੰਗਾਂ ਮੰਨਣ ਵਿਚ ਨਾਕਾਮ ਰਹੀ ਤਾਂ ਉਹ ਗੰਗਾ ਵਿਚ ਤਮਗੇ ਪ੍ਰਵਾਹ ਕਰ ਦੇਣਗੇ। ਇਸ ਪੂਰੇ ਘਟਨਾਕ੍ਰਮ ਨੇ 1960 ਵਿਚ ਮਹਾਨ ਮੁੱਕੇਬਾਜ਼ ਮੁਹੰਮਦ ਅਲੀ ਵੱਲੋਂ ਅਮਰੀਕਾ ਵਿਚ ਨਸਲੀ ਵਿਤਕਰੇ ਖਿਲਾਫ਼ ਰੋਸ ਵਜੋਂ ਨਦੀ ਵਿਚ ਆਪਣਾ ਓਲੰਪਿਕ ਸੋਨ ਤਮਗਾ ਸੁੱਟਣ ਦੀ ਘਟਨਾ ਤਾਜ਼ੀ ਕਰ ਦਿੱਤੀ।

ਜਿਸ ਇਤਿਹਾਸਕ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ, ਉਸੇ ਦਿਨ ਹੀ ਦਿੱਲੀ ਵਿਚ ਕੋਝੇ ਦ੍ਰਿਸ਼ ਦੇਖਣ ਨੂੰ ਮਿਲੇ। ਨਵੇਂ ਸੰਸਦ ਭਵਨ ਵੱਲ ਪੈਦਲ ਵਧ ਰਹੀਆਂ ਪ੍ਰਦਰਸ਼ਨਕਾਰੀ ਪਹਿਲਵਾਨਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸੁਰੱਖਿਆ ਕਰਮਚਾਰੀਆਂ ਨੇ ਰੋਕਣ ਦਾ ਯਤਨ ਕੀਤਾ। ਪੁਲਿਸ ਨੇ ਕੌਮਾਂਤਰੀ ਪੱਧਰ ਦੀਆਂ ਮਹਿਲਾ ਪਹਿਲਵਾਨਾਂ ਸਾਕਸ਼ੀ ਮਲਿਕ ਅਤੇ ਵਿਨੇਸ਼ ਫੋਗਾਟ ਸਮੇਤ ਸੌ ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ 'ਚ ਲੈਣ ਦੇ ਨਾਲ ਨਾਲ ਜੰਤਰ-ਮੰਤਰ 'ਤੇ ਉਨ੍ਹਾਂ ਦੇ ਧਰਨੇ ਵਾਲੀ ਥਾਂ ਨੂੰ ਖਾਲੀ ਕਰਵਾਉਣ ਲਈ ਤਾਕਤ ਦੀ ਵਰਤੋਂ ਵੀ ਕੀਤੀ। ਇਸ ਮਾਮਲੇ ਵਿਚ ਦਰਜ ਕੇਸ ਮੁਤਾਬਿਕ ਪਹਿਲਵਾਨਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਪੁਲਿਸ ਦੀ ਇਸ ਚਿਤਾਵਨੀ ਨੂੰ ਨਜ਼ਰਅੰਦਾਜ਼ ਕਰ ਦਿੱਤਾ ਕਿ ਉਦਘਾਟਨੀ ਸਮਾਗਮ ਦੌਰਾਨ ਹੁੱਲੜਬਾਜ਼ੀ ਕਰਨ ਨਾਲ ਰਾਸ਼ਟਰ ਦੇ ਮਾਣ ਨੂੰ ਠੇਸ ਪੁੱਜੇਗੀ। ਐਫ.ਆਈ.ਆਰ. ਵਿਚ ਇਹ ਵੀ ਕਿਹਾ ਗਿਆ ਹੈ ਕਿ ਪਹਿਲਵਾਨਾਂ ਨਾਲ ਹੱਥੋ-ਪਾਈ 'ਚ ਮਹਿਲਾ ਪੁਲਿਸ ਕਰਮੀਆਂ ਸਮੇਤ 15 ਸੁਰੱਖਿਆ ਕਰਮਚਾਰੀ ਜ਼ਖ਼ਮੀ ਹੋਏ ਹਨ। ਪੁਲੀਸ ਨੇ ਜੰਤਰ-ਮੰਤਰ ਵਿਚ ਧਰਨਾ ਦੇਣ ਵਾਲੇ ਪ੍ਰਦਰਸ਼ਨਕਾਰੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਸਣੇ ਪੂਰੀ ਦਿੱਲੀ ਵਿਚ 700 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਲਿਆ। ਪ੍ਰਦਰਸ਼ਨਕਾਰੀਆਂ ਦੀ ਹਮਾਇਤ ਲਈ ਦਿੱਲੀ ਆ ਰਹੇ ਕਿਸਾਨਾਂ ਅਤੇ ਹੋਰ ਲੋਕਾਂ ਨੂੰ ਗਾਜ਼ੀਪੁਰ, ਸਿੰਘੂ ਅਤੇ ਟਿੱਕਰੀ ਬਾਰਡਰਾਂ 'ਤੇ ਰੋਕਿਆ ਗਿਆ। ਹਰਿਆਣੇ ਦੇ ਕਈ ਜ਼ਿਲ੍ਹਿਆਂ ਵਿਚ ਕਿਸਾਨ ਆਗੂਆਂ ਨੂੰ ਹਿਰਾਸਤ ਵਿਚ ਲਿਆ ਗਿਆ ਅਤੇ ਉਨ੍ਹਾਂ ਨੂੰ ਦਿੱਲੀ ਵੱਲ ਵਧਣ ਨਾ ਦਿੱਤਾ ਗਿਆ।

ਅਸਲ ਵਿਚ ਮੋਦੀ ਸਰਕਾਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਕਾਰਵਾਈ ਕਰਨ ਤੋਂ ਇਨਕਾਰੀ ਹੈ। ਜੇ ਮੋਦੀ ਸਰਕਾਰ ਮਹਿਲਾ ਪਹਿਲਵਾਨਾਂ ਦੀਆਂ ਸ਼ਿਕਾਇਤਾਂ ਦਾ ਨਿਬੇੜਾ ਕਰਨ ਲਈ ਤਤਪਰ ਹੁੰਦੀ ਤਾਂ ਐਤਵਾਰ ਵਾਲੀ ਘਟਨਾ ਨਾ ਵਾਪਰਦੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਸੱਤਾਧਾਰੀ ਪਾਰਟੀ ਦਾ ਕੋਈ ਨੁਮਾਇੰਦਾ ਨਾ ਤਾਂ ਪ੍ਰਦਰਸ਼ਨਕਾਰੀਆਂ ਨੂੰ ਮਿਲਣ ਹੀ ਗਿਆ ਹੈ ਅਤੇ ਨਾ ਹੀ ਉਨ੍ਹਾਂ ਨੂੰ ਗੱਲਬਾਤ ਲਈ ਸੱਦਿਆ ਗਿਆ। ਹਾਲਾਤ ਇਸੇ ਲਈ ਵੱਸੋਂ ਬਾਹਰ ਹੋ ਗਏ ਕਿਉਂਕਿ ਪ੍ਰਦਰਸ਼ਨਕਾਰੀਆਂ ਨੂੰ ਜਾਪਿਆ ਕਿ ਸੱਤਾਧਾਰੀ ਉਨ੍ਹਾਂ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ। ਦਰਅਸਲ, ਮੋਦੀ ਸਰਕਾਰ ਹੁਣ ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਦੀਆਂ ਗਿਣਤੀਆਂ-ਮਿਣਤੀਆਂਵਿਚ ਪਈ ਹੋਈ ਹੈ। ਇਸੇ ਕਰ ਕੇ ਹੀ ਇਹ ਬ੍ਰਿਜ ਭੂਸ਼ਣ ਸ਼ਰਨ ਸਿੰਘ ਜੋ ਆਪਣੇ ਇਲਾਕੇ ਵਿਚ ਬਹੁਤ ਜ਼ਿਆਦਾ ਸਿਆਸੀ ਅਸਰ-ਰਸੂਖ ਰੱਖਦਾ ਹੈ, ਖਿਲਾਫ ਕੋਈ ਕਾਰਵਾਈ ਨਹੀਂ ਕਰ ਰਹੀ ਪਰ ਪਹਿਲਵਾਨਾਂ ਵੱਲੋਂ ਤਮਗੇ ਗੰਗਾ ਵਿਚ ਵਹਾਉਣ ਦੇ ਫੈਸਲੇ ਨੇ ਦਰਸਾ ਦਿੱਤਾ ਹੈ ਕਿ ਉਹ ਵੀ ਅੰਤ ਤੱਕ ਲੜਾਈ ਲੜਨ ਲਈ ਤਿਆਰ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜਥੇਦਾਰ ਬਨਾਮ ਭਰਦਾਨ !*

ਤਖਤ ਸਾਹਿਬ ਨੇ ਦਿੱਤਾ ਸੀ ਹੁਕਮ ਭਾਈ, ਚੈਨਲ ਆਪਣਾ 'ਆਪ' ਚਲਾਉ ਜਲਦੀ।
ਸੰਗਤ ਵਲੋਂ ਇਤਰਾਜ਼ ਹਨ ਬਹੁਤ ਆਏ 'ਇੱਕੋ' ਚੈਨਲ ਤੋਂ ਖਹਿੜਾ ਛੁਡਾਉ ਜਲਦੀ।
ਮੰਨਿਆਂ ਹੁਕਮ ਨਾ 'ਛੋਟੇ ਪ੍ਰਧਾਨ ਜੀ' ਨੇ, ਦੇ'ਤਾ 'ਟੈਂਡਰਾਂ' ਵਾਲ਼ਾ ਸੁਝਾਉ ਜਲਦੀ।
ਚੋਰ-ਮੋਰੀਆਂ 'ਸ਼ਰਤਾਂ' ਵਿਚ ਦੱਸੀਆਂ ਨੇ, 'ਪਹਿਲਾਂ ਵਾਲ਼ੇ' ਹੀ ਲਾਣਗੇ ਦਾਉ ਜਲਦੀ।
'ਕੋਈ ਦੂਸਰਾ' ਮੰਨੇਂ ਨਾ ਹੁਕਮ ਜਿਹੜਾ, 'ਉਤਲੇ' ਆਖਦੇ 'ਬਾਗੀ' ਝੁਕਾਉ ਜਲਦੀ।
ਸਿੰਘ ਸਾਹਬ ਜੇ ਕਰੇ ਇਨਕਾਰ ਅੱਗਿਉਂ, ਉਸਨੂੰ ਕਹਿੰਦੇ ਨੇ ਘਰਾਂ ਨੂੰ ਜਾਉ ਜਲਦੀ !

# ਖਾੜੀ ਮੁਲਕਾਂ 'ਚ ਫਸੀਆਂ ਪੰਜਾਬੀ ਕੁੜੀਆਂ ਦਾ ਗੁਨਾਹਗਾਰ ਕੌਣ?

***ਓਮਾਨ ਵਿਚੋਂ ਪੰਜਾਬੀ ਔਰਤਾਂ ਨੂੰ ਬਚਾਉਣ ਦੇ ਮਾਮਲੇ ਤੋਂ ਬਾਅਦ ਠੱਗ ਟਰੈਵਲ ਏਜੰਟਾਂ ਦਾ ਮਸਲਾ ਇਕ ਵਾਰ ਫਿਰ ਉਭਰਿਆ ਹੈ। ਉਂਝ, ਹਕੀਕਤ ਇਹ ਹੈ ਕਿ ਅਜਿਹੀਆਂ ਘਟਨਾਵਾਂ ਤੋਂ ਬਾਅਦ ਥੋੜ੍ਹੀ ਜਿਹੀ ਹਲਚਲ ਤਾਂ ਜ਼ਰੂਰ ਹੁੰਦੀ ਹੈ ਪਰ ਬਾਅਦ ਵਿਚ ਪਰਨਾਲਾ ਫਿਰ ਉਥੇ ਦਾ ਉਥੇ ਹੀ ਰਹਿੰਦਾ ਹੈ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਪਿਛਲੇ ਦਿਨੀਂ 'ਆਪ' ਦੇ ਰਾਜ ਸਭਾ ਮੈਂਬਰ ਬਿਕਰਮਜੀਤ ਸਿੰਘ ਸਾਹਨੀ ਨੇ ਖਾੜੀ ਮੁਲਕ ਵਿਚ ਫਸੀਆਂ ਕੁੜੀਆਂ ਦੀ ਸੋਸ਼ਲ ਮੀਡੀਆ 'ਤੇ ਵੀਡੀਓ ਸ਼ੇਅਰ ਕੀਤੀ ਜਿਸ ਵਿਚ ਦੇਸ਼ ਵਾਪਸੀ ਲਈ ਗੁਹਾਰ ਲਾ ਰਹੀਆਂ ਉਹ ਕੁੜੀਆਂ ਕਹਿ ਰਹੀਆਂ ਸਨ ਕਿ 'ਅਸੀਂ ਇੱਥੇ ਬਹੁਤ ਦਿੱਕਤ ਵਿਚ ਹਾਂ, ਕਿਰਪਾ ਕਰ ਕੇ ਸਾਨੂੰ ਇੱਥੋਂ ਕੱਢੋ, ਅਸੀਂ ਓਮਾਨ ਵਿਚ ਫਸੀਆਂ ਹੋਈਆਂ ਹਾਂ, ਸਾਡੀ ਹਾਲਤ ਬਹੁਤ ਖਰਾਬ ਹੈ'। ਇਸ ਵੀਡੀਓ ਤੋਂ ਅਣਮਨੁੱਖੀ ਹਾਲਾਤ ਵਿਚ ਭੁੱਖੀਆਂ ਤਿਹਾਈਆਂ ਰਹਿ ਰਹੀਆਂ ਇਹਨਾਂ ਕੁੜੀਆਂ ਦਾ ਦਰਦ ਮਹਿਸੂਸ ਕੀਤਾ ਜਾ ਸਕਦਾ ਹੈ। ਬਾਅਦ ਵਿਚ ਆਏ ਕੁਝ ਤੱਥਾਂ ਤੋਂ ਪਤਾ ਲੱਗਿਆ ਕਿ ਇਹਨਾਂ ਕੁੜੀਆਂ ਦੀ ਗਿਣਤੀ 35 ਹੈ ਜਿਨ੍ਹਾਂ ਵਿਚੋਂ ਹੁਣ ਤੱਕ ਅੱਧੀ ਦਰਜਨ ਦੇ ਕਰੀਬ ਕੁੜੀਆਂ ਵਾਪਸ ਲਿਆਂਦੀਆ ਜਾ ਚੁੱਕੀਆਂ ਹਨ ਤੇ ਬਾਕੀ ਕੁੜੀਆਂ ਦੀ ਵਾਪਸੀ ਲਈ ਕੋਸ਼ਿਸ਼ਾਂ ਜਾਰੀ ਹਨ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਕਿਸੇ ਮੁਲਕ ਵਿਚ ਫਸੀਆਂ 35 ਭਾਰਤੀ ਕੁੜੀਆਂ ਦੀ ਵਤਨ ਵਾਪਸੀ ਲਈ ਗੁਹਾਰ ਲਾਉਂਦੀ ਦੀ ਇਹ ਪਹਿਲੀ ਜਾਂ ਆਖਰੀ ਵੀਡੀਓ ਨਹੀਂ ਬਲਕਿ ਇਹ ਸਿਲਸਿਲਾ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਅਜਿਹੀ ਵੀਡੀਓ/ਮਸਲਾ ਸਾਹਮਣੇ ਆਉਣ ਤੋਂ ਬਾਅਦ ਸਰਕਾਰ ਵਿਦੇਸ਼ ਭੇਜਣ ਦੇ ਨਾਮ 'ਤੇ ਠੱਗੀ ਮਾਰਨ ਵਾਲੇ ਕੁਝ ਏਜੰਟਾਂ ਖਿਲਾਫ ਕਾਰਵਾਈ ਕਰਦੀ ਹੈ ਤੇ ਮਸਲਾ ਠੰਢਾ ਪੈਣ 'ਤੇ ਮੁੜ ਉਸੇ ਤਰ੍ਹਾਂ ਦਾ ਵਰਤਾਰਾ ਫਿਰ ਸਾਹਮਣੇ ਆਉਂਦਾ ਹੈ। ਮਸਲੇ ਦੀ ਜੜ੍ਹ ਕਦੇ ਫੜੀ ਹੀ ਨਹੀਂ ਗਈ।

ਮੌਜੂਦਾ ਮਾਮਲੇ ਵਿਚ ਵੀ ਪੰਜਾਬ ਸਰਕਾਰ ਨੇ ਆਈ.ਪੀ.ਐਸ. ਅਫਸਰ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਬਣਾ ਦਿੱਤੀ ਹੈ ਪਰ ਇਸ ਐਸ.ਆਈ.ਟੀ. ਦਾ ਦਾਇਰਾ ਤਾਂ ਸਿਰਫ ਧੋਖੇਬਾਜ਼ ਏਜੰਟਾਂ ਤੱਕ ਸੀਮਤ ਹੋਵੇਗਾ। ਸਵਾਲ ਤਾਂ ਇਸ ਤੋਂ ਕਿਤੇ ਵੱਡਾ ਹੈ ਜੋ ਐਸ.ਆਈ.ਟੀ. ਦੇ ਦਾਇਰੇ ਵਿਚ ਨਹੀਂ ਆਵੇਗਾ। ਸਾਡੇ ਲਈ ਤਾਂ ਅਹਿਮ ਹੈ ਉਹਨਾਂ ਕਾਰਨਾਂ ਜਾਂ ਗੁਨਾਹਗਾਰਾਂ ਦੀ ਨਿਸ਼ਾਨਦੇਹੀ ਕਾਰਨਾ ਜਿਹਨਾਂ ਕਰ ਕੇ ਇਹ ਕੁੜੀਆਂ ਆਪਣੇ ਮਾਤਾ-ਪਿਤਾ, ਪਤੀ, ਬੱਚੇ ਛੱਡ ਕੇ ਵਿਦੇਸ਼ ਜਾਣ ਲਈ ਠੱਗ ਏਜੰਟ ਦੇ ਜਾਲ ਵਿਚ ਫਸੀਆਂ ਹਨ।

ਪਰਵਾਸ ਕੋਈ ਮਾੜੀ ਗੱਲ ਨਹੀਂ; ਮਨੁੱਖ ਸਦੀਆਂ ਤੋਂ ਉਪਜਾਊ ਜ਼ਮੀਨ, ਵਰਤੋਂ ਯੋਗ ਪਾਣੀ, ਰਹਿਣ ਦੇ ਅਨੁਕੂਲ ਵਾਤਾਵਰਨ ਵੱਲ ਖਿੱਚਿਆ ਪਰਵਾਸ ਕਰ ਰਿਹਾ ਹੈ ਪਰ ਅੱਜ ਜੋ ਸਾਡੇ ਮੁਲਕ, ਖਾਸਕਰ ਪੰਜਾਬ ਤੋਂ ਪਰਵਾਸ ਹੋ ਰਿਹਾ ਹੈ, ਉਹ ਕੋਈ ਸ਼ੁੱਭ ਸੰਕੇਤ ਨਹੀਂ ਬਲਕਿ ਇਹ ਪਰਵਾਸ ਘੱਟ ਬਲਕਿ ਉਜਾੜਾ ਜ਼ਿਆਦਾ ਲੱਗ ਰਿਹਾ ਹੈ। ਦੁਨੀਆ ਦੀ ਸਭ ਤੋਂ ਵੱਧ ਉਪਜਾਊ ਧਰਤੀ ਜਿੱਥੇ ਪਾਣੀ ਨਾਲ ਭਰੀਆਂ ਨਹਿਰਾਂ ਦਾ ਜਾਲ ਵਿਛਿਆ ਹੋਇਆ ਹੈ ਤੇ ਇੱਥੋਂ ਦੀਆਂ ਰੁੱਤਾਂ, ਮੌਸਮਾਂ ਦਾ ਕੋਈ ਬਦਲ ਨਹੀਂ ਹੈ ਤਾਂ ਆਖਰ ਜੇ ਕੋਈ ਇਹ ਸਭ ਛੱਡ ਕੇ ਓਮਾਨ, ਮਸਕਟ, ਆਬੂਧਾਬੀ, ਇਰਾਨ ਵੱਲ ਜਾ ਰਿਹਾ ਹੈ ਤਾਂ ਜ਼ਰੂਰ ਇੱਥੋਂ ਦੇ ਪ੍ਰਬੰਧ ਵਿਚ ਦਿੱਕਤ ਹੋਵੇਗੀ। ਧੋਖੇਬਾਜ਼ ਏਜੰਟ ਤਾਂ ਦੋਸ਼ੀ ਹਨ ਹੀ ਹਨ ਪਰ ਅਸੀਂ ਹਕੂਮਤ ਨੂੰ ਵੀ ਇਸ ਮਾਮਲੇ ਵਿਚੋਂ ਮਨਫੀ ਨਹੀਂ ਕਰ ਸਕਦੇ। ਏਜੰਟਾਂ ਦੀ ਧੋਖਾਧੜੀ ਇਹ ਹੈ ਕਿ ਇੱਕ ਤਾਂ ਉਹ ਝੂਠੇ ਸਬਜ਼ਬਾਗ ਦਿਖਾਉਂਦੇ ਹਨ; ਦੂਜਾ, ਉਹ ਵਰਕ ਵੀਜ਼ੇ ਦੀ ਥਾਂ ਟੂਰਿਸਟ ਵੀਜ਼ੇ ਉੱਤੇ ਭੇਜਦੇ ਹਨ। ਜ਼ਿਆਦਾਤਰ ਏਜੰਟ ਔਰਤਾਂ ਦਾ ਕੁਝ ਹਫ਼ਤਿਆਂ ਲਈ ਕਿਸੇ ਵੀ ਖਾੜੀ ਮੁਲਕ, ਖਾਸਕਰ ਯੂ.ਏ.ਈ. ਦਾ ਵਿਜ਼ਟਰ ਵੀਜ਼ਾ ਲਗਵਾ ਕੇ ਭੇਜ ਦਿੰਦੇ ਹਨ। ਸੰਯੁਕਤ ਅਰਬ ਅਮੀਰਾਤ ਔਰਤਾਂ ਨੂੰ ਸੌਖਿਆਂ ਹੀ ਵਿਜ਼ਟਰ ਵੀਜ਼ਾ ਮੁਹੱਈਆ ਕਰ ਦਿੰਦਾ ਹੈ ਤੇ ਉੱਥੋਂ ਔਰਤਾਂ ਨੂੰ ਸੜਕ ਰਾਹੀਂ ਮਸਕਟ ਜਾਂ ਓਮਾਨ ਭੇਜਿਆ ਜਾਂਦਾ ਹੈ। ਉੱਥੇ ਪਹੁੰਚਣ 'ਤੇ ਉਨ੍ਹਾਂ ਦੇ ਪਾਸਪੋਰਟ ਫੜ ਲੈਂਦੇ ਹਨ ਤੇ ਅੱਗੇ ਵੇਚਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਏਜੰਟ ਦੋਸ਼ੀ ਹੈ ਕਿਉਂਕਿ ਉਸ ਨੇ ਝੂਠੇ ਸਬਜ਼ਬਾਗ ਦਿਖਾ ਕੇ ਗਲਤ ਵੀਜ਼ਾ ਲਗਵਾਇਆ ਪਰ ਕੀ ਏਜੰਟਾਂ ਜਿੱਡੇ ਹੀ ਧੋਖੇਬਾਜ਼ ਸਾਡੇ ਉਹ ਲੀਡਰ ਨਹੀਂ ਹਨ ਜੋ ਵੋਟਾਂ ਵੇਲੇ ਲੋਕਾਂ ਨੂੰ ਝੂਠੇ ਸਬਜ਼ਬਾਗ ਦਿਖਾਉਂਦੇ



ਹਨ ਤੇ ਬਾਅਦ ਵਿਚ 8-10 ਹਜ਼ਾਰ ਮਹੀਨਾ ਵਾਲੀ ਨੌਕਰੀ ਵੀ ਨਸੀਬ ਨਹੀਂ ਹੁੰਦੀ ਹੈ। ਤੱਥ ਤਾਂ ਇਹ ਹੈ ਕਿ ਵਿਦੇਸ਼ਾਂ ਵਿਚ ਕੰਮ ਮੁਹੱਈਆ ਕਰਾਉਣ ਦਾ ਝਾਂਸਾ ਦੇ ਕੇ ਠੱਗਣ ਵਾਲੇ ਏਜੰਟ ਰਾਤੋ-ਰਾਤ ਨਹੀਂ ਪਨਪੇ ਬਲਕਿ ਸਾਡੇ ਮੁਲਕ ਵਿਚ ਫੈਲੀ ਅਤਿ ਬੇਰੁਜ਼ਗਾਰੀ ਅਤੇ ਮਾੜੇ ਜੀਵਨ ਹਾਲਾਤ ਨੇ ਇਹਨਾਂ ਲਈ ਜ਼ਮੀਨ ਤਿਆਰ ਕੀਤੀ ਹੈ। ਜੇਕਰ ਸਾਡੀ ਸਰਕਾਰ ਇੱਥੇ ਹੀ ਹਰ ਨੌਜਵਾਨ ਨੂੰ ਉਸ ਦੀ ਯੋਗਤਾ ਅਨੁਸਾਰ ਰੁਜ਼ਗਾਰ ਅਤੇ ਰੁਜ਼ਗਾਰ ਅਨੁਸਾਰ ਮਿਹਨਤਾਨਾ ਮੁਹੱਈਆ ਕਰਵਾਏ, ਤੇ ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿਚ ਬੇਰੁਜ਼ਗਾਰੀ ਭੱਤਾ ਮੁਹੱਈਆ ਕਰੇ ਤਾਂ ਖਾੜੀ ਮੁਲਕਾਂ ਵਿਚ ਲੋਕ ਕਿਉਂ ਜਾਣਗੇ ਤੇ ਕਿਉਂ ਏਜੰਟਾਂ ਦੀ ਠੱਗੀ ਦਾ ਸ਼ਿਕਾਰ ਹੋਣਗੇ।

ਕੋਈ ਇਹ ਦਲੀਲ ਦੇ ਸਕਦਾ ਹੈ ਕਿ ਕੈਨੇਡਾ, ਅਮਰੀਕਾ, ਇੰਗਲੈਂਡ ਵਰਗੇ ਵਿਕਸਤ ਮੁਲਕਾਂ ਵੱਲ ਪਰਵਾਸ ਕਰਨ ਵਾਲੇ ਲੋਕਾਂ ਵਿਚੋਂ ਇੱਕ ਹਿੱਸਾ ਡਾਲਰਾਂ ਦੀ ਚਕਾਚੌਂਧ ਅਤੇ ਬਿਹਤਰ ਜੀਵਨ ਹਾਲਾਤ ਦਾ ਖਿੱਚਿਆ ਜਾਂਦਾ ਹੈ ਪਰ ਖਾੜੀ ਦੇਸ਼ਾਂ ਵਿਚ ਜਾਣ ਵਾਲੇ ਲੋਕਾਂ ਦਾ ਇੱਕੋ-ਇੱਕ ਕਾਰਨ ਬੇਰੁਜ਼ਗਾਰੀ ਤੇ ਗਰੀਬੀ ਹੈ। ਓਮਾਨ ਵਰਗੇ ਮੁਲਕਾਂ ਵਿਚ ਜ਼ਿਆਦਾਤਰ ਏਜੰਟ ਕੁੜੀਆਂ ਨੂੰ ਘਰੇਲੂ ਨੌਕਰ ਦੇ ਤੌਰ 'ਤੇ 20 ਤੋਂ 30 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿਵਾਉਣ ਦਾ ਝਾਂਸਾ ਦਿੰਦੇ ਹਨ। ਮਤਲਬ ਸਾਫ ਹੈ ਕਿ ਇੱਥੇ 8 ਤੋਂ 10 ਹਜ਼ਾਰ ਮਹੀਨਾਂ ਤਨਖਾਹ ਮਿਲਦੀ ਹੋਵੇ ਤਾਂ ਕੋਈ ਇਹਨਾਂ ਮੁਲਕਾਂ ਵਿਚ ਕਿਉਂ ਜਾਵੇ। ਖਾੜੀ ਮੁਲਕਾਂ ਦੇ ਸੱਭਿਆਚਾਰ ਅਤੇ ਕਾਨੂੰਨ ਪ੍ਰਬੰਧ ਦਾ ਸਾਡੇ ਨਾਲੋਂ ਬਹੁਤ ਵੱਡਾ ਵਖਰੇਵਾਂ ਹੈ। ਉੱਥੋਂ ਕੁੜੀਆਂ ਦੀ ਵਾਪਸੀ ਸੌਖਿਆਂ ਨਹੀਂ ਹੁੰਦੀ ਕਿਉਂਕਿ ਖਾੜੀ ਮੁਲਕਾਂ ਦੇ ਕਾਨੂੰਨ ਮੁਤਾਬਕ ਜਿਸ ਵਿਅਕਤੀ ਕੋਲ ਇਨ੍ਹਾਂ ਕੁੜੀਆਂ ਨੂੰ 'ਵੇਚਿਆ' ਗਿਆ ਹੈ, ਉਸ ਨੂੰ ਕੁਝ ਰਾਸ਼ੀ ਦੇ ਕੇ ਹੀ ਵਾਪਸ ਲਿਆਂਦਾ ਜਾ ਸਕਦਾ ਹੈ। ਪਿਛਲੇ ਸਮੇਂ ਦੌਰਾਨ ਖਾੜੀ ਮੁਲਕਾਂ ਵਿਚੋਂ ਬਚ ਕੇ ਆਈਆਂ ਕੁੜੀਆਂ ਨੇ ਜੋ ਤਲਖ ਹਕੀਕਤਾਂ ਦੱਸੀਆਂ ਹਨ, ਉਹ ਰੌਂਗਟੇ ਖੜ੍ਹੇ ਕਰਨ ਵਾਲੀਆਂ ਹਨ ਕਿ ਕਿਵੇਂ ਕਈ ਕੁੜੀਆਂ ਨੂੰ ਅੱਗੇ ਦੀ ਅੱਗੇ ਵੇਚਿਆ ਜਾਂਦਾ ਹੈ ਤੇ ਫਿਰ ਭੁੱਖੀਆਂ ਰੱਖ ਕੇ ਸਰੀਰਕ, ਮਾਨਸਿਕ ਤੇ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ। ਓਮਾਨ ਵਿਚ ਫਸੀਆਂ ਇਹਨਾਂ ਔਰਤਾਂ ਦੀ ਜ਼ਿੰਦਗੀ ਦੇ ਸਭ ਤੋਂ ਕੀਮਤੀ ਵਰ੍ਹੇ ਅਤੇ ਸੁਪਨੇ ਜਿੱਥੇ ਇਹਨਾਂ ਮੁਲਕਾਂ ਵਿਚ 'ਦਫਨ' ਹੋ ਗਏ ਉੱਥੇ ਹੀ ਵਤਨ ਵਾਪਸੀ 'ਤੇ ਵੀ ਇਹਨਾਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ/ਪਵੇਗਾ।

ਰੋਜ਼ੀ-ਰੋਟੀ ਦੀ ਖਾਤਰ ਯੂ.ਏ.ਈ. ਵਿਚ ਲੱਗਭੱਗ 35 ਲੱਖ ਭਾਰਤੀ ਕੰਮ ਕਰ ਰਹੇ ਹਨ ਜਿਨ੍ਹਾਂ ਵਿਚੋਂ ਕਰੀਬ 5 ਲੱਖ 25 ਹਜ਼ਾਰ ਆਬੂਧਾਬੀ ਅਤੇ ਲੱਗਭੱਗ 6 ਲੱਖ 73 ਹਜ਼ਾਰ ਓਮਾਨ ਵਿਚ ਕੰਮ ਕਰਦੇ ਹਨ। ਜ਼ਾਹਿਰ ਹੈ ਕਿ ਇਹਨਾਂ ਵਿਚੋਂ ਕਈ ਚੋਟੀ ਦੇ ਕਾਰੀਗਰ ਹੋਣਗੇ ਤੇ ਉਹਨਾਂ ਦੀਆਂ ਸੇਵਾਵਾਂ ਨਾਲ ਖਾੜੀ ਮੁਲਕ ਤਾਂ ਤਰੱਕੀ ਕਰ ਰਹੇ ਹਨ ਪਰ ਸਾਡਾ ਸਮਾਜ ਉਹਨਾਂ ਦੀਆਂ ਸੇਵਾਵਾਂ ਤੋਂ ਵਾਂਝਾ ਰਹਿ ਰਿਹਾ ਹੈ। ਬਰੇਨ-ਡਰੇਨ ਦਾ ਇਹ ਸਿਲਸਿਲਾ ਸਾਡੇ ਸਮਾਜ ਲਈ ਘਾਟੇਵੰਦ ਸਾਬਤ ਹੋ ਰਿਹਾ ਹੈ।

ਇਹ ਸੱਚ ਹੈ ਕਿ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਵਰਗੀਆਂ ਰਵਾਇਤੀ ਪਾਰਟੀਆਂ ਦੀਆਂ ਲੋਕ ਵਿਰੋਧੀ ਨੀਤੀਆਂ ਇੱਥੋਂ ਹੋ ਰਹੇ ਪਰਵਾਸ ਲਈ ਮੁੱਖ ਰੂਪ ਵਿਚ ਜ਼ਿੰਮੇਵਾਰ ਹਨ। ਇਹਨਾਂ ਸਰਕਾਰਾਂ ਕਾਰਨ ਪੰਜਾਬ ਵਿਚ ਫੈਲੀ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ੇ, ਅਨਿਸ਼ਚਤ ਭਵਿੱਖ ਦੇ ਚੱਲਦਿਆਂ ਅੱਜ ਪੰਜਾਬ ਦੀ ਜੁਆਨੀ ਦਾ ਵੱਡਾ ਹਿੱਸਾ ਜਾਇਜ਼-ਨਾਜਾਇਜ਼ ਢੰਗ ਨਾਲ ਵਿਦੇਸ਼ ਜਾਣ ਲਈ ਕਾਹਲਾ ਪਿਆ ਨਜ਼ਰ ਆ ਰਿਹਾ ਹੈ ਤੇ ਸਾਡੀਆਂ ਸਰਕਾਰਾਂ ਇਸ ਮਸਲੇ ਨੂੰ ਸੰਜੀਦਗੀ ਨਾਲ ਲੈਣ ਦੀ ਥਾਂ ਸਿਆਸੀ ਰੋਟੀਆਂ ਸੇਕ ਰਹੀਆਂ ਹਨ। ਸ਼ਾਇਦ ਇਸੇ ਕਾਰਨ ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਧਿਰਾਂ ਤੋਂ ਅੱਕੇ ਲੋਕਾਂ ਨੇ ਬਦਲਾਅ ਦਾ ਨਾਅਰਾ ਦੇਣ ਵਾਲੀ 'ਆਪ' ਨੂੰ ਸਰਕਾਰ ਚਲਾਉਣ ਲਈ ਚੁਣਿਆ ਸੀ। ਸੱਤਾ ਸੰਭਾਲਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ 'ਅੰਗਰੇਜ਼ ਇੱਥੇ ਆ ਕੇ ਨੌਕਰੀ ਕਰਿਆ ਕਰਨਗੇ' ਲੇਕਿਨ ਹਕੀਕਤ ਇਹ ਹੈ ਕਿ ਅੰਗਰੇਜ਼ਾਂ ਨੇ ਤਾਂ ਕੀ ਆਉਣਾ ਸੀ ਬਲਕਿ ਹੁਣ ਇਸੇ ਸਰਕਾਰ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸਕੂਲਾਂ/ਕਾਲਜਾਂ ਵਿਚ ਆਈਲੈਟਸ ਕਰਵਾਉਣ ਦੀਆਂ ਸਲਾਹਾਂ ਦੇ ਰਹੇ ਹਨ।

ਜੇਕਰ ਸਿਰਫ ਏਜੰਟਾਂ ਖਿਲਾਫ ਕਾਰਵਾਈ ਨਾਲ ਹੀ ਨਾਜਾਇਜ਼ ਢੰਗ ਨਾਲ ਵਿਦੇਸ਼ ਭੇਜਣ ਦੇ ਮਸਲੇ ਨੂੰ ਠੱਲ੍ਹ ਪਾਈ ਜਾ ਸਕਦੀ ਹੁੰਦੀ ਤਾਂ ਪੰਜਾਬੀਆਂ ਦੇ ਵਿਦੇਸ਼ ਜਾਣ ਨਾਲ ਜੁੜੀਆਂ ਤ੍ਰਾਸਦੀਆਂ ਵਿਚੋਂ ਇੱਕ, ਮਾਲਟਾ ਕਿਸ਼ਤੀ ਕਾਂਡ ਬਾਅਦ ਹੀ ਸਰਕਾਰ ਕਾਰਵਾਈ ਕਰ ਸਕਦੀ ਸੀ। ਉਦੋਂ ਦਸੰਬਰ 1996 ਵਿਚ ਸਮੁੰਦਰੀ ਰਸਤੇ ਅਫਰੀਕਾ ਤੋਂ ਯੂਰਪ ਜਾਣ ਦਾ ਤਰੱਦਦ ਕਰਦੇ ਮੁੰਡਿਆਂ ਦੀ ਕਿਸ਼ਤੀ ਡੁੱਬ ਜਾਣ ਕਾਰਨ 270 ਮੌਤਾਂ ਹੋਈਆਂ ਸਨ ਜਿਨ੍ਹਾਂ ਵਿਚੋਂ 170 ਮੁੰਡੇ ਪੰਜਾਬੀ ਸਨ। ਸਾਡੇ ਇੱਥੇ ਕੋਈ ਤਾਂ ਕਾਰਨ ਹਨ ਜੋ ਪੰਜਾਬੀ ਨੌਜਵਾਨ ਏਜੰਟਾਂ ਦੇ ਧੱਕੇ ਚੜ੍ਹ ਕੇ ਅਤੇ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਪਨਾਮਾ ਦੇ ਭਿਆਨਕ ਜੰਗਲਾਂ ਅਤੇ ਖਤਰਨਾਕ ਸਮੁੰਦਰੀ ਰਸਤਿਆਂ ਰਾਹੀਂ ਵਿਦੇਸ਼ ਜਾਣ ਦੀ ਕੋਸ਼ਿਸ਼ ਕਰ ਰਹੇ ਹਨ। ਟਰੈਵਲ ਏਜੰਟ ਦੇ ਧੱਕੇ ਚੜ੍ਹੇ ਪੰਜਾਬ ਦੇ ਦੋ ਨੌਜਵਾਨ ਇਸ ਸਮੇਂ ਇੰਡੋਨੇਸ਼ੀਆ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ।

ਸਰਕਾਰ ਸੰਜੀਦਗੀ ਨਾਲ ਸੋਚੇ ਤਾਂ ਮਸਲੇ ਦਾ ਹੱਲ ਸੌਖਿਆਂ ਹੀ ਨਿੱਕਲ ਸਕਦਾ ਹੈ ਤੇ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾ ਸਕਦੇ ਹਨ। ਕਣਕ-ਝੋਨੇ ਦੇ ਫਸਲੀ ਚੱਕਰ ਨੇ ਸਿਰਫ ਸਾਡਾ ਪਾਣੀ ਅਤੇ ਵਾਤਾਵਰਨ ਹੀ ਪਲੀਤ ਨਹੀਂ ਕੀਤਾ ਬਲਕਿ ਅਨੇਕਾਂ ਹੱਥ ਖੇਤੀ ਖੇਤਰ ਵਿਚੋਂ ਬਾਹਰ ਕੀਤੇ ਹਨ। ਜੇ ਸਰਕਾਰ ਸਬਜ਼ੀਆਂ 'ਤੇ ਐਮ.ਐਸ.ਪੀ. ਦੇਵੇ, ਗੁਆਂਢੀ ਮੁਲਕਾਂ ਨਾਲ ਵਪਾਰ ਦਾ ਰਾਹ ਖੋਲ੍ਹੇ ਤਾਂ ਖੇਤੀ ਖੇਤਰ ਵਿਚ ਅਨੇਕਾਂ ਕਾਮੇ ਸਮੋਏ ਜਾ ਸਕਦੇ ਹਨ। ਖੇਤੀ ਆਧਾਰਿਤ ਸਨਅਤਾਂ ਪੰਜਾਬ ਵਿਚ ਲੱਗਣ ਤਾਂ ਅਨੇਕਾਂ ਨੌਜਵਾਨਾਂ ਲਈ ਰੁਜ਼ਗਾਰ ਦਾ ਪ੍ਰਬੰਧ ਹੋ ਸਕਦਾ ਹੈ, ਸਵੈ-ਨਿਰਭਰਤਾ ਵਾਲੇ ਕਾਰੋਬਾਰ ਔਰਤਾਂ ਲਈ ਪਹਿਲ ਦੇ ਆਧਾਰ 'ਤੇ ਹੋਣ ਤਾਂ ਉਹਨਾਂ ਨੂੰ ਕੰਮ ਮਿਲ ਸਕਦਾ ਹੈ; ਭਾਵ, ਸੂਬੇ ਦੇ ਨੌਜਵਾਨਾਂ ਲਈ ਰੁਜ਼ਗਾਰ ਤੇ ਸਨਮਾਨਜਨਕ ਤਨਖਾਹਾਂ ਦਾ ਪ੍ਰਬੰਧ ਸਰਕਾਰ ਯਕੀਨੀ ਬਣਾਏ ਤਾਂ ਖਾੜੀ ਮੁਲਕਾਂ ਵੱਲ ਜਾਣ ਦੇ ਰੁਝਾਨ ਨੂੰ ਠੱਲ੍ਹ ਪੈ ਸਕਦੀ ਹੈ; ਨਹੀਂ ਤਾਂ ਨੌਜਵਾਨ ਇਸੇ ਤਰ੍ਹਾਂ ਮੌਤ ਦੇ ਮੂੰਹ ਜਾਂਦੇ ਰਹਿਣਗੇ।

# ਨਵੀਂ ਸੰਸਦ ਇਮਾਰਤ ਅਤੇ ਹਿੰਦੂ ਰਾਸ਼ਟਰ ਦਾ ਏਜੰਡਾ

***ਭਾਰਤੀ ਸਟੇਟ ਮਖੌਟਾਨੁਮਾ ਸੰਸਦੀ ਲੋਕਤੰਤਰ ਤੋਂ ਫਾਸ਼ੀਵਾਦੀ ਧਰਮਤੰਤਰੀ ਰਾਜ 'ਚ ਬਦਲ ਰਿਹਾ ਹੈ। ਆਰ.ਐੱਸ.ਐੱਸ.-ਭਾਜਪਾ ਦੀ ਅਗਵਾਈ 'ਚ ਭਗਵੇਂ ਰੰਗ ਵਿਚ ਰੰਗੇ 'ਵਿਸ਼ਵ ਗੁਰੂ' ਦਾ ਅਸਲ ਚਿਹਰਾ ਦਿਨੋ-ਦਿਨ ਹੋਰ ਜ਼ਿਆਦਾ ਉਘੜ ਰਿਹਾ ਹੈ। ਨਵੀਂ ਇਮਾਰਤ ਦੇ ਅੰਦਰ 'ਰਾਜਦੰਡ' ਹਾਸਲ ਕਰਨ ਦੇ ਕਰਮ ਕਾਂਡ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਿੰਦੂ ਮੱਠ ਦੇ ਪੁਜਾਰੀਆਂ ਕੋਲੋਂ ਕਰਵਾਏ ਪਰ ਭਵਨ ਦੇ ਬਾਹਰ ਸਾਰੇ ਧਰਮਾਂ ਨੂੰ ਮਹੱਤਵ ਦੇਣ ਦਾ ਢੌਂਗ ਵੀ ਕੀਤਾ। ਇਨ੍ਹਾਂ ਸਮੁੱਚੇ ਹਾਲਾਤ ਦੀ ਪੁਣਛਾਣ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

28 ਮਈ ਨੂੰ ਜਦੋਂ ਮੋਦੀ ਹਕੂਮਤ ਦੀ ਸ਼ਿਸ਼ਕੇਰੀ ਪੁਲਿਸ ਜੰਤਰ-ਮੰਤਰ ਉੱਪਰ ਔਰਤ ਪਹਿਲਵਾਨਾਂ ਦੇ ਧਰਨੇ ਨੂੰ ਡੰਡੇ ਦੇ ਜ਼ੋਰ ਖਦੇੜ ਕੇ ਉਨ੍ਹਾਂ ਨੂੰ ਥਾਣਿਆਂ 'ਚ ਡੱਕ ਰਹੀ ਸੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਸਦ ਦੀ ਨਵੀਂ ਇਮਾਰਤ ਵਿਚ ਪੁਜਾਰੀਆਂ ਹੱਥੋਂ 'ਰਾਜਦੰਡ' (ਸੈਂਗੋਲ) ਹਾਸਲ ਕਰ ਰਿਹਾ ਸੀ। ਇਸ ਉਦਘਾਟਨੀ ਸਮਾਰੋਹ ਵਿਚ ਔਰਤਾਂ ਦੇ ਸਰੀਰਕ ਸ਼ੋਸ਼ਣ ਦਾ ਭਗਵਾਂ ਚਿੰਨ੍ਹ ਬ੍ਰਿਜ ਭੂਸ਼ਣ ਸਿੰਘ ਵੀ ਬਿਰਾਜਮਾਨ ਸੀ ਜਿਸ ਨੂੰ ਗ੍ਰਿਫ਼ਤਾਰ ਕਰਾਉਣ ਲਈ ਪਹਿਲਵਾਨ ਲੜਕੀਆਂ ਅਤੇ ਹੋਰ ਨਿਆਂਪਸੰਦ ਲੋਕ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਨ। ਜਿਨ੍ਹਾਂ ਲੋਕਾਂ ਨੂੰ ਅਜੇ ਵੀ ਭੁਲੇਖਾ ਹੈ ਕਿ ਇਹ 'ਗੁੰਡਿਆਂ ਦੀ ਸਲਤਨਤ' ਲੋਕਤੰਤਰ ਹੈ ਜਿੱਥੇ ਮਜ਼ਲੂਮਾਂ ਦੀ ਨਿਆਂ ਦੀ ਆਵਾਜ਼ ਦੀ ਸੁਣਵਾਈ ਹੋਵੇਗੀ, ਉਹ ਹਕੀਕਤ ਨੂੰ ਸਮਝਣ 'ਚ ਬਹੁਤ ਵੱਡਾ ਟਪਲਾ ਖਾ ਰਹੇ ਹਨ।

ਦਰਅਸਲ ਭਾਰਤੀ ਸਟੇਟ ਮਖੌਟਾਨੁਮਾ ਸੰਸਦੀ ਲੋਕਤੰਤਰ ਤੋਂ ਫਾਸ਼ੀਵਾਦੀ ਧਰਮਤੰਤਰੀ ਰਾਜ 'ਚ ਬਦਲ ਰਿਹਾ ਹੈ। ਆਰ.ਐੱਸ.ਐੱਸ.-ਭਾਜਪਾ ਦੀ ਅਗਵਾਈ 'ਚ ਭਗਵੇਂ ਰੰਗ 'ਚ ਰੰਗੇ 'ਵਿਸ਼ਵ ਗੁਰੂ' ਦਾ ਅਸਲ ਚਿਹਰਾ ਦਿਨੋ-ਦਿਨ ਹੋਰ ਜ਼ਿਆਦਾ ਉਘੜ ਰਿਹਾ ਹੈ। ਨਵੀਂ ਇਮਾਰਤ ਦੇ ਅੰਦਰ 'ਰਾਜਦੰਡ' ਹਾਸਲ ਕਰਨ ਦੇ ਕਰਮਕਾਂਡ ਮੋਦੀ ਨੇ ਹਿੰਦੂ ਮੱਠ ਦੇ ਪੁਜਾਰੀਆਂ ਕੋਲੋਂ ਕਰਵਾਏ ਪਰ ਭਵਨ ਦੇ ਬਾਹਰ ਸਾਰੇ ਧਰਮਾਂ ਨੂੰ ਮਹੱਤਵ ਦੇਣ ਦਾ ਢੌਂਗ ਵੀ ਕੀਤਾ ਗਿਆ। ਉਦਘਾਟਨੀ ਘਟਨਾਕ੍ਰਮ ਦੀ ਸੰਕੇਤਕ ਕਾਰਵਾਈ ਦਾ ਪ੍ਰਤੱਖ ਰੂਪ ਆਉਣ ਵਾਲੇ ਦਿਨਾਂ 'ਚ ਹੋਰ ਵੀ ਖੁੱਲ੍ਹ ਕੇ ਸਾਹਮਣੇ ਆਵੇਗਾ।

ਕਾਂਗਰਸ ਸਮੇਤ 20 ਪਾਰਲੀਮੈਂਟਰੀ ਪਾਰਟੀਆਂ ਨੇ ਉਦਘਾਟਨੀ ਸਮਾਗਮ ਦਾ ਬਾਈਕਾਟ ਕੀਤਾ। ਉਨ੍ਹਾਂ ਨੂੰ ਇਤਰਾਜ਼ ਸੀ ਕਿ ਇਹ ਉਦਘਾਟਨ ਮੋਦੀ ਆਪ ਕਿਉਂ ਕਰ ਰਿਹਾ ਹੈ। ਉਦਘਾਟਨ ਮੁਲਕ ਦੇ ਸੰਵਿਧਾਨਕ ਮੁਖੀ ਦੀ ਹੈਸੀਅਤ 'ਚ ਰਾਸ਼ਟਰਪਤੀ ਤੋਂ ਕਰਵਾਇਆ ਜਾਣਾ ਚਾਹੀਦਾ ਸੀ। ਇਹ ਪਾਰਟੀਆਂ ਪੂਰੀ ਚਲਾਕੀ ਨਾਲ ਨਵੇਂ ਸੰਸਦ ਭਵਨ ਦੇ ਉਦਘਾਟਨ ਨੂੰ ਮਹਿਜ਼ ਪ੍ਰੋਟੋਕੋਲ ਦਾ ਮੁੱਦਾ ਬਣਾ ਕੇ ਪੇਸ਼ ਕਰ ਰਹੀਆਂ ਹਨ, ਅਸਲ ਸਵਾਲ ਇਸ ਪਿੱਛੇ ਕੰਮ ਕਰਦੇ ਆਰ.ਐੱਸ.ਐੱਸ.-ਭਾਜਪਾ ਦੇ ਸਾਲਮ ਰਾਜਨੀਤਕ ਪ੍ਰੋਜੈਕਟ ਨੂੰ ਬੇਪਰਦ ਕਰਨ ਦਾ ਹੈ।

ਉਦਘਾਟਨ ਲਈ 28 ਮਈ ਦਾ ਦਿਨ ਇਸ ਕਰ ਕੇ ਚੁਣਿਆ ਗਿਆ ਕਿਉਂਕਿ ਇਹ ਹਿੰਦੂਤਵ ਵਿਚਾਰਾਂ ਦੇ ਮੋਢੀ ਵੀਰ ਸਾਵਰਕਰ ਦਾ ਜਨਮ ਦਿਨ ਹੈ। ਇਸ ਪਿੱਛੇ ਆਰ.ਐੱਸ.ਐੱਸ.-ਭਾਜਪਾ ਦਾ ਮਨੋਰਥ ਇਸ ਦਿਨ ਨੂੰ ਨਵੀਂ ਇਮਾਰਤ ਨਾਲ ਜੋੜ ਕੇ ਇਤਿਹਾਸ ਵਿਚ 'ਅਮਰ' ਕਰਨਾ ਹੈ ਜਿਵੇਂ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ 'ਕੁਝ ਤਰੀਕਾਂ ਸਮੇਂ ਦੇ ਸਨਮੁੱਖ ਅਮਰ ਹੋ ਜਾਂਦੀਆਂ ਹਨ।' 28 ਮਈ ਤਾਂ ਉਨ੍ਹਾਂ ਨੇ ਅਮਰ ਬਣਾ ਹੀ ਲਿਆ, ਕਿਸੇ ਦਿਨ ਹਿੰਦੂਤਵ ਦਾ ਰਾਸ਼ਟਰੀ ਨਾਇਕ ਸਾਵਰਕਰ ਰਾਸ਼ਟਰਪਿਤਾ ਦਾ ਦਰਜਾ ਵੀ ਪ੍ਰਾਪਤ ਕਰ ਲਵੇਗਾ!

ਨਵੀਂ ਇਮਾਰਤ ਵਿਚ 'ਰਾਜਦੰਡ' ਰੱਖਣ ਦੀ ਰਸਮ ਤੋਂ ਬਾਅਦ ਆਪਣੇ ਭਾਸ਼ਣ ਵਿਚ ਮੋਦੀ ਨੇ ਕਿਹਾ ਕਿ 'ਨਵੀਂ ਇਮਾਰਤ ਨਵੇਂ ਸਵੈ-ਨਿਰਭਰ ਭਾਰਤ ਦੇ ਉੱਭਰਨ ਦੀ ਗਵਾਹ ਹੈ।' ਇਹ ਵੀ ਕਿ 'ਜਦੋਂ ਭਾਰਤ ਅੱਗੇ ਵਧਦਾ ਹੈ ਤਾਂ ਦੁਨੀਆ ਵੀ ਅੱਗੇ ਵਧਦੀ ਹੈ।' ਭਾਜਪਾ ਦੇ ਸੋਸ਼ਲ ਮੀਡੀਆ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਆਪਣੇ ਟਵੀਟ 'ਚ ਹੋਰ ਵੀ ਸਪਸ਼ਟ ਕਿਹਾ: 'ਸਨਾਤਨ ਪਰੰਪਰਾ ਹਮੇਸ਼ਾ ਸਾਡੇ ਪਵਿੱਤਰ ਦੇਸ਼ ਦਾ ਮਾਰਗ-ਦਰਸ਼ਨ ਕਰਦੀ ਰਹੇਗੀ।'

'ਸਨਾਤਨ ਪਰੰਪਰਾ' ਦਾ ਰਾਜ ਨਾਲ ਕੀ ਰਿਸ਼ਤਾ ਰਿਹਾ ਹੈ? ਸਭ ਨੂੰ ਪਤਾ ਹੈ ਕਿ ਵਰਣ ਵਿਵਸਥਾ ਦੇ ਗ਼ਲਬੇ ਵਾਲੇ ਰਾਜ ਅੰਦਰ ਰਾਜੇ ਦਾ ਮਾਰਗ-ਦਰਸ਼ਨ ਬ੍ਰਾਹਮਣ ਕਰਦੇ ਸਨ। 1947 ਦੀ ਸੱਤਾ-ਬਦਲੀ ਤੋਂ ਬਾਅਦ ਦੁਨੀਆ ਦੇ ਬਦਲੇ ਹੋਏ ਹਾਲਾਤ ਵਿਚ ਜਦੋਂ ਭਾਰਤੀ ਰਾਜ ਦਾ ਪੁਨਰ-ਗਠਨ ਕੀਤਾ ਗਿਆ ਤਾਂ ਭਾਰਤੀ ਅਵਾਮ ਦੀਆਂ ਲੋਕਤੰਤਰੀ ਭਾਵਨਾਵਾਂ ਦੇ ਦਬਾਅ ਹੇਠ ਹਕੂਮਤ ਦੇ ਮਾਰਗ-ਦਰਸ਼ਕ ਦੇ ਤੌਰ 'ਤੇ ਲੋਕਤੰਤਰੀ ਪਾਰਲੀਮੈਂਟਰੀ ਪ੍ਰਬੰਧ ਅਤੇ ਸੰਵਿਧਾਨ ਨੂੰ ਅਪਨਾਉਣਾ ਭਾਰਤੀ ਹੁਕਮਰਾਨ ਜਮਾਤ ਦੀ ਮਜਬੂਰੀ ਬਣ ਗਿਆ ਜਦਕਿ ਆਰ.ਐੱਸ.ਐੱਸ. ਨੇ ਉਦੋਂ ਹੀ ਤਿੱਖਾ ਵਿਰੋਧ ਕਰਦਿਆਂ ਸਪਸ਼ਟ ਕਿਹਾ ਸੀ ਕਿ ਜਦੋਂ ਸਾਡੇ ਕੋਲ ਪਹਿਲਾਂ ਹੀ 'ਮਨੂ ਸਮਰਿਤੀ' ਦੇ ਰੂਪ 'ਚ ਪੁਰਾਤਨ ਸੰਵਿਧਾਨ ਹੈ ਤਾਂ ਨਵਾਂ ਸੰਵਿਧਾਨ ਬਣਾਉਣ ਦੀ ਕੀ ਜ਼ਰੂਰਤ ਹੈ। ਸਾਵਰਕਰ ਨੇ ਲਿਖਿਆ, 'ਭਾਰਤ ਦੇ ਨਵੇਂ ਸੰਵਿਧਾਨ ਦਾ ਸਭ ਤੋਂ ਵੱਡਾ ਭੈੜ ਇਹ ਹੈ ਕਿ ਇਸ 'ਚ ਕੁਝ ਵੀ ਭਾਰਤੀ ਨਹੀਂ ਹੈ।... ਮਨੂ ਸਮਰਿਤੀ ਉਹ ਧਾਰਮਿਕ ਗ੍ਰੰਥ ਹੈ ਜੋ ਵੇਦਾਂ ਤੋਂ ਬਾਅਦ ਸਾਡੇ ਹਿੰਦੂ ਰਾਸ਼ਟਰ ਲਈ ਸਭ ਤੋਂ ਜ਼ਿਆਦਾ ਪੂਜਣਯੋਗ ਹੈ ਅਤੇ ਇਹ ਪੁਰਾਤਨ ਸਮਿਆਂ ਤੋਂ ਸਾਡੀ ਸੰਸਕ੍ਰਿਤੀ-ਰੀਤੀ ਰਿਵਾਜਾਂ, ਸੋਚ ਅਤੇ ਵਿਹਾਰ ਦੀ ਬੁਨਿਆਦ ਚਲਿਆ ਆ ਰਿਹਾ ਹੈ...।' ਇਸੇ ਤਰ੍ਹਾਂ ਤਿਰੰਗੇ ਨੂੰ ਕੌਮੀ ਝੰਡੇ ਵਜੋਂ ਅਪਨਾਉਣ ਦਾ ਵਿਰੋਧ ਕਰਦੇ ਹੋਏ ਇਸ ਦੀ ਬਜਾਇ 'ਭਗਵਾ ਧਵਜ' ਅਪਨਾਉਣ ਦੀ ਵਕਾਲਤ ਕੀਤੀ ਗਈ। ਗੋਲਵਲਕਰ ਸਮੇਤ ਆਰ.ਐੱਸ.ਐੱਸ. ਦੇ ਸਿਧਾਂਤਕਾਰਾਂ ਦੀਆਂ ਲਿਖਤਾਂ ਅਤੇ ਭਾਸ਼ਣਾਂ 'ਚ ਐਸੇ ਬਹੁਤ ਸਾਰੇ ਹਵਾਲੇ ਮਿਲ ਜਾਂਦੇ ਹਨ ਜਿਨ੍ਹਾਂ ਵਿਚ ਸੰਵਿਧਾਨ ਅਤੇ ਤਿਰੰਗੇ ਨੂੰ ਹਿੰਦੂ ਵਿਰੋਧੀ ਕਰਾਰ ਦਿੱਤਾ ਗਿਆ ਹੈ।




ਇਸ ਵਿਰੋਧ ਨੇ ਲਿਖਤਾਂ/ਬਿਆਨਾਂ ਤੋਂ ਅੱਗੇ ਵਧ ਕੇ ਬਾਕਾਇਦਾ ਮੁਹਿੰਮ ਦਾ ਰੂਪ ਧਾਰਿਆ। 11 ਦਸੰਬਰ 1949 ਨੂੰ ਆਰ.ਐੱਸ.ਐੱਸ. ਨੇ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਵੱਡਾ ਇਕੱਠ ਕਰ ਕੇ ਸੰਵਿਧਾਨ ਦੇ ਬਿੱਲ ਦਾ ਤਿੱਖਾ ਵਿਰੋਧ ਕੀਤਾ। ਇਕ ਬੁਲਾਰੇ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਇਹ 'ਹਿੰਦੂ ਸਮਾਜ ਉੱਪਰ ਸੁੱਟਿਆ ਐਟਮ ਬੰਬ ਹੈ।' ਸੰਵਿਧਾਨ ਨੂੰ ਅਪਨਾਏ ਜਾਣ ਤੋਂ ਬਾਅਦ ਵੀ ਇਹ ਵਿਰੋਧ ਖ਼ਤਮ ਨਹੀਂ ਹੋਇਆ, ਇਹ ਵੱਖੋ-ਵੱਖਰੇ ਰੂਪਾਂ 'ਚ ਲਗਾਤਾਰ ਜਾਰੀ ਰਿਹਾ। ਪਹਿਲੀ ਜਨਵਰੀ 1993 ਨੂੰ ਆਰ.ਐੱਸ.ਐੱਸ. ਨੇ ਵ੍ਹਾਈਟ-ਪੇਪਰ ਪ੍ਰਕਾਸ਼ਿਤ ਕਰ ਕੇ ਸੰਵਿਧਾਨ ਨੂੰ 'ਹਿੰਦੂ ਵਿਰੋਧੀ' ਕਰਾਰ ਦਿੰਦਿਆਂ ਲਿਖਿਆ, 'ਸੰਵਿਧਾਨ ਮੁਲਕ ਦੀ ਸੰਸਕ੍ਰਿਤੀ, ਚਰਿੱਤਰ, ਹਾਲਾਤ, ਸਥਿਤੀ ਆਦਿ ਦੇ ਉਲਟ ਹੈ। ਇਸ ਦੀ ਮਾਰਗ-ਸੇਧ ਵਿਦੇਸ਼ੀ ਹੈ। ਸਾਡੇ ਸੰਵਿਧਾਨ ਵੱਲੋਂ ਕੀਤੇ ਨੁਕਸਾਨ ਦੇ ਮੁਕਾਬਲੇ ਅੰਗਰੇਜ਼ਾਂ ਦੇ 200 ਸਾਲ ਦੇ ਰਾਜ ਵੱਲੋਂ ਕੀਤਾ ਨੁਕਸਾਨ ਨਿਗੂਣਾ ਹੈ।' 24 ਜਨਵਰੀ 1993 ਨੂੰ ਭਾਜਪਾ ਦੇ ਤੱਤਕਾਲੀ ਪ੍ਰਧਾਨ ਮੁਰਲੀ ਮੁਨੋਹਰ ਜੋਸ਼ੀ ਨੇ ਤਾਂ ਹੋਰ ਵੀ ਸਪਸ਼ਟ ਕਿਹਾ, 'ਸਾਡੇ ਸੰਵਿਧਾਨ ਦੇ ਘਾੜੇ ਪੱਛਮੀ ਰੰਗ 'ਚ ਰੰਗੇ ਹੋਏ ਲੋਕ ਸਨ ਜੋ ਭਾਰਤ ਦੀ ਸੰਸਕ੍ਰਿਤੀ ਅਤੇ ਇਤਿਹਾਸ ਤੋਂ ਅਣਜਾਣ ਸਨ।... ਇਸ ਸੰਵਿਧਾਨ ਨੂੰ ਕੂੜੇ ਦਾ ਢੇਰ ਕਿਹਾ ਜਾ ਸਕਦਾ ਹੈ... ਭਾਰਤ ਦਾ ਸੰਵਿਧਾਨ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਦਾ ਦੁਸ਼ਮਣ ਹੈ।' ਇਸੇ ਤਰ੍ਹਾਂ ਦੀਆਂ ਹੋਰ ਵੀ ਕਈ ਮਿਸਾਲਾਂ ਮਿਲ ਜਾਣਗੀਆਂ। ਆਰ.ਐੱਸ.ਐੱਸ.-ਭਾਜਪਾ ਸੰਵਿਧਾਨ ਨੂੰ ਬਦਲਣ ਦਾ ਏਜੰਡਾ ਲਗਾਤਾਰ ਉਠਾਉਂਦੀ ਰਹੀ ਹੈ। ਇਸ ਦਾ ਇੱਕੋ-ਇਕ ਮਨੋਰਥ ਉਨ੍ਹਾਂ ਸੰਵਿਧਾਨਕ ਮੁੱਲਾਂ ਨੂੰ ਖ਼ਤਮ ਰੱਦ ਕਰਨਾ ਹੈ ਜੋ ਸਮਾਜਵਾਦ, ਧਰਮ ਨਿਰਪੱਖਤਾ, ਲੋਕਤੰਤਰ, ਮਨੁੱਖੀ ਤੇ ਜਮਹੂਰੀ ਹੱਕਾਂ ਦੀ ਗੱਲ ਕਰਦੇ ਹਨ ਅਤੇ ਉਨ੍ਹਾਂ ਦੀ ਜਗ੍ਹਾ ਨਾਗਰਿਕਾਂ ਨੂੰ ਮੱਧਯੁਗੀ ਰਾਜਿਆਂ ਦੀ ਪਰਜਾ 'ਚ ਬਦਲ ਕੇ ਉਨ੍ਹਾਂ ਉੱਪਰ 'ਕਰਤੱਵ' ਯਾਨੀ ਅੰਨ੍ਹੀ ਰਾਜਭਗਤੀ ਥੋਪਣਾ ਹੈ।

ਇੰਝ ਸ਼ੁਰੂ ਤੋਂ ਹੀ ਆਰ.ਐੱਸ.ਐੱਸ. ਮਨੂ ਸਮਰਿਤੀ ਨੂੰ ਭਾਰਤ ਉੱਪਰ ਮੁੜ ਥੋਪਣ ਦੀ ਲਗਾਤਾਰ ਕੋਸ਼ਿਸ਼ 'ਚ ਹੈ। ਸੰਵਿਧਾਨ ਨੂੰ ਅਪਨਾਏ ਜਾਣ ਤੋਂ ਬਾਅਦ ਇਸ ਨੂੰ ਇੱਕੋ ਹੱਲੇ ਅਤੇ ਸਿੱਧੇ ਰੂਪ 'ਚ ਰੱਦ ਕਰਨਾ ਸੰਭਵ ਨਹੀਂ ਸੀ। ਇਸ ਲਈ ਢੁੱਕਵੇਂ ਮੌਕੇ ਦੀ ਉਡੀਕ ਕੀਤੀ ਗਈ। ਮਈ 2014 'ਚ ਮੁੜ ਸੱਤਾ ਵਿਚ ਆ ਕੇ ਆਰ.ਐੱਸ.ਐੱਸ.-ਭਾਜਪਾ ਨੇ ਸਿਲਸਿਲੇਵਾਰ ਤਰੀਕੇ ਨਾਲ 'ਸਨਾਤਨੀ ਪਰੰਪਰਾ' ਨੂੰ ਮੁੜ ਸਥਾਪਿਤ ਕਰਨ ਦਾ ਤਰੀਕਾ ਅਪਣਾਇਆ। ਨਵੀਂ ਇਮਾਰਤ ਵਿਚ 'ਰਾਜਦੰਡ' ਜਾਂ ਸੈਂਗੋਲ ਦੀ ਸਥਾਪਤੀ ਇਸੇ ਦਾ ਹਿੱਸਾ ਹੈ।

ਇਸ ਲਈ ਪਹਿਲਾਂ ਸਿਲਸਿਲੇਵਾਰ ਤਰੀਕੇ ਨਾਲ ਮਾਹੌਲ ਤਿਆਰ ਕੀਤਾ ਗਿਆ। ਪਹਿਲਾਂ ਨਵੀਂ ਇਮਾਰਤ ਬਣਾਉਣ ਦੀ ਲੋੜ ਉਭਾਰੀ ਗਈ ਅਤੇ ਦਹਿ-ਹਜ਼ਾਰਾਂ ਕਰੋੜ ਰੁਪਏ ਦੀ ਲਾਗਤ ਵਾਲਾ ਪ੍ਰੋਜੈਕਟ ਉਲੀਕ ਕੇ ਵਿਸ਼ੇਸ਼ ਇਮਾਰਤ ਤਿਆਰ ਕਰਵਾਈ ਗਈ। ਫਿਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 'ਰਾਜਦੰਡ' ਨੂੰ ਨਵੀਂ ਇਮਾਰਤ 'ਚ ਰੱਖੇ ਜਾਣ ਦਾ ਐਲਾਨ ਕਰ ਕੇ ਮੁਹਿੰਮ ਦਾ ਆਗਾਜ਼ ਕੀਤਾ। ਤੁਰੰਤ ਭਗਵੇਂ ਆਈ.ਟੀ. ਸੈੱਲ ਨੇ ਬਿਰਤਾਂਤ ਸਿਰਜਣ ਦਾ ਆਪਣਾ ਕੰਮ ਸ਼ੁਰੂ ਕਰ ਦਿੱਤਾ ਕਿ ਇਹ ਰਾਜਦੰਡ ਭਾਰਤ ਦੀ ਪਛਾਣ ਰਿਹਾ ਹੈ। ਇਹ ਪੁਰਾਤਨ ਉੱਜਲੇ ਅਤੀਤ ਦਾ ਸੁਨਹਿਰੀ ਪੰਨਾ ਹੈ ਜੋ ਕਿਤੇ ਖੂੰਜੇ 'ਚ ਦਫ਼ਨ ਕੀਤਾ ਹੋਇਆ ਸੀ ਜਾਂ ਇਤਿਹਾਸ ਦੇ ਇਸ ਗੌਰਵਸ਼ਾਲੀ ਪ੍ਰਤੀਕ ਨੂੰ ਜਾਣਬੁੱਝ ਕੇ ਲੁਕੋ ਦਿੱਤਾ ਗਿਆ ਜਾਂ ਦਰਕਿਨਾਰ ਕਰ ਦਿੱਤਾ ਗਿਆ ਸੀ। ਨਰਿੰਦਰ ਮੋਦੀ ਹੁਣ ਇਸ ਨੂੰ ਲੱਭ ਕੇ ਲਿਆਏ ਹਨ ਅਤੇ ਨਵੀਂ ਸੰਸਦ ਵਿਚ ਸਥਾਪਤ ਕਰ ਕੇ ਦੇਸ਼ ਦੀ ਮਹਾਨ ਸੇਵਾ ਕਰ ਰਹੇ ਹਨ। ਇਹ ਬਿਰਤਾਂਤ ਪ੍ਰਚਾਰਿਆ ਗਿਆ ਕਿ ਆਖ਼ਰੀ ਵਾਇਸਰਾਏ ਲਾਰਡ ਮਾਊਂਟਬੈਟਨ ਨੇ ਨਹਿਰੂ ਨੂੰ ਪੁੱਛਿਆ ਸੀ ਕਿ ਕੀ ਉਹ ਸੱਤਾ ਬਦਲੀ ਦੇ ਅਮਲ ਨੂੰ ਖ਼ਾਸ ਚਿੰਨ੍ਹ ਰਾਹੀਂ ਪੂਰਾ ਕਰਨਾ ਚਾਹੁੰਦੇ ਹਨ। ਇਸ 'ਤੇ ਨਹਿਰੂ ਨੇ ਰਾਜਗੋਪਾਲਾਚਾਰੀ ਦੀ ਸਲਾਹ ਲਈ ਸੀ। ਪੁਰਾਤਨ ਸੰਸਕਾਰੀ ਰਾਜਗੋਪਾਲਾਚਾਰੀ ਨੇ ਸੈਂਗੋਲ ਦੇ ਬਾਰੇ ਦੱਸਿਆ ਕਿ ਦੱਖਣ ਵਿਚ ਰਾਜਦੰਡ ਸੌਂਪਣ ਦੀ ਪਰੰਪਰਾ ਰਹੀ ਹੈ। ਫਿਰ ਫਟਾਫਟ ਮਦਰਾਸ ਦੇ ਇਕ ਜੌਹਰੀ ਤੋਂ ਚਾਂਦੀ ਦਾ ਪੰਜ ਫੁੱਟ ਡੰਡਾ ਤਿਆਰ ਕਰਵਾ ਕੇ ਉਸ ਉੱਪਰ ਸੋਨੇ ਦੀ ਪਰਤ ਚੜ੍ਹਵਾਈ ਗਈ ਅਤੇ ਤਾਮਿਲਨਾਡੂ ਦੇ ਤਿਰਾਵਾਵਡੂਦੂਰਈ ਮੱਠ ਦੀ ਨਿਗਰਾਨੀ ਹੇਠ ਇਸ ਦੇ ਸਿਰ ਉੱਪਰ 'ਨੰਦੀ' (ਬਲਦ) ਦੀ ਮੂਰਤੀ ਬਣਵਾਈ ਗਈ। ਅੰਗਰੇਜ਼ ਹੁਕਮਰਾਨਾਂ ਤੋਂ ਭਾਰਤੀ ਰਾਜ ਦੀ ਰਸਮੀ ਵਾਗਡੋਰ ਸੰਭਾਲਣ ਤੋਂ 15 ਮਿੰਟ ਪਹਿਲਾਂ ਸ਼ੈਵ ਮੰਤਰਾਂ ਦੇ ਜਾਪ ਦੌਰਾਨ ਇਹ 'ਰਾਜਦੰਡ' ਉਪਰੋਕਤ ਮੱਠ ਦੇ ਪੁਜਾਰੀਆਂ ਵੱਲੋਂ ਨਹਿਰੂ ਨੂੰ ਸੌਂਪਿਆ ਗਿਆ। ਇਸ ਤੋਂ ਬਾਅਦ ਨਹਿਰੂ ਨੇ 'ਰਾਜਦੰਡ' ਅਲਾਹਾਬਾਦ ਦੇ ਆਨੰਦ ਭਵਨ ਵਾਲੇ ਅਜਾਇਬ ਘਰ ਨੂੰ ਸੌਂਪ ਦਿੱਤਾ। ਕਿਹਾ ਜਾਂਦਾ ਹੈ ਕਿ 1978 'ਚ ਕਾਂਚੀ ਮੱਠ ਦੇ 'ਮਹਾਪੇਰਿਵਾ' ਨੇ ਇਸ ਗੱਲ ਦਾ ਜ਼ਿਕਰ ਆਪਣੇ ਇਕ ਸਾਥੀ ਨਾਲ ਕਰਨ ਤੋਂ ਬਾਅਦ 'ਰਾਜਦੰਡ' ਮੁੜ ਚਰਚਾ ਵਿਚ ਆਇਆ। 2021 'ਚ ਆਰ.ਐੱਸ.ਐੱਸ. ਦੇ ਆਗੂ ਐੱਸ. ਗੁਰੂਮੂਰਤੀ ਵੱਲੋਂ ਸੰਪਾਦਿਤ ਤਾਮਿਲ ਅਖ਼ਬਾਰ 'ਤੁਗਲਕ' ਵਿਚ ਇਸ ਬਾਰੇ ਲੇਖ ਛਾਪਿਆ ਗਿਆ। ਇਸ ਵਿਚ ਉਸ ਨੇ ਇਕ ਪੁਜਾਰੀ ਦੁਆਰਾ ਆਪਣੇ ਇਕ ਚੇਲੇ ਨੂੰ ਦਿੱਤੀ ਜਾਣਕਾਰੀ ਨੂੰ ਆਧਾਰ ਬਣਾਇਆ ਸੀ। ਇਸ ਨੂੰ ਪੜ੍ਹ ਕੇ ਕਲਾਸੀਕਲ ਡਾਂਸਰ ਪਦਮਾ ਸੁਬਰਾਮਨੀਅਮ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਚਿੱਠੀ ਲਿਖੀ। ਸਰਕਾਰ ਨੂੰ ਉਸ ਦੀ ਸਲਾਹ ਬਹੁਤ ਪਸੰਦ ਆਈ। ਇੰਝ ਸੰਸਦ ਦੀ ਨਵੀਂ ਇਮਾਰਤ ਵਿਚ 'ਰਾਜਦੰਡ' ਸਥਾਪਤ ਕਰਨ ਦਾ ਫ਼ੈਸਲਾ ਕੀਤਾ ਗਿਆ।

ਨਹਿਰੂ ਨੂੰ ਰਾਜਦੰਡ ਸੌਂਪਣ ਦੀ ਆਰ.ਐੱਸ.ਐੱਸ.-ਭਾਜਪਾ ਵੱਲੋਂ ਪਰੋਸੀ ਇਸ ਕਹਾਣੀ ਵਿਚ ਕੋਈ ਇਤਿਹਾਸਕ ਪ੍ਰਮਾਣਿਕਤਾ ਨਹੀਂ ਹੈ। ਨਹਿਰੂ ਭਾਵੇਂ ਹੋਰ ਕਈ ਧਾਰਮਿਕ ਕਰਮ ਕਾਂਡਾਂ ਵਿਚ ਸ਼ਾਮਿਲ ਰਿਹਾ ਪਰ ਕਿਸੇ ਵੀ ਕਿਤਾਬ ਜਾਂ ਇਤਿਹਾਸਕ ਦਸਤਾਵੇਜ਼ ਵਿਚ ਸੱਤਾ ਬਦਲੀ ਸਮੇਂ ਰਾਜਦੰਡ ਸੌਂਪੇ ਜਾਣ ਦਾ ਜ਼ਿਕਰ ਨਹੀਂ। ਇਤਿਹਾਸਕਾਰਾਂ ਅਤੇ ਵਿਦਵਾਨਾਂ ਨੇ ਉਪਰੋਕਤ ਦਾਅਵੇ ਨੂੰ ਚੁਣੌਤੀ ਦਿੱਤੀ ਹੈ। ਉਪਰੋਕਤ ਮੱਠ ਦੇ ਪੁਜਾਰੀਆਂ ਦੀ ਟੋਲੀ ਨੇ 14 ਅਗਸਤ ਨੂੰ ਦਿੱਲੀ ਵਿਚ ਨਹਿਰੂ ਦੇ ਘਰ ਆ ਕੇ ਉਸ ਨੂੰ 'ਰਾਜਦੰਡ' ਭੇਟ ਕੀਤਾ ਸੀ। ਇਹ ਤੱਥ ਇਤਿਹਾਸਕ ਕਿਤਾਬਾਂ 'ਚ ਦਰਜ ਹੈ। ਸੰਘ ਬ੍ਰਿਗੇਡ ਨੇ ਆਪਣੇ ਏਜੰਡੇ ਅਨੁਸਾਰ ਇਸ ਦੁਆਲੇ ਮਨਘੜਤ ਕਹਾਣੀ ਘੜ ਲਈ। ਖ਼ੈਰ ਇਕ ਗੱਲ ਸਪਸ਼ਟ ਹੈ ਕਿ ਨਹਿਰੂ ਕਦੇ ਵੀ ਇਸ 'ਰਾਜਦੰਡ' ਨੂੰ ਸੰਸਦ ਭਵਨ ਦੇ ਅੰਦਰ ਨਹੀਂ ਲੈ ਕੇ ਗਿਆ ਪਰ ਮੋਦੀ ਨੇ ਪੂਰੇ ਬ੍ਰਾਹਮਣਵਾਦੀ ਕਰਮ ਕਾਡਾਂ ਅਨੁਸਾਰ ਇਹ 'ਰਾਜਦੰਡ' ਹਾਸਲ ਕਰ ਕੇ ਨੇ ਭਾਰਤ ਦਾ ਅਣਐਲਾਨਿਆ ਮੱਧਯੁਗੀ ਸ਼ਹਿਨਸ਼ਾਹ ਬਣਨ ਦਾ ਸੁਪਨਾ ਪੂਰਾ ਕਰ ਲਿਆ ਹੈ ਅਤੇ ਮਦਰਾਸ ਦੇ ਉਸੇ ਮੱਠ ਦੇ ਪੁਜਾਰੀਆਂ ਤੋਂ 'ਦੈਵੀ' ਅਸ਼ੀਰਵਾਦ ਲੈ ਲਿਆ। ਮੋਦੀ ਨੇ ਦਾਅਵਾ ਕੀਤਾ ਕਿ 'ਦੱਖਣ ਵਿਚ ਚੋਲ ਵੰਸ਼ ਦੇ ਰਾਜ ਵਿਚ ਰਾਜਦੰਡ ਕਰਤੱਵਪੱਥ, ਸੇਵਾਪੱਥ ਅਤੇ ਰਾਸ਼ਟਰਪੱਥ ਦਾ ਚਿੰਨ੍ਹ' ਸੀ। ਇਹ ਵੀ ਕਿ 'ਜਦੋਂ ਨਵੇਂ ਸਦਨ ਵਿਚ ਸੰਸਦੀ ਕਾਰਵਾਈ ਚੱਲੇਗੀ ਤਾਂ ਰਾਜਦੰਡ ਸਾਡੇ ਲਈ ਪ੍ਰੇਰਨਾ ਬਣੇਗਾ।' ਮਈ 2014 'ਚ ਮੋਦੀ ਨੇ ਸੰਸਦ ਭਵਨ ਨੂੰ ਮੱਥਾ ਟੇਕ ਕੇ ਸੰਸਦ ਵਿਚ ਪੈਰ ਰੱਖਿਆ ਸੀ, 2023 'ਚ ਉਹੀ ਮੋਦੀ ਰਾਜਦੰਡ ਅੱਗੇ ਡੰਡੌਤ ਕਰ ਰਿਹਾ ਹੈ। ਰਾਜਦੰਡ ਲੋਕ-ਰਜ਼ਾ ਦਾ ਚਿੰਨ੍ਹ ਨਹੀਂ ਹੈ, ਇਹ ਬ੍ਰਾਹਮਣਵਾਦੀ ਰਜਵਾੜਾਸ਼ਾਹੀ ਦਾ ਚਿੰਨ੍ਹ ਹੈ। ਰਾਜਦੰਡ ਦੁਆਰਾ ਮੋਦੀ ਕਿਸ ਦਾ ਵਾਰਿਸ ਬਣ ਕੇ ਰਾਜ ਦਾ ਵਿਰਾਸਤੀ ਅਧਿਕਾਰ ਲੈ ਰਿਹਾ ਹੈ? ਬ੍ਰਾਹਮਣ ਪੁਜਾਰੀਆਂ ਤੋਂ? ਜਿਨ੍ਹਾਂ ਦੀ ਕੋਈ ਸੰਵਿਧਾਨਕ ਮਾਨਤਾ ਹੀ ਨਹੀਂ ਹੈ। ਭਾਰਤੀ ਰਾਜ ਭਾਵੇਂ ਸੱਚੇ ਮਾਇਨਿਆਂ 'ਚ ਲੋਕਤੰਤਰ ਨਹੀਂ ਰਿਹਾ ਪਰ ਰਸਮੀ ਤੌਰ 'ਤੇ ਸੰਵਿਧਾਨ ਲੋਕਾਂ ਨੂੰ ਵੋਟਾਂ ਰਾਹੀਂ ਆਪਣੇ ਨੁਮਾਇੰਦੇ ਚੁਣਨ ਦਾ ਹੱਕ ਦਿੰਦਾ ਹੈ। ਲੋਕਾਂ ਕੋਲ ਰਸਮੀ ਸੰਵਿਧਾਨਕ ਹੱਕ ਹਨ ਪਰ ਹਕੀਕੀ ਜ਼ਿੰਦਗੀ 'ਚ ਲੋਕਤੰਤਰ ਨਹੀਂ ਹੈ। ਸੰਸਦ ਦੇ ਅੰਦਰ 'ਰਾਜਦੰਡ' ਨੂੰ ਸਥਾਪਤ ਕਰਨਾ ਇਤਿਹਾਸ ਦੇ ਪਹੀਏ ਨੂੰ ਪਿੱਛੇ ਵੱਲ ਮੱਧਯੁਗ 'ਚ ਲਿਜਾਣਾ ਹੈ ਅਤੇ ਇਹ ਭਾਰਤੀ ਲੋਕਾਂ ਦੀਆਂ ਭਾਵਨਾਵਾਂ ਦਾ ਮਜ਼ਾਕ ਉਡਾਉਣਾ ਹੈ ਜੋ ਇਸ ਮੁਲਕ ਨੂੰ ਲੋਕਤੰਤਰ ਮੰਨ ਕੇ ਆਪਣੇ ਸੰਵਿਧਾਨਕ ਹੱਕ ਦੇ ਤਹਿਤ ਵੋਟਾਂ ਪਾ ਕੇ ਸਰਕਾਰ ਚੁਣਦੇ ਹਨ। ਰਾਜਦੰਡ ਦਾ ਸਰੂਪ ਮਹਿਜ਼ ਸਨਾਤਨੀ ਧਰਮ ਦੀ ਨੁਮਾਇੰਦਗੀ ਕਰਦਾ ਹੈ, ਇਹ ਸਾਰੇ ਭਾਰਤ ਦੇ ਲੋਕਾਂ ਦੇ ਧਰਮਾਂ-ਸੰਸਕ੍ਰਿਤੀ ਦੀ ਨੁਮਾਇੰਦਗੀ ਨਹੀਂ ਕਰਦਾ। ਇਸ ਨੂੰ ਸੰਸਦ ਭਵਨ 'ਚ ਰੱਖਣਾ ਭਾਰਤੀ ਲੋਕਾਂ ਉੱਪਰ ਬਹੁਗਿਣਤੀ ਧਰਮ ਦੀ ਸੰਸਕ੍ਰਿਤੀ ਥੋਪਣਾ ਹੈ। ਆਰ.ਐੱਸ.ਐੱਸ.-ਭਾਜਪਾ ਮੱਠਾਂ ਦੇ ਮਹੰਤਾਂ, ਪੁਜਾਰੀਆਂ ਨੂੰ ਹੁਕਮਰਾਨ ਬਣਾ ਕੇ ਲੋਕਾਂ ਦੇ ਸਿਰ ਉੱਪਰ ਬਿਠਾ ਰਹੀ ਹੈ। ਇਸ ਹਕੂਮਤ ਤੋਂ ਹਿੰਦੂ ਧਰਮ ਅਤੇ ਸੰਸਕ੍ਰਿਤੀ ਨੂੰ ਬੁਲੰਦ ਕਰਨ ਦੇ ਨਾਂ ਹੇਠ ਇਸੇ ਤਰ੍ਹਾਂ ਦੀਆਂ ਵਾਹਿਯਾਤ ਕਾਰਵਾਈਆਂ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ।

ਭਾਰਤ ਨੂੰ 25 ਸਾਲਾਂ 'ਚ ਵਿਕਸਤ ਦੇਸ਼ ਬਣਾਉਣ, ਤਰੱਕੀ, ਸਵੈ-ਨਿਰਭਰਤਾ ਦੇ ਢੌਂਗੀ ਵਾਅਦਿਆਂ ਦੌਰਾਨ ਨਵੇਂ ਸੰਸਦ ਭਵਨ ਵਿਚ ਰਾਜਦੰਡ ਦੀ ਬਹਾਲੀ ਤੋਂ ਸੰਘ ਦੇ ਮਨਸ਼ੇ ਬਿਲਕੁਲ ਸਪਸ਼ਟ ਹਨ। ਇਸ ਨਾਟਕ ਦਾ ਇਕ ਹੋਰ ਮਨੋਰਥ ਧੁਰ ਦੱਖਣ ਦੇ ਤਾਮਿਲ ਲੋਕਾਂ ਵਿਚ ਆਰ.ਐੱਸ.ਐੱਸ.-ਭਾਜਪਾ ਦੀ ਘੁਸਪੈਠ ਕਰਾਉਣਾ ਹੈ। ਰਾਸ਼ਟਰਪਤੀ ਬਨਾਮ ਪ੍ਰਧਾਨ ਮੰਤਰੀ ਦੇ ਵਿਵਾਦ 'ਚ ਉਲਝਣ ਦੀ ਬਜਾਇ ਬਹਿਸ ਇਸ ਉੱਪਰ ਕੇਂਦਰਤ ਹੋਣੀ ਚਾਹੀਦੀ ਹੈ ਕਿ ਰਾਜਦੰਡ ਪਿੱਛੇ ਮੋਦੀ ਹਕੂਮਤ ਦਾ ਮਨਸ਼ਾ ਕੀ ਹੈ। ਵਿਕਾਸ ਅਤੇ ਤਰੱਕੀ ਦੀ ਹਕੀਕਤ ਸਭ ਨੂੰ ਚੰਗੀ ਤਰ੍ਹਾਂ ਪਤਾ ਹੈ। ਇਹ ਐਲਾਨ ਹੈ ਕਿ ਅਸੀਂ ਆਪਣੀ ਮਨਮਰਜ਼ੀ ਨਾਲ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਏਜੰਡਾ ਅੱਗੇ ਵਧਾਵਾਂਗੇ। ਨਿਆਂ ਪ੍ਰਣਾਲੀ ਸਮੇਤ ਰਾਜ ਦੀ ਹਰ ਸੰਸਥਾ ਸਾਡੇ ਕਬਜ਼ੇ 'ਚ ਹੈ। ਜਿਹੜਾ ਵਿਰੋਧ ਕਰੇਗਾ, ਉਨ੍ਹਾਂ ਨੂੰ ਰਜਵਾੜਾਸ਼ਾਹੀ ਵਾਲੇ ਡੰਡੇ ਨਾਲ ਦਬਾਵਾਂਗੇ। ਇਹ ਹੁਣ ਭਾਰਤ ਦੇ ਲੋਕਾਂ ਦੇ ਹੱਥ ਹੈ ਕਿ ਉਨ੍ਹਾਂ ਨੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੇ ਇਸ ਫਾਸ਼ੀਵਾਦੀ ਏਜੰਡੇ ਦਾ ਮੁਕਾਬਲਾ ਕਿਵੇਂ ਕਰਨਾ ਹੈ।



*ਖਿੱਚ-ਧੂਹ ਦੌਰਾਨ ਜੂਝ ਰਹੀਆਂ ਅਤੇ (ਸੱਜੇ) ਧੱਕਾ-ਮੁੱਕੀ ਵਿਚ ਹੇਠਾਂ ਡਿੱਗੀਆਂ ਪਈਆਂ ਪਹਿਲਵਾਨ ਕੁੜੀਆਂ।*

# ਕਿੱਸਾ ਮਿਸਾਲੀ ਇਨਕਲਾਬੀ ਭਗਵਤੀ ਚਰਨ ਵੋਹਰਾ



ਮਲਵਿੰਦਰ ਜੀਤ ਸਿੰਘ ਵੜੈਚ
ਫੋਨ: 0172-2556314

ਭਗਵਤੀ ਚਰਨ ਵੋਹਰਾ (15 ਨਵੰਬਰ 1903-28 ਮਈ 1930) ਦਾ ਜਨਮ ਪੜ੍ਹੇ-ਲਿਖੇ ਅਤੇ ਅਮੀਰ ਘਰਾਣੇ ਵਿਚ ਹੋਇਆ ਪਰ ਉਨ੍ਹਾਂ ਨੂੰ ਦੌਲਤ ਨਾਲ ਕੋਈ ਮੋਹ ਨਹੀਂ ਸੀ ਅਤੇ ਬਚਪਨ ਵਿਚ ਹੀ ਉਨ੍ਹਾਂ 'ਚ ਇਨਕਲਾਬੀ ਵਿਚਾਰਧਾਰ ਪਨਪ ਗਈ ਸੀ। ਸ਼ਾਇਦ ਇਸੇ ਕਰ ਕੇ ਪਿਤਾ ਨੇ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਲਈ ਸਾਢੇ ਕੁ ਚੌਦਾਂ ਸਾਲ ਦੀ ਉਮਰੇ ਹੀ 1918 ਵਿਚ ਉਨ੍ਹਾਂ ਦਾ ਵਿਆਹ ਕਰ ਦਿੱਤਾ ਸੀ। ਜਦ 1919 'ਚ ਭਗਵਤੀ ਦੇ ਪਿਤਾ ਨੂੰ 'ਰਾਏ ਬਹਾਦਰ' ਦੇ ਖ਼ਿਤਾਬ ਨਾਲ ਨਿਵਾਜਿਆ ਗਿਆ ਤਾਂ ਉਨ੍ਹਾਂ ਨੇ ਬੜੀ ਸ਼ਾਨਦਾਰ ਪਾਰਟੀ ਕੀਤੀ ਜਿਸ 'ਚ ਪ੍ਰਚੱਲਿਤ 'ਲਛਮਣ ਰੇਖਾ' ਉਲੰਘ ਕੇ ਵੱਡੇ-ਵੱਡੇ ਅਫ਼ਸਰ ਵੀ ਸ਼ਾਮਲ ਹੋਏ ਸਨ ਪਰ ਭਗਵਤੀ ਨੂੰ ਇਹ ਸਭ ਹਜ਼ਮ ਨਹੀਂ ਸੀ ਹੋ ਰਿਹਾ ਅਤੇ ਉਹ ਚੁੱਪ-ਚਾਪ ਪਤਨੀ ਦੇ ਕੰਨ ਵਿਚ ਇਹ ਦੱਸ ਕੇ ਖਿਸਕ ਗਿਆ ਕਿ ਉਹ ਰਾਤੀਂ ਕਿਸੇ ਦੋਸਤ ਕੋਲ ਠਹਿਰੇਗਾ।

ਨਾ-ਮਿਲਵਰਤਣ ਲਹਿਰ ਦੌਰਾਨ ਉਨ੍ਹਾਂ ਨੇ ਆਪਣੇ ਪਿਤਾ ਦੀ ਇੱਛਾ ਵਿਰੁੱਧ ਜੋ ਉਨ੍ਹਾਂ ਨੂੰ ਡਾਕਟਰ ਬਣਾਉਣਾ ਚਾਹੁੰਦੇ ਸਨ, ਨੈਸ਼ਨਲ ਕਾਲਜ ਲਾਹੌਰ ਵਿਚ ਬੀ.ਏ. ਵਿਚ ਦਾਖ਼ਲਾ ਲੈ ਲਿਆ ਅਤੇ ਫਿਰ ਪੂਰੀ ਤਰ੍ਹਾਂ ਇਨਕਲਾਬੀ ਗਤੀਵਿਧੀਆਂ ਵਿਚ ਸਰਗਰਮ ਹੋ ਗਏ। ਉੱਥੇ ਹੀ ਭਗਤ ਸਿੰਘ, ਸੁਖਦੇਵ, ਯਸ਼ਪਾਲ ਐਫ਼.ਏ. ਵਿਚ ਦਾਖ਼ਲ ਹੋਏ।

ਉਹ ਆਪਣੇ ਸਹਿਯੋਗੀਆਂ 'ਚ ਸਭ ਤੋਂ ਵੱਡੇ ਸਨ ਅਤੇ ਬਹੁਤ ਹੀ ਤੇਜ਼-ਤਰਾਰ ਤੇ ਜ਼ਬਰਦਸਤ ਬੁਲਾਰੇ ਸਨ। ਉਹ ਕਾਲਜ ਵਿਚ ਇਨਕਲਾਬੀਆਂ ਦੇ ਸ਼ਹੀਦੀ ਦਿਹਾੜੇ ਮਨਾਉਂਦੇ ਜਿਸ ਵਿਚ ਉਹ ਖ਼ੁਦ ਹੀ ਮੁੱਖ ਬੁਲਾਰਾ ਹੁੰਦੇ। ਉਹ ਸੁਖਦੇਵ, ਭਗਤ ਸਿੰਘ, ਯਸ਼ਪਾਲ ਆਦਿ ਦਾ ਮਾਰਗ-ਦਰਸ਼ਨ ਕਰਦੇ ਰਹਿੰਦੇ ਅਤੇ ਉਨ੍ਹਾਂ ਨੂੰ ਮੇਲਿਆਂ, ਛਿੰਝਾਂ ਆਦਿ ਵਿਚ 'ਜਾਦੂਈ ਲਾਲਟੈਣ' ਜ਼ਰੀਏ ਇਨਕਲਾਬੀ ਪ੍ਰਚਾਰ ਕਰਨ ਦੀ ਸਿਖਲਾਈ ਵੀ ਦਿੰਦੇ। ਉਹ ਇਨਕਲਾਬੀ ਵਿਚਾਰਧਾਰਾ ਨੂੰ ਇੰਨੇ ਸਮਰਪਿਤ ਸਨ ਕਿ ਜਦ 1925 ਵਿਚ ਉਨ੍ਹਾਂ ਦੇ ਘਰ ਪੁੱਤਰ ਦਾ ਜਨਮ ਹੋਇਆ ਤਾਂ ਉਨ੍ਹਾਂ ਉਸ ਦਾ ਨਾਮ ਸਚਿੰਦਰ ਸਾਨਿਆਲ ਤੋਂ ਪ੍ਰੇਰਿਤ ਹੋ ਕੇ ਸਚਿੰਦਰ ਵੋਹਰਾ ਰੱਖ ਦਿੱਤਾ।

1926 ਵਿਚ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ ਗਈ ਜਿਸ ਦਾ ਮੈਨੀਫੈਸਟੋ ਭਗਵਤੀ ਚਰਨ ਵੋਹਰਾ ਨੇ ਬਤੌਰ ਪ੍ਰਾਪੇਗੰਡਾ ਸੈਕਟਰੀ ਲਿਖਿਆ। ਇਹ ਮੈਨੀਫੈਸਟੋ 13 ਅਪਰੈਲ 1928 ਨੂੰ ਜੱਲ੍ਹਿਆਂਵਾਲੇ ਬਾਗ਼ ਵਿਚ ਸਭਾ ਦੀ ਪਹਿਲੀ ਸੂਬਾਈ ਕਾਨਫਰੰਸ ਵੇਲੇ ਜਾਰੀ ਕੀਤਾ ਗਿਆ।

ਜਦ ਕਾਕੋਰੀ ਕਾਂਡ ਵਾਲੇ ਇਨਕਲਾਬੀਆਂ ਨੂੰ ਫਾਂਸੀਆਂ ਅਤੇ ਉਮਰ ਕੈਦਾਂ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ ਤਾਂ ਕੁਝ ਸਿਰਕੱਢ ਆਗੂ ਉਨ੍ਹਾਂ ਨੂੰ ਜੇਲ੍ਹ 'ਚੋਂ ਛੁਡਾਉਣ ਦੀਆਂ ਵਿਉਂਤਾਂ ਬਣਾਉਣ ਲੱਗੇ ਅਤੇ ਇਸ ਮਕਸਦ ਲਈ ਵਾਲੰਟੀਅਰ ਤੇ ਪੈਸੇ ਭੇਜਣ ਲਈ ਜ਼ੋਰ ਪਾਇਆ ਜਾ ਰਿਹਾ ਸੀ। ਹੁਣ ਪੰਜਾਬ ਵਾਲੀ ਪਾਰਟੀ ਹੀ ਸਹੀ ਸਲਾਮਤ ਬਚੀ ਹੋਈ ਸੀ, ਇਸ ਲਈ ਜੇਲ੍ਹੀਂ ਡੱਕੇ ਹੋਏ ਕਾਰਕੁਨਾਂ ਦੀ ਵੱਡੀ ਟੇਕ ਪੰਜਾਬ 'ਤੇ ਹੀ ਸੀ। ਉਸ ਵੇਲੇ ਪੰਜਾਬ ਪਾਰਟੀ ਦੀ ਵਾਗਡੋਰ ਪ੍ਰੋਫੈਸਰ ਜੈਚੰਦਰ ਵਿਦਿਆਲੰਕਾਰ ਦੇ ਹੱਥ ਸੀ ਜੋ ਸਾਰੇ ਜੁਝਾਰੂ ਨੌਜਵਾਨਾਂ ਦਾ ਗੁਰੂ ਅਤੇ ਰਹਿਬਰ ਸੀ ਪਰ 'ਗੁਰੂ ਜੀ' ਕੇਵਲ ਜ਼ਬਾਨੀ ਖਾਨਾਪੂਰਤੀ ਦੇ ਹੀ ਧਨੀ ਸਨ ਜੋ ਚੇਲਿਆਂ ਨੂੰ ਹਜ਼ਮ ਨਹੀਂ ਸੀ ਹੋ ਰਿਹਾ; ਖ਼ਾਸਕਰ ਭਗਵਤੀ ਚਰਨ ਨੂੰ ਜੋ ਇਨ੍ਹਾਂ ਸਾਰਿਆਂ 'ਚੋਂ ਸੁੱਘੜ ਵੀ ਸੀ ਅਤੇ ਜਿਸ ਨੂੰ ਕੌਮਾਂਤਰੀ ਕਮਿਊਨਿਸਟ ਲਹਿਰ ਬਾਰੇ ਤਜਰਬਾ ਵੀ ਸੀ।

ਫਿਰ ਕੀ ਸੀ? ਗੁਰੂ ਜੀ ਨੇ ਭਗਵਤੀ ਨਾਲ ਖੁੰਦਕਵੱਸ ਹਰੇਕ ਦੇ ਕੰਨੀਂ ਪਾਉਣਾ ਸ਼ੁਰੂ ਕਰ ਦਿੱਤਾ ਕਿ ਮੈਨੂੰ 'ਅਤਿ ਭਰੋਸੇਯੋਗ ਸਰੋਤਾਂ' ਤੋਂ ਪਤਾ ਲੱਗਾ ਹੈ ਕਿ ਭਗਵਤੀ ਬਾਕਾਇਦਾ ਸੀ.ਆਈ.ਡੀ. ਦਾ ਏਜੰਟ ਹੈ, ਇਸ ਤੋਂ ਬਚ ਕੇ ਰਹਿਣਾ। ਇਸ 'ਤੇ ਸੁਖਦੇਵ, ਭਗਤ ਸਿੰਘ ਅਤੇ ਦੂਜੇ ਪ੍ਰਾਂਤਾਂ ਦੇ ਇਨਕਲਾਬੀ ਭਗਵਤੀ ਚਰਨ ਤੋਂ ਕਤਰਾਉਣ ਲੱਗ ਪਏ ਅਤੇ ਉਨ੍ਹਾਂ ਨੂੰ ਐਚ.ਐਸ.ਆਰ.ਏ. ਦੇ ਗਠਨ ਤੋਂ ਦੂਰ ਰੱਖਿਆ ਗਿਆ। ਜੇ ਇਹ ਗ਼ਲਤੀ ਨਾ ਕੀਤੀ ਹੁੰਦੀ ਤਾਂ ਸ਼ਾਇਦ ਐਚ.ਐਸ.ਆਰ.ਏ. ਦਾ ਇਤਿਹਾਸ ਕੁਝ ਹੋਰ ਹੁੰਦਾ।

ਜਦ 17 ਦਸੰਬਰ 1928 ਨੂੰ ਪਾਰਟੀ ਨੇ ਸਾਂਡਰਸ ਕਤਲ ਦਾ ਐਕਸ਼ਨ ਕੀਤਾ ਤਾਂ ਉਸ ਵੇਲੇ ਪਾਰਟੀ ਕੋਲ ਰਾਤ ਨੂੰ ਖਾਣਾ ਖਾਣ ਜੋਗੇ ਵੀ ਪੈਸੇ ਨਹੀਂ ਸਨ। ਪੰਜਾਬ ਇਕਾਈ ਦਾ ਇੰਚਾਰਜ ਹੋਣ ਨਾਤੇ ਇਨਕਲਾਬੀਆਂ ਨੂੰ ਲਾਹੌਰੋਂ ਬਾਹਰ ਕੱਢਣ ਦੀ ਜ਼ਿੰਮੇਵਾਰੀ ਸੁਖਦੇਵ ਦੀ ਸੀ, ਤਾਂ ਸੁਖਦੇਵ ਦੀ ਟੇਕ ਭਗਵਤੀ ਪਰਿਵਾਰ 'ਤੇ ਹੀ ਸੀ। ਦੂਰਦਰਸ਼ੀ ਭਗਵਤੀ ਕਲਕੱਤਾ ਜਾਣੋਂ ਪਹਿਲਾਂ, ਭਾਵ ਐਕਸ਼ਨ ਤੋਂ ਪਹਿਲਾਂ ਹੀ 500 ਰੁਪਏ ਆਪਣੀ ਪਤਨੀ ਦੁਰਗਾਵਤੀ ਨੂੰ ਇਹ ਕਹਿ ਕੇ ਦੇ ਗਏ ਸਨ ਕਿ ਜੇ ਕੋਈ ਮੰਗਣ ਆਏ ਤਾਂ ਇਹ ਪੈਸੇ ਦੇ ਦੇਣਾ। ਸੁਖਦੇਵ ਦੇ ਪੈਸੇ ਮੰਗਣ 'ਤੇ ਦੁਰਗਾ ਭਾਬੀ ਨੇ ਉਸ ਨੂੰ ਫੜਾ ਦਿੱਤੇ ਅਤੇ ਭਗਤ ਸਿੰਘ ਤੇ ਰਾਜਗੁਰੂ ਨੂੰ ਲਾਹੌਰੋਂ ਬਾਹਰ ਸੁਰੱਖਿਅਤ ਕੱਢਣ ਲਈ ਖ਼ੁਦ ਨੂੰ ਅਤੇ ਆਪਣੇ ਪੁੱਤਰ ਸਚੀ ਨੂੰ ਵੀ ਇਸ ਐਕਸ਼ਨ ਵਿਚ ਝੋਕ ਦਿੱਤਾ ਅਤੇ 20 ਦਸੰਬਰ 1928 ਨੂੰ ਉਨ੍ਹਾਂ ਨੇ ਭਗਤ ਸਿੰਘ ਅਤੇ ਰਾਜਗੁਰੂ ਨੂੰ ਲਾਹੌਰੋਂ ਬਾਹਰ ਕਢਵਾਇਆ।

ਅੱਠ ਅਪਰੈਲ 1929 ਨੂੰ ਅਸੈਂਬਲੀ ਕਾਂਡ ਵਿਚ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਦੇ ਆਤਮ-ਸਮਰਪਣ ਅਤੇ 15 ਅਪਰੈਲ 1929 ਨੂੰ ਕਸ਼ਮੀਰ ਬਿਲਡਿੰਗ ਤੋਂ ਸੁਖਦੇਵ ਅਤੇ ਕਿਸ਼ੋਰੀ ਲਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੁਲਿਸ ਨੂੰ ਛਾਣ-ਬੀਣ ਤੋਂ ਪਤਾ ਲੱਗਿਆ ਕਿ ਕਸ਼ਮੀਰ ਬਿਲਡਿੰਗ ਵਾਲੇ ਕਮਰੇ ਤਾਂ ਭਗਵਤੀ ਦੇ ਨਾਂ 'ਤੇ ਹਨ, ਜੋ ਭਗਵਤੀ ਨੇ ਪੜ੍ਹਨ ਵਾਸਤੇ ਆਪਣੇ ਨਾਂ 'ਤੇ ਕਿਰਾਏ 'ਤੇ ਲਏ ਹੋਏ ਹਨ ਜਦੋਂਕਿ ਇਨਕਲਾਬੀ ਅਜਿਹਾ ਕਾਰਜ ਫ਼ਰਜ਼ੀ ਨਾਂ ਤਹਿਤ ਕਰਦੇ ਸਨ। ਜਦ ਸੁਖਦੇਵ ਨੂੰ ਉਕਤ ਕਮਰਿਆਂ ਬਾਰੇ ਪਤਾ ਲੱਗਿਆ ਸੀ ਤਾਂ ਉਸ ਨੇ ਮੱਲੋਮੱਲੀ ਭਗਵਤੀ ਤੋਂ ਉਕਤ ਕਮਰਿਆਂ ਦੀ ਚਾਬੀ ਲੈ ਕੇ ਉੱਥੇ ਬੰਬਾਂ ਕੇ ਖੋਲ ਤਿਆਰ ਕਰਨੇ ਸ਼ੁਰੂ ਕਰ ਦਿੱਤੇ ਸਨ। ਛਾਣ-ਬੀਣ ਦੌਰਾਨ ਤਾਰ ਭਗਵਤੀ ਨਾਲ ਜੁੜ ਗਏ ਅਤੇ ਪੁਲਿਸ ਨੇ ਭਗਵਤੀ ਦੀ ਗ੍ਰਿਫ਼ਤਾਰੀ ਦੇ ਵਾਰੰਟ ਕੱਢ ਦਿੱਤੇ ਜਿਸ ਕਰ ਕੇ ਉਹ ਰੂਪੋਸ਼ ਹੋ ਗਿਆ ਅਤੇ ਨਵੀਂ ਪਾਰਟੀ ਬਣਾਉਣ ਦੇ ਆਹਰ ਵਿਚ ਜੁਟ ਗਿਆ।

ਫਿਰ ਜਦ 10 ਜੁਲਾਈ 1929 ਨੂੰ ਇਨਕਲਾਬੀਆਂ ਖ਼ਿਲਾਫ਼ ਲਾਹੌਰ ਸਾਜ਼ਿਸ਼ ਕੇਸ ਦੀ ਕਾਰਵਾਈ ਸ਼ੁਰੂ ਹੋਣ 'ਤੇ ਲਾਹੌਰ ਹੀ ਸਾਰੀਆਂ ਸਰਗਮੀਆਂ ਦਾ ਕੇਂਦਰ ਬਣ ਗਿਆ ਤਾਂ ਪੈਰਵੀ ਲਈ ਆਉਂਦੇ ਉਨ੍ਹਾਂ ਦੇ ਰਿਸ਼ਤੇਦਾਰਾਂ ਲਈ ਭਗਵਤੀ ਚਰਨ ਵੋਹਰਾ ਦਾ ਘਰ ਹੀ ਪਨਾਹਗਾਹ ਬਣਿਆ ਜਿੱਥੇ ਦੁਰਗਾ ਭਾਬੀ ਨੂੰ ਨਾ ਕੇਵਲ ਦਿਨ-ਰਾਤ ਉਨ੍ਹਾਂ ਦੇ ਖਾਣ-ਪੀਣ ਦਾ ਬੰਦੋਬਸਤ ਕਰਨਾ ਪੈਂਦਾ ਅਤੇ ਉਹ ਰਸੋਈ 'ਚ ਸਵੇਰੇ ਤਿੰਨ ਵਜੇ ਤੋਂ ਲੈ ਕੇ ਅੱਧੀ ਰਾਤ ਤੱਕ ਆਟੇ ਦੀਆਂ ਪਰਾਤਾਂ ਗੁੰਨ੍ਹਦੀ, ਦਾਲ-ਸਬਜ਼ੀ ਤਿਆਰ ਕਰਦੀ ਤੇ ਆਏ-ਗਏ ਨੂੰ ਖੁਆਉਣ 'ਚ ਰੁੱਝੀ ਰਹਿੰਦੀ। ਡਿਫੈਂਸ ਕਮੇਟੀ ਦੀਆਂ ਕਾਰਵਾਈਆਂ ਵੀ ਇੱਥੋਂ ਹੀ ਚਲਦੀਆਂ ਅਤੇ ਜੇਲ੍ਹੀਂ ਡੱਕੇ ਸਾਥੀਆਂ ਨਾਲ ਸੰਪਰਕ ਬਣਾਈ ਰੱਖਣ, ਕੇਸ ਦੀ ਪੈਰਵੀ ਕਰਨ ਵਾਲੇ ਵਕੀਲਾਂ ਨਾਲ ਤਾਲ-ਮੇਲ ਰੱਖਣ ਆਦਿ ਸਾਰਾ ਤਾਣਾ-ਬਾਣਾ ਭਾਬੀ ਦੁਆਲੇ ਹੀ ਘੁੰਮਦਾ। ਇਨ੍ਹੀਂ ਦਿਨੀਂ ਅਜਿਹੇ ਮੌਕੇ ਵੀ ਹੁੰਦੇ ਕਿ ਨਾ ਤਾਂ ਕੋਲ ਕੋਈ ਪੈਸਾ-ਧੇਲਾ ਹੁੰਦਾ ਤੇ ਨਾ ਹੀ ਕੋਈ ਸਾਥੀ ਉਪਲਬਧ ਹੁੰਦਾ। ਫਿਰ ਵੀ ਭਾਬੀ ਨੇ ਕਦੇ ਹਿੰਮਤ ਨਾ ਹਾਰੀ ਅਤੇ ਲੋੜ ਪੈਣ 'ਤੇ ਉਹ ਇਕੱਲੀ ਹੀ ਕਿਤੇ ਵੀ ਪਹੁੰਚ ਕੇ ਆਪਣੇ ਕੰਮ ਨਿਪਟਾ ਆਉਂਦੀ। ਇਹ ਦੇਖ ਕੇ ਭਗਵਤੀ ਦੇ ਦੋਖੀ, ਭਾਬੀ ਦੇ ਆਚਰਨ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਅਫ਼ਵਾਹਾਂ ਉਡਾਉਣ ਲੱਗ ਪਏ। ਇਹ ਕੁਝ ਦਇੱਕ ਵਾਰੀ ਸੁਖਦੇਵ ਰਾਜ (ਸੁਖਦੇਵ ਨਹੀਂ), ਇੰਦਰਪਾਲ ਨੂੰ ਨਾਲ ਲੈ ਕੇ ਭਗਵਤੀ ਨੂੰ ਮਿਲਿਆ ਅਤੇ ਉਨ੍ਹਾਂ



*ਸ਼ਹੀਦ ਭਗਵਤੀ ਚਰਨ ਵੋਹਰਾ ਆਪਣੀ ਪਤਨੀ ਦੁਰਗਾ ਅਤੇ ਪੁੱਤਰ ਸਚਿੰਦਰ ਨਾਲ।*

ਨੂੰ ਇਹਦੀ ਜਾਣਕਾਰੀ ਦਿੱਤੀ। ਸੁਣ ਕੇ ਪਹਿਲਾਂ ਤਾਂ ਭਗਵਤੀ ਚੁੱਪ ਹੀ ਰਹੇ, ਫਿਰ ਕਿਹਾ, "ਮੇਰੇ ਸਾਹਮਣੇ ਪਹਾੜ ਜੇਡੇ ਕੰਮ ਨੇ, ਇਸ ਲਈ ਮੇਰੇ ਕੋਲ ਅਜਿਹੀਆਂ ਛੋਟੀਆਂ-ਛੋਟੀਆਂ ਗੱਲਾਂ ਲਈ ਕੋਈ ਵਿਹਲ ਹੀ ਨਹੀਂ। ਨਾਲੇ ਮੈਨੂੰ ਆਪਣੀ ਪਤਨੀ 'ਤੇ ਅਟੁੱਟ ਭਰੋਸਾ ਹੈ। ਤੁਸੀਂ ਇਹ ਕਹਿਣ-ਸੁਣਨ ਵਾਲਿਆਂ ਨੂੰ ਮੇਰੇ ਵੱਲੋਂ ਦੱਸ ਦੇਣਾ; ਤੇ ਜੇ ਮੈਂ ਵਿਸ਼ਵਾਸ ਕਰਨਾ ਹੀ ਹੈ ਤਾਂ ਮੈਂ ਆਪਣੀ ਪਤਨੀ ਦੀ ਗੱਲ 'ਤੇ ਹੀ ਕਰਾਂਗਾ।"

ਇਸ ਕਾਰਜ ਲਈ ਪੈਸਾ ਖੁੱਲ੍ਹਾ ਚਾਹੀਦਾ ਸੀ ਤੇ ਇੰਨੇ ਸਾਲਾਂ ਦੀ ਸ਼ਾਹ-ਖ਼ਰਚੀ ਕਾਰਨ ਵੋਹਰਾ ਪਰਿਵਾਰ ਦਾ ਖ਼ਜ਼ਾਨਾ ਵੀ ਤਕਰੀਬਨ ਖ਼ਾਲੀ ਹੋ ਚੁੱਕਾ ਸੀ। ਪੈਸੇ ਦੀ ਪ੍ਰਾਪਤੀ ਤੋਂ ਇਲਾਵਾ ਭਗਵਤੀ ਅਤੇ ਸਾਥੀਆਂ ਨੂੰ ਪੰਜਾਬ ਪੁਲਿਸ ਦੇ ਆਈ.ਜੀ. ਦਾ ਇਹ ਬਿਆਨ ਵੀ ਹਜ਼ਮ ਨਹੀਂ ਸੀ ਹੋ ਰਿਹਾ ਕਿ "ਅਸਾਂ ਪੰਜਾਬ 'ਚ ਇਨਕਲਾਬੀਆਂ ਦਾ ਵਿਨਾਸ਼ ਕਰ ਦਿੱਤਾ ਹੈ"। ਇਸ ਕਰ ਕੇ 15 ਅਕਤੂਬਰ 1929 ਨੂੰ ਅਹਿਮਦਗੜ੍ਹ ਡਕੈਤੀ ਨੂੰ ਅੰਜਾਮ ਦਿੱਤਾ ਗਿਆ।

ਭਗਤ ਸਿੰਘ ਅਤੇ ਬੀ.ਕੇ. ਦੱਤ ਨੂੰ ਜੇਲ੍ਹੋਂ ਛੁਡਾਉਣ ਲਈ ਚੰਦਰ ਸ਼ੇਖਰ ਆਜ਼ਾਦ ਵੀ ਆਪਣੇ ਪੱਧਰ 'ਤੇ ਉਪਰਾਲੇ ਕਰ ਰਹੇ ਸਨ। ਜਦੋਂ ਉਨ੍ਹਾਂ ਨੂੰ ਤਸੱਲੀ ਨਾ ਹੋਈ ਤਾਂ ਉਨ੍ਹਾਂ ਮੌਕੇ ਦਾ ਜਾਇਜ਼ਾ ਲੈਣ ਲਈ ਆਪਣੇ ਨਿਕਟਤਮ ਸਾਥੀ ਵੈਸ਼ਮਪਾਇਨ ਨੂੰ ਕਾਂਸ਼ੀ ਰਾਮ ਨਾਲ ਕਾਨਪੁਰ ਤੋਂ ਲਾਹੌਰ ਭੇਜਿਆ।

ਵੈਸ਼ਮਪਾਇਨ ਅਨੁਸਾਰ, "ਮੈਂ ਲਾਹੌਰ ਪਹੁੰਚ ਕੇ ਤਿੰਨ ਐਤਵਾਰ ਲਗਾਤਾਰ ਜੇਲ੍ਹ ਦਾ ਜਾਇਜ਼ਾ ਲੈ ਕੇ, ਤੀਜੇ ਐਤਵਾਰ ਸ਼ਾਮੀਂ ਆਪਣੇ ਮੇਜ਼ਬਾਨ ਨੂੰ ਸੁਨੇਹਾ ਭੇਜਿਆ ਕਿ ਮੈਂ ਕੱਲ੍ਹ ਸਵੇਰੇ ਕਾਨਪੁਰ ਪਰਤਣਾ ਹੈ। ਇਸ ਲਈ ਮੇਰੇ ਕੱਲ੍ਹ ਦੇ ਸਫ਼ਰ ਲਈ ਟਿਕਟ ਦਾ ਬੰਦੋਬਸਤ ਕਰ ਦੇਵੇ। ਮੈਨੂੰ ਪਤਾ ਲੱਗਾ ਕਿ ਮੇਰੇ ਇੱਥੇ ਰਹਿਣ ਦਾ ਸਾਰਾ ਬੰਦੋਬਸਤ ਦੁਰਗਾ ਭਾਬੀ ਨੇ ਕੀਤਾ ਹੋਇਆ ਸੀ ਜਦੋਂਕਿ ਆਜ਼ਾਦ ਨੇ ਮੈਨੂੰ ਵੋਹਰਾ ਪਰਿਵਾਰ ਨੂੰ ਮਿਲਣੋਂ ਵਰਜਿਆ ਹੋਇਆ ਸੀ। ਮੇਰਾ ਮੱਥਾ ਠਣਕਿਆ ਅਤੇ ਮੇਰੇ ਮਨ ਵਿਚ ਆਇਆ ਕਿ ਜੇ ਵਾਕਈ ਆਜ਼ਾਦ ਦੀ ਸ਼ੰਕਾ ਦਰੁਸਤ ਹੁੰਦੀ ਤਾਂ ਦੁਰਗਾ ਵੋਹਰਾ ਆਸਾਨੀ ਨਾਲ ਮੈਨੂੰ ਗ੍ਰਿਫ਼ਤਾਰ ਕਰਵਾ ਸਕਦੀ ਸੀ। ਜ਼ਰੂਰ ਹੀ ਕਿਤੇ ਕੋਈ ਗ਼ਲਤਫਹਿਮੀ ਹੈ। ਫਿਰ ਮੈਂ ਦੁਰਗਾ ਵੋਹਰਾ ਨੂੰ ਮਿਲਿਆ ਤਾਂ ਪੁੱਛਿਆ ਕਿ ਮੇਰੇ ਬਾਰੇ ਤੁਸੀਂ ਕੀ ਕੁਝ ਜਾਣਦੇ ਹੋ? ਉਨ੍ਹਾਂ ਕਿਹਾ, "ਕਿਉਂ ਨਹੀਂ? ਤੁਹਾਨੂੰ ਉਨ੍ਹਾਂ (ਭਗਵਤੀ ਚਰਨ) ਨੇ ਦਿੱਲੀਓਂ ਭੇਜਿਐ।"

"ਨਹੀਂ, ਮੈਨੂੰ ਤਾਂ ਇੱਥੇ ਆਜ਼ਾਦ ਨੇ ਭੇਜਿਆ ਹੈ।"

ਆਜ਼ਾਦ ਦਾ ਨਾਂ ਸੁਣਦਿਆਂ ਹੀ ਉਨ੍ਹਾਂ ਨੂੰ ਚਾਅ ਚੜ੍ਹ ਗਿਆ ਤੇ ਕਹਿਣ ਲੱਗੇ, "ਭਗਵਤੀ ਹੋਰੀਂ ਉਨ੍ਹਾਂ ਨੂੰ ਮਿਲਣ ਲਈ ਬਹੁਤ ਉਤਾਵਲੇ ਨੇ ਅਤੇ ਉਹ ਕਈ ਵਾਰੀ ਆਜ਼ਾਦ ਨੂੰ ਮਿਲਣ ਦੀ ਕੋਸ਼ਿਸ਼ ਕਰਨ ਦੇ ਬਾਵਜੂਦ ਕਾਮਯਾਬ ਨਹੀਂ ਹੋਏ। ਇਹ ਤਾਂ ਬਹੁਤ ਹੀ ਚੰਗਾ ਹੋਇਆ ਕਿ ਤੁਸੀਂ ਮੈਨੂੰ ਮਿਲ ਗਏ ਹੋ। ਮੈਂ ਹੁਣੇ ਦਿੱਲੀ ਸੁਨੇਹਾ ਭੇਜ ਕੇ ਭਗਵਤੀ ਜੀ ਨੂੰ ਇੱਥੇ ਬੁਲਾ ਭੇਜਦੀ ਹਾਂ ਅਤੇ ਤੁਸੀਂ ਓਨੀ ਦੇਰ ਇੱਥੇ ਅਟਕ ਜਾਓ।" ਮੈਂ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਮੈਂ ਆਜ਼ਾਦ ਨਾਲ ਗੱਲ ਕਰਾਂਗਾ। ਕਾਨਪੁਰ ਪਹੁੰਚ ਕੇ ਮੈਂ ਸਾਰੀ ਰਿਪੋਰਟ ਆਜ਼ਾਦ ਨੂੰ ਦਿੱਤੀ ਅਤੇ ਦੁਰਗਾ ਵੋਹਰਾ ਬਾਰੇ ਵੀ ਦੱਸਿਆ ਕਿ ਉਨ੍ਹਾਂ ਮੇਰੀ ਕਿੰਨੀ ਆਉ-ਭਗਤ ਕੀਤੀ ਹੈ ਅਤੇ ਭਗਵਤੀ ਦੀ ਭਰੋਸੇਯੋਗਤਾ ਬਾਰੇ ਯਕੀਨ ਦਿਵਾਇਆ ਤਾਂ ਉਨ੍ਹਾਂ ਉਸੇ ਦਿਨ ਮੈਨੂੰ ਦਿੱਲੀ ਭੇਜ ਦਿੱਤਾ ਅਤੇ ਭਗਵਤੀ ਨੂੰ ਕਾਨਪੁਰ ਲਿਆਉਣ ਲਈ ਕਿਹਾ। ਮੈਂ ਦਿੱਲੀਓਂ ਭਗਵਤੀ ਨੂੰ ਲੈ ਕੇ ਕਾਨਪੁਰ ਆਇਆ ਤਾਂ ਆਜ਼ਾਦ ਭਗਵਤੀ ਨੂੰ ਇੰਜ ਮਿਲੇ, ਜਿਵੇਂ ਚਿਰੀਂ ਵਿਛੜੇ ਵੀਰ ਨੂੰ ਮਿਲੀਦਾ ਹੈ। ਆਜ਼ਾਦ ਨੇ ਮੰਨਿਆ ਕਿ "ਉਹ ਵਾਕਈ ਉਸ ਨੂੰ ਮਿਲਣੋਂ ਇਨਕਾਰ ਕਰਦਾ ਰਿਹਾ ਸੀ ਪਰ ਇਸ ਲਈ ਉਹਨੂੰ ਬੁਰਾ ਨਹੀਂ ਮਨਾਉਣਾ ਚਾਹੀਦਾ ਕਿਉਂਕਿ ਆਖ਼ਰ ਹਰ ਮਾਮਲੇ 'ਚ ਤਾਂ ਉਹਨੂੰ ਉਹਦੀਆਂ ਮਜਬੂਰੀਆਂ ਦੇ ਹੁੰਦਿਆਂ ਸਹੀ ਜਾਣਕਾਰੀ ਨਹੀਂ ਸੀ ਹੋ ਸਕਦੀ। ਫਿਰ ਆਜ਼ਾਦ ਨੇ ਉਨ੍ਹਾਂ ਨੂੰ ਸੈਂਟਰਲ ਕਮੇਟੀ 'ਚ ਲੈ ਲਿਆ।"

ਫਿਰ 23 ਦਸੰਬਰ 1929 ਨੂੰ ਵਾਇਸਰਾਏ ਦੀ ਰੇਲਗੱਡੀ ਨੂੰ ਬੰਬ ਨਾਲ ਉਡਾਉਣ ਦਾ ਐਕਸ਼ਨ ਕੀਤਾ ਗਿਆ ਜੋ ਸੰਘਣੀ ਧੁੰਦ ਕਾਰਨ ਮਿੱਥੇ ਟੀਚੇ ਜਿੰਨਾ ਕਾਰਗਰ ਨਾ ਹੋ ਸਕਿਆ। ਫਿਰ ਆਜ਼ਾਦ ਦੇ ਕਹਿਣ ਅਨੁਸਾਰ ਭਗਵਤੀ ਨੇ 25 ਦਸੰਬਰ 1929 ਨੂੰ ਐਚ.ਐਸ.ਆਰ.ਏ. ਦਾ ਮੈਨੀਫੈਸਟੋ ਜਾਰੀ ਕਰ ਦਿੱਤਾ ਜੋ ਲਾਹੌਰ ਕਾਂਗਰਸ ਸੈਸ਼ਨ ਵਿਚ ਪਹੁੰਚੇ ਸਾਰੇ ਦੇਸ਼ ਦੇ ਕਾਂਗਰਸੀ ਡੈਲੀਗੇਟਾਂ 'ਚ ਵੰਡਿਆ ਗਿਆ।

ਵਾਇਸਰਾਏ ਦੀ ਰੇਲਗੱਡੀ ਵਾਲੀ ਘਟਨਾ ਤੋਂ ਬਾਅਦ ਗਾਂਧੀ ਜੀ ਨੇ ਵਾਇਸਰਾਏ ਦੇ ਵਾਲ-ਵਾਲ ਬਚ ਜਾਣ 'ਤੇ ਪਰਮਾਤਮਾ ਦਾ ਕੋਟਿ-ਕੋਟਿ ਧੰਨਵਾਦ ਕਰਦਿਆਂ ਆਪਣੇ ਰਸਾਲੇ 'ਯੰਗ ਇੰਡੀਆ' ਵਿਚ 'ਕਲਟ ਆਫ ਦਿ ਬੰਬ' ਲੇਖ ਲਿਖਿਆ ਅਤੇ ਇਨਕਲਾਬੀ ਨੌਜਵਾਨਾਂ ਵਿਰੁੱਧ ਭੰਡੀ ਪ੍ਰਚਾਰ ਕੀਤਾ।

ਆਜ਼ਾਦ ਨੇ ਗਾਂਧੀ ਜੀ ਦੇ ਲੇਖ ਦਾ ਜਵਾਬ ਦੇਣ ਲਈ ਭਗਵਤੀ ਚਰਨ ਵੋਹਰਾ ਦੀ ਡਿਊਟੀ ਲਗਾਈ ਜੋ ਉਸ ਨੇ 'ਫਿਲਾਸਫੀ ਆਫ ਦਿ ਬੰਬ' (ਬੰਬ ਦਾ ਦਰਸ਼ਨ) ਲੇਖ ਵਜੋਂ 26 ਜਨਵਰੀ 1930 ਨੂੰ ਜਾਰੀ ਕੀਤਾ।

ਪਹਿਲੀ ਫਰਵਰੀ 1930 ਦੇ ਐਕਸ਼ਨ ਲਈ ਜਲਗਾਉਂ ਜੇਲ੍ਹ ਵਿਚੋਂ ਭਗਵਾਨ ਦਾਸ ਮਾਹੌਰ ਅਤੇ ਸਦਾਸ਼ਿਵ ਰਾਵ ਮਲਕਾਪੁਰਕਰ ਨੇ ਮੁਖ਼ਬਰ ਜੈਗੋਪਾਲ ਅਤੇ ਫੌਨਿੰਦਰ ਘੋਸ਼ ਨੂੰ ਮਾਰ ਮੁਕਾਉਣ ਲਈ ਪਿਸਤੌਲਾਂ ਦੀ ਮੰਗ ਕੀਤੀ ਤਾਂ ਭਗਵਤੀ ਨੇ ਐਡਵੋਕੇਟ ਦੇ ਭੇਸ 'ਚ ਜੇਲ੍ਹ ਵਿਚ ਜਾ ਕੇ ਬੜੀ ਹੁਸ਼ਿਆਰੀ ਨਾਲ ਉਨ੍ਹਾਂ ਨੂੰ ਪਿਸਤੌਲ ਪਹੁੰਚਾ ਕੇ ਇਹ ਖ਼ਤਰਨਾਕ ਕੰਮ ਕੀਤਾ।


ਫਿਰ ਮਈ 1930 'ਚ ਭਗਤ ਸਿੰਘ ਅਤੇ ਬੀ.ਕੇ. ਦੱਤ ਨੂੰ ਜੇਲ੍ਹੋਂ ਛੁਡਾਉਣ ਦੇ ਐਕਸ਼ਨ ਨੂੰ ਅੰਜਾਮ ਦੇਣ ਲਈ ਲਾਹੌਰ ਵਿਚ ਦੋ ਮਕਾਨ - ਇੱਕ ਕ੍ਰਿਸ਼ਨਾ ਮੁਹੱਲੇ ਵਿਚ ਅਤੇ ਦੂਜਾ ਜੇਲ੍ਹ ਦੇ ਨੇੜੇ ਹੀ ਬਹਾਵਲਪੁਰ ਰੋਡ ਦੇ ਇੱਕ ਨਿਵੇਕਲੇ ਜਿਹੇ ਬੰਗਲੇ ਦਾ ਅੱਧਾ ਹਿੱਸਾ - ਕਿਰਾਏ 'ਤੇ ਲਏ ਗਏ। ਐਕਸ਼ਨ ਦੀ ਤਾਰੀਖ਼ ਪਹਿਲੀ ਜੂਨ 1930 ਨਿਸ਼ਚਿਤ ਕਰ ਲਈ ਗਈ।


ਭਗਵਤੀ ਇਨ੍ਹੀਂ ਦਿਨੀਂ ਬਹੁਤ ਚੜ੍ਹਦੀ ਕਲਾ 'ਚ ਸੀ ਅਤੇ ਉਸ ਨੂੰ ਭਗਤ ਸਿੰਘ ਅਤੇ ਬੀ.ਕੇ. ਦੱਤ ਨੂੰ ਜੇਲ੍ਹੋਂ ਛੁਡਾ ਲਿਆਉਣ ਦਾ ਪੂਰਾ ਯਕੀਨ ਸੀ ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਬੰਬ ਅਜ਼ਮਾਇਸ਼ ਦਾ ਕਾਰਜ ਯਸ਼ਪਾਲ ਨੂੰ ਸੌਂਪਿਆ ਗਿਆ ਸੀ ਜੋ ਉਸ ਨੇ 27 ਮਈ ਨੂੰ ਕਰਨਾ ਸੀ। ਉਹ ਉਸ ਦਿਨ ਕਿਤੇ ਖਿਸਕ ਗਿਆ ਜਿਸ ਕਰ ਕੇ ਭਗਵਤੀ ਨੂੰ ਬੜੀ ਨਿਰਾਸ਼ਾ ਹੋਈ। ਫਿਰ ਅਗਲੇ ਦਿਨ 28 ਮਈ 1930 ਨੂੰ ਵੈਸ਼ਮਪਾਈਨ, ਸੁਖਦੇਵ ਰਾਜ ਅਤੇ ਭਗਵਤੀ ਸਵੇਰ ਵੇਲੇ ਰਾਵੀ ਦਰਿਆ ਦੇ ਪਾਰ ਸੰਘਣੇ ਜੰਗਲ ਵਿਚ ਬੰਬ ਦੀ ਅਜ਼ਮਾਇਸ਼ ਕਰਨ ਲਈ 11 ਵਜੇ ਦੇ ਕਰੀਬ ਪੁੱਜੇ। ਭਗਵਤੀ ਨੇ ਬੰਬ ਥੈਲਿਓਂ ਕੱਢ ਕੇ ਹੱਥ ਵਿਚ ਲੈਂਦਿਆਂ ਹੀ ਕਿਹਾ ਕਿ ਇਸ ਦੀ ਤਾਂ ਪਿੰਨ ਢਿੱਲੀ ਹੈ। ਸਾਥੀਆਂ ਨੇ ਕਿਹਾ ਕਿ ਵਾਪਸ ਪਰਤ ਚੱਲੀਏ, ਬੰਬ ਦਾ ਤਜਰਬਾ ਕੱਲ੍ਹ ਨੂੰ ਕਰ ਲਵਾਂਗੇ ਪਰ ਉਹ ਵਾਰ-ਵਾਰ ਇਹੀ ਕਹਿ ਰਹੇ ਸਨ, "ਪਹਿਲੀ ਜੂਨ ਦਾ ਐਕਸ਼ਨ ਕਿਸੇ ਹਾਲਤ ਵਿਚ ਵੀ ਅੱਗੇ ਨਹੀਂ ਪਾਇਆ ਜਾਣਾ ਚਾਹੀਦਾ ਤੇ ਅੱਜ 28 ਮਈ ਹੈ। ਇਹ ਤਜਰਬਾ ਅੱਜ ਹੀ ਹੋਵੇਗਾ। ਤੁਸੀਂ ਚਿੰਤਾ ਨਾ ਕਰੋ, ਮੈਂ ਪੂਰੀ ਸਾਵਧਾਨੀ ਨਾਲ ਹੀ ਇਸ ਨੂੰ ਸੁੱਟਾਂਗਾ।" ਭਗਵਤੀ ਚਰਨ ਨਾ ਮੰਨੇ ਤਾਂ ਦੋਵੇਂ ਸਾਥੀਆਂ ਨੇ ਕਿਹਾ, "ਜੇ ਅੱਜ ਹੀ ਬੰਬ ਸੁੱਟਣਾ ਹੈ ਤਾਂ ਇਹ ਕਾਰਜ ਸਾਡੇ ਦੋਵਾਂ 'ਚੋਂ ਕਿਸੇ ਇੱਕ ਨੂੰ ਸੌਂਪ ਦਿਓ ਤਾਂ ਕਿ ਹਾਦਸੇ ਦੀ ਸੂਰਤ ਵਿਚ ਕਿਸੇ ਦੀ ਜਾਨ ਨੂੰ ਬਣੇ ਤਾਂ ਸਾਡੇ ਦੋਵਾਂ 'ਚੋਂ ਹੀ ਕਿਸੇ ਇੱਕ ਨੂੰ ਬਣੇ। ਤੁਸੀਂ ਤਾਂ ਪਾਰਟੀ ਦੀ ਸਿਰਮੌਰ ਹਸਤੀ ਹੋ। ਅਸੀਂ ਕਿਸੇ ਵੀ ਕੀਮਤ 'ਤੇ ਤੁਹਾਡੀ ਜਾਨ ਨੂੰ ਖ਼ਤਰੇ 'ਚ ਨਹੀਂ ਪਾ ਸਕਦੇ।" ਅੱਗੋਂ ਭਗਵਤੀ ਦਾ ਜਵਾਬ ਸੀ, "ਬੇਫ਼ਿਕਰ ਰਹੋ। ਮੇਰਾ ਕੁਝ ਨਹੀਂ ਵਿਗੜਨ ਲੱਗਾ; ਤੇ ਜੇ ਕੁਝ ਹਰਜ-ਮਰਜ ਹੋ ਵੀ ਗਿਆ ਤਾਂ ਕੋਈ ਖ਼ਾਸ ਫ਼ਰਕ ਨਹੀਂ ਪੈਣਾ ਪਰ ਜੇ ਬਦਕਿਸਮਤੀ ਨਾਲ ਤੁਹਾਡੇ 'ਚੋਂ ਕਿਸੇ ਨੂੰ ਕੁਝ ਹੋ ਗਿਆ ਤਾਂ ਮੈਂ ਕਿਸੇ ਨੂੰ ਵੀ ਮੂੰਹ ਦਿਖਾਉਣ ਜੋਗਾ ਨਹੀਂ ਰਹਾਂਗਾ। ਲੋਕੀਂ ਤਾਂ ਪਹਿਲਾਂ ਹੀ ਮੈਨੂੰ ਸੀ.ਆਈ.ਡੀ. ਵਾਲਾ ਕਹਿ ਕੇ ਬਦਨਾਮ ਕਰ ਰਹੇ ਨੇ।"

ਜਿਉਂ ਹੀ ਭਗਵਤੀ ਨੇ ਵੱਡੇ ਪੱਥਰ 'ਤੇ ਚੜ੍ਹ ਕੇ, ਬੰਬ ਦੀ ਸੇਫਟੀ ਪਿੰਨ ਖਿੱਚੀ ਤਾਂ ਉਸੇ ਵੇਲੇ ਜ਼ੋਰਦਾਰ ਧਮਾਕਾ ਹੋ ਗਿਆ ਜਿਸ ਨਾਲ ਭਗਵਤੀ ਦੀ ਇੱਕ ਬਾਂਹ ਕੂਹਣੀ ਤੱਕ ਉੱਡ ਗਈ ਅਤੇ ਦੂਜੀ ਬਾਂਹ ਤੋਂ ਹੱਥ ਦੀਆਂ ਉਂਗਲਾਂ ਗਾਇਬ ਹੋ ਗਈਆਂ, ਪੇਟ 'ਚ ਇੱਕ ਟੋਏ ਵਰਗੇ ਫੱਟ 'ਚੋਂ ਆਂਦਰਾਂ ਬਾਹਰ ਵੱਲ ਲਮਕ ਗਈਆਂ। ਜਿਸਮ 'ਚੋਂ ਬੇਹੱਦ ਖ਼ੂਨ ਵਗਦਾ ਵੇਖ ਲੱਗ ਰਿਹਾ ਸੀ ਜਿਵੇਂ ਭਗਵਤੀ ਮਾਤਰ-ਭੂਮੀ ਨੂੰ ਆਪਣੇ ਖ਼ੂਨ ਨਾਲ ਸਿੰਜ ਰਿਹਾ ਹੋਵੇ। ਇਸ ਹਾਲਤ ਵਿਚ ਵੀ ਉਹ ਆਪਣੇ ਸਾਥੀਆਂ ਵੱਲ ਵੇਖ ਕੇ ਮੁਸਕਰਾ ਰਿਹਾ ਸੀ। ਭਗਵਤੀ ਚਰਨ ਨੇ ਕਿਹਾ, "ਕਿਸੇ ਸੂਰਤ ਵਿਚ ਵੀ ਮੇਰੀ ਮੌਤ ਸਾਥੀਆਂ ਨੂੰ ਜੇਲ੍ਹੋਂ ਛੁਡਾਉਣ ਲਈ ਰੋੜਾ ਨਾ ਬਣੇ।"

ਐਕਸ਼ਨ ਵਾਲੇ ਦਿਨ ਭਾਵ ਪਹਿਲੀ ਜੂਨ 1930 ਜਦੋਂ ਵੈਸ਼ਮਪਾਇਨ ਨੇ ਬੰਸਰੀ ਵਜਾ ਕੇ ਨਿਸ਼ਚਿਤ ਸੰਕੇਤ ਦਿੱਤਾ ਜਿਸ ਦੇ ਜਵਾਬ 'ਚ ਭਗਤ ਸਿੰਘ ਨੇ ਆਪਣਾ ਸਿਰ ਖੁਰਕਣਾ ਸੀ। ਭਗਤ ਸਿੰਘ ਨੇ ਅਜਿਹਾ ਨਾ ਕੀਤਾ। ਬਾਅਦ ਵਿਚ ਪਤਾ ਲੱਗਾ, ਭਗਵਤੀ 'ਭਾਈ' ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਭਗਤ ਸਿੰਘ ਦਾ ਮਨ ਇੰਨਾ ਉਚਾਟ ਹੋ ਗਿਆ ਸੀ ਕਿ ਉਹਨੇ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦ ਹੋਣ ਦਾ ਮਨ ਬਣਾ ਲਿਆ ਸੀ।







*ਮਿਸਾਲੀ ਇਨਕਲਾਬੀ ਭਗਵਤੀ ਚਰਨ ਵੋਹਰਾ, ਦੁਰਗਾ ਅਤੇ ਭਗਤ ਸਿੰਘ।*

# ਨਵੇਂ ਯੁੱਗ ਦੀਆਂ ਮਨੋ-ਸਮਾਜਿਕ ਸਮੱਸਿਆਵਾਂ ਦੀ ਤਰਜ਼ਮਾਨੀ ਕਰਦਾ ਕਹਾਣੀ-ਸੰਗ੍ਰਹਿ - ਆਈ ਲਾਚਾ

ਅਨੇਮਨ ਸਿੰਘ ਇਸ ਗੱਲ ਨੂੰ ਸੁਚੇਤ ਰੂਪ ਵਿਚ ਸਮਝਦਾ ਹੈ ਕਿ ਅੱਜ ਦੇ ਤਕਨੀਕੀ ਯੁੱਗ ਦਾ ਪਾਠਕ ਨਵੀਨਤਾ ਦਾ ਉਪਾਸਕ ਹੈ, ਇਸ ਲਈ ਉਹ ਨਵੇਂ ਯੁੱਗ ਦੇ ਪਾਠਕਾਂ ਦੀਆਂ ਜਗਿਆਸੂ ਬਿਰਤੀਆਂ, ਸੁਹਜ ਸੁਆਦ ਬਾਰੇ ਤੇ ਮਨੋਦਸ਼ਾ ਨੂੰ ਚੰਗੀ ਤਰ੍ਹਾਂ ਸਮਝ ਕੇ ਹੀ ਕਹਾਣੀ ਲਿਖ ਰਿਹਾ ਹੈ। 'ਗਲੀ ਨੰਬਰ ਕੋਈ ਨਹੀਂ' ਤੇ 'ਨੂਰੀ' ਤੋਂ ਬਾਅਦ ਪ੍ਰਕਾਸ਼ਿਤ ਹੋਇਆ ਉਸਦਾ ਤੀਸਰਾ

**ਨਿਰੰਜਣ ਬੋਹਾ**
**ਫੋਨ: 89682-82700**

ਮੌਲਿਕ ਕਹਾਣੀ ਸੰਗ੍ਰਹਿ 'ਆਈ ਲਾਚਾ' ਵੀ ਪੰਜਾਬੀ ਕਹਾਣੀ ਦੇ ਵਿਸ਼ਿਆਂ ਦੀ ਨਵੀਨਤਾ ਤੇ ਅਨੁਭਵ ਦੀ ਮੌਲਿਕਤਾ ਬਾਰੇ ਨਵੀਂ ਚਰਚਾ ਛੇੜਨ ਵਾਲਾ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ ਕਹਾਣੀਆਂ ਦੇ ਵਿਸ਼ੇ ਨਾ ਤਾਂ ਆਪਸ ਵਿਚ ਮੇਲ ਖਾਂਦੇ ਹਨ ਤੇ ਨਾ ਹੀ ਸਮਕਾਲੀ ਕਹਾਣੀਕਾਰਾਂ ਦੀਆਂ ਕਹਾਣੀਆਂ ਨਾਲ। ਉਸ ਦੀਆਂ ਕਹਾਣੀਆਂ ਦੇ ਪਾਤਰ ਸਮਾਜਿਕ ਰਿਸ਼ਤਿਆਂ ਦੇ ਜਟਿਲ ਤਾਣੇ ਬਾਣੇ ਨੂੰ ਰੂਪਮਾਨ ਕਰਦੇ ਹੋਏ ਅੱਜ ਦੇ ਮਨੁੱਖ ਦੀਆਂ ਅਜਿਹੀਆਂ ਮਨੋ-ਸਮਾਜਿਕ ਸਮੱਸਿਆਵਾਂ ਦਾ ਬਿਰਤਾਂਤ ਸਿਰਜਦੇ ਹਨ ਜੋ ਪਾਠਕਾਂ ਨੂੰ ਨਵੀਆਂ ਵੀ ਲੱਗਦੀਆਂ ਹਨ ਤੇ ਯਥਾਰਥਕ ਵੀ। ਇਨ੍ਹਾਂ ਪਾਤਰਾਂ ਦੇ ਆਪਣੀ ਸਮਕਾਲੀ ਸਮਾਜਿਕ ਵਿਵਸਥਾ ਨਾਲ ਸਬੰਧ ਸਹਿਜ ਤੇ ਸੁਖਾਵੇਂ ਨਹੀਂ ਸਗੋਂ ਦਵੰਦਾਤਮਕ ਹਨ ਤੇ ਇਹ ਦਵੰਦ ਉਨ੍ਹਾਂ ਦੇ ਜੀਵਨ ਦੀ ਦਸ਼ਾ ਤੇ ਦਿਸ਼ਾ ਨੂੰ ਅਕਸਰ ਅਣ -ਕਿਆਸੇ ਮੋੜ ਦੇਣ ਵਿਚ ਵਿਚ ਸਫਲ ਹੋ ਜਾਂਦਾ ਹੈ। ਜੇ ਉਸਦੀ ਕਹਾਣੀ ਵਿਚ ਕੋਈ ਅਤੀਤ ਮੁਖੀ ਘਟਨਾ ਵੀ ਹੈ ਤਾਂ ਉਸ ਨੇ ਇਸਨੂੰ ਵਰਤਮਾਨ ਸਮੇਂ ਦੀ ਪ੍ਰਸੰਗਿਕਤਾ ਵਿਚ ਨਵੇਂ ਅਰਥ ਪ੍ਰਦਾਨ ਕੀਤੇ ਹਨ।


ਸੰਗ੍ਰਹਿ ਦੀ ਟਾਈਟਲ ਕਹਾਣੀ 'ਆਈ ਲਾਚਾ' ਸਮਾਜ ਦੀਆਂ ਪੁਰਾਤਨ ਮਾਨਤਾਵਾਂ ਦੇ ਟੁੱਟਣ ਤੇ ਨਵੀਆਂ ਮਾਨਤਾਵਾਂ ਦੇ ਜਨਮ ਲੈਣ ਦੇ ਸਬੰਧ ਵਿਚ ਆਪਣਾ ਬਿਰਤਾਂਤ ਸਿਰਜਦੀ ਤਾਂ ਇਸਦੇ ਪਾਤਰ ਬਣੇ ਗੱਡੀ ਲੁਹਾਰ ਕਬੀਲੇ ਦੇ ਲੋਕਾਂ ਦੀ ਸੋਚ ਵੀ ਨਵੀਨਤਾ ਗ੍ਰਹਿਣ ਕਰਦੀ ਵਿਖਾਈ ਦਿੰਦੀ ਹੈ। ਕਹਾਣੀ ਇਸ ਵਿਚਾਰਧਾਰਕ ਧਾਰਨਾ ਨੂੰ ਵਿਸ਼ੇਸ਼ ਤੌਰ 'ਤੇ ਉਭਰਦੀ ਹੈ ਕਿ ਇਸ ਕਬੀਲੇ ਦੀ ਮਿੱਥਤ ਪਿਆਰ ਦੀ ਦੇਵੀ ਆਈ ਲਾਚਾ ਨਵੀਆਂ ਕੀਮਤਾਂ ਸਿਰਜਣ ਵਾਲੇ ਲੋਕਾਂ ਨੂੰ ਸਰਾਪ ਨਹੀਂ ਸਗੋਂ ਵਰਦਾਨ ਹੀ ਦਿੰਦੀ ਹੈ। ਜਦੋਂ ਕਬੀਲੇ ਦੀ ਵਿਧਵਾ ਔਰਤ ਸੰਦਲੀ ਆਪਣੇ ਕਬੀਲੇ ਤੋਂ ਬਾਹਰਲੇ ਬੰਦੇ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਉਸਦੇ ਬਜ਼ੁਰਗ ਸਹੁਰੇ ਗੋਕਲ ਦੇ ਅਵਚੇਤਨ ਵਿਚ ਪਿਆ ਦੇਵੀ ਆਈ ਲਾਚਾ ਦੇ ਕਰੋਪ ਹੋਣ ਦਾ ਡਰ ਉਸਦੀ ਮਾਨਸਿਕ ਦਸ਼ਾ ਵਿਗਾੜ ਦਿੰਦਾ ਹੈ। ਇਸ ਸਮੇਂ ਉਸਦੀ ਪੋਤੀ ਰੂਪਨ ਪੁਲਿਸ ਅਫਸਰ ਵਜੋਂ ਤੇ ਪੋਤਾ ਸਿੱਪੀ ਪੱਛਮੀ ਮੁਲਕ ਵਿਚ ਸੈਟ ਹੋ ਕੇ ਤਰੱਕੀ ਦੀਆਂ ਨਵੀਆਂ ਮੰਜ਼ਲਾਂ ਤੈਅ ਕਰਦੇ ਹਨ ਤਾਂ ਉਸ ਅੰਦਰਲਾ ਇਹ ਡਰ ਮਾਨਸਿਕ ਹੁਲਾਸ ਵਿੱਚ ਬਦਲ ਕੇ ਉਸਨੂੰ ਨੱਚਣ ਲਾ ਦਿੰਦਾ ਹੈ।

ਸੰਗ੍ਰਹਿ ਦੀ ਕਹਾਣੀ 'ਚੀਸ' ਸੰਨ ਸੰਤਾਲੀ ਦੀ ਭਾਰਤ-ਪਾਕਿ ਵੰਡ ਦੇ ਨਤੀਜੇ ਭੁਗਤ ਰਹੇ ਭੋਗੀ ਲੋਕਾਂ ਦੇ ਹੱਡਾਂ ਵਿਚ ਰਚੀਆਂ ਇਸ ਵੰਡ ਦੀਆਂ ਕੌੜੀਆਂ ਯਾਦਾਂ ਤੇ ਮਾਨਸਿਕ ਪੀੜਾਂ ਦਾ ਅਨੁਵਾਦ ਕਰਦੀ ਹੈ ਤਾਂ ਉਸ ਸਮੇਂ ਮਨੁੱਖ ਦੇ ਹੈਵਾਨ ਬਣਨ ਬਾਰੇ ਬਹੁਤ ਹੀ ਹੈਰਾਨੀਜਨਕ ਖੁਲਾਸੇ ਹੁੰਦੇ ਹਨ। ਸੰਤਾਲੀ ਦੇ ਦੰਗਿਆਂ ਦੌਰਾਨ ਜਦੋਂ ਮਨੁੱਖੀ ਜਾਮੇ ਵਿਚ ਲੁਕਿਆ ਹਜ਼ੂਰਾ ਸਿੰਘ ਹੈਵਾਨੀਅਤ ਦੀਆਂ ਸਾਰੀਆਂ ਹੱਦਾ ਪਾਰ ਕਰ ਕੇ ਆਪਣੀ ਮਾਸੂਮ ਭਤੀਜੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ ਤਾਂ ਬਾਲੜੀ ਦੀਆਂ ਚੀਕਾਂ ਦੀ ਚੀਸ ਪਾਠਕ ਆਪਣੇ ਮਨ ਵਿਚੋਂ ਵੀ ਉੱਠਦੀ ਮਹਿਸੂਸ ਕਰਦਾ ਹੈ। ਜਿਸ ਸਮੇਂ ਆਪਣੀ ਜਾਨ 'ਤੇ ਬਣੀ ਹੋਵੇ ਉਸ ਸਮੇਂ ਕਿਸੇ ਵੱਲੋਂ ਮਾਸੂਮ ਬਾਲੜੀ ਨਾਲ ਬਲਾਤਕਾਰ ਕਰਨ ਦੀ ਗੱਲ ਭਾਵੇਂ ਵਿਕਲੋਤਰਾ ਵਰਤਾਰਾ ਵੀ ਲੱਗਦੀ ਹੈ ਪਰ ਕਹਾਣੀ ਇਸ ਗੱਲ ਦੀ ਪੁਖ਼ਤਾ ਗਵਾਹ ਬਣਦੀ ਹੈ ਕਿ ਜਦੋਂ ਮਾਨਵੀ ਸੰਵੇਦਨਾ ਪੂਰੀ ਤਰ੍ਹਾਂ ਮੂਰਛਿਤ ਹੋ ਜਾਵੇ ਤਾਂ ਅਜਿਹੇ ਵਰਤਾਰੇ ਵੀ ਵਾਪਰ ਜਾਂਦੇ ਹਨ ਤੇ ਅੱਜ ਵੀ ਵਾਪਰ ਰਹੇ ਹਨ।

ਕਹਾਣੀ 'ਸਾਈਂ' ਸਮਾਜਿਕ ਵਿਵਸਥਾ ਵਿਚ ਪਤੀ ਨੂੰ ਪਤਨੀ ਦੇ ਸਿਰ ਦੇ ਸਾਈਂ ਸਮਝੇ ਜਾਣ ਦੀ ਸੰਸਕਾਰਗਤ ਰੂੜ੍ਹੀ ਦੀ ਸਮਾਜਿਕ ਪ੍ਰਸੰਗਿਕਤਾ ਨੂੰ ਵੱਡੇ ਸੁਆਲਾਂ ਦੇ ਘੇਰੇ ਵਿਚ ਲਿਆਉਂਦੀ ਹੈ। ਕਹਾਣੀ ਦੀ ਪਾਤਰ ਸਿਮਰਨ ਪਰਿਵਾਰਕ ਫਰਜ਼ ਨਿਭਾਉਣ ਤੋਂ ਪੂਰੀ ਤਰ੍ਹਾਂ ਮੁਨਕਰ ਹੋਏ ਆਪਣੇ ਨਸ਼ੇੜੀ ਪਤੀ ਰਵੀ ਤੋਂ ਏਨੀ ਦੁਖੀ ਹੈ ਕਿ ਉਸ ਪ੍ਰਤੀ ਪੈਦਾ ਹੋਈ ਮੋਹ ਭੰਗਤਾ ਦੀ ਭਾਵਨਾ ਉਸਦੀ ਮੌਤ ਦੀ ਕਾਮਨਾ ਕਰਨ ਤੱਕ ਪਹੁੰਚ ਜਾਂਦੀ ਹੈ। ਉਨ੍ਹਾਂ ਦੀ ਧੀ ਸਨੇਹ ਆਪਣੇ ਪਿਤਾ ਦਾ ਗੁਰਦਾ ਖਰਾਬ ਹੋਣ 'ਤੇ ਉਸਨੂੰ ਆਪਣਾ ਇੱਕ ਗੁਰਦਾ ਦੇਣ ਦਾ ਮਨ ਬਣਾਉਂਦੀ ਹੈ ਤਾਂ ਸਿਮਰਨ ਨੂੰ ਵੀ ਇਸ ਅਣਚਾਹੀ ਕੁਰਬਾਨੀ ਕਰਨ ਲਈ ਤਿਆਰ ਹੋਣਾ ਪੈਂਦਾ ਹੈ। ਕਹਾਣੀ ਦੇ ਅੰਤਲੇ ਵਾਕ ਵਿਚ ਉਸਦੇ ਗਲੇ ਵਿਚ ਅਟਕਿਆਂ 'ਸਾਈਂ' ਸ਼ਬਦ ਭਾਰਤੀ ਔਰਤ ਦੀ ਅਜੋਕੀ ਸਮਾਜਿਕ ਸਥਿਤੀ ਨੂੰ ਚੰਗੀ ਤਰ੍ਹਾਂ ਰੂਪਮਾਨ ਕਰਨ ਦੇ ਸਮਰੱਥ ਹੈ।

ਕਹਾਣੀ 'ਰਾਮ ਕਹਾਣੀ' ਕਿਸੇ ਸੰਵੇਦਨਸ਼ੀਲ ਮਨੁੱਖ ਅੰਦਰਲੀਆਂ ਉਨ੍ਹਾਂ ਅਵਚੇਤਨੀ ਮਾਨਸਿਕ ਗੰਢਾਂ ਨੂੰ ਖੋਲ੍ਹਦੀ ਹੈ ਜੋ ਉਸਨੂੰ ਪਾਗਲ ਹੋਣ ਦੀ ਸਥਿਤੀ ਤੱਕ ਵੀ ਪਹੁੰਚਾ ਸਕਦੀਆਂ ਹਨ। ਕਹਾਣੀ ਦਾ ਪਾਤਰ ਰਾਮ ਜਜ਼ਬਾਤਾਂ ਦੇ ਵਹਿਣ ਵਿਚ ਕੀਤੇ ਆਪਣੇ ਕੁਕਰਮੀਂ ਭਰਾ ਦੇ ਕਤਲ ਕਾਰਨ ਅਪਰਾਧ ਬੋਧ ਦਾ ਸ਼ਿਕਾਰ ਹੈ। ਉਸਦੀ ਦੰਵਦਾਤਮਕ ਮਾਨਸਿਤਕਤਾ ਵਿਚੋਂ ਕਿਸੇ ਵੇਲੇ ਆਪਣੇ ਭਰਾ ਦੇ ਅਮਾਨਵੀ ਕਾਰੇ ਪ੍ਰਤੀ ਡੂੰਘੀ ਨਫਰਤ ਝਲਕਦੀ ਹੈ ਤੇ ਕਿਸੇ ਵੇਲੇ ਖ਼ੂਨ ਦੇ ਰਿਸ਼ਤੇ ਦੇ ਮੋਹ ਦਾ ਝਲਕਾਰਾ ਪੈਣ ਲੱਗਦਾ ਹੈ। ਜਦੋਂ ਪਾਠਕ ਇਸ ਕਤਲ ਦੀ ਗੁੱਥੀ ਤੱਕ ਪਹੁੰਚਦਾ ਹੈ ਤਾਂ ਉਸ ਨੂੰ ਲੱਗਦਾ ਹੈ ਘਰ ਨੂੰ ਬਰਬਾਦ ਕਰਨ ਤੇ ਆਪਣੀ ਮਾਂ ਦੀ ਇੱਜ਼ਤ ਨਾਲ ਖਿਲਵਾੜ ਕਰਨ ਵਾਲੇ ਉਸ ਹੈਵਾਨ ਬੰਦੇ ਨੂੰ ਨਹਿਰ ਵਿਚ ਧੱਕਾ ਦੇ ਕੇ ਉਸ ਚੰਗਾ ਕਾਰਜ ਹੀ ਕੀਤਾ ਹੈ। ਇਸ ਤਰ੍ਹਾਂ ਆਪਣੇ ਠੀਕ ਜਾਂ ਗਲਤ ਹੋਣ ਦੇ ਦਵੰਦ ਨੂੰ ਸੂਖਮ ਕਲਮੀ ਛੋਹਾਂ ਰਾਹੀਂ ਪੇਸ਼ ਕਰ ਕੇ ਇਹ ਕਹਾਣੀ ਆਪਣੀ ਕਲਾਤਮਿਕਤਾ ਦਾ ਸਿਖ਼ਰ ਸਿਰਜਦੀ ਹੈ।






*ਲੇਖਕ ਅਨੇਮਨ ਸਿੰਘ ਤੇ ਉਸਦੀ ਕਿਤਾਬ ਆਈ ਲਾਚਾ ਦਾ ਸਰਵਰਕ*

ਕਹਾਣੀ 'ਚੁਸਕੂ' ਦੀਆਂ ਆਰੰਭਕ ਸ਼ਤਰਾਂ ਤੋਂ ਲੱਗਦਾ ਹੈ ਕਿ ਇਹ ਕਹਾਣੀ ਮਨੁੱਖ ਅੰਦਰਲੀਆਂ ਕਾਮ ਸਬੰਧੀ ਮਨੋ-ਗਰੰਥੀਆਂ ਦੀ ਕੋਈ ਨਵੀਂ ਪਰਤ ਖੋਲ੍ਹੇਗੀ ਪਰ ਕਹਾਣੀ ਮਾਂ ਦੇ ਪਿਆਰ ਤੋਂ ਵਿਹੂਣੇ ਰਹੇ ਮਨੁੱਖ ਦੀਆਂ ਮਾਨਸੀਕ ਅਤ੍ਰਿਪਤੀਆਂ ਦੀ ਡੂੰਘਾਣਾਂ ਦੀ ਥਾਹ ਪਾ ਕੇ ਪਾਠਕਾਂ ਨੂੰ ਹੈਰਾਨ ਕਰਨ ਦਾ ਰਾਹ ਫੜਦੀ ਹੈ। ਕਹਾਣੀ ਪਾਠ ਦੀ ਸਮਾਪਤੀ 'ਤੇ ਪਾਠਕ ਅਵਾਕ ਹੋਇਆ ਸੋਚਣ ਲੱਗਦਾ ਹੈ ਕਿ ਔਰਤ ਦੀਆਂ ਛਾਤੀਆਂ ਸਿਰਫ਼ ਕਾਮੁਕਤਾ ਦਾ ਹੀ ਸਿੰਬਲ ਨਹੀਂ ਹਨ ਸਗੋਂ ਇਨ੍ਹਾਂ ਨੂੰ ਚੂਸਣ ਦਾ ਸਬੰਧ ਬੱਚਿਆਂ ਦੀ ਮਾਨਸਿਕ ਤ੍ਰਿਪਤੀ ਨਾਲ ਵੀ ਜੁੜਿਆ ਹੈ। ਕਹਾਣੀ ਵਿਚਲੇ ਬਿਰਤਾਂਤਕਾਰ ਪਾਤਰ ਨੂੰ ਬਚਪਨ ਵਿਚ ਮਾਂ ਦਾ ਦੁੱਧ ਚੁੰਘਣ ਦਾ ਮੌਕਾ ਨਹੀਂ ਮਿਲਦਾ ਤਾਂ ਉਸਦੀ ਇਹ ਮਾਨਸਿਕ ਅਤ੍ਰਿਪਤੀ ਇਕ ਅਜਿਹੇ ਮਨੋ-ਰੋਗ ਵਿਚ ਬਦਲ ਜਾਂਦੀ ਹੈ ਜਿਸ ਅਨੁਸਾਰ ਜੁਆਨ ਔਰਤਾਂ ਦੀਆਂ ਛਾਤੀਆਂ ਉਸ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਜਾਂਦੀਆਂ ਹਨ ਤੇ ਉਹ ਬਿਨਾਂ ਕਾਮੁਕਤਾ ਤੋਂ ਇਨ੍ਹਾਂ ਨੂੰ ਚੂਸ ਕੇ ਆਪਣੀ ਮਾਨਸਿਕ ਤ੍ਰਿਪਤੀ ਹਾਸਿਲ ਕਰਦਾ ਹੈ।

ਕਹਾਣੀ 'ਵਿਗੋਰਾ-50' ਦਾ ਸਿਰਲੇਖ ਵੀ ਕਾਮ ਉਤੇਜਕ ਕੈਮੀਕਲ ਦਵਾਈ ਨਾਲ ਜੁੜੇ ਹੋਣ ਕਰਕੇ ਇਸਦੇ ਕਾਮੁਕ ਵਿਸ਼ੇ ਨਾਲ ਸਬੰਧਤ ਹੋਣ ਦਾ ਭੁਲੇਖਾ ਪਾਉਂਦਾ ਹੈ ਪਰ ਅਸਲ ਵਿਚ ਇਹ ਕਹਾਣੀ ਮਜਬੂਰੀ ਵਸ ਕਾਮੁਕ ਸ਼ੋਸ਼ਣ ਦਾ ਸ਼ਿਕਾਰ ਹੋਈ ਹਰਨੀਤ ਵਰਗੀਆਂ ਮਜਬੂਰ ਕੁੜੀਆਂ ਪ੍ਰਤੀ ਹਮਦਰਦੀ ਦੀਆਂ ਭਾਵਨਾਵਾਂ ਪੈਦਾ ਕਰਦੀ ਹੈ। ਹਰਨੀਤ ਵੱਲੋਂ ਚਲਾਏ ਜਾ ਰਹੇ ਬਿਊਟੀ ਪਾਰਲਰ 'ਤੇ ਕੰਮ ਕਰਦੀ ਕੁੜੀ ਰਿਸ਼ਮ ਕਿਸੇ ਵਿਅਕਤੀ ਦੀਆਂ ਨਗਨ ਅਵਸਥਾ ਦੀਆਂ ਫੋਟੋਆਂ ਰਾਹੀਂ ਉਸਨੂੰ ਬਲੈਕਮੇਲ ਕਰਨ ਦੇ ਦੋਸ਼ ਵਿਚ ਫੜੀ ਜਾਂਦੀ ਹੈ ਤਾਂ ਪੁਲਿਸ ਵੱਲੋਂ ਬੇ -ਕਸੂਰ ਹੁੰਦਿਆਂ ਵੀ ਹਰਨੀਤ ਨੂੰ ਇਸ ਕੇਸ ਵਿਚ ਘੜੀਸ ਲਿਆ ਜਾਂਦਾ ਹੈ। ਜਦੋਂ ਯੌਨ ਸ਼ੋਸ਼ਣ ਦੀਆਂ ਸ਼ਿਕਾਰ ਕੁੜੀਆਂ ਨੂੰ ਇਨਸਾਫ਼ ਦਿਵਾਉਣ ਦਾ ਦਮ ਭਰਨ ਵਾਲੇ ਪੁਲਿਸ ਵਿਭਾਗ ਵੱਲੋਂ ਉਸਦੀ ਮਜਬੂਰੀ ਦਾ ਲਾਭ ਉਠਾ ਕੇ ਉਸਦੇ ਯੌਨ ਸ਼ੋਸ਼ਣ ਦਾ ਅੰਤਹੀਣ ਸਿਲਸਿਲਾ ਸ਼ੁਰੂ ਕਰ ਦਿੱਤਾ ਜਾਂਦਾ ਹੈ ਤਾਂ ਸਾਡੀ ਪ੍ਰਸ਼ਾਸਨਿਕ ਵਿਵਸਥਾ ਦੇ ਨਿਆਂਕਾਰੀ ਹੋਣ 'ਤੇ ਵੀ ਵੱਡਾ ਸੁਆਲੀਆ ਚਿੰਨ੍ਹ ਲੱਗ ਜਾਂਦਾ ਹੈ।

ਕਹਾਣੀ 'ਕਾਰਾ ਮਹੰਤ' ਪ੍ਰਧਾਨਗੀਆਂ ਕਾਇਮ ਰੱਖਣ ਲਈ ਸਥਾਨਕ ਗੁਰੂ ਘਰਾਂ ਵਿਚ ਹੁੰਦੀ ਸਿਆਸਤ ਤੋਂ ਸ਼ੁਰੂ ਹੁੰਦੀ ਹੈ ਤੇ ਇਸ ਸਿਆਸਤ ਦਾ ਹਿੱਸਾ ਬਣਦੀਆਂ ਬੇ -ਅਦਬੀ ਦੀਆਂ ਘਟਨਾਵਾਂ 'ਤੇ ਖਤਮ ਹੁੰਦੀ ਹੈ। ਕਹਾਣੀ ਇਹ ਨਿਰਣਾਇਕ ਸਿੱਟਾ ਕੱਢਦੀ ਹੈ ਕਿ ਪਿੰਡਾਂ ਵਿਚਲੇ ਗੁਰਦੁਆਰਿਆਂ ਵਿਚਲੀ ਪ੍ਰਧਾਨਗੀ ਤੇ ਚੇਅਰਮੈਨੀਆਂ ਦੀ ਸਿਆਸਤ ਵੀ ਦੇਸ਼ ਦੀ ਸਿਆਸਤ ਵਾਂਗ ਆਪਣੀਆਂ ਅੰਤਿਮ ਨਿਵਾਣਾਂ ਤੱਕ ਪਹੁੰਚ ਗਈ ਹੈ। ਕਹਾਣੀ ਵਿਚਲਾ ਸਥਾਨਕ ਗੁਰਦੁਆਰੇ ਦਾ ਪ੍ਰਧਾਨ ਜਦੋਂ ਆਪਣੀ ਧਾਰਮਿਕ ਸੱਤਾ ਬਰਕਰਾਰ ਰੱਖਣ ਲਈ ਗੁਰੂ ਘਰ ਨਾਲ ਆਤਮਿਕ ਤੌਰ 'ਤੇ ਜੁੜੇ ਕਾਰੇ ਵਰਗੇ ਬਿਹਾਰੀ ਵਿਅਕਤੀ ਨੂੰ ਬਲੀ ਦਾ ਬੱਕਰਾ ਬਣਾਉਣ ਬਾਰੇ ਸੋਚਦਾ ਹੈ ਤਾਂ ਧਾਰਮਿਕ ਖੇਤਰ ਵਿਚਲੀ ਰਾਜਨੀਤੀ ਦਾ ਸਾਰਾ ਹੀਜ ਪਿਆਜ਼ ਨੰਗਾ ਹੋ ਜਾਂਦਾ ਹੈ। ਅਜਿਹੇ ਸੰਵੇਦਨਸ਼ੀਲ ਵਿਸ਼ੇ 'ਤੇ ਕਹਾਣੀਆਂ ਕੇਵਲ ਅਨੇਮਨ ਸਿੰਘ ਵਰਗਾ ਬੇਬਾਕ ਲੇਖਕ ਹੀ ਲਿਖ ਸਕਦਾ ਹੈ।

ਸੰਗ੍ਰਹਿ ਦੀ ਆਖਰੀ ਕਹਾਣੀ 'ਪਾਰਟੀ' ਕੁਝ ਸਕੂਲ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਪ੍ਰਤੀ ਅਪਣਾਏ ਜਾਣ ਵਾਲੇ ਅਮਾਨਵੀ ਵਤੀਰੇ ਦੇ ਘਾਤਕ ਨਤੀਜਿਆਂ ਦੀ ਨਿਸ਼ਾਨਦੇਹੀ ਕਰਦਿਆਂ ਚਿਤਾਵਨੀ ਦਿੰਦੀ ਹੈ ਕਿ ਅਜਿਹਾ ਵਤੀਰਾ ਵਿਦਿਆਰਥੀਆਂ ਅੰਦਰ ਬਦਲਾ ਲਊ ਪ੍ਰਵਿਰਤੀਆਂ ਵੀ ਪੈਦਾ ਕਰ ਸਕਦਾ ਹੈ। ਸਕੂਲ ਦਾ ਡੀ. ਪੀ. ਈ. ਮਨਜੀਤ ਸਿੰਘ ਗਰੀਬ ਦਲਿਤ ਪਰਿਵਾਰ ਦੇ ਬੱਚੇ ਛਿੰਦੇ ਨੂੰ ਵਰਦੀ ਨਾ ਪਾਉਣ ਬਦਲੇ ਕੇਵਲ ਕੁੱਟਦਾ ਮਾਰਦਾ ਹੀ ਨਹੀਂ ਸਗੋਂ ਜਾਤੀਸੂਚਕ ਮਾੜੀ ਭਾਸ਼ਾ ਬੋਲ ਕੇ ਵੀ ਉਸ 'ਤੇ ਮਾਨਸਿਕ ਤਸ਼ੱਦਦ ਕਰਦਾ ਹੈ। ਇਸਦੇ ਨਤੀਜੇ ਵਜੋਂ ਛਿੰਦੇ ਅੰਦਰ ਇਸ ਅਧਿਆਪਕ ਪ੍ਰਤੀ ਪੈਦਾ ਹੋਈ ਬਦਲੇ ਦੀ ਭਾਵਨਾ ਹੀ ਉਸ ਨੂੰ ਸਕੂਲ ਦੇ ਨੋਟਿਸ ਬੋਰਡ 'ਤੇ ਖਾੜਕੂ ਭਾਸ਼ਾ ਵਿਚ ਹੱਥ ਲਿਖਤ ਅਜਿਹਾ ਪਰਚਾ ਚੇਪਣ ਲਈ ਪ੍ਰੇਰਿਤ ਕਰਦੀ ਹੈ ਜਿਸ ਨਾਲ ਸਾਰੇ ਹੀ ਅਧਿਆਪਕਾਂ ਦੇ ਸਾਹ ਸੂਤੇ ਜਾਂਦੇ ਹਨ। ਕਹਾਣੀ ਆਪਣੀ ਚਿਤਾਵਨੀ ਦਾ ਵਿਸਥਾਰ ਕਰਦਿਆਂ ਇਹ ਪ੍ਰਭਾਵ ਵੀ ਸਿਰਜਦੀ ਹੈ ਕਿ ਬਚਪਨ ਦੇ ਕੋਰੇ ਮਨ 'ਤੇ ਉਕਰੀ ਗਈ ਨਫ਼ਰਤ ਦੀ ਭਾਸ਼ਾ ਉਸਨੂੰ ਭਵਿੱਖ ਦਾ ਦਹਿਸ਼ਤਗਰਦ ਵੀ ਬਣਾ ਸਕਦੀ ਹੈ।

ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਪੜ੍ਹਨ ਤੋਂ ਬਾਅਦ ਮੈਨੂੰ ਇਹ ਸੁਖਦ ਅਹਿਸਾਸ ਹੋਇਆ ਹੈ ਕਿ ਅਨੇਮਨ ਸਿੰਘ ਦੀਆਂ ਕਹਾਣੀਆਂ ਆਪਣੇ ਵਿਸ਼ਿਆ ਦੀ ਚੋਣ ਪੱਖੋਂ ਆਪਣੀ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਪਹਿਲਾਂ ਨਾਲੋਂ ਹੋਰ ਸੁਚੇਤ ਹੋਈਆਂ ਹਨ ਤੇ ਇਹ ਸਮਾਜਿਕ ਰਿਸ਼ਤਿਆਂ ਵਿਚੋਂ ਮਨਫੀ ਹੁੰਦੀ ਜਾ ਰਹੀ ਨਿੱਘ ਦੀ ਪੁਨਰ ਸੁਰਜੀਤੀ ਲਈ ਵੀ ਤਨੋਂ ਮਨੋਂ ਯਤਨਸ਼ੀਲ ਹਨ। ਉਸ ਦੀਆਂ ਕਹਾਣੀਆਂ ਆਪਣੇ ਪਾਤਰਾਂ ਦੀ ਮਾਨਸਿਕਤਾ ਦਾ ਬਹੁ-ਪ੍ਰਤੀ ਅਧਿਐਨ ਕਰ ਕੇ ਨਵੀਆਂ ਮਨੋ ਵਿਗਿਆਨਕ ਸਥਾਪਨਾਵਾਂ ਸਥਾਪਿਤ ਕਰਨ ਕਰਨ ਵਾਲੀਆਂ ਹਨ। ਇਨ੍ਹਾਂ ਵਿਚਲਾ ਕਥਾ ਰਸ ਇਨ੍ਹਾਂ ਦੀ ਪੜ੍ਹਣਯੋਗਤਾ ਨੂੰ ਵਧਾਉਂਦਾ ਹੈ। ਅਨੇਮਨ ਦੀਆਂ ਕਹਾਣੀਆਂ ਦੀ ਬਿਰਤਾਂਤਕ ਭਾਸ਼ਾ ਬਹੁਤ ਚੁਸਤ ਹੈ ਤੇ ਉਹ ਨਿੱਕੇ ਨਿੱਕੇ ਵਾਕਾਂ ਰਾਹੀਂ ਕਹਾਣੀ ਦਾ ਭਾਵਪੂਰਤ ਬਿਰਤਾਂਤ ਸਿਰਜਣ ਵਿਚ ਚੰਗੀ ਮੁਹਾਰਤ ਰੱਖਦਾ ਹੈ। ਮੈਂ ਇਸ ਪੁਸਤਕ ਨੂੰ ਪੜ੍ਹਨ ਤੇ ਵਿਚਾਰਨ ਯੋਗ ਪੁਸਤਕਾਂ ਦੀ ਸੂਚੀ ਵਿਚ ਸ਼ਾਮਿਲ ਕਰ ਕੇ ਵਿਸ਼ੇਸ਼ ਮਾਨਸਿਕ ਰਾਹਤ ਮਹਿਸੂਸ ਕਰ ਰਿਹਾ ਹਾਂ। 112 ਪੰਨਿਆ 'ਤੇ ਆਧਾਰਤ 250 ਰੁਪਏ ਮੁੱਲ ਵਾਲੀ ਇਸ ਪੁਸਤਕ ਨੂੰ ਸਾਹਿਬਦੀਪ ਪ੍ਰਕਾਸ਼ਨ ਭੀਖੀ ਨੇ ਛਾਪਿਆ ਹੈ।

# 45 ਮਿੰਟਾਂ ਦੀ ਕਾਲ

ਕਿਸੇ ਖਾਸ ਜਾਣਕਾਰ ਦਾ ਕਿਸੇ ਕਾਰਨ ਇਸ਼ਕ ਪਰਵਾਨ ਨਾ ਚੜ੍ਹ ਸਕਿਆ। ਸਮਾਂ ਆਉਣ 'ਤੇ ਦੋਹਾਂ ਨੇ ਆਪੋ-ਆਪਣੇ ਘਰ ਵਸਾ ਲਏ। ਜ਼ਿੰਦਗੀ ਦੀ ਭੱਜ-ਦੌੜ 'ਚ ਹੌਲੀ-ਹੌਲੀ ਉਹ ਇਸ਼ਕ ਮਨੋਂ ਵਿਸਰ ਗਿਆ ਜਾਂ ਦਿਲ ਦੇ ਕਿਸੇ ਕੋਨੇ 'ਚ ਦੱਬ ਕੇ ਰਹਿ ਗਿਆ। ਕਰੀਬ ਦੋ-ਢਾਈ ਦਹਾਕਿਆਂ ਬਾਅਦ ਇਸੇ ਗੋਲ ਜਿਹੀ ਧਰਤੀ ਦੇ ਇੱਕ ਹਿੱਸੇ 'ਤੇ ਅਚਾਨਕ ਦੋਹਾਂ ਦਾ ਸਾਹਮਣਾ ਹੋ ਜਾਂਦੈ, ਸੁੱਤੀਆਂ ਉਮੰਗਾਂ ਮੰਨੋ ਪੈਲਾਂ ਪਾਉਣ



**ਅਮਰਬੀਰ ਸਿੰਘ ਚੀਮਾ**
**ਫੋਨ: 98889-40211**

ਲੱਗਦੀਆਂ ਹਨ। ਦਰਅਸਲ ਉਨ੍ਹਾਂ ਦੋਵਾਂ ਨੂੰ ਬਾਅਦ 'ਚ ਕਿਤੇ ਨੌਕਰੀ ਮਿਲ ਗਈ ਸੀ ਅਤੇ ਵੋਟਾਂ ਦੇ ਚੱਲਦਿਆਂ ਕੁਦਰਤੀ ਨੇੜਲੇ ਜ਼ਿਲ੍ਹੇ ਦੇ ਇੱਕੋ ਪਿੰਡ 'ਚ ਦੋਵਾਂ ਦੀ ਡਿਊਟੀ ਲੱਗੀ ਸੀ। ਸਾਰਾ ਦਿਨ ਡਿਊਟੀ ਕਰਨ ਉਪਰੰਤ ਦੋਵਾਂ ਨੇ ਆਪਣੇ ਨਵੇਂ ਮੋਬਾਈਲ ਨੰਬਰ ਆਪਸ 'ਚ ਸਾਂਝੇ ਕਰ ਲਏ। ਫੇਰ ਗਾਹੇ ਬਗਾਹੇ ਫੋਨ 'ਤੇ ਗੱਲਾਂ ਹੋਣ ਲੱਗੀਆਂ। ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਹੋਣ ਦੇ ਬਾਵਜੂਦ ਉਨ੍ਹਾਂ ਫੋਨ 'ਤੇ ਰਾਬਤਾ ਬਣਾਈ ਰੱਖਿਆ ਤੇ ਕਿਤੇ-ਕਿਤੇ ਪਿਆਰ ਦੇ ਆਗੋਸ਼ 'ਚ ਫੋਨ 'ਤੇ ਉਹ ਗੱਲਾਂ ਵੀ ਕਰ ਲਈਆਂ ਜੋ ਇਸ ਸਮਾਜ 'ਚ ਵਿਆਹਿਆਂ ਲਈ ਵਰਜਿਤ ਹਨ।

ਉਸ ਨੇ ਫੋਨ 'ਤੇ ਆਪਣੀ ਪੁਰਾਣੀ ਸਹੇਲੀ ਨਾਲ ਹੋਈਆਂ 3-4 ਕਾਲਾਂ ਦੀ ਰਿਕਾਰਡਿੰਗ ਕਰ ਕੇ ਆਪਣੇ ਫੋਨ 'ਚ ਰੱਖ ਲਈ। ਉਸਦੀ ਪਤਨੀ ਨੇ ਕਿਸੇ ਤਰੀਕੇ ਨਾਲ ਉਹ ਕਾਲ ਰਿਕਾਰਡਿੰਗਾਂ ਸੁਣਨ ਉਪਰੰਤ ਆਪਣੇ ਫੋਨ 'ਚ ਭੇਜ ਦਿੱਤੀਆਂ। ਸ਼ਾਮ ਨੂੰ ਕੰਮ ਤੋਂ ਵਾਪਸ ਘਰ ਆਉਣ 'ਤੇ ਉਸਦੀ ਪਤਨੀ ਉਸਨੂੰ ਰੋਜ਼ਾਨਾ ਪੁੱਛਦੀ ਕਿ ਤੁਹਾਡੇ ਨਾਲ ਇੱਕ ਦਿਨ ਕਾਰ 'ਚ ਕੌਣ ਬੈਠੀ ਸੀ। ਅੱਗੋਂ ਉਹ ਵੀ ਆਪਣੇ ਆਪ 'ਚ ਪੂਰਾ ਚੁਸਤ, ਪੈਰੀਂ ਪਾਣੀ ਨਾ ਪੈਣ ਦੇਵੇ। ਉਹ ਕਈ ਦਿਨਾਂ ਤੀਕਰ ਪੁੱਛਦੀ ਰਹੀ ਪਰ ਉਸਨੇ ਕੋਈ ਆਈ-ਗਈ ਨਾ ਦਿੱਤੀ। ਉਲਟਾ ਆਪਣੀ ਪਤਨੀ ਨੂੰ ਹੀ ਕਹਿੰਦਾ ਰਿਹਾ ਕਿ ਤੈਨੂੰ ਮੇਰੇ 'ਤੇ ਯਕੀਨ ਨਹੀਂ, ਕਿਉਂ ਬਾਰ-ਬਾਰ ਉਹੀ ਗੱਲਾਂ ਕਰੀ ਜਾਨੀ ਐਂ।

ਆਖਰ ਅੱਕੀ ਹੋਈ ਪਤਨੀ ਕਦੋਂ ਤੱਕ ਅੱਕ ਚੱਬਦੀ, ਰੋਟੀ ਪਾਣੀ ਖਾ-ਪੀ ਕੇ ਜਦੋਂ ਆਪਣੇ ਕਮਰੇ 'ਚ ਸੌਣ ਗਏ ਤਾਂ ਉਸਦੀ ਪਤਨੀ ਨੇ ਬਿਨਾ ਦੇਰੀ ਕੀਤਿਆਂ ਫੋਨ 'ਤੇ ਉਹ ਕਾਲ ਰਿਕਾਰਡਿੰਗ ਚਲਾ ਦਿੱਤੀ। ਸਿਆਲਾਂ ਦੀ ਰੁੱਤੇ ਰਜਾਈ 'ਚ



ਬੈਠਿਆਂ ਉਸਦੇ ਪਸੀਨੇ ਛੁੱਟ ਗਏ। ਉਹ ਫੋਨ ਬੰਦ ਕਰਨ ਨੂੰ ਕਹੇ ਪਰ ਉਸਦੀ ਪਤਨੀ 'ਚ ਤਾਂ ਜਿਵੇਂ ਝਾਂਸੀ ਦੀ ਰਾਣੀ ਦੀ ਰੂਹ ਆ ਗਈ ਹੋਵੇ। ਕਹਿੰਦੀ ਇੰਨੇ ਦਿਨਾਂ ਦੀ ਪੁੱਛ ਰਹੀ ਹਾਂ, ਜੇਕਰ ਆਪ ਹੀ ਮੰਨ ਜਾਂਦੇ ਤਾਂ ਗੱਲ ਹੋਰ ਸੀ, ਪਰ ਹੁਣ ਮੇਰੇ ਸਾਹਮਣੇ ਚੁਪਚਾਪ ਬੈਠ ਕੇ ਸਾਰੀਆਂ ਗੱਲਾਂ ਸੁਣੋ। ਆਪਣੀ ਸਹੇਲੀ ਨਾਲ ਇਕਾਂਤ 'ਚ ਬੈਠ ਫੋਨ 'ਤੇ ਕੀਤੀਆਂ ਗੱਲਾਂ ਆਪਣੀ ਪਤਨੀ ਸਾਹਮਣੇ ਸੁਣਨੀਆਂ ਕਾਲੇ ਪਾਣੀ ਦੀ ਸਜ਼ਾ ਤੋਂ ਘੱਟ ਨਹੀਂ ਸਨ ਲੱਗਦੀਆਂ। ਖੈਰ, ਉਹ 45 ਮਿੰਟ ਦੀ ਕਾਲ ਰਿਕਾਰਡਿੰਗ ਮੰਨੋ ਸਦੀਆਂ 'ਚ ਮੁੱਕੀ ਹੋਵੇ। ਕਾਲ ਖਤਮ ਹੋਣ ਉਪਰੰਤ ਉਸਦੀ ਪਤਨੀ ਕਹਿੰਦੀ ਮੈਂ ਹੁਣੇ ਸਾਰਿਆਂ ਨੂੰ ਜਗਾ ਕੇ ਤੁਹਾਡੀ ਕਰਤੂਤ ਬਾਬਤ ਦੱਸਦੀ ਹਾਂ। ਮਿੰਨਤਾਂ ਕੀਤੀਆਂ, ਮੁਆਫੀਆਂ ਮੰਗੀਆਂ, ਬਹੁਤ ਮੁਸ਼ਕਿਲ ਤੇ ਮੁਸ਼ੱਕਤ ਨਾਲ ਤੜਕੇ 3 ਵਜੇ ਜਾ ਕੇ ਉਸਦੀ ਪਤਨੀ ਇਸ ਰਾਜ ਨੂੰ ਰਾਜ ਰੱਖਣ ਲਈ ਰਾਜ਼ੀ ਹੋਈ।

ਮੇਰੇ ਜਾਣਕਾਰ ਤੇ ਰਾਜ਼ਦਾਰ ਦਾ ਇਹ ਰਾਜ਼ ਅੱਜ ਵੀ ਭਾਵੇਂ ਰਾਜ਼ ਹੀ ਹੈ ਪਰ ਜਦੋਂ ਵੀ ਉਹ ਕਿਤੇ ਹੋਰ ਫਿਸਲਣ ਦੀ ਮਾਮੂਲੀ ਜਿਹੀ ਕੋਸ਼ਿਸ਼ ਵੀ ਕਰਦੈ ਤਾਂ ਝੱਟ ਉਸਦੀ ਪਤਨੀ ਉਸ ਰਾਜ਼ ਦਾ ਮਿਹਣਾ ਮਾਰ ਦਿੰਦੀ ਹੈ। ਮੁੱਕਦੀ ਗੱਲ, ਜੇਕਰ ਆਪਣੇ ਘਰ ਗ੍ਰਹਿਸਤੀ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਚਲਾਉਣਾ ਹੈ ਤਾਂ ਅਜਿਹੇ ਕਾਰਿਆਂ ਤੋਂ ਬਚ ਕੇ ਹੀ ਰਹੋ, ਕਿਉਂਕਿ ਇਹ ਢੋਲ ਦੂਰੋਂ ਹੀ ਸੁਹਾਵਣੇ ਲੱਗਦੇ ਹਨ।

# Punjabi American Organization

# ਤੀਆਂ ਦਾ ਮੇਲਾ 2023

## Teeyan Da Mela 2023

### ਐਤਵਾਰ 30 ਜੁਲਾਈ, 2023 ਸਵੇਰੇ 10:30 ਤੋਂ ਸ਼ਾਮ 4:00 ਵਜੇ ਤਕ

### *Venue- Cotillion Banquets, Palatine



***Tickets:*** *General Ticket - $40 *VIP- $100 *VIP Table- $1000*
**Kids 6 years to 12 years - $20 *Kids under 5 years - Free admission*

**Food included with the ticket price**

ENJOY DHOLKI • DANCING • SINGING • MEHNDI • GIDDHA • SHOPPING • FOOD

## For More Information

**Minni Multani 630-935-5239, Naina Singh 847-828-9412, Sukhi Singh 847-917-3664, Jasmeet Suga 630-890-1362, Raj Mago 630-890-1362, Pammi Sangha 630-965-2930, Shaloo Chhabra 813-317-6815, Pinky Walia 847-999-8720, Jeewan Dhami 847-409-4675, Jolly Dandona: 847-630-6417, Joti Khaira: 630-277-1649, Sheetal Kalra: 773-580-0445**

For Stalls - Kamal Hunjan 630.673.5156 or Gurpreet K. Singh 630.677.6144
For Items & Performances - Rossie Rehal 630.699.8555 or Prabh Khaira 630.267.2107

# ਦੇਸ਼ ਦੀ ਆਜ਼ਾਦੀ ਲਈ ਜੂਝਣ ਵਾ.ਲਾ .ਗਦਰੀ ਬਾਬਾ ਹਰਨਾਮ ਸਿੰਘ ਕਾ.ਲਾ ਸੰਘਿਆਂ

ਦੁਆਬੇ ਦੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਕਾ.ਲਾਸੰਘਿਆਂ ਦੇ ਗ਼ਦਰੀ ਹਰਨਾਮ ਸਿੰਘ ਦਾ ਜਨਮ 1887 ਜਾਂ 1888 ਵਿਚ ਪਿਤਾ ਸੁੰਦਰ ਸਿੰਘ ਦੇ ਘਰ ਮਾਤਾ ਗੁਲਾਬ ਦੇਵੀ ਦੀ ਕੁੱਖੋਂ ਹੋਇਆ ਸੀ। ਇਨ੍ਹਾਂ ਨੇ ਕੋਈ ਇੱਕੀ ਵਰ੍ਹਿਆਂ ਤਕ ਪਿਤਾ ਨਾਲ ਖੇਤੀਬਾੜੀ ਵਿਚ ਹੱਥ ਵਟਾਇਆ। ਕਪੂਰਥਲਾ ਰਿਆਸਤ ਵਿਚ ਵਿੱਦਿਆ ਦੇ ਚੰਗੇ ਪ੍ਰਬੰਧ ਨਾ ਹੋਣ ਕਰਕੇ ਇਨ੍ਹਾਂ ਦੀ ਵਿਦਿਆ ਪ੍ਰਾਪਤੀ ਦਾ ਕੋਈ ਵਸੀਲਾ ਨਹੀਂ ਬਣਿਆ। ਉਹ 8 ਫ਼ਰਵਰੀ 1909 ਨੂੰ 26

**ਸੀਤਾ ਰਾਮ ਬਾਂਸਲ**
**ਫੋਨ: 75892-56092**

ਪੰਜਾਬੀ ਇਨਫ਼ੈਂਟਰੀ ਵਿਚ ਸਿਪਾਹੀ ਭਰਤੀ ਹੋ ਕੇ ਕੋਹਾਟ ਛਾਉਣੀ ਚਲੇ ਗਏ। ਗਿਆਰਾਂ ਰੁਪਏ ਮਹੀਨਾ ਤਨਖ਼ਾਹ ਸੀ। ਉਥੇ ਗ੍ਰੰਥੀ ਕਰਮ ਸਿੰਘ ਤੋਂ ਅੰਮ੍ਰਿਤ ਛਕਿਆ ਤੇ ਨਾਂ ਬਦਲ ਕੇ ਹਰਨਾਮ ਸਿੰਘ ਰੱਖਿਆ। ਫ਼ੌਜੀ ਸਿਖਲਾਈ ਦੌਰਾਨ ਗੁਰਮੁਖੀ ਤੇ ਅੰਗਰੇਜ਼ੀ ਪੜ੍ਹਨੀ ਸਿੱਖੀ ਤੇ ਸਿਗਨਲਰ ਦੀ ਜ਼ਿੰਮੇਵਾਰੀ ਮਿਲੀ।

1912 ਵਿਚ ਹਾਂਗਕਾਂਗ ਵਿਚ ਗੜਬੜ ਰੋਕਣ ਲਈ 26 ਪੰਜਾਬ ਇਨਫ਼ੈਂਟਰੀ ਘੱਲੀ ਗਈ। ਫ਼ੌਜੀਆਂ ਨੇ ਪਹਾੜੀ ਉੱਤੇ ਮਿੱਟੀ ਪੱਟਣ ਦੇ ਫ਼ੌਜੀ ਹੁਕਮ ਵਿਰੁੱਧ ਮੋਰਚਾ ਲਾ ਦਿੱਤਾ, ਤਾਂ ਹਰਨਾਮ ਸਿੰਘ ਤੇ ਤਿੰਨ ਹੋਰ ਫ਼ੌਜੀਆਂ ਨੂੰ ਕੁਆਰਟਰ ਗਾਰਡ ਵਿਚ ਰੱਖਿਆ। ਆਖ਼ਿਰ ਅਫ਼ਸਰਾਂ ਨੇ ਆਪਣਾ ਹੁਕਮ ਵਾਪਸ ਲੈ ਲਿਆ। ਚੀਨੀ ਤੇ ਜਪਾਨੀਆਂ ਦੇ ਮਿਹਣਿਆਂ ਨੇ ਇਨ੍ਹਾਂ ਫ਼ੌਜੀਆਂ ਨੂੰ ਗੁਲਾਮ ਹੋਣ ਦਾ ਅਹਿਸਾਸ ਕਰਾਇਆ। ਚੀਨੀ ਇਨ੍ਹਾਂ ਨੂੰ 'ਮੈਲੋ ਕਲਾਈ' (ਭੂਤਨੇ) ਦੱਸਦਿਆਂ ਕਹਿੰਦੇ ਸਨ ਕਿ ਤੁਸੀਂ ਆਪਣਾ ਮੁਲਕ ਤਾਂ ਗਵਾ ਕੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਹੈ ਤੇ ਹੁਣ ਸਾਡਾ ਖੋਹ ਕੇ ਉਨ੍ਹਾਂ ਨੂੰ ਦਿਉਗੇ?


ਗ਼ਦਰੀ ਆਗੂ ਭਾਈ ਭਗਵਾਨ ਸਿੰਘ ਹਾਂਗਕਾਂਗ ਗੁਰਦੁਆਰੇ ਵਿਚ ਗ੍ਰੰਥੀ ਸਨ। ਅਮਰੀਕਾ ਤੋਂ ਆਉਂਦੀ ਗ਼ਦਰ ਅਖ਼ਬਾਰ ਉਹ ਫ਼ੌਜੀਆਂ ਨੂੰ ਪੜ੍ਹਨ ਲਈ ਦਿੰਦੇ।

26 ਪੰਜਾਬੀ ਇਨਫ਼ੈਂਟਰੀ ਵਿਚ ਫ਼ੌਜੀਆਂ ਦੇ ਪਤੇ 'ਤੇ 'ਗ਼ਦਰ' ਅਖ਼ਬਾਰ ਆਉਣ ਲੱਗੀ। ਇਸ ਅਖ਼ਬਾਰ ਰਾਹੀਂ ਉਨ੍ਹਾਂ ਨੂੰ ਅੰਗਰੇਜ਼ਾਂ ਦੇ ਜ਼ੁਲਮਾਂ ਤੇ ਗੁਲਾਮੀ ਦੇ ਦੁੱਖਾਂ ਦਾ ਅਹਿਸਾਸ ਹੋ ਚੁੱਕਾ ਸੀ। ਪੈਸੇ ਇਕੱਠੇ ਕਰ ਕੇ ਫ਼ੌਜੀਆਂ ਨੇ ਗ਼ਦਰ ਅਖ਼ਬਾਰ ਲਈ ਮਦਦ ਭੇਜੀ। ਹਾਂਗਕਾਂਗ ਸਰਕਾਰ ਨੇ ਹਿੰਦੋਸਤਾਨੀਆਂ ਦੇ ਆਪਣੇ ਪਹਿਲੇ ਜਹਾਜ਼ ਗੁਰੂ ਨਾਨਕ (ਕੋਮਾਗਾਟਾਮਾਰੂ) ਦੇ ਕੈਨੇਡਾ ਵੱਲ ਜਾਣ ਵਿਚ ਅੜਿੱਕੇ ਡਾਹੇ, ਤਾਂ ਸਿੱਖ ਫ਼ੌਜੀਆਂ ਨੇ ਇਹਦਾ ਵਿਰੋਧ ਕੀਤਾ। ਪਹਿਲੀ ਆਲਮੀ ਜੰਗ ਵਿਚ ਅੰਗਰੇਜ਼ਾਂ ਦੇ ਫਸ ਜਾਣ ਦਾ ਫ਼ਾਇਦਾ ਲੈਣ ਲਈ ਗ਼ਦਰ ਪਾਰਟੀ ਨੇ ਵਿਦੇਸ਼ਾਂ ਵਿਚ ਵਸਦੇ ਹਿੰਦੋਸਤਾਨੀਆਂ ਨੂੰ ਵਾਪਸ ਜਾ ਕੇ ਦੇਸ਼ ਆਜ਼ਾਦ ਕਰਾਉਣ ਦਾ ਹੋਕਾ ਦਿੱਤਾ। ਗ਼ਦਰੀਆਂ ਨੂੰ ਲੈ ਕੇ ਐਸ ਐਸ ਕੋਰੀਆ ਤੇ ਮਸ਼ੀਮਾਮਾਰੂ ਸਮੁੰਦਰੀ ਜਹਾਜ਼ ਹਾਂਗਕਾਂਗ ਪਹੁੰਚੇ। ਗ਼ਦਰੀਆਂ ਨੇ ਲਗਾਤਾਰ ਅੱਠ ਦਿਨ ਗੁਰਦੁਆਰੇ ਵਿਚ ਭਾਸ਼ਣ ਦਿੱਤੇ, ਜਿਨ੍ਹਾਂ ਕਰਕੇ ਫ਼ੌਜੀਆਂ ਵਿਚ ਬਾਦਸ਼ਾਹ ਨਾ.ਲ ਵਫ਼ਾਦਾਰੀ ਦੇ ਉਲਟ ਬਗ਼ਾਵਤ ਦਾ ਬੀਜ ਬੀਜਿਆ ਗਿਆ। ਅਫ਼ਸਰਾਂ ਨੇ ਫ਼ੌਜੀਆਂ ਦੇ ਗੁਰਦੁਆਰੇ ਜਾਣ 'ਤੇ ਪਾਬੰਦੀ ਲਾ ਦਿੱਤੀ, ਪਰ ਉਹ ਚੋਰੀ ਛੁਪੇ ਗੁਰਦੁਆਰੇ ਜਾਂਦੇ ਰਹੇ। ਹਰਨਾਮ ਸਿੰਘ, ਫੁੰਮਣ ਸਿੰਘ, ਕਿਰਪਾ ਸਿੰਘ, ਈਸ਼ਰ ਸਿੰਘ, ਲਾਭ ਸਿੰਘ ਤੇ ਤੇਜਾ ਸਿੰਘ ਨੂੰ ਕਰਾਚੀ ਭੇਜ ਦਿੱਤਾ ਤੇ ਫਿਰ ਡੀਪੂ ਫ਼ਿਰੋਜ਼ਪੁਰ ਬਦਲ ਦਿੱਤਾ।

ਫ਼ਿਰੋਜ਼ਪੁਰ ਛਾਉਣੀ ਵਿਚ ਲਾਂਸ ਨਾਇਕ ਕਿਰਪਾ ਸਿੰਘ ਨੇ ਕਰਤਾਰ ਸਿੰਘ ਸਰਾਭਾ ਨੂੰ ਹਰਨਾਮ ਸਿੰਘ ਤੇ ਬਾਕੀ ਫ਼ੌਜੀਆਂ ਨਾਲ ਮਿਲਾਇਆ, ਜਿਹਨੇ ਉਨ੍ਹਾਂ ਨੂੰ ਗ਼ਦਰ ਪਾਰਟੀ ਦੇ ਇਨਕਲਾਬੀ ਪ੍ਰੋਗਰਾਮ ਬਾਰੇ ਦੱਸਿਆ ਕਿ ਪਰਦੇਸਾਂ ਵਿਚੋਂ ਹਿੰਦੋਸਤਾਨ ਆਏ ਗ਼ਦਰ ਪਾਰਟੀ ਦੇ ਹਜ਼ਾਰਾਂ ਦੇਸ਼ ਭਗਤ ਵੱਖ-ਵੱਖ ਛਾਉਣੀਆਂ ਵਿਚ ਫ਼ੌਜਾਂ ਨੂੰ ਇਨਕਲਾਬ ਲਈ ਤਿਆਰ ਕਰ ਰਹੇ ਹਨ। ਉਹਨੇ ਇਨ੍ਹਾਂ ਨੂੰ ਬਾਕੀ ਫ਼ੌਜੀਆਂ ਵਿਚ ਖ਼ੁਫ਼ੀਆ ਤਰੀਕੇ ਨਾਲ ਦੇਸ਼ ਪਿਆਰ ਤੇ ਇਨਕਲਾਬ ਦਾ ਪ੍ਰਚਾਰ ਕਰਨ ਲਈ ਪ੍ਰੇਰਿਆ।

ਕਾਲਾ ਸੰਘਿਆਂ ਦੇ ਜਮਾਂਦਾਰ ਬੂਟਾ ਸਿੰਘ ਨੇ ਹਰਨਾਮ ਸਿੰਘ ਨੂੰ ਕਰਤਾਰ ਸਿੰਘ ਸਰਾਭਾ ਤੇ ਵਿਸ਼ਣੂੰ ਗਣੇਸ਼ ਪਿੰਗਲੇ ਨੂੰ ਗ੍ਰਿਫ਼ਤਾਰ ਕਰਵਾ ਕੇ ਇਨਾਮ ਦੀ ਨਕਦ ਰਕਮ ਤੇ ਸੱਤ ਮੁਰੱਬੇ ਜ਼ਮੀਨ ਹਾਸਿਲ ਕਰਨ ਲਈ ਕਿਹਾ। ਕੈਪਟਨ ਕਾਰਗਿਲ ਨੇ ਤਫ਼ਤੀਸ਼ ਵਿਚ ਦੋਸ਼ੀ ਪਾਏ ਜਾਣ 'ਤੇ ਗੋਲੀ ਮਾਰਨ ਦੀ ਧਮਕੀ ਦਿੱਤੀ, ਪਰ ਉਹਨੇ ਅਣਭੋਲ ਬਣਦਿਆਂ ਦੋਹਾਂ ਦੀ ਕੋਈ ਵਾਹ ਨਾ ਚੱਲਣ ਦਿੱਤੀ।

ਜਨਵਰੀ 1915 ਵਿਚ ਕਰਤਾਰ ਸਿੰਘ ਸਰਾਭਾ, ਬੰਤਾ ਸਿੰਘ ਸੰਘਵਾਲ ਤੇ ਹੋਰ ਗ਼ਦਰੀ ਫ਼ਿਰੋਜ਼ਪੁਰ ਛਾਉਣੀ ਵਿਚ ਫੌਜੀਆਂ ਨੂੰ ਮਿਲਦੇ ਰਹੇ। 15 ਫ਼ਰਵਰੀ ਨੂੰ ਕਰਤਾਰ ਸਿੰਘ ਸਰਾਭਾ ਤੇ ਸੱਜਣ ਸਿੰਘ ਉਥੇ ਬਗ਼ਾਵਤ ਕਰਾਉਣ ਦਾ ਸਾਰਾ ਪ੍ਰਬੰਧ ਕਰ ਆਏ। ਕੈਪਟਨ ਕਾਰਗਿਲ ਨੇ ਵਿਦੇਸ਼ਾਂ ਤੋਂ ਮੁੜੇ ਗ਼ਦਰੀਆਂ ਦਾ ਛਾਉਣੀ ਵਿਚ ਦਾਖ਼ਲਾ ਬੰਦ ਕਰ ਦਿੱਤਾ। 18 ਫ਼ਰਵਰੀ ਨੂੰ ਮੋਚੀ ਗੇਟ ਲਾਹੌਰ ਵਾਲੇ ਗ਼ਦਰ ਮੁੱਖ ਅੱਡੇ 'ਤੇ ਸਰਾਭੇ ਨੂੰ ਕਿਰਪਾਲ ਸਿੰਘ ਦੀ ਗ਼ਦਾਰੀ ਦਾ ਪਤਾ ਲੱਗਾ, ਤਾਂ ਉਹ ਕਾਹਲੀ ਵਿਚ ਭਾਈ ਰਣਧੀਰ ਸਿੰਘ ਤੇ ਉਨ੍ਹਾਂ ਦੇ ਜਥੇ ਨੂੰ ਲੈ ਕੇ 19 ਫ਼ਰਵਰੀ ਨੂੰ ਫ਼ਿਰੋਜ਼ਪੁਰ ਗਿਆ। ਛਾਉਣੀ ਵਿਚ ਕੋਈ ਹਿਲਜੁਲ ਨਾ ਦੇਖ ਕੇ ਉਨ੍ਹਾਂ ਨੂੰ ਨਿਰਾਸ਼ ਹੋ ਕੇ ਵਾਪਸ ਮੁੜਨਾ ਪਿਆ। 19 ਫ਼ਰਵਰੀ ਨੂੰ ਅੱਠ ਬਾਗ਼ੀ ਫ਼ੌਜੀ ਨੌਕਰੀ ਤੋਂ ਬਰਖ਼ਾਸਤ ਕਰ ਕੇ ਰੇਲਗੱਡੀ 'ਤੇ ਚੜ੍ਹਾ ਕੇ ਘਰਾਂ ਨੂੰ ਭੇਜ ਦਿੱਤੇ, ਪਰ ਉਹ ਉਸੇ ਦਿਨ ਵਾਪਸ ਫ਼ਿਰੋਜ਼ਪੁਰ ਪਹੁੰਚ ਗਏ ਸਨ। ਫਿਰ ਅਰਜਨ ਸਿੰਘ ਖੁਖਰਾਨੇ ਨੇ ਕਾਲਾ ਸੰਘਿਆਂ ਆ ਕੇ ਇਤਲਾਹ ਦਿੱਤੀ ਕਿ ਗ਼ਦਰ ਦੀ ਤਰੀਕ 21 ਤੋਂ 19 ਫਰਵਰੀ ਕਰ ਦਿੱਤੀ ਹੈ, ਤਾਂ ਹਰਨਾਮ ਸਿੰਘ ਉਹਦੇ ਨਾਲ ਫ਼ਿਰੋਜ਼ਪੁਰ ਛਾਉਣੀ ਜਾ ਪਹੁੰਚਾ। ਛਾਉਣੀ ਵਿਚ ਦੇਸੀ ਫ਼ੌਜੀਆਂ ਤੋਂ ਚਾਰ ਦਿਨਾਂ ਲਈ ਹਥਿਆਰ ਰਖਵਾ ਕੇ ਗੋਰੇ ਫ਼ੌਜੀਆਂ ਦਾ ਹਰ ਪਾਸੇ ਪਹਿਰਾ ਲਾ ਦਿੱਤਾ ਸੀ।



20 ਫਰਵਰੀ 1915 ਨੂੰ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿਚ ਤਿੰਨ ਗ਼ਦਰੀਆਂ ਦਾ ਪੁਲਿਸ ਨਾ.ਲ ਭੇੜ ਹੋ ਗਿਆ। ਅਰਜਨ ਸਿੰਘ ਖੁਖਰਾਨਾ ਨੂੰ ਗ੍ਰਿਫ਼ਤਾਰ ਕਰ ਲਿਆ। ਤਲਾਸ਼ੀ ਕਰਨ 'ਤੇ ਉਹਦੇ ਕੋਲੋਂ ਪਰਚੀ ਮਿਲੀ – 'ਹਰਨਾਮ ਸਿੰਘ ਭਰਾ ਲਛਮਣ ਸਿੰਘ ਕਾਲਾ ਸੰਘਿਆਂ' ਤੇ 23 ਫਰਵਰੀ ਨੂੰ ਪੁਲਿਸ ਹਰਨਾਮ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਈ। ਵਾਅਦਾ ਮੁਆਫ਼ ਗਵਾਹ ਅਨੋਖ ਸਿੰਘ ਦੇ ਨਾ ਪਛਾਣਨ ਕਰਕੇ ਉਹਨੂੰ ਦੂਜੇ ਲਾਹੌਰ ਸਾਜ਼ਿਸ਼ ਕੇਸ ਵਿਚ ਰੱਖ ਕੇ ਮੁਕੱਦਮਾ ਚਲਾਇਆ ਗਿਆ। ਇਹ ਇਤਫ਼ਾਕ ਹੀ ਸੀ ਕਿ ਹਰਨਾਮ ਸਿੰਘ ਦਾ ਫ਼ੌਜੀ ਪਲਟਣ ਨੰਬਰ 26, ਦੋਸ਼ੀ ਨੰਬਰ 26 ਤੇ ਉਸ ਸਮੇਂ ਉਮਰ 26 ਸਾਲ ਸੀ। 30 ਮਾਰਚ 1916 ਨੂੰ ਸਪੈਸ਼ਲ ਟ੍ਰਿਬਊਨਲ ਦੇ ਤਿੰਨ ਜੱਜਾਂ ਏ ਏ ਇਰਵਨ, ਟੀ ਪੀ ਐਲਿਸ ਤੇ ਸ਼ਿਓ ਨਾਰਾਇਣ ਨੇ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਈਆਂ: ਹਰਨਾਮ ਸਿੰਘ ਨੂੰ ਉਮਰ ਕੈਦ, ਜਲਾਵਤਨੀ ਤੇ ਜ਼ਮੀਨ ਜਾਇਦਾਦ ਦੀ ਕੁਰਕੀ ਦੀ ਸਜ਼ਾ ਸੁਣਾਈ। ਕਪੂਰਥਲਾ ਰਿਆਸਤ ਦੇ ਰਾਜੇ ਨੇ ਅੰਗਰੇਜ਼ ਹਾਕਮਾਂ ਨੂੰ ਖ਼ੁਸ਼ ਕਰਨ ਲਈ 28 ਪੋਹ ਬਿਕਰਮੀ ਸੰਮਤ 1973 (1916 ਈਸਵੀ) ਨੂੰ ਜ਼ਮੀਨ ਜਾਇਦਾਦ ਜ਼ਬਤ ਕਰਨ ਦੀ ਬਜਾਏ ਕੌਡੀਆਂ ਦੇ ਭਾਅ ਨਿਲਾਮ ਕਰਵਾ ਦਿੱਤੀ ਤੇ ਨਿਲਾਮੀ ਦੀ ਕੁੱਲ ਰਕਮ 3024 ਰੁਪਏ 8 ਆਨੇ 9 ਪਾਈ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾਈ।

ਪਹਿਲੇ ਲਾਹੌਰ ਸਾਜਿਸ਼ ਕੇਸ ਵਾਲੇ ਗ਼ਦਰੀਆਂ ਨੇ ਕਾਲੇਪਾਣੀ ਸੈਲੂਲਰ ਜੇਲ੍ਹ ਦੇ ਅਧਿਕਾਰੀਆਂ ਨੂੰ ਜੇਲ੍ਹ ਸਖ਼ਤੀਆਂ ਦੇ ਵਿਰੋਧ ਵਿਚ ਅਜਿਹਾ ਸਬਕ ਸਿਖਾਇਆ ਕਿ ਉਨ੍ਹਾਂ ਨੇ ਗ਼ਦਰ ਪਾਰਟੀ ਦੇ ਹੋਰ ਕੈਦੀ ਲੈਣ ਤੋਂ ਨਾਂਹ ਕਰ ਦਿੱਤੀ। ਇਸ ਕਰਕੇ ਦੂਜੇ ਸਾਜ਼ਿਸ਼ ਕੇਸ ਵਾਲਿਆਂ ਨੂੰ ਹਜ਼ਾਰੀ ਬਾਗ ਜੇਲ੍ਹ (ਪਹਿਲਾਂ ਬਿਹਾਰ, ਹੁਣ ਝਾਰਖੰਡ) ਭੇਜ ਦਿੱਤਾ। ਵਧਾਵਾ ਰਾਮ ਦਰੋਗ਼ੇ ਨੇ ਖ਼ੁਰਾਕ ਭੈੜੀ ਕਰ ਦਿੱਤੀ, ਪਰਨੇ, ਗੁਟਕੇ ਖੋਹ ਲਏ, ਗੰਦੀ ਦਾ.ਲ ਸਬਜ਼ੀ, ਗੰਦਾ ਆਟਾ, ਪੀਹਣ ਨੂੰ ਚੱਕੀ ਦੀ ਮੁਸ਼ੱਕਤ ਦਿੱਤੀ। ਡੰਡੇ ਬੇੜੀਆਂ, ਟਾਟ ਵਰਦੀਆਂ, ਖੜ੍ਹੀਆਂ ਹੱਥਕੜੀਆਂ ਬੇੜੀਆਂ ਤੇ ਲੋਹੇ ਦੇ ਪਿੰਜਰੇ ਦੀਆਂ ਸਜ਼ਾਵਾਂ ਮਿਲਣ ਲੱਗੀਆਂ।

***ਜੇਲ੍ਹ 'ਚੋਂ ਫਰਾਰੀ***

ਸਖ਼ਤੀਆਂ ਤੋਂ ਤੰਗ ਆ ਕੇ ਹਰਨਾਮ ਸਿੰਘ ਸਮੇਤ 18 ਗ਼ਦਰੀ ਦੇਸ਼ ਭਗਤ ਜੇਲ੍ਹੋਂ ਫ਼ਰਾਰ ਹੋ ਗਏ। ਤਿੰਨ ਜਣਿਆਂ ਤੋਂ ਇਲਾਵਾ ਬਾਕੀ 15 ਫੜੇ ਗਏ ਅਤੇ ਦੋ ਸਾਲ ਸਜ਼ਾ ਹੋਰ ਵਧਾ ਦਿੱਤੀ ਗਈ। ਗ਼ਦਰੀਆਂ ਨੇ ਕਲਕੱਤਿਉਂ ਬਦਲ ਕੇ ਆਏ ਗੋਰੇ ਦਰੋਗ਼ੇ ਮੀਕ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ, ਜਦੋਂ 27 ਕੋਠੜੀਆਂ ਦੀਆਂ ਵੱਢੀਆਂ ਸੀਖਾਂ ਹਟਾ ਕੇ ਉਹ ਦਰੋਗ਼ੇ ਸਾਹਮਣੇ ਆ ਹਾਜ਼ਿਰ ਹੋਏ। ਇਸ ਮਗਰੋਂ ਗ਼ਦਰੀ ਕੈਦੀਆਂ ਨਾ.ਲ ਜੇਲ੍ਹ ਅਧਿਕਾਰੀਆਂ ਦਾ ਵਤੀਰਾ ਨਰਮ ਹੋ ਗਿਆ। ਇਸ ਜੇਲ੍ਹ ਤੋਂ ਬਾਅਦ ਰਾਜਮੁੰਦਰੀ (ਮਦਰਾਸ), ਬੈਲੂਰ ਹਾਤਾ, ਲਾਹੌਰ, ਰਾਵਲਪਿੰਡੀ, ਫ਼ਿਰੋਜ਼ਪੁਰ ਤੇ ਜਲੰਧਰ ਜੇਲ੍ਹਾਂ ਵਿਚ 20 ਸਾਲ 9 ਮਹੀਨੇ 17 ਦਿਨ ਰੱਖ ਕੇ 10 ਦਸੰਬਰ 1935 ਨੂੰ ਰਿਹਾਅ ਕਰ ਦਿੱਤਾ। ਸਜ਼ਾ ਤਾਂ 1929 ਵਿਚ ਹੀ ਪੂਰੀ ਹੋ ਗਈ ਸੀ, ਪਰ ਬਾਬਾ ਹਰਨਾਮ ਸਿੰਘ ਬਾਸ਼ਰਤ ਰਿਹਾਈ ਤੋਂ ਇਨਕਾਰੀ ਸਨ ਤੇ ਆਖ਼ਿਰ ਵਾਇਸਰਾਏ ਨੂੰ ਇਨ੍ਹਾਂ ਵਾਸਤੇ ਖ਼ਾਸ ਹੁਕਮ ਦੇ ਕੇ ਰਿਹਾਅ ਕਰਨਾ ਪਿਆ। 1940 ਵਿਚ ਸਰਕਾਰ ਵਿਰੁੱਧ ਇਸ਼ਤਿਹਾਰ ਲੱਗੇ ਤਾਂ ਚਾਰ ਦਿਨਾਂ ਲਈ ਜੇਲ੍ਹ ਭੇਜ ਦਿੱਤਾ ਸੀ।

ਰਿਹਾਅ ਹੋਣ ਤੋਂ ਬਾਅਦ ਪਿੰਡ ਵਾਸੀਆਂ, ਗੁਰਦੁਆਰਾ ਸੀਸਗੰਜ ਦਿੱਲੀ, ਅਕਾਲੀ ਦਲ ਤੇ ਗ਼ਦਰ ਪਾਰਟੀ ਕਪੂਰਥਲਾ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਗ਼ਦਰ ਪਾਰਟੀ ਅੰਮ੍ਰਿਤਸਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਤੇ ਮਾਲਵਾ ਦੀਵਾਨ ਨੇ ਵੱਖ-ਵੱਖ ਸਮੇਂ ਸਿਰੋਪੇ ਦੇ ਕੇ ਸਨਮਾਨਿਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਰਿਵਾਰ ਨੂੰ ਦਸ ਰੁਪਏ ਮਹੀਨਾ ਸਹਾਇਤਾ ਮਿ.ਲਦੀ ਰਹੀ। ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਮਿ.ਲ ਕੇ ਬਾਬਾ ਜੀ ਨੇ ਜ਼ਮੀਨ ਵਾਪਸੀ ਦੀ ਮੰਗ ਕੀਤੀ ਪਰ ਅਸਫਲਤਾ ਮਿਲੀ। ਗਿਆਨੀ ਜ਼ੈਲ ਸਿੰਘ ਨੇ ਤਾਮਰ ਪੱਤਰ ਦਿੱਤਾ। ਬਾਬਾ ਹਰਨਾਮ ਸਿੰਘ ਜੀ 18 ਮਈ 1978 ਨੂੰ ਸਦੀਵੀ ਵਿਛੋੜਾ ਦੇ ਗਏ।

ਲੇਖਕ ਨੇ ਦੋ ਸਾਲ ਦੀ ਮੁਸ਼ੱਕਤ ਨਾਲ ਫ਼ਰਵਰੀ 2004 ਵਿਚ ਕਪੂਰਥਲੇ ਸਦਰ ਕਾਨੂੰਗੋ ਰਿਕਾਰਡ ਦਫ਼ਤਰ ਵਿੱਚੋਂ ਆਪਣੇ ਮਿੱਤਰ ਜੋਗਾ ਸਿੰਘ ਤੇ ਉਸਦੇ ਭਰਾ ਪਟਵਾਰੀ ਮੱਖਣ ਲਾਲ ਦੀ ਮਦਦ ਨਾਲ ਜ਼ਮੀਨ ਜਾਇਦਾਦ ਦੇ ਕਾਗ਼ਜ਼ ਕਢਵਾ ਕੇ 'ਗ਼ਦਰੀ ਬਾਬਿਆਂ ਦੇ ਮੁਣਸ਼ੀ' ਆਖੇ ਜਾਂਦੇ ਪ੍ਰੋਫੈਸਰ ਮਲਵਿੰਦਰਜੀਤ ਸਿੰਘ ਜੀ ਵੜੈਚ ਨੂੰ ਭੇਜੇ ਸਨ। ਵੜੈਚ ਹੋਰਾਂ ਦੀ ਸਖ਼ਤ ਮਿਹਨਤ ਸਦਕਾ ਇਕੱਠੇ ਕੀਤੇ ਕਈ ਦਸਤਾਵੇਜ਼ਾਂ ਨਾਲ ਕਪੂਰਥਲਾ ਤੋਂ ਪ੍ਰਾਪਤ ਕੀਤੇ ਇਨ੍ਹਾਂ ਕਾਗਜ਼ਾਂ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ। ਪ੍ਰੋਫੈਸਰ ਵੜੈਚ ਜੋ ਕਿ ਵਕੀਲ ਹਨ, ਉਨ੍ਹਾਂ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਾਈ ਜਨਹਿਤ ਪਟੀਸ਼ਨ ਸਦਕਾ ਬਾਬਾ ਹਰਨਾਮ ਸਿੰਘ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਤੋਂ 35 ਲੱਖ ਰੁਪਏ ਮੁਆਵਜ਼ਾ ਮਿਲਿਆ ਸੀ।

---

# ਏਸ਼ੀਆ ਵਿਚ ਪੈਰ ਪਸਾਰਦਾ ਚੀਨ

ਇਕ ਪਾਸੇ ਜੀ-7 ਮੁਲਕਾਂ ਨੇ ਚੀਨ ਨੂੰ ਨੱਥ ਪਾਉਣ ਦੇ ਢੰਗ-ਤਰੀਕਿਆਂ ਬਾਰੇ ਵਿਚਾਰਾਂ ਹੋਈਆਂ, ਦੂਜੇ ਪਾਸੇ ਚੀਨ ਕੇਂਦਰੀ ਏਸ਼ੀਆ ਵਿਚ ਆਪਣੇ ਪਹਿਲਾਂ ਹੀ ਭਰਵੇਂ ਅਸਰ-ਰਸੂਖ਼ ਨੂੰ ਮੁਲਕ ਦੀ ਪ੍ਰਾਚੀਨ ਰਾਜਧਾਨੀ ਸਿਆਨ ਵਿਚ ਸੱਦੇ ਸਿਖਰ ਸੰਮੇਲਨ ਰਾਹੀਂ ਹੋਰ ਮਜ਼ਬੂਤ ਕਰਨ ਵਿਚ ਜੁਟਿਆ ਹੋਇਆ ਸੀ। ਕੇਂਦਰੀ ਏਸ਼ੀਆ ਦੇ ਆਗੂਆਂ ਨੇ ਇਸ ਕਾਨਫਰੰਸ ਦੌਰਾਨ ਚੀਨੀ ਸਦਰ ਸ਼ੀ ਜਿਨਪਿੰਗ ਨੂੰ ਜਿਸ ਤਰ੍ਹਾਂ ਸਮਰਥਨ ਦਾ

**ਮਨੋਜ ਜੋਸ਼ੀ**

ਮੁਜ਼ਾਹਰਾ ਕੀਤਾ, ਉਹ ਹੀਰੋਸ਼ੀਮਾ ਦੇ ਜੀ-7 ਸਿਖਰ ਸੰਮੇਲਨ ਦੌਰਾਨ ਉਭਾਰੀ ਗਈ ਚੀਨ ਦੀ ਧੱਕੇਸ਼ਾਹੀ ਵਾਲੀ ਸਫ਼ਾਰਤਕਾਰੀ ਦੇ ਇਸਤੇਮਾਲ ਦੀ ਨਾਂਹ-ਪੱਖੀ ਤਸਵੀਰ ਤੋਂ ਉਲਟ ਸੀ।

ਚੀਨ ਨੇ ਰੂਸ ਵੱਲੋਂ ਯੂਕਰੇਨ ਜੰਗ ਰਾਹੀਂ ਆਪਣੇ ਲਈ ਆਪ ਸਹੇੜੀ ਔਕੜ ਦਾ ਲਾਹਾ ਲੈਣ ਵਿਚ ਬਹੁਤਾ ਸਮਾਂ ਬਰਬਾਦ ਨਹੀਂ ਕੀਤਾ। ਰੂਸੀ ਸਦਰ ਵਲਾਦੀਮੀਰ ਪੂਤਿਨ ਉਦੋਂ ਐਨ ਇਸੇ ਗੱਲ ਬਾਰੇ ਫ਼ਿਕਰਮੰਦ ਸਨ ਜਦੋਂ ਉਹ ਯੂਕਰੇਨ ਜੰਗ ਦੀ ਸ਼ੁਰੂਆਤ ਤੋਂ ਕਈ ਮਹੀਨੇ ਬਾਅਦ ਜੂਨ 2022 ਵਿਚ ਆਪਣੀ ਪਹਿਲੀ ਵਿਦੇਸ਼ ਫੇਰੀ ਤਹਿਤ ਤਾਜਿਕਸਤਾਨ ਤੇ ਤੁਰਕਮੇਨਿਸਤਾਨ ਪੁੱਜੇ ਅਤੇ ਨਾਲ ਹੀ ਉਨ੍ਹਾਂ ਇਰਾਨ, ਕਜ਼ਾਖ਼ਿਸਤਾਨ, ਆਜ਼ਰਬਾਈਜਾਨ ਤੇ ਤੁਰਕਮੇਨਿਸਤਾਨ ਦੇ ਰਾਸ਼ਟਰਪਤੀਆਂ ਨਾਲ ਛੇਵੇਂ ਕੈਸਪੀਅਨ ਸਿਖਰ ਸੰਮੇਲਨ ਵਿਚ ਸ਼ਿਰਕਤ ਕੀਤੀ ਸੀ। ਉਂਝ ਉਸ ਸਮੇਂ ਪੂਤਿਨ ਇਸ ਖ਼ਿੱਤੇ ਵਿਚ ਅਮਰੀਕਾ ਵੱਲੋਂ ਪੈਰ ਧਰਨ ਦੀਆਂ ਕੋਸ਼ਿਸ਼ਾਂ ਕਾਰਨ ਫ਼ਿਕਰਮੰਦ ਜਾਪਦੇ ਸਨ। ਇਸ ਸਾਲ ਦੇ ਸ਼ੁਰੂ ਵਿਚ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਜ਼ਾਖ਼ਿਸਤਾਨ ਦਾ ਦੌਰਾ ਕਰ ਕੇ ਕੇਂਦਰੀ ਏਸ਼ਿਆਈ ਮੁਲਕਾਂ ਦੇ ਵਿਦੇਸ਼ ਮੰਤਰੀਆਂ ਨਾਲ ਮੀਟਿੰਗ ਕੀਤੀ। ਹੁਣ ਜਦੋਂ ਰੂਸ ਨੇ ਆਪਣੇ ਸਾਰੇ ਹੀਲੇ-ਵਸੀਲੇ ਯੂਕਰੇਨ ਜੰਗ ਵਿਚ ਝੋਕੇ ਹੋਏ ਹਨ ਤਾਂ ਚੀਨ ਆਪਣੀਆਂ ਚਾਲਾਂ ਚੱਲ ਰਿਹਾ ਹੈ।

ਕੇਂਦਰੀ ਏਸ਼ੀਆ ਦੀ ਸਰਹੱਦ ਚੀਨ ਦੇ ਗੜਬੜਜ਼ਦਾ ਸੂਬੇ ਸਿਨਜਿਆਂਗ ਨਾਲ ਲੱਗਦੀ ਹੈ ਪਰ ਇਸ ਦੇ ਨਾਲ ਹੀ ਇਹ ਊਰਜਾ ਸਪਲਾਈ ਦਾ ਅਹਿਮ ਜ਼ਮੀਨੀ ਸਾਧਨ ਵੀ ਹੈ ਅਤੇ ਯੂਰਪ ਨਾਲ ਸੜਕ ਰਸਤੇ ਵਪਾਰ ਲਈ ਮੁੱਖ ਦਰਵਾਜ਼ੇ ਵਜੋਂ ਉੱਭਰਿਆ ਹੈ। ਚੀਨ ਦਾ ਪੰਜ ਕੇਂਦਰੀ ਏਸ਼ਿਆਈ ਮੁਲਕਾਂ ਨਾਲ ਵਪਾਰ ਲਗਾਤਾਰ ਵਧ-ਫੁੱਲ ਰਿਹਾ ਹੈ ਜਿਹੜਾ 2022 ਵਿਚ 70 ਅਰਬ ਡਾਲਰ ਤੱਕ ਪੁੱਜ ਗਿਆ ਸੀ ਅਤੇ ਉਥੇ ਉਸ ਸਮੇਂ ਤੱਕ ਇਸ ਦਾ ਕੁੱਲ ਨਿਵੇਸ਼ 15 ਅਰਬ ਡਾਲਰ ਤੱਕ ਪੁੱਜ ਗਿਆ ਸੀ। ਕਜ਼ਾਖ਼ਿਸਤਾਨ ਨਾਲ ਇਸ ਦਾ ਵਪਾਰ 31 ਅਰਬ ਡਾਲਰ ਤੱਕ ਪੁੱਜ ਗਿਆ ਹੈ, ਜਦੋਂਕਿ ਦੂਜੇ ਨੰਬਰ ਉਤੇ 15.5 ਅਰਬ ਡਾਲਰ ਨਾਲ ਕਿਰਗਿਜ਼ਸਤਾਨ ਤੇ ਫਿਰ 11.2 ਅਰਬ ਡਾਲਰ ਨਾਲ ਤੁਰਕਮੇਨਿਸਤਾਨ, 9.8 ਅਰਬ ਡਾਲਰ ਨਾਲ ਉਜ਼ਬੇਕਿਸਤਾਨ ਅਤੇ 2 ਅਰਬ ਡਾਲਰ ਨਾਲ ਤਾਜਿਕਸਤਾਨ ਆਉਂਦੇ ਹਨ। ਇਸ ਦੌਰਾਨ ਇਸ ਤੱਥ ਦੀ ਵੀ ਖ਼ਾਸ ਅਹਿਮੀਅਤ ਹੈ ਕਿ ਜਿਥੇ ਪਹਿਲਾਂ ਇਹ ਸਹਿਯੋਗ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ (ਐੱਸ.ਸੀ.ਓ.) ਤਹਿਤ ਦੁਵੱਲਾ ਜਾਂ ਬਹੁਧਿਰੀ ਸੀ, ਉਥੇ ਹੁਣ ਇਸ ਨੂੰ ਚੀਨ ਤੇ ਬਾਕੀ ਖ਼ਿੱਤੇ ਦੀ ਸ਼ਮੂਲੀਅਤ ਨਾਲ ਨਵੇਂ ਛੋਟੇ ਗਰੁੱਪ ਤਹਿਤ ਲਿਆਂਦਾ ਗਿਆ ਹੈ।

ਬੀਤੇ ਸ਼ੁੱਕਰਵਾਰ (19 ਮਈ) ਨੂੰ ਸਿਖਰ ਸੰਮੇਲਨ ਦੇ ਅਖ਼ੀਰ ਵਿਚ ਸ਼ੀ ਜਿੰਨਪਿੰਗ ਨੇ ਕੇਂਦਰੀ ਏਸ਼ੀਆ ਦੇ ਵਿਕਾਸ ਲਈ ਜ਼ੋਰਦਾਰ ਯੋਜਨਾ ਦਾ ਖ਼ਾਕਾ ਪੇਸ਼ ਕੀਤਾ ਜਿਸ ਵਿਚ ਬੁਨਿਆਦੀ ਢਾਂਚੇ ਦੀ ਉਸਾਰੀ ਅਤੇ ਵਪਾਰ ਨੂੰ ਹੁਲਾਰਾ ਦੇਣ ਤੱਕ ਬੜਾ ਕੁਝ ਸ਼ਾਮਲ ਹੈ। ਇਸ ਦਿਸ਼ਾ ਵਿਚ ਉਨ੍ਹਾਂ 3.8 ਅਰਬ ਡਾਲਰ ਦੀ ਮਾਲੀ ਇਮਦਾਦ ਅਤੇ ਗਰਾਂਟਾਂ ਐਲਾਨ ਕੀਤਾ। ਇਸ ਦੌਰਾਨ ਜਿਥੇ ਉਨ੍ਹਾਂ ਮੇਲ-ਜੋਲ ਤੇ ਸੰਪਰਕ ਦੀ ਮਜ਼ਬੂਤੀ ਲਈ ਜ਼ੋਰ ਦਿੱਤਾ, ਉਥੇ ਉਨ੍ਹਾਂ ਇਹ ਬਿਲਕੁਲ ਨਹੀਂ ਕਿਹਾ ਕਿ ਟਰਾਂਸ-ਕੈਸਪੀਅਨ (ਕੈਸਪੀਅਨ ਸਾਗਰ ਦੇ ਆਰ-ਪਾਰ) ਕੌਮਾਂਤਰੀ ਟਰਾਂਸਪੋਰਟੇਸ਼ਨ ਗਲਿਆਰੇ ਦੇ ਵਿਕਾਸ ਲਈ ਚੀਨ ਵੱਲੋਂ ਸਹਿਯੋਗ ਦਿੱਤਾ ਜਾਵੇਗਾ ਜਿਹੜਾ ਰੂਸ ਤੋਂ ਲਾਂਭੇ ਲਾਂਭੇ ਜਾਵੇਗਾ। ਨਾਲ ਹੀ ਚੀਨ ਵੱਲੋਂ 523 ਕਿਲੋਮੀਟਰ ਕਿਰਗਿਜ਼ਸਤਾਨ-ਉਜ਼ਬੇਕਿਸਤਾਨ-ਚੀਨ ਰੇਲਵੇ ਲਾਈਨ ਦੀ ਉਸਾਰੀ ਲਈ ਵੀ ਜ਼ੋਰ ਦਿੱਤਾ ਜਾ ਰਿਹਾ ਹੈ ਜਿਹੜੀ ਅਗਾਂਹ ਤੁਰਕੀ ਤੱਕ ਅਤੇ ਰੂਸ ਤੋਂ ਲਾਂਭੇ ਲਾਂਭੇ ਜਾਵੇਗੀ।

ਸ਼ੀ ਜਿੰਨਪਿੰਗ ਦੀ ਚੀਨ ਅਤੇ ਕੇਂਦਰੀ ਏਸ਼ੀਆ ਦੇ ਸਾਂਝੇ ਭਵਿੱਖ ਸਬੰਧੀ ਚਾਰ-ਨੁਕਾਤੀ ਸੋਚ ਵਿਚ 'ਸਰਵਵਿਆਪੀ ਸੁਰੱਖਿਆ' ਦੀ ਧਾਰਨਾ ਵੀ ਸ਼ਾਮਲ ਹੈ ਜਿਹੜੀ ਇਸ ਖ਼ਿੱਤੇ ਦੇ ਮੁਲਕਾਂ ਦੇ ਘਰੇਲੂ ਮਾਮਲਿਆਂ ਵਿਚ ਕਿਸੇ ਤਰ੍ਹਾਂ ਦੇ ਬਾਹਰੀ ਦਖ਼ਲ ਦੀਆਂ ਕੋਸ਼ਿਸ਼ਾਂ ਖ਼ਿਲਾਫ਼ ਡਟ ਕੇ ਖੜ੍ਹਨ ਦੀ ਲੋੜ ਉਤੇ ਨੂੰ ਉਭਾਰਦੀ ਹੈ। ਚੀਨੀ ਖ਼ਬਰ ਏਜੰਸੀ ਸਿਨਹੂਆ ਮੁਤਾਬਕ, "ਸ਼ੀ ਨੇ ਜ਼ੋਰ ਦੇ ਕੇ ਕਿਹਾ ਕਿ ਚੀਨ ਕੇਂਦਰੀ ਏਸ਼ਿਆਈ ਮੁਲਕਾਂ ਨੂੰ ਆਪਣੇ ਖੇਤਰ ਵਿਚ ਕਾਨੂੰਨ-ਪ੍ਰਬੰਧ ਲਾਗੂ ਕਰਨ, ਸੁਰੱਖਿਆ ਵਿਚ ਸੁਧਾਰ ਤੇ ਨਾਲ ਹੀ ਰੱਖਿਆ ਸਮਰੱਥਾ ਉਸਾਰੀ ਲਈ ਮਦਦ ਦੇਣ ਵਾਸਤੇ ਤਿਆਰ ਹੈ ਤਾਂ ਕਿ ਖਿੱਤੇ ਵਿਚ ਇਲਾਕਾਈ ਅਮਨ ਦੀ ਰਾਖੀ ਕੀਤੀ ਜਾ ਸਕੇ।"

ਚੀਨ ਕੇਂਦਰੀ ਏਸ਼ੀਆ ਵਿਚ ਆਪਣੇ ਪੈਰ ਬਹੁਤ ਸੰਭਲ ਕੇ ਧਰ ਰਿਹਾ ਹੈ ਤਾਂ ਕਿ ਕਿਸੇ ਤਰ੍ਹਾਂ ਰੂਸ ਨੂੰ ਕੋਈ ਸ਼ੱਕ ਨਾ ਪੈਦਾ ਹੋਵੇ। ਇਸ ਨੇ ਰੂਸ ਦੀ ਅਗਵਾਈ ਵਾਲੀ ਯੂਰੇਸ਼ੀਅਨ ਆਰਥਿਕ ਯੂਨੀਅਨ ਨੂੰ ਕੋਈ ਚੁਣੌਤੀ ਨਹੀਂ ਦਿੱਤੀ ਜਿਹੜੀ ਬਹੁਤ ਸਾਰੇ ਕੇਂਦਰੀ ਏਸ਼ਿਆਈ ਅਤੇ ਕੈਸਪੀਅਨ ਗਣਰਾਜਾਂ ਨੂੰ ਇਕਹਿਰੇ ਬਾਜ਼ਾਰ ਤਹਿਤ ਰੂਸ ਨਾਲ ਇਕਮੁੱਠ ਕਰਦੀ ਹੈ। ਇਸ ਲਈ ਜਦੋਂ ਗੱਲ ਸੁਰੱਖਿਆ ਦੀ ਆਉਂਦੀ ਹੈ ਤਾਂ ਚੀਨ ਮੁੱਖ ਤੌਰ 'ਤੇ ਅੰਦਰੂਨੀ ਸੁਰੱਖਿਆ ਅਤੇ ਨਿਗਰਾਨੀ ਬਾਰੇ ਹੀ ਬੋਲਦਾ ਹੈ। ਹਾਲ ਦੀ ਘੜੀ ਖਿੱਤੇ ਦੇ ਮੁਲਕ ਰੂਸ ਦੀ ਅਗਵਾਈ ਵਾਲੀ ਕੁਲੈਕਟਿਵ ਸਕਿਉਰਿਟੀ ਟਰੀਟੀ ਆਰਗੇਨਾਈਜ਼ੇਸ਼ਨ (ਸੀ.ਐੱਸ.ਟੀ.ਓ.) ਦੇ ਘੇਰੇ ਵਿਚ ਆਉਂਦੇ ਹਨ ਅਤੇ ਰੂਸ ਦੇ ਦੁਸ਼ਾਂਬੇ ਦੇ ਬਾਹਰਵਾਰ, ਤਾਜਿਕਸਤਾਨ ਅਤੇ ਕਿਰਗਿਜ਼ਸਤਾਨ ਵਿਚ ਵਿਸ਼ਾਲ ਅੱਡੇ ਹਨ। ਮਾਹਿਰਾਂ ਦਾ ਖ਼ਿਆਲ ਹੈ ਕਿ ਰੂਸ ਭਾਵੇਂ ਖ਼ਿੱਤੇ ਦੀ ਭਾਰੂ ਤਾਕਤ ਹੈ ਅਤੇ ਸੀ.ਐੱਸ.ਟੀ.ਓ. ਤਹਿਤ ਸੁਰੱਖਿਆ ਲਈ ਜ਼ਿੰਮੇਵਾਰ ਹੈ ਪਰ ਤਾਂ ਵੀ ਇਹ ਬੀਤੇ ਸਾਲ ਕਿਰਗਿਜ਼-ਤਾਜਿਕ ਸਰਹੱਦੀ ਝੜਪਾਂ ਨਾਲ ਅਸਰਦਾਰ ਢੰਗ ਨਾਲ ਸਿੱਝਣ ਵਿਚ ਨਾਕਾਮ ਰਿਹਾ। ਖ਼ਿੱਤੇ ਵਿਚ ਰੂਸ ਦੇ ਘਟ ਰਹੇ ਪ੍ਰਭਾਵ ਦਾ ਪਤਾ ਇਸ ਗੱਲ ਤੋਂ ਵੀ ਲੱਗ ਜਾਂਦਾ ਹੈ ਕਿ ਕਿਸੇ ਵੀ ਕੇਂਦਰੀ ਏਸ਼ਿਆਈ ਮੁਲਕ ਨੇ ਯੂਕਰੇਨ ਹਮਲੇ ਦੇ ਮਾਮਲੇ ਵਿਚ ਰੂਸ ਦੀ ਹਮਾਇਤ ਨਹੀਂ ਕੀਤੀ, ਹਾਲਾਂਕਿ ਉਨ੍ਹਾਂ ਇਸੇ ਸਾਲ ਦੇ ਸ਼ੁਰੂ ਵਿਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ (ਯੂ.ਐੱਨ.ਜੀ.ਏ.) ਵਿਚ ਰੂਸੀ ਹਮਲੇ ਦੀ ਨਿਖੇਧੀ ਕਰਦੇ ਮਤੇ ਉਤੇ ਵੋਟ ਵਿਚ ਹਿੱਸਾ ਨਹੀਂ ਲਿਆ। ਕਜ਼ਾਖ਼ਿਸਤਾਨ ਨੇ 2022 ਵਿਚ ਫ਼ੌਜੀ ਸੇਵਾ ਤੋਂ ਭੱਜ ਰਹੇ ਹਜ਼ਾਰਾਂ ਰੂਸੀਆਂ ਨੂੰ ਸਹਾਰਾ ਦਿੱਤਾ ਅਤੇ ਇਸ ਦੇ ਰਾਸ਼ਟਰਪਤੀ ਨੇ ਟਕਰਾਅ ਨੂੰ ਹੱਲ ਕਰਾਉਣ ਲਈ ਖ਼ੁਦ ਨੂੰ ਵਿਚੋਲੇ ਵਜੋਂ ਵੀ ਪੇਸ਼ ਕੀਤਾ।

ਯੂਕਰੇਨ ਜੰਗ ਕਾਰਨ ਯੂਰਪੀ ਯੂਨੀਅਨ/ਅਮਰੀਕਾ ਵੱਲੋਂ ਰੂਸ ਖ਼ਿਲਾਫ਼ ਆਇਦ ਪਾਬੰਦੀਆਂ ਵਿਚ ਰੂਸੀ ਰੇਲਵੇ ਨੂੰ ਵੀ ਸ਼ਾਮਲ ਕੀਤੇ ਜਾਣ ਕਾਰਨ ਇਸ ਉੱਤਰੀ ਰੂਟ ਲਈ ਮਸਲੇ ਖੜ੍ਹੇ ਹੋ ਗਏ ਹਨ। ਇਸ ਕਾਰਨ ਬੀ.ਐੱਮ.ਡਬਲਿਊ. ਅਤੇ ਔਡੀ ਕਾਰ ਨਿਰਮਾਤਾਵਾਂ ਨੇ ਰੇਲ ਰਾਹੀਂ ਚੀਨ ਨੂੰ ਆਪਣੀਆਂ ਕਾਰਾਂ ਦੀ ਸਪਲਾਈ ਮੁਅੱਤਲ ਕਰ ਦਿੱਤੀ ਹੈ ਅਤੇ ਇਸੇ ਤਰ੍ਹਾਂ ਮਰਸਕ ਤੇ ਡੀ.ਐੱਚ.ਐੱਲ. ਵਰਗੇ ਕੌਮਾਂਤਰੀ ਸਪਲਾਇਰਾਂ ਨੇ ਵੀ ਆਪਣਾ ਰੇਲ ਕਾਰੋਬਾਰ ਰੋਕ ਦਿੱਤਾ ਹੈ।

ਅਮਰੀਕਾ ਵੱਲੋਂ ਅਫ਼ਗ਼ਾਨਿਸਤਾਨ 'ਚੋਂ ਫ਼ੌਜਾਂ ਵਾਪਸ ਕੱਢਣ ਅਤੇ ਪੂਤਿਨ ਦੇ ਯੂਕਰੇਨ 'ਚ ਜੰਗ ਵਰਗੀਆਂ ਤਬਾਹਕੁਨ ਬਾਜ਼ੀਆਂ ਲਾਉਣ ਦੌਰਾਨ ਚੀਨ ਮਾਹੌਲ ਆਪਣੇ ਹੱਕ 'ਚ ਹੋਣ ਦੇ ਰਿਹਾ ਹੈ। ਹੁਣ ਇਹ ਗੱਲ ਆਖੀ ਜਾ ਸਕਦੀ ਹੈ ਕਿ ਕੇਂਦਰੀ ਏਸ਼ੀਆ ਵਿਚ ਚੀਨ ਦਾ ਅਸਰ ਰਸੂਖ਼ ਲਗਾਤਾਰ ਭਰਵੇਂ ਢੰਗ ਨਾਲ ਵਧਦਾ ਜਾਵੇਗਾ।

# ਕੋਬਾਲਟ ਦਾ ਜਾਦੂ ਅਤੇ ਇਨਸਾਨੀ ਖ਼ੂਨ

## ਕਲਾ ਪਰਿਕਰਮਾ

ਕੀਮਤੀ ਤੇ ਦੁਰਲੱਭ ਖਣਿਜਾਂ ਦੀ ਤਲਾਸ਼ ਵਿਚ ਅਫਰੀਕੀ ਮੁਲਕ ਕੌਂਗੋ ਦੀ ਜੰਗਲਾਤੀ ਜਾਇਦਾਦ ਦੇ ਸਫ਼ਾਏ ਦਾ ਮੁੱਦਾ ਸਭ ਤੋਂ ਪਹਿਲਾਂ ਅਮਰੀਕੀ ਵਿਗਿਆਨ-ਗਲਪ ਲੇਖਕ ਮਾਈਕਲ ਕ੍ਰਾਈਟਨ ਨੇ ਆਪਣੇ ਨਾਵਲ 'ਕੌਂਗੋ' ਰਾਹੀਂ ਉਠਾਇਆ ਸੀ। ਇਹ ਨਾਵਲ 1980 ਵਿਚ ਛਪਿਆ। 1995 ਵਿਚ ਇਸ ਉੱਤੇ ਹਾਲੀਵੁੱਡ 'ਚ ਫਿਲਮ 'ਕੌਂਗੋ' ਦੇ ਹੀ ਨਾਮ ਹੇਠ ਬਣੀ ਜਿਸ ਦਾ ਨਿਰਦੇਸ਼ਨ ਵੀ ਖ਼ੁਦ ਕ੍ਰਾਈਟਨ ਨੇ ਕੀਤਾ। ਇਹ ਫਿਲਮ ਬਣਨ ਤੱਕ ਬਤੌਰ ਲੇਖਕ ਉਹ ਬਹੁਤ ਮਸ਼ਹੂਰ ਹੋ ਚੁੱਕਾ ਸੀ, ਖ਼ਾਸ ਕਰ ਕੇ ਜਿਊਰੈਸਿਕ ਪਾਰਕ ਵਿਸ਼ੇ ਨਾਲ ਜੁੜੀਆਂ ਦੋ ਫਿਲਮਾਂ ਸਦਕਾ। 'ਕੌਂਗੋ' ਫਿਲਮ ਨੂੰ ਵੀ ਨਾਵਲ ਵਾਂਗ ਲੋਕਾਂ ਤੋਂ ਚੰਗਾ ਹੁੰਗਾਰਾ ਮਿਲਿਆ।



ਨਾਵਲ ਦੇ ਪ੍ਰਕਾਸ਼ਨ ਤੇ ਫਿਲਮ ਦੇ ਪ੍ਰਦਰਸ਼ਨ ਦਰਮਿਆਨ ਪੰਦਰਾਂ ਵਰ੍ਹਿਆਂ ਦਾ ਵਕਫ਼ਾ ਹੋਣ ਦੇ ਬਾਵਜੂਦ ਕੌਂਗੋ ਦੀ ਦਸ਼ਾ ਵਿਚ ਕੋਈ ਸੁਧਾਰ ਨਹੀਂ


**ਸੁਰਿੰਦਰ ਸਿੰਘ ਤੇਜ**
ਫੋਨ: +91-98555-01488


ਸੀ ਹੋਇਆ ਬਲਕਿ ਇਹ ਤਾਂ ਹੋਰ ਨਿਘਰੀ ਸੀ। ਮੁਲਕ ਇਨ੍ਹਾਂ ਵਰ੍ਹਿਆਂ ਦੌਰਾਨ ਕੀਮਤੀ ਖਣਿਜਾਂ ਦੀ ਭਾਲ ਤੇ ਖਣਨ ਨਾਲ ਜੁੜੀਆਂ ਬਹੁਕੌਮੀ ਕਾਰਪੋਰੇਸ਼ਨਾਂ ਦੇ ਆਪਹੁਦਰੇਪਣ ਦਾ ਹੋਰ ਵੱਡਾ ਅਖਾੜਾ ਬਣ ਚੁੱਕਾ ਸੀ। ਫਿਲਮ ਰਿਲੀਜ਼ ਹੋਣ ਮਗਰੋਂ ਇਸ ਆਪਹੁਦਰੇਪਣ ਬਾਰੇ ਕੁਝ ਰੌਲਾ-ਰੱਪਾ ਤਾਂ ਜ਼ਰੂਰ ਪਿਆ ਪਰ ਕਾਰਪੋਰੇਟੀ ਕੁਪ੍ਰਚਾਰ ਦੀ ਪ੍ਰਚੰਡਤਾ ਨੇ ਇਸ ਨੂੰ ਜਲਦ ਹੀ ਦਬਾਅ ਦਿੱਤਾ। ਕੌਂਗੋ ਦੀ ਦੁਰਦਸ਼ਾ ਇਸੇ ਤਰ੍ਹਾਂ ਜਾਰੀ ਰਹੀ। ਜਾਰੀ ਹੀ ਨਹੀਂ ਬਲਕਿ ਵਧਦੀ ਹੀ ਗਈ ਹੈ।

ਮੱਧ ਅਫਰੀਕੀ ਮੁਲਕ ਹੈ ਕੌਂਗੋ। ਇਹੋ ਇਸ ਦਾ ਅਸਲ ਨਾਮ ਸੀ। ਫਿਰ ਇਹ ਜ਼ਾਇਰੇ ਬਣਿਆ, ਫਿਰ ਕੌਂਗੋ-ਕਿਨਸ਼ਾਸਾ ਅਤੇ ਹੁਣ ਜਮਹੂਰੀ ਗਣਰਾਜ ਕੌਂਗੋ ਜਾਂ ਅੰਗਰੇਜ਼ੀ ਵਿਚ ਡੀ.ਆਰ.ਸੀ.। ਨਾਮ ਤਾਂ ਜਮਹੂਰੀ ਹੈ ਪਰ ਉੱਥੋਂ ਜਮਹੂਰੀਅਤ ਨਦਾਰਦ ਹੈ। ਨਾਮ ਵੱਲੋਂ ਗਣਰਾਜ ਵੀ ਹੈ ਪਰ ਇਸ ਉਪਰ ਪ੍ਰਭੁਤਾ ਬਹੁਕੌਮੀ ਜਾਂ ਚੀਨੀ ਕੰਪਨੀਆਂ ਦੀ ਹੈ। ਕੁਦਰਤ ਵੱਲੋਂ ਬੇਪਨਾਹ ਨਿਆਮਤਾਂ ਨਾਲ ਲੈਸ ਹੋਣ ਦੇ ਬਾਵਜੂਦ ਮੁਲਕ ਵਿਚ ਭੁੱਖਮਰੀ ਹੈ। ਸੰਯੁਕਤ ਰਾਸ਼ਟਰ ਦੇ ਮਨੁੱਖੀ ਵਿਕਾਸ ਸੂਚਕ ਅੰਕ ਵਿਚਲੇ 191 ਦੇਸ਼ਾਂ ਵਿਚੋਂ ਇਸ ਦਾ ਸਥਾਨ 179ਵਾਂ ਹੈ। ਇਸ ਸਮੇਂ ਸਭ ਤੋਂ ਕੀਮਤੀ ਮੰਨੇ ਜਾਂਦੇ ਖਣਿਜ ਕੋਬਾਲਟ ਦੇ ਦੁਨੀਆ ਭਰ ਵਿਚਲੇ ਜ਼ਖ਼ੀਰਿਆਂ ਵਿਚੋਂ 70 ਫ਼ੀਸਦੀ ਇਸ ਮੁਲਕ ਵਿਚ ਹਨ।

ਹੀਰੇ-ਜਵਾਹਰਾਤ ਦੇ ਭੰਡਾਰਾਂ ਪੱਖੋਂ ਇਹ ਦੂਜੇ ਨੰਬਰ 'ਤੇ ਹੈ। ਤਾਂਬਾ, ਨਿੱਕਲ, ਜਿਸਤ, ਯੂਰੇਨੀਅਮ, ਸੋਨਾ, ਚਾਂਦੀ ਤੇ ਟੰਗਸਟਨ ਦੇ ਜ਼ਖ਼ੀਰੇ ਤੇ ਖਾਣਾਂ ਵੀ ਇਸੇ ਮੁਲਕ ਵਿਚ ਹਨ। ਜ਼ਮੀਨੀ ਰਕਬਾ ਵੀ ਘੱਟ ਨਹੀਂ। ਇਸ ਪੱਖੋਂ ਇਹ ਅਫਰੀਕਾ ਮਹਾਂਦੀਪ ਦਾ ਦੂਜਾ ਸਭ ਤੋਂ ਵੱਡਾ ਅਤੇ ਦੁਨੀਆ ਦਾ 11ਵਾਂ ਵੱਡਾ ਮੁਲਕ ਹੈ। ਇਕ ਸਦੀ ਪਹਿਲਾਂ ਇਸ ਦਾ ਜੰਗਲਾਤੀ ਛਤਰ 80 ਫ਼ੀਸਦੀ ਸੀ, ਹੁਣ 30 ਫ਼ੀਸਦੀ ਹੈ। ਕਦੇ ਅੱਧਾ ਮੁਲਕ ਬਰਖਾ-ਵਣਾਂ ਨਾਲ ਢਕਿਆ ਹੋਇਆ ਸੀ, ਹੁਣ ਇਹ ਵਣ ਇਨਸਾਨੀ ਲੋਭਾਂ-ਲਾਲਚਾਂ ਅੱਗੇ ਬੇਵੱਸ ਹੁੰਦਿਆਂ 18 ਫ਼ੀਸਦੀ ਰਹਿ ਗਏ ਹਨ। ਇਹ ਨਿਘਾਰ ਰੁਕ ਜਾਣਾ ਚਾਹੀਦਾ ਸੀ ਪਰ ਇਹ ਰੁਕਿਆ ਨਹੀਂ ਹੈ। ਇਹ ਅਜੇ ਵੀ ਜਾਰੀ ਹੈ। ਪਹਿਲਾਂ ਅਮਰੀਕੀ ਜਾਂ ਯੂਰਪੀ ਕੰਪਨੀਆਂ ਕਾਰਨ, ਹੁਣ ਚੀਨੀ ਕਾਰਪੋਰੇਸ਼ਨਾਂ ਕਾਰਨ।

ਇਸ ਸਾਰੇ ਕਥਾਨਕ ਨੂੰ ਬੜੀ ਸਾਫ਼ਗੋਈ ਤੇ ਬਾਰੀਕਬੀਨੀ ਨਾਲ ਪੇਸ਼ ਕਰਦੀ ਹੈ ਸਿਧਾਰਥ



*ਸਿਧਾਰਥ ਕਾਰਾ ਅਤੇ ਉਸ ਦੀ ਕਿਤਾਬ 'ਕੋਬਾਲਟ ਰੈੱਡ' (ਉਪਰ) ਦਾ ਮੁਖੜਾ।*

ਕਾਰਾ ਦੀ ਨਵੀਂ ਕਿਤਾਬ 'ਕੋਬਾਲਟ ਰੈੱਡ'। ਸਿਧਾਰਥ ਭਾਰਤੀ ਮੂਲ ਦਾ ਅਮਰੀਕੀ ਲੇਖਕ, ਸਿਧਾਂਤਕਾਰ ਤੇ ਸਮਾਜਿਕ ਕਾਰਕੁਨ ਹੈ। ਉਹ ਹਾਰਵਰਡ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੈ ਅਤੇ ਕਈ ਹੋਰ ਯੂਨੀਵਰਸਿਟੀਆਂ ਵਿਚ ਵਿਜ਼ਿਟਿੰਗ ਫੈਲੋ। ਆਧੁਨਿਕ ਜਗਤ ਵਿਚ ਗ਼ੁਲਾਮੀ ਦੇ ਪ੍ਰਚਲਨ, ਮਨੁੱਖੀ ਤਸਕਰੀ, ਬਾਲ ਮਜ਼ਦੂਰੀ ਅਤੇ ਇਨਸਾਨੀ ਹੱਕਾਂ ਦੇ ਘਾਣ ਵਰਗੇ ਵਿਸ਼ਿਆਂ 'ਤੇ ਤਿੰਨ ਚਰਚਿਤ ਕਿਤਾਬਾਂ ਉਹ ਇਸ ਤੋਂ ਪਹਿਲਾਂ ਲਿਖ ਚੁੱਕਾ ਹੈ।

'ਕੋਬਾਲਟ ਰੈੱਡ' ਪਿਛਲੇ ਸਾਲ ਨਵੰਬਰ ਵਿਚ ਛਪੀ ਪਰ ਇਸ ਵਰ੍ਹੇ ਫਰੈਡਰਿੱਕ ਡਗੱਲਸ ਪੁਰਸਕਾਰ ਨਾਲ ਨਿਵਾਜੇ ਜਾਣ ਕਾਰਨ ਹੁਣ ਚੋਖੀ ਚਰਚਾ ਵਿਚ ਹੈ। ਕਿਤਾਬ ਦਾ ਉਪ ਸਿਰਲੇਖ ਹੈ: 'ਕੌਂਗੋ ਦਾ ਖ਼ੂਨ ਬਣਾ ਰਿਹਾ ਹੈ ਸਾਡਾ ਜੀਵਨ ਖੁਸ਼ਹਾਲ।' ਇਸੇ ਵਿਸ਼ੇ ਦੀ ਤਫ਼ਸੀਲ, ਕਿਤਾਬ ਦੇ 274 ਵਿੱਚੋਂ 262 ਪੰਨਿਆਂ ਉੱਤੇ ਮੌਜੂਦ ਹੈ। ਬੜੀ ਹਿਰਦੇ-ਵੇਧਕ ਹੈ ਇਹ ਤਫ਼ਸੀਲ।

ਮਨੁੱਖੀ ਵਿਕਾਸ ਦੀ ਕੜੀ ਨਾਲ ਜੁੜੀ ਹਰ ਸਦੀ ਦੌਰਾਨ ਵੱਡੇ-ਵੱਡੇ ਕਤਲੇਆਮ ਹੋਏ। ਇਹ ਵੱਖ-ਵੱਖ ਕਿਤਾਬਾਂ ਤੇ ਦਸਤਾਵੇਜ਼ਾਂ ਦਾ ਹਿੱਸਾ ਵੀ ਬਣੇ ਪਰ ਜੋ ਕਤਲੇਆਮ ਮਾਇਕ ਲੋਭਾਂ ਕਾਰਨ ਨਿੱਤ ਵਾਪਰ ਰਹੇ ਹਨ, ਉਨ੍ਹਾਂ ਦਾ ਇਤਿਹਾਸ ਵਿਚ ਜ਼ਿਕਰ ਚੰਦ ਫਿਕਰਿਆਂ ਤੱਕ ਸੀਮਤ ਰਿਹਾ ਹੈ। ਡੀ.ਆਰ.ਸੀ. ਵਿਚ ਅਜਿਹੇ ਕਤਲੇਆਮ ਰੋਜ਼ ਵਾਪਰ ਰਹੇ ਹਨ। ਇਨ੍ਹਾਂ ਵਿਚ ਮਰਨ ਵਾਲਿਆਂ ਦੇ ਅੰਕੜੇ ਇਕੱਤਰ ਕਰਨੇ ਵੀ ਵਾਜਬ ਨਹੀਂ ਸਮਝੇ ਜਾਂਦੇ; ਨਾ ਹਕੂਮਤ ਵੱਲੋਂ ਅਤੇ ਨਾ ਹੀ ਵੱਡੀਆਂ ਕਾਰਪੋਰੇਸ਼ਨਾਂ ਵੱਲੋਂ। ਅਸੁਰੱਖਿਅਤ ਖਾਣਾਂ ਅਤੇ ਜ਼ਹਿਰੀਲੇ ਖੂਹਾਂ ਤੇ ਵਿਸ਼ੈਲੀਆਂ ਜੂਹਾਂ ਵਿਚ ਰੋਜ਼ ਕਿੰਨੇ ਲੋਕ ਮਰ ਰਹੇ ਹਨ, ਇਨ੍ਹਾਂ ਦੇ ਵੇਰਵੇ ਕਿਤੇ ਵੀ ਦਰਜ ਨਹੀਂ ਹੋ ਰਹੇ।

ਖਣਨ ਦੇ ਢੰਗ ਅਸੁਰੱਖਿਅਤ ਹਨ, ਔਜ਼ਾਰ ਤੇ ਸੰਦ ਤੇਸਿਆਂ-ਕੁਹਾੜਿਆਂ ਤੋਂ ਅੱਗੇ ਨਹੀਂ ਪੁੱਜੇ, ਢਿੱਗ ਨਿੱਤ ਹੀ ਡਿੱਗਦੇ ਹਨ ਅਤੇ ਅਤਿ-ਆਧੁਨਿਕ ਮਸ਼ੀਨਰੀ ਇਸ ਆਧਾਰ 'ਤੇ ਮੁਹੱਈਆ ਨਹੀਂ ਕਰਵਾਈ ਜਾ ਰਹੀ ਕਿ ਧਾਤਾਂ ਤੇ ਖਣਿਜ ਮਿੱਟੀ ਦੀਆਂ ਜਿਹੜੀਆਂ ਉਪਰਲੀਆਂ ਜਾਂ ਘੱਟ ਡੂੰਘੀਆਂ ਪਰਤਾਂ ਵਿਚ ਮੌਜੂਦ ਹਨ, ਮਸ਼ੀਨਰੀ ਉੱਥੇ ਉਪਯੋਗੀ ਨਹੀਂ ਸਾਬਤ ਹੁੰਦੀ। ਅਜਿਹੇ ਆਲਮ ਵਿਚ ਮਜ਼ਦੂਰਾਂ ਨੂੰ ਜੇਕਰ ਦਲਦਲਾਂ ਵਿਚ ਦਫ਼ਨ ਹੋਣਾ ਪੈਂਦਾ ਹੈ ਜਾਂ ਵਿਸ਼ੈਲੇ ਟੋਇਆਂ ਵਿਚ ਉਤਰਨਾ ਪੈਂਦਾ ਹੈ ਤਾਂ ਕੰਪਨੀਆਂ ਵਾਲਿਆਂ ਨੂੰ ਕੀ ਪਰਵਾਹ!

ਇਹ ਦੁਖਾਂਤਮਈ ਸਿਲਸਿਲਾ ਗੋਰੀ ਜਿਲਦ ਵਾਲਿਆਂ ਨੇ 1879 ਵਿਚ ਸ਼ੁਰੂ ਕੀਤਾ ਸੀ। ਫਰਾਂਸੀਸੀ ਪਾਦਰੀ 1870ਵਿਆਂ ਵਿਚ ਕੌਂਗੋ ਪਹੁੰਚ ਗਏ ਸਨ। 1879 ਵਿਚ ਫਰਾਂਸ ਨੇ ਇਸ ਨੂੰ ਆਪਣੀ ਬਸਤੀ ਬਣਾਇਆ। ਅਗਲੇ ਸਾਲ ਦਹੇਜ ਵਿਚ ਇਹ ਬੈਲਜੀਅਮ ਦੇ ਸਮਰਾਟ ਲਿਓਪੋਲਡ ਦੋਇਮ ਨੂੰ ਮਿਲ ਗਿਆ। 1908 ਤੱਕ ਉਸ ਨੇ ਇਸ ਨੂੰ ਨਿੱਜੀ ਮਲਕੀਅਤ ਵਜੋਂ ਵਰਤਿਆ ਅਤੇ ਮੁਕਾਮੀ ਵਸਨੀਕਾਂ 'ਤੇ ਅਕਹਿ ਤੇ ਅਸਹਿ ਜ਼ੁਲਮ ਢਾਹੇ। ਇਨ੍ਹਾਂ ਜ਼ੁਲਮਾਂ ਦਾ ਖੁਲਾਸਾ ਇਤਿਹਾਸਕਾਰ ਐਡਮ ਹੌਸਸ਼ੀਲਡ ਦੀ ਕਿਤਾਬ 'ਸਮਰਾਟ ਲਿਓਪੋਲਡ ਦਾ ਪ੍ਰੇਤ' ਵਿਚ ਦਰਜ ਹੈ। ਇਹ ਕਿਤਾਬ 1998 ਵਿਚ ਛਪੀ। ਪਹਿਲਾਂ ਬ੍ਰਿਟਿਸ਼ ਲੇਖਕ ਜੋਜ਼ੇਫ਼ ਕੌਨਰੈਡ ਨੇ 1899 ਵਿਚ ਛਪੇ ਆਪਣੇ ਨਾਵਲ 'ਹਾਰਟ ਆਫ ਦਿ ਡਾਰਕਨੈੱਸ' ਵਿਚ ਕੌਂਗੋ ਦੇ ਲੋਕਾਂ ਦੇ ਸ਼ੋਸ਼ਣ ਤੇ ਬਦਨਸੀਬੀ ਵੱਲ ਦੁਨੀਆ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਸੀ। ਉਦੋਂ ਤੱਕ ਯੂਰਪ ਵਿਚੋਂ ਗ਼ੁਲਾਮੀ ਖ਼ਤਮ ਹੋ ਚੁੱਕੀ ਸੀ ਪਰ ਗੋਰੇ ਲੋਕ ਅਫਰੀਕਾ ਦੇ ਸਿਆਹਫਾਮਾਂ ਨੂੰ ਇਨਸਾਨ ਮੰਨਣ ਤੋਂ ਅਜੇ ਵੀ ਇਨਕਾਰੀ ਸਨ।

'ਕੋਬਾਲਟ ਰੈੱਡ' ਕੌਨਰੈਡ ਜਾਂ ਹੌਸਸ਼ੀਲਡ ਦੇ ਯਤਨਾਂ ਨੂੰ ਹੀ ਅੱਗੇ ਤੋਰਦੀ ਹੈ। ਇਹ ਦੱਸਦੀ ਹੈ ਕਿ 1960 ਵਿਚ ਬੈਲਜੀਅਮ ਤੋਂ ਆਜ਼ਾਦੀ ਦੇ ਬਾਵਜੂਦ ਕੌਂਗੋ ਦੀਆਂ ਖਾਣਾਂ ਤੇ ਖਾਣ ਮਜ਼ਦੂਰਾਂ ਦੀ ਦਸ਼ਾ ਨਹੀਂ ਸੁਧਰੀ। ਅਸਲੀਅਤ ਤਾਂ ਇਹ ਹੈ ਕਿ ਲੈਪਟਾਪਾਂ, ਸਮਾਰਟ ਫੋਨਾਂ ਤੇ ਹੁਣ ਬਿਜਲਈ ਕਾਰਾਂ-ਮੋਟਰਾਂ (ਇਲੈਕਟ੍ਰਿਕ ਵੈਹੀਕਲਜ਼) ਵਾਸਤੇ ਲਿਥੀਅਮ ਬੈਟਰੀਆਂ ਦੇ ਮਹੱਤਵ ਨੇ ਕੋਬਾਲਟ ਖਾਣ ਮਜ਼ਦੂਰਾਂ ਲਈ ਜੋਖਮ ਕਈ ਗੁਣਾ ਵਧਾਏ ਹਨ। ਇਹ ਖਣਿਜ, ਡਲਿਆਂ ਦੇ ਰੂਪ ਵਿਚ ਨਹੀਂ ਮਿਲਦਾ। ਮਿੱਟੀ ਦੀਆਂ ਪਰਤਾਂ ਵਿਚ ਰਚੇ ਰਸਾਇਣ ਦੇ ਰੂਪ ਵਿਚ ਮਿਲਦਾ ਹੈ। ਇਸ ਨੂੰ ਕੱਢਣ ਦੀ ਪ੍ਰਕਿਰਿਆ ਨਿਹਾਇਤ ਖ਼ਤਰਨਾਕ ਹੈ ਪਰ ਚੀਨੀ ਕੰਪਨੀਆਂ ਆਪਣੇ ਨਿਵੇਸ਼ ਦਾ ਪੂਰਾ ਲਾਹਾ ਲੈਣ ਹਿੱਤ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਹਨ। ਕੋਬਾਲਟ ਦੇ 70 ਫ਼ੀਸਦੀ ਜ਼ਖ਼ੀਰਿਆਂ 'ਤੇ ਆਪਣਾ ਕਬਜ਼ਾ ਹੋਣ ਕਾਰਨ ਚੀਨ, ਧਨਾਢ ਮੁਲਕਾਂ ਨੂੰ ਵੀ ਬਲੈਕਮੇਲ ਕਰਨ ਦੀ ਸਥਿਤੀ ਵਿਚ ਹੈ।

ਕਿਤਾਬ ਦੱਸਦੀ ਹੈ ਕਿ ਅਮਰੀਕਾ ਤੇ ਯੂਰਪੀ ਯੂਨੀਅਨ ਤੋਂ ਬਾਅਦ ਭਾਰਤ, ਕੋਬਾਲਟ ਦਾ ਤੀਜਾ ਸਭ ਤੋਂ ਵੱਡਾ ਦਰਾਮਦਕਾਰ ਹੈ। ਜ਼ਾਹਿਰ ਹੈ ਕਿ ਖ਼ੂਨ ਦੇ ਧੱਬੇ ਤਾਂ ਸਾਡੇ ਹੱਥਾਂ ਉੱਤੇ ਵੀ ਹਨ। ਕਿਤਾਬ ਵਰਖਾ ਵਣਾਂ ਨੂੰ ਬਚਾਉਣ ਦੀ ਦੁਹਾਈ ਵੀ ਦਿੰਦੀ ਹੈ ਅਤੇ ਇਨਸਾਨੀ ਜਾਨਾਂ ਦੇ ਘਾਣ ਨੂੰ ਰੋਕਣ ਦਾ ਹੋਕਾ ਵੀ। ਦੋਵੇਂ ਸੰਜਮੀ ਪਰ ਵਿਵੇਕੀ ਢੰਗ ਨਾਲ। ਵਿਕਾਸ ਨਾਲ ਜੁੜੇ ਵਿਨਾਸ਼ ਬਾਰੇ ਸੋਚਣ ਲਈ ਮਜਬੂਰ ਕਰਦੀ ਹੈ ਇਹ ਕਿਤਾਬ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ **ਦੋ ਤੋਂ ਚਾਰ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ **ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਜੂਨ 2023** ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-589



*ਨਾਰੀਅਲ ਤੋੜਨੇ ਨਿੱਤ, ਰੋਜ਼ੀ ਰੋਟੀ ਦਾ ਹੈ ਸਵਾਲ,*
*ਉਮਰ ਦਾ ਨ੍ਹੀਂ ਹਿਸਾਬ, ਮਗਰ ਮੁਸ਼ੱਕਤ ਹੈ ਕਮਾਲ।*
*ਪੱਥਰਾਂ ਜੇਹੇ ਇਹ ਫ਼ਲ, ਨਹੀਂ ਫੁੱਲਾਂ ਦਾ ਹੈ ਵਿਛੌਣਾ,*
*ਪਰ ਘੇਰ ਕੇ ਹੈ ਨੀਂਦਰ, ਢਾਹਿਆ ਬਚਪਨ ਸਿਲੌਣਾ।*

## ਕੈਪਸ਼ਨ ਮੁਕਾਬਲਾ-587



ਸਿਰ 'ਤੇ ਇੱਟਾਂ ਢੋਅ ਢੋਅ ਕੇ
ਮਜ਼ਦੂਰਾਂ ਨੇ ਮਹਿਲ ਉਸਾਰੇ।
ਸ਼ਹਿਰ ਦੇ ਇਕ ਕੋਨੇ ਵਿਚ,
ਖ਼ੁਦ ਦੇ ਨੇ ਕੱਚੇ ਢਾਰੇ।
ਹੱਡਾਂ ਦਾ ਕੋਈ ਮੁੱਲ ਨਾ ਪੈਂਦਾ,
ਚੁਲ੍ਹਾ ਤਪਾਉਣ ਦਾ ਝੋਰਾ ਰਹਿੰਦਾ।
ਡਿਜੀਟਲ ਯੁੱਗ ਅਜੋਕੀ ਤਸਵੀਰ,
ਕਿਉਂ ਨਾ ਬਦਲੇ ਗਰੀਬ ਦੀ ਤਕਦੀਰ।
***-ਹਰਜੋਤ ਕੌਰ ਮਹੇਸ਼ਪੁਰਾ***

---

ਦਰਜਨ ਇੱਟਾਂ ਚਿਣ ਕੇ ਸਿਰ 'ਤੇ
ਦੇਹ ਤੋੜ ਕੇ ਕਰੇ ਕਮਾਈ।
ਭੁੱਖਾ ਢਿੱਡ ਹੋ ਗਿਆ 'ਕੱਠਾ
ਪਿੰਜਰ ਲੱਗਿਆ ਦੇਣ ਦਿਖਾਈ।
ਮਿਹਨਤਕਸ਼ ਦੀ ਕਦਰ ਕੋਈ ਨਾ
ਵਿਹਲੜ ਖਾਈ ਜਾਣ ਮਲਾਈ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 9878337222***

---

ਬੰਦਿਆ ਸਹਿਜ ਨਾਲ ਕੰਮ ਕਰੀ ਜਾਹ
ਬਹੁਤਾ ਔਖਾ ਹੋਣ ਦੀ ਲੋੜ ਨਹੀਂ।
ਸਾਰੀਆਂ ਜ਼ਰੂਰੀ ਚੀਜ਼ਾਂ
ਮੁਫ਼ਤ ਮਿਲ ਰਹੀਆਂ
ਕਿਸੇ ਚੀਜ਼ ਦੀ ਥੋੜ੍ਹ ਨਹੀਂ।
ਹੱਥ 'ਤੇ ਹੱਥ ਧਰ ਕੇ ਵੀ ਬੈਠਣਾ ਨਹੀਂ
ਬਈ ਆਪੇ ਰੱਬ ਘਰੇ ਦੇਊਗਾ,
ਹਸੀ ਖੁਸ਼ੀ ਨਾਲ ਲੰਘੇ ਜ਼ਿੰਦਗੀ
ਐਨਾ ਕੁਝ ਹੱਥ ਪੱਲਾ ਤਾਂ
ਹਿਲਾਉਣਾ ਪਊਗਾ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਦਰਜਨਾਂ ਇੱਟਾਂ ਚੁੱਕ ਸਿਰ 'ਤੇ ਇਕੋ ਫੇਰੇ
ਕੋਹਲੂ ਦੇ ਬੈਲ ਵਾਂਗ
ਜੁੜੇ ਰਹਿਣਾ ਸਾਰਾ ਦਿਨ
ਰਹਿ ਭੁੱਖੇ ਤਿਹਾਏ
ਜ਼ਿੰਦਗੀ ਹੀ ਇੰਜ ਗੁਜ਼ਰ ਜਾਂਦੀ
ਸਰੀਰ ਵੀ ਬਣਿਆ ਹੱਡੀਆਂ ਦੀ ਮੁੱਠ
ਸਿਦਕ, ਸਿਰੜ ਨਾਲ ਘੁਲਦਿਆਂ,
ਦਿਲੋਂ ਖੁਸ਼ ਹਨ ਫਿਰ ਵੀ
ਦਸਾਂ ਨਹੁੰਆਂ ਦੀ ਕਿਰਤ ਹੈ ਕੀਤੀ
ਕਈ ਫੁੱਲਾਂ ਨਾਲ ਵੀ ਹੱਸਦੇ ਨਹੀਂ
ਕਈ ਕੰਡਿਆਂ ਨਾਲ ਨਿਭਾ ਜਾਂਦੇ।
***-ਦਰਸ਼ਨ ਪਾਲ ਦੋਸਾਂਝ***

# ਹਾਸ ਵਿਅੰਗ


* ਤਿਕੜਮਬਾਜ਼ੀਆਂ ਤੋਂ ਅਜੇ ਵੀ ਬਾਜ਼ ਨੀਂ ਆਉਂਦੇ
ਭਾਵੇਂ ਹੋਵੇ ਸਿਆਸਤ, ਧਰਮ ਜਾਂ ਗੋਤ ਜਾਤ।
ਜਦੋਂ ਤਾਕਤ ਵਿਚ ਹੋਣ, ਦੂਸਰੇ ਨੂੰ ਸਮਝਣ ਬਿੱਲੀ ਦਾ ਬਲੂੰਗੜਾ,
ਆਪ 'ਤੇ ਜਦੋਂ ਪੈਂਦੀ, ਫਿਰ ਮੋਦੀ ਫੜੇ ਬੋਦੀ ਕਰਾਵੇ ਨੰਗਾ ਨਾਚ।

* ਹਰੇਕ ਸੂਬੇ ਵਾਲੇ ਆਪਣੀ ਆਪਣੀ ਡਫਲੀ ਵਜਾਉਣ,
ਗ਼ਲਤ ਕੰਮਾਂ ਦੇ ਗ਼ਲਤ ਨਤੀਜੇ, ਫਿਰ ਵੀ ਗ਼ਲਤੀਆਂ ਦੁਹਰਾਉਣ।
ਪੜ੍ਹਦੇ ਸੁਣਦੇ ਹੁੰਦੇ ਸੀ, ਰਾਜਾ ਰਾਤ ਨੂੰ ਚੋਰਾਂ ਨਾਲ ਰਲ ਕੇ ਆਪਣਾ ਹੀ ਖਜ਼ਾਨਾ ਸੀ ਲੁੱਟਦਾ,
ਅਗਲੇ ਦਿਨ ਅਸਲੀ ਭੇਸ ਵਿਚ, ਚੋਰਾਂ ਨੂੰ ਪਛਾਣ ਪਛਾਣ ਕੇ ਸੀ ਕੁੱਟਦਾ।

# ਪੰਜਾਬ ਵਿਚ ਸਮਾਜ ਸੇਵਾ ਦਾ ਸੰਕਲਪ

***ਪੰਜਾਬ ਇਸ ਵਕਤ ਬਹੁਤ ਸਾਰੇ ਸੰਕਟਾਂ ਵਿਚੋਂ ਲੰਘ ਰਿਹਾ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਿਆਂ ਵਿਚ ਡੁੱਬਦੀ ਜਵਾਨੀ, ਅਮੀਰ-ਗਰੀਬ ਵਿਚਕਾਰ ਵਧਦਾ ਫਾਸਲਾ ਅਤੇ ਕਰਜ਼ੇ ਦੇ ਭਾਰ ਨਾਲ ਪੰਜਾਬ ਜੂਝ ਰਿਹਾ ਹੈ। ਸੇਵਾਮੁਕਤ ਆਈ.ਪੀ.ਐਸ. ਅਫਸਰ ਗੁਰਪ੍ਰੀਤ ਸਿੰਘ ਤੂਰ ਨੇ ਇਸ ਲੇਖ ਵਿਚ ਸੇਵਾ ਦੇ ਸੰਕਲਪ ਬਾਰੇ ਕੁਝ ਨੁਕਤੇ ਵਿਚਾਰੇ ਹਨ ਜੋ ਸਮੱਸਿਆਵਾਂ ਨੂੰ ਨਜਿੱਠਣ ਲਈ ਅਹਿਮ ਰੋਲ ਨਿਭਾਅ ਸਕਦਾ ਹੈ।***





*ਮਨੁੱਖਤਾ ਦੀ ਨਿਰਸਵਾਰਥ ਸੇਵਾ ਕਰਨ ਵਾਲੇ (ਸੱਜਿਓਂ) ਭਗਤ ਪੂਰਨ ਸਿੰਘ, ਮਦਰ ਟੈਰੇਸਾ ਅਤੇ ਅਬਦੁੱਲ ਸੱਤਾਰ ਈਦੀ।*

ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਿਆਂ ਵਿਚ ਡੁੱਬਦੀ ਜਵਾਨੀ, ਅਮੀਰ-ਗਰੀਬ ਵਿਚਕਾਰ ਵਧਦਾ ਫਾਸਲਾ ਅਤੇ ਕਰਜ਼ੇ ਦੇ ਭਾਰ ਨਾਲ ਪੰਜਾਬ ਇਸ ਵੇਲੇ ਵੱਡੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਸਿਸਟਮ ਨੇ ਜਿਵੇਂ ਜ਼ਿੰਮੇਵਾਰੀ ਤੋਂ ਮੂੰਹ ਮੋੜ ਲਿਆ ਹੋਵੇ। ਸਮਾਜਿਕ ਸਮਾਗਮਾਂ ਦੇ ਅਥਾਹ ਖਰਚਿਆਂ ਅਤੇ ਮੌਜੂਦਾ ਸਰੂਪ ਨੇ ਸਾਡੀ ਪਰਿਵਾਰਕ ਤੇ ਸਮਾਜਿਕ ਸੂਝ-ਬੂਝ ਨੂੰ ਖੋਰਾ ਲਾਇਆ ਹੈ। ਹਾਲਾਤ ਦੀਆਂ ਤੇਜ਼ ਧੁੱਪਾਂ ਵਿਚ ਬੌਧਿਕ ਗੁਣਵੱਤਾ ਦਾ ਰੰਗ ਫਿੱਕਾ ਪੈ ਗਿਆ। ਅਚਾਨਕ ਖੜਾਕ ਹੋਣ 'ਤੇ ਪੰਛੀਆਂ ਦੀ ਡਾਰ ਜਿਵੇਂ ਤੁਰੰਤ ਉੱਡ ਜਾਂਦੀ ਹੈ, ਇਵੇਂ ਹੀ ਨੌਜਵਾਨ ਪੀੜ੍ਹੀ ਦੀਆਂ ਡਾਰਾਂ ਵਿਦੇਸ਼ਾਂ ਵੱਲ ਲੰਮੀਆਂ ਉਡਾਰੀਆਂ ਭਰ ਰਹੀਆਂ ਹਨ। 'ਫੁੱਲਾਂ ਵਿਚੋਂ ਫੁੱਲ ਗੁਲਾਬ ਨੀਂ ਸਈਓ, ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀਂ ਸਈਓ' ਪਰ ਹੁਣ ਪੰਜਾਬ ਦੇ ਜਾਏ ਉਸੇ ਧਰਤੀ ਨੂੰ ਛੇਤੀ ਤੋਂ ਛੇਤੀ ਛੱਡ ਜਾਣ ਲਈ ਤਰਲੋਮੱਛੀ ਹੋ ਰਹੇ ਹਨ।

ਸਿਸਟਮ ਹਾਲਾਤ ਨੂੰ ਸੇਧ ਦਿੰਦਾ ਹੈ ਅਤੇ ਮੂਲ ਰੂਪ ਵਿਚ ਨਰੋਏ ਸਮਾਜ ਲਈ ਜ਼ਿੰਮੇਵਾਰ ਹੈ। ਲੋਕਤੰਤਰ ਵਿਚ ਸਮਾਜ ਦੀ ਇਹ ਜ਼ਿੰਮੇਵਾਰੀ



ਹੈ ਕਿ ਸਿਸਟਮ ਤੇ ਉਸ ਦੀ ਪਕੜ ਹੋਵੇ ਅਤੇ ਸਮਾਜਿਕ ਸਰੋਕਾਰਾਂ ਲਈ ਚਿੰਤਤ ਅਤੇ ਯਤਨਸ਼ੀਲ ਵੀ ਰਹੇ। ਕਈ ਵਿਅਕਤੀ ਨਿੱਜੀ ਤੌਰ 'ਤੇ ਅਜਿਹੇ ਯਤਨ

**ਗੁਰਪ੍ਰੀਤ ਸਿੰਘ ਤੂਰ**
**ਫੋਨ: +91-98158-00405**

ਕਰਦੇ ਰਹੇ ਹਨ, ਉਨ੍ਹਾਂ ਦੇ ਯਤਨ ਸੰਸਥਾਵਾਂ ਦਾ ਰੂਪ ਧਾਰਨ ਕਰਦੇ ਵੀ ਵੇਖੇ ਗਏ ਹਨ। ਇਤਿਹਾਸ 'ਤੇ ਝਾਤੀ ਮਾਰੀਏ ਤਾਂ ਮਦਰ ਟੈਰੇਸਾ, ਅਬਦੁਲ ਸਤਾਰ ਈਦੀ ਤੇ ਭਗਤ ਪੂਰਨ ਸਿੰਘ ਇਸ ਪੱਖੋਂ ਵਿਸ਼ੇਸ਼ ਸਥਾਨ ਰੱਖਦੇ ਹਨ। ਮੌਜੂਦਾ ਸਮੇਂ ਵਿਚ ਕੁਲਵੰਤ ਸਿੰਘ ਧਾਲੀਵਾਲ ਨੇ ਕੈਂਸਰ, ਡਾ. ਹਰਸ਼ਿੰਦਰ ਕੌਰ ਨੇ ਭਰੂਣ ਹੱਤਿਆ ਤੇ ਔਰਤਾਂ ਦੀ ਭਲਾਈ ਅਤੇ ਮੋਹਨ ਸ਼ਰਮਾ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਨ੍ਹਾਂ ਨੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਸੰਚਾਰ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ। ਕਈ ਵਿਅਕਤੀਆਂ ਵੱਲੋਂ ਆਪੋ-ਆਪਣੇ ਯੂ-ਟਿਊਬ ਚੈਨਲਾਂ ਰਾਹੀਂ ਵੀ ਸਮਾਜਿਕ ਸਰੋਕਾਰਾਂ ਲਈ ਸਾਰਥਿਕ ਯਤਨ ਕੀਤੇ ਜਾ ਰਹੇ ਹਨ। ਸੂਬੇ ਦੇ ਨਿੱਘਰਦੇ ਹਾਲਾਤ ਤੋਂ ਚਿੰਤਤ ਕਈ ਦਾਨਿਸ਼ਵਰਾਂ ਨੇ ਵ੍ਹੱਟਸਐਪ ਗਰੁੱਪ ਬਣਾ ਕੇ ਵੀ ਅਜਿਹੇ ਯਤਨ ਅਰੰਭ ਕੀਤੇ ਹਨ। ਉਹ ਮਾਹਰ, ਹਮ-ਖਿਆਲੀ ਤੇ ਪੰਜਾਬ ਪ੍ਰਤੀ ਫ਼ਿਕਰਮੰਦ ਵਿਅਕਤੀਆਂ ਨੂੰ ਗਰੁੱਪ ਵਿਚ ਸ਼ਾਮਲ ਕਰ ਕੇ ਇੱਕ ਵਿਸ਼ੇ 'ਤੇ ਫੋਕਸ ਕਰਦੇ ਰਹਿੰਦੇ ਹਨ। ਇੰਝ ਬੀਜ ਨੂੰ ਵਾਰ-ਵਾਰ ਪਾਣੀ ਵਿਚ ਨਿਤਾਰਨ ਵਾਂਗ ਚੰਗੇ ਖਿਆਲਾਂ ਅਤੇ ਰਾਇ ਦੀ ਹੋਂਦ ਨੂੰ ਯਕੀਨੀ ਬਣਾਉਣ ਲਈ ਯਤਨਸ਼ੀਲ ਹਨ।

ਕਿਹਾ ਜਾਂਦਾ ਹੈ ਕਿ ਸਾਰਥਿਕ ਜ਼ਿੰਦਗੀ ਸੱਠ ਸਾਲ ਦੀ ਉਮਰ ਤੋਂ ਬਾਅਦ ਸ਼ੁਰੂ ਹੁੰਦੀ ਹੈ। ਸੇਵਾ ਮੁਕਤ ਕਰਮਚਾਰੀਆਂ ਕੋਲ ਸਮਾਜ ਲਈ ਕੁਝ ਕਰ ਗੁਜ਼ਰਨ ਦਾ ਵਿਸ਼ੇਸ਼ 'ਤੇ ਬਿਹਤਰ ਮੌਕਾ ਹੁੰਦਾ ਹੈ। ਜਾਣ-ਪਛਾਣ ਤੇ ਤਜਰਬਾ ਉਨ੍ਹਾਂ ਦੇ ਵਿਸ਼ੇਸ਼ ਹਾਸਲ ਹਨ। ਸਮਾਜਿਕ ਕੰਮਾਂ ਵਿਚ ਵੱਡਾ ਖ਼ਤਰਾ ਵੀ ਨਹੀਂ ਹੁੰਦਾ। ਖਾਸ ਤੌਰ 'ਤੇ ਸਮਾਜਿਕ ਖੇਤਰ ਦੇ ਸਿੱਧੇ ਸਰੋਕਾਰਾਂ ਜਿਵੇਂ ਸਮਾਜਿਕ ਸਮਾਗਮਾਂ ਅਤੇ ਵੱਡੇ-ਵੱਡੇ ਇਕੱਠ ਤੇ ਬਹੁਤੇ ਖਰਚਿਆਂ ਨੂੰ ਰੋਕਣ ਲਈ ਅਜਿਹੀਆਂ ਸੰਸਥਾਵਾਂ ਵਿਸ਼ੇਸ਼ ਯੋਗਦਾਨ ਪਾ ਸਕਦੀਆਂ ਹਨ। ਮੈਡੀਕਲ ਸਹਾਇਤਾ ਅਤੇ ਭਲਾਈ ਸਕੀਮਾਂ ਪੱਖੋਂ ਇਹ ਸੰਸਥਾਵਾਂ ਆਪਣੇ ਸੇਵਾ ਮੁਕਤ ਸਾਥੀਆਂ ਲਈ ਵਿਸ਼ੇਸ਼ ਉਪਰਾਲੇ ਕਰਦੀਆਂ ਰਹਿੰਦੀਆਂ ਹਨ। ਸੇਵਾ ਮੁਕਤ ਸਰਕਾਰੀ ਕਰਮਚਾਰੀ ਤੇ ਅਧਿਕਾਰੀ ਸਮਾਜ ਸੇਵਾ ਲਈ ਵੱਡੀਆਂ ਸੰਭਾਵਨਾਵਾਂ ਰੱਖਦੇ ਹਨ।

ਪੁਲਿਸ ਵਿਭਾਗ ਦੇ ਇੱਕ ਸੇਵਾ ਮੁਕਤ ਇੰਸਪੈਕਟਰ ਨੇ ਲੋਕ ਸੇਵਾ ਵਜੋਂ ਲੋੜਵੰਦਾਂ ਦੀਆਂ ਦਰਖਾਸਤਾਂ ਲਿਖਵਾਉਣ ਲਈ ਯਤਨ ਅਰੰਭਿਆ ਹੈ। ਸੰਸਥਾ ਦੇ ਰੂਪ ਵਿਚ ਪੁਲਿਸ ਵਿਭਾਗ ਦੇ ਸੇਵਾ ਮੁਕਤ ਕਰਮਚਾਰੀ ਨਸ਼ਿਆਂ ਵਿਰੁੱਧ ਜਾਗ੍ਰਿਤੀ ਅਤੇ ਨਸ਼ੇ ਛੁਡਾਉਣ ਲਈ ਵਿਸ਼ੇਸ਼ ਯਤਨ ਕਰ ਸਕਦੇ ਹਨ। ਸੇਵਾ ਮੁਕਤੀ ਤੋਂ ਬਾਅਦ ਬੈਂਕ ਅਧਿਕਾਰੀ ਲੋਕਾਂ ਨੂੰ ਘੱਟ ਮਿਲਦੇ ਹਨ ਪਰ ਉਨ੍ਹਾਂ ਕੋਲ ਲੋਕ ਸੇਵਾ ਦਾ ਅਥਾਹ ਭੰਡਾਰ ਹੈ ਕਿਉਂਕਿ ਕਿਸਾਨਾਂ ਤੇ ਕਿਰਤੀਆਂ ਦੀ ਉਲਾਰ ਆਰਥਿਕਤਾ ਪੈਸੇ ਦੀ ਠੀਕ ਵਰਤੋਂ ਨਾ ਕਰ ਸਕਣ ਕਾਰਨ ਹੀ ਹੋਂਦ ਵਿਚ ਆਉਂਦੀ ਹੈ। ਬੈਂਕ ਅਧਿਕਾਰੀ ਉਨ੍ਹਾਂ ਲਈ ਪੈਸੇ ਦੀ ਸੁਚੱਜੀ ਵਰਤੋਂ, ਕਰਜ਼ਾ ਲੈਣ ਤੇ ਲਾਹੁਣ, ਵਿਆਹਾਂ 'ਤੇ ਘੱਟ ਖਰਚਿਆਂ ਬਾਰੇ ਵਡਮੁੱਲੀਆਂ ਪੈੜਾਂ ਪਾ ਸਕਦੇ ਹਨ। ਮਾਲ, ਸਿੱਖਿਆ, ਸਿਹਤ, ਸਿੰਜਾਈ, ਕੋਆਪਰੇਟਿਵ, ਖੇਤੀਬਾੜੀ ਆਦਿ ਹਰ ਮਹਿਕਮੇ ਦੇ ਸੇਵਾ ਮੁਕਤ ਹੋਏ ਕਰਮਚਾਰੀਆਂ ਕੋਲ ਲੋਕ ਸੇਵਾ ਦੇ ਅਥਾਹ ਭੰਡਾਰ ਹਨ। ਘਰਾਚੋਂ (ਸੰਗਰੂਰ) ਅਤੇ ਚਕਰ (ਲੁਧਿਆਣਾ) ਵਿਖੇ ਵਿਦਿਆਰਥੀਆਂ ਨੂੰ ਕ੍ਰਮਵਾਰ ਪਿੰਡ ਦੀ ਲਾਇਬ੍ਰੇਰੀ ਅਤੇ ਗੁਰੂ ਘਰ ਦੀ ਇਮਾਰਤ ਵਿਚ ਹੋਮਵਰਕ ਕਰਾਉਣ ਦੇ ਯਤਨ ਅਰੰਭੇ ਗਏ ਹਨ। ਭਾਰਤੀ ਫੌਜ ਦੇ ਇੰਜਨੀਅਰਿੰਗ ਕੋਰ ਦੇ ਸਾਬਕਾ ਸੈਨਿਕ ਅਧਿਕਾਰੀ ਗੁਰਮੇਲ ਸਿੰਘ ਦੁਆਰਾ ਪਹਿਲਕਦਮੀ ਕਰਦਿਆਂ ਨੌਜਵਾਨਾਂ ਲਈ ਅਬੋਹਰ ਬ੍ਰਾਂਚ ਦੇ ਹਾਂਸ ਕਲਾਂ ਤੇ ਅਖਾੜਾ ਪੁਲਾਂ ਵਿਚਕਾਰ ਰੋਇੰਗ ਤੇ ਵਾਟਰ ਗੇਮਜ਼ ਦੀ ਮੁਫ਼ਤ ਟ੍ਰੇਨਿੰਗ ਦੇਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਅਜਿਹੀਆਂ ਗਤੀਵਿਧੀਆਂ ਨੂੰ ਉਭਾਰਨ ਤੇ ਸਲਾਹੁਣ ਦੀ ਲੋੜ ਹੈ।

ਸੀ. ਰਾਧਾ ਕ੍ਰਿਸ਼ਨਨ ਰਾਓ ਸੇਵਾ ਮੁਕਤ ਹੋ ਕੇ ਆਪਣੀ ਧੀ ਕੋਲ ਅਮਰੀਕਾ ਚਲੇ ਗਏ ਸਨ। ਬਾਹਠ ਸਾਲ ਦੀ ਉਮਰ ਵਿਚ ਉਹ ਪਿਟਸਬਰਗ ਯੂਨੀਵਰਸਿਟੀ ਵਿਚ ਸਟੈਟਿਸਟਿਕਸ ਦੇ ਪ੍ਰੋਫੈਸਰ ਨਿਯੁਕਤ ਹੋਏ। 70 ਵਰ੍ਹਿਆਂ ਦੀ ਉਮਰ ਦੌਰਾਨ ਉਹ ਪੈਨਸਲਵੇਨੀਆ ਯੂਨੀਵਰਸਿਟੀ ਵਿਖੇ ਇਸੇ ਵਿਭਾਗ ਦੇ ਮੁਖੀ ਨਿਯੁਕਤ ਹੋ ਗਏ। 75 ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਨੂੰ ਅਮਰੀਕਾ ਦੀ ਨਾਗਰਿਕਤਾ ਮਿਲੀ। 82 ਸਾਲ ਦੀ ਉਮਰ ਵਿਚ ਵ੍ਹਾਈਟ ਹਾਊਸ ਨੇ ਉਨ੍ਹਾਂ ਨੂੰ 'ਨੈਸ਼ਨਲ ਮੈਡਲ ਫਾਰ ਸਾਇੰਸ' ਦੇ ਮਾਣ ਨਾਲ ਨਿਵਾਜਿਆ। 102 ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਨੂੰ 'ਇੰਟਰਨੈਸ਼ਨਲ ਪ੍ਰਾਈਜ਼ ਇਨ ਸਟੈਟਿਸਟਿਕਸ' ਮਿਲਿਆ।

ਨੌਜਵਾਨ ਪੀੜ੍ਹੀ ਨੂੰ ਮੌਜੂਦਾ ਸੰਕਟ ਵਿਚੋਂ ਬਾਹਰ ਕੱਢਣ ਲਈ ਖੇਡਾਂ, ਖੇਡ ਮੈਦਾਨਾਂ, ਖੇਡ ਮੁਕਾਬਲਿਆਂ, ਖੇਡ ਸਾਹਿਤ, ਕੋਚਾਂ ਤੇ ਖੇਡ ਬੁਲਾਰਿਆਂ ਦਾ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਵਿਚੋਂ ਖੇਡ ਮੈਦਾਨ ਅਤੇ ਕੋਚ ਮੁੱਢਲੀ ਮਹੱਤਤਾ ਰੱਖਦੇ ਹਨ। 'ਭਾਗ ਮਿਲਖਾ ਭਾਗ' ਅਤੇ 'ਸ਼ਾਬਾਸ਼ ਮਿੱਠੂ' ਜਿਹੀਆਂ ਫਿਲਮਾਂ ਨੇ ਜਿੱਥੇ ਲੋਕਾਂ ਵਿਚ ਖੇਡਾਂ ਪ੍ਰਤੀ ਦਿਲਚਸਪੀ ਪੈਦਾ ਕੀਤੀ ਉੱਥੇ ਹੀ ਕੋਚ ਦੀ ਭੂਮਿਕਾ ਨੂੰ ਨਿਖਾਰਿਆ ਹੈ। ਸੂਬੇ ਵਿਚ ਇਸ ਸਮੇਂ ਵੱਖੋ-ਵੱਖ ਖੇਡਾਂ ਦੇ 169 ਕੋਚ ਹੀ ਤਾਇਨਾਤ ਹਨ, ਇੰਝ ਆਮ ਖਿਡਾਰੀਆਂ ਲਈ ਕੋਚ ਦੀਆਂ ਸੇਵਾਵਾਂ ਨਿਭਾਉਣ ਦੀਆਂ ਅਥਾਹ ਸੰਭਾਵਨਾਵਾਂ ਹਨ। ਦਾਖਾ (ਲੁਧਿਆਣਾ) ਵਿਧਾਨ ਸਭਾ ਹਲਕੇ ਵਿਚ 20 ਦੇ ਲਗਭਗ ਸ਼ਾਨਦਾਰ ਖੇਡ ਮੈਦਾਨ ਹਨ, ਇਹ ਯਤਨ ਬਾਕੀਆਂ ਲਈ ਮਾਰਗਦਰਸ਼ਕ ਵਾਂਗ ਹਨ। ਸਰਕਾਰੀ ਨੌਕਰੀਆਂ ਕਰਦੇ ਖਿਡਾਰੀ ਆਪਣੇ ਪੱਧਰ 'ਤੇ ਕਈ ਖੇਤਰਾਂ/ਖੇਡਾਂ ਦੀ ਸਿਖਲਾਈ ਦੇ ਰਹੇ ਹਨ। ਇਸੇ ਪੱਧਰ 'ਤੇ ਸਕੂਲਾਂ ਵਿਚ ਤਾਇਨਾਤ ਫਿਜ਼ੀਕਲ ਇੰਸਟ੍ਰਕਟਰ ਨੌਜਵਾਨਾਂ ਨੂੰ ਖੇਡਾਂ ਦੀ ਚੇਟਕ ਲਾਉਣ ਲਈ ਮਹੱਤਵਪੂਰਨ ਰੋਲ ਅਦਾ ਕਰ ਸਕਦੇ ਹਨ।


ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖਿਡਾਰੀਆਂ ਨੂੰ ਖੇਡ ਮੈਦਾਨਾਂ ਵਿਚ ਨੌਜਵਾਨਾਂ ਲਈ ਰੋਲ ਮਾਡਲਾਂ ਦਾ ਰੋਲ ਨਿਭਾਉਣਾ ਚਾਹੀਦਾ ਹੈ। ਅਵਨੀਤ ਕੌਰ (ਸ਼ੂਟਿੰਗ), ਮਨਦੀਪ ਕੌਰ (ਅਥਲੈਟਿਕਸ), ਰਮਨਦੀਪ ਸਿੰਘ, ਜੁਗਰਾਜ ਸਿੰਘ ਤੇ ਰਾਜਪਾਲ ਸਿੰਘ (ਹਾਕੀ) ਨਾਮਵਰ ਖਿਡਾਰੀ ਪੁਲਿਸ ਮਹਿਕਮੇ ਵਿਚ ਸਰਕਾਰੀ ਸੇਵਾਵਾਂ ਨਿਭਾ ਰਹੇ ਹਨ। ਅਜਿਹੇ ਲਗਭਗ ਸੌ ਖਿਡਾਰੀ ਅਧਿਕਾਰੀਆਂ ਕੋਲ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦਾ ਵਿਸ਼ੇਸ਼ ਮੌਕਾ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਇੱਕ ਸਾਬਕਾ ਸੈਨਿਕ ਅਧਿਕਾਰੀ ਨੇ ਨੌਜਵਾਨਾਂ ਨੂੰ ਫਿਜ਼ੀਕਲ ਟ੍ਰੇਨਿੰਗ ਦੇਣ ਦੇ ਉਪਰਾਲੇ ਕਰਦਿਆਂ ਉਨ੍ਹਾਂ ਨੂੰ ਸੈਨਾ ਤੇ ਅਰਧ-ਸੈਨਿਕ ਬਲਾਂ ਵਿਚ ਨੌਕਰੀਆਂ ਕਰਨ ਦੇ ਯੋਗ ਬਣਾਇਆ ਹੈ। ਨਿੱਜੀ ਤੌਰ 'ਤੇ ਯਤਨ ਕਰਦਿਆਂ ਜਰਖੜ (ਲੁਧਿਆਣਾ) ਹਾਕੀ, ਰੁੜਕਾ (ਜਲੰਧਰ) ਫੁੱਟਬਾਲ, ਦੇਹਰੀਵਾਲ (ਹੁਸ਼ਿਆਰਪੁਰ) ਵੇਟ ਲਿਫਟਿੰਗ ਅਤੇ ਚਕਰ (ਲੁਧਿਆਣਾ) ਵਿਖੇ ਮੁੱਕੇਬਾਜ਼ੀ ਲਈ ਵਿਅਕਤੀਆਂ/ਸੰਸਥਾਵਾਂ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ।

ਰੁਜ਼ਗਾਰ ਨੌਜਵਾਨਾਂ ਦੀ ਮੁੱਢਲੀ ਲੋੜ ਹੈ। ਉਨ੍ਹਾਂ ਕੋਲ ਹਾਣ ਦਾ ਰੁਜ਼ਗਾਰ ਨਹੀਂ ਹੈ। ਕੁਝ ਲੋਕ ਕਹਿੰਦੇ ਹਨ ਕਿ ਨੌਜਵਾਨਾਂ ਕੋਲ ਹੁਨਰ ਦੀ ਘਾਟ ਹੈ, ਇਹ ਵੀ ਸਿਸਟਮ ਦੀ ਕਮੀ ਹੈ। ਦਰਅਸਲ, ਸਿਸਟਮ ਕਿਰਤ ਦੇ ਪੂਰਨੇ ਪਾਉਣ ਲਈ ਕੋਈ ਸਾਰਥਿਕ ਯਤਨ ਨਹੀਂ ਕਰ ਸਕਿਆ। ਵਿਦੇਸ਼ਾਂ ਵਿਚ ਵਿਦਿਆਰਥੀਆਂ ਲਈ ਸਟੋਰਾਂ 'ਤੇ ਕੰਮ ਮੁਹੱਈਆ ਕਰਾਉਣਾ ਪੜ੍ਹਾਈ ਦਾ ਹਿੱਸਾ ਹੈ। 'ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ' ਜਿਹੇ ਕਈ ਯਤਨ ਉਹ ਕਾਫ਼ੀ ਸਮੇਂ ਤੋਂ ਕਰ ਰਹੇ ਹਨ। ਵਿਕਾਸਸ਼ੀਲ ਦੇਸ਼ ਵਿਚ ਵਿਦਿਅਕ, ਖੋਜ ਅਤੇ ਹੋਰ ਸੰਸਥਾਵਾਂ ਵਿਚ ਬੁਲੇਟਿਨ ਬੋਰਡ 'ਤੇ ਲੋੜੀਂਦੀਆਂ ਸੇਵਾਵਾਂ ਅਤੇ ਉਪਲੱਬਧ ਸੇਵਾਵਾਂ ਦਾ ਵਿਸਥਾਰ ਲਿਖ ਦਿੱਤਾ ਜਾਂਦਾ ਹੈ। ਇੰਝ ਵਿਦਿਆਰਥੀਆਂ ਨੂੰ ਹੱਥੋਂ-ਹੱਥੀ ਕੰਮ ਮਿਲ ਜਾਂਦਾ ਹੈ। ਕੋਈ ਵਿਦਿਆਰਥੀ ਅਜਿਹੇ ਬੋਰਡਾਂ ਕੋਲੋਂ ਖਾਲੀ ਲੰਘਦਾ ਹੀ ਨਹੀਂ ਹੈ। ਉੱਥੇ ਤੁਹਾਡੇ ਕੰਮ ਤੇ ਹੁਨਰ ਦਾ ਮੁੱਲ ਹੈ ਤੇ ਬੁਲੇਟਿਨ ਬੋਰਡ ਦਾ ਅਗਲਾ ਕਦਮ ਨੈੱਟਵਰਕਿੰਗ ਤੁਹਾਡੀ ਉਂਗਲੀ ਫੜ ਕੇ ਤੁਹਾਨੂੰ ਰੁਜ਼ਗਾਰ ਦੇ ਰਾਹ ਪਾ ਦਿੰਦਾ ਹੈ। ਸਾਡੇ ਦੇਸ਼ ਵਿਚ ਵਿਦਿਆਰਥੀਆਂ ਦਾ ਬੇਸਿਕ ਡਿਗਰੀ ਤੋਂ ਉੱਚ ਡਿਗਰੀ ਵਿਚਕਾਰਲਾ ਅਤੇ ਪੜ੍ਹਾਈ ਤੋਂ ਨੌਕਰੀ ਮਿਲਣ ਦਾ ਸਮਾਂ ਚਿੰਤਾਵਾ ਭਰਿਆ ਹੁੰਦਾ ਹੈ। ਪੜ੍ਹਾਈ ਮੁਕੰਮਲ ਕਰਨ ਉਪਰੰਤ ਬੇਰੁਜ਼ਗਾਰ ਰਹਿਣਾ ਅੰਗਿਆਰਿਆਂ 'ਤੇ ਤੁਰਨ ਵਾਂਗ ਹੈ। ਪਲੇਸਮੈਂਟ ਸੈਲ ਨੂੰ ਅੱਗੇ ਤੋਰਦਿਆਂ ਸਿਸਟਮ, ਵਿਦਿਅਕ ਤੇ ਸਮਾਜਿਕ ਸੰਸਥਾਵਾਂ ਨੂੰ ਇਸ ਵਿਸ਼ੇ 'ਤੇ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ। ਕੰਮ ਤੇ ਕਾਮਿਆਂ ਵਿਚ ਤਾਲਮੇਲ ਕਰਨਾ ਅੱਜ ਦੀ ਵਿਸ਼ੇਸ਼ ਲੋੜ ਹੈ।

ਨਵੀਨ ਸੰਚਾਰ ਸਾਧਨਾਂ ਨੇ ਤਕਨਾਲੋਜੀ ਦੇ ਪਸਾਰ ਵਿਚ ਵਿਸ਼ੇਸ਼ ਵਾਧਾ ਕੀਤਾ ਹੈ। ਛੋਟੀਆਂ-ਛੋਟੀਆਂ ਵੀਡੀਓ ਕਲਿਪਸ ਰਾਹੀਂ ਕੰਮਾਂ ਦੀਆਂ ਵਿਧੀਆਂ, ਸਫਲ ਯਤਨਾਂ, ਨਤੀਜਿਆਂ ਤੇ ਮਾਹਰ ਵਿਚਾਰਾਂ ਬਾਰੇ ਖੁੱਲ੍ਹ ਕੇ ਪ੍ਰਗਟਾਵਾ ਹੋ ਰਿਹਾ ਹੈ। ਅਜਿਹੀਆਂ ਕੋਸ਼ਿਸ਼ਾਂ ਦੀ ਵਧੇਰੇ ਤੇ ਯੋਜਨਾਬੱਧ ਪਸਾਰ ਦੀ ਲੋੜ ਹੈ। ਖਰੜ ਦੇ ਇੱਕ ਵਿਅਕਤੀ ਨੇ ਗੰਡੋਆ ਖਾਦ (ਵਰਮੀ ਕੰਪੋਜਟ) ਬਣਾਉਣ ਬਾਰੇ ਹਰ ਸ਼ਨਿਚਰਵਾਰ ਮੁਫ਼ਤ ਸਿਖਲਾਈ ਦੇਣ ਦਾ ਯਤਨ ਅਰੰਭਿਆ ਹੈ। ਇਵੇਂ ਹੀ ਇੱਕ ਵੀਡੀਓ ਕਲਿਪ ਵਿਚ ਅਮਰੀਕਾ ਤੋਂ ਵਾਪਸ ਪਰਤੇ ਇੱਕ ਵਿਅਕਤੀ ਨੇ ਇੱਕ ਏਕੜ ਗੰਨੇ ਦੇ ਖੇਤ 'ਚੋਂ ਚੰਗੀ ਕਮਾਈ ਦੀਆਂ ਪੈੜਾਂ ਪਾਈਆਂ ਹਨ।

ਸਮਾਜਿਕ ਸਮਾਗਮਾਂ 'ਤੇ ਵੱਡੇ-ਵੱਡੇ ਇਕੱਠ ਤੇ ਫਜ਼ੂਲ ਖਰਚੇ ਅਜਿਹੇ ਸਮਾਜਿਕ ਸਰੋਕਾਰ ਹਨ ਜਿਨ੍ਹਾਂ ਦੀ ਰੋਕਥਾਮ ਲਈ ਸਮਾਜ ਆਪਣੇ ਆਪ ਪ੍ਰਭਾਵਸ਼ਾਲੀ ਕਦਮ ਚੁੱਕ ਸਕਦਾ ਹੈ। ਪੰਜਾਬੀਆਂ ਨੇ ਵਿਆਹ-ਸ਼ਾਦੀਆਂ ਲਈ ਜਾਇਦਾਦਾਂ ਵੇਚੀਆਂ ਅਤੇ ਵੱਡੇ-ਵੱਡੇ ਕਰਜ਼ੇ ਚੁੱਕੇ। ਵਿੱਤੋਂ-ਵੱਧ ਖਰਚਾ ਖੁਦਕਸ਼ੀਆਂ ਦਾ ਕਾਰਨ ਵੀ ਬਣਿਆ। ਸਮੇਂ-ਸਮੇਂ 'ਤੇ ਕਈ ਪੰਚਾਇਤਾਂ ਵੱਲੋਂ ਖਰਚੇ ਸੀਮਤ ਕਰਨ ਲਈ ਮਤੇ ਪਾਏ ਜਾਂਦੇ ਰਹੇ ਹਨ। ਇਨ੍ਹਾਂ ਮਤਿਆਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਜੁਰਮਾਨੇ ਦੀਆਂ ਸ਼ਰਤਾਂ ਵੀ ਰੱਖੀਆਂ ਜਾਂਦੀਆਂ ਰਹੀਆਂ ਹਨ। ਅਜਿਹੇ ਹੀ ਇੱਕ ਪਿੰਡ ਵਿਚ ਵਿਦੇਸ਼ੋਂ ਆਏ ਪਰਿਵਾਰ ਨੇ ਜੁਰਮਾਨਾ ਦਿੱਤਾ ਤੇ ਵੱਡੇ ਖਰਚੇ ਵਾਲਾ ਵਿਆਹ ਕਰ ਲਿਆ। ਵੀਡੀਓ ਤੇ ਡਰੋਨ ਕੈਮਰਿਆਂ ਅਤੇ ਦਿਖਾਵੇਬਾਜ਼ੀ ਨੇ ਅਜਿਹੀਆਂ ਸ਼ਰਤਾਂ ਨੂੰ ਢਾਹ ਲਾਈ ਹੈ। ਪ੍ਰੀ-ਵੈਡਿੰਗ ਜਿਹੀਆਂ ਨਵੀਆਂ ਰਸਮਾਂ ਨੇ ਅਜਿਹੇ ਯਤਨਾਂ ਨੂੰ ਬੂਰ ਨਹੀਂ ਪੈਣ ਦਿੱਤਾ। ਆਪਣੇ ਆਪ ਉਦਾਹਰਨ ਬਣ ਕੇ ਅਤੇ ਸੰਗਠਨ ਬਣਾ ਕੇ ਸਮਾਜਿਕ ਸਮਾਗਮਾਂ ਦੇ ਖਰਚਿਆਂ ਨੂੰ ਘਟਾਉਣ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਇਸ ਖੇਤਰ ਵਿਚ ਕੰਮ ਕਰਦੇ ਵਿਅਕਤੀਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ। ਪਿਛਲੇ ਵੀਹ ਵਰ੍ਹਿਆਂ ਦੌਰਾਨ ਪੰਚਾਇਤਾਂ ਤੇ ਸੰਸਥਾਵਾਂ ਵੱਲੋਂ ਇਸ ਪੱਖ 'ਤੇ ਕੀਤੇ ਗਏ ਯਤਨਾਂ ਨੂੰ ਮੁੜ ਤੋਂ ਸਿਰਜਣ ਦੀ ਲੋੜ ਹੈ। ਵਿਆਹਾਂ ਦੇ ਅਥਾਹ ਖਰਚਿਆਂ ਨੂੰ ਰੋਕਣ ਲਈ ਸਮਾਜ ਵੱਲੋਂ ਅਗਵਾਈ ਦੀ ਆਸ ਹੈ।

ਦੇਸ਼ ਦੇ ਸੰਵਿਧਾਨ ਦਾ ਆਦੇਸ਼ ਹੈ ਕਿ ਦੇਸ਼ ਦੀ ਸੰਪਤੀ ਨੂੰ ਇਵੇਂ ਵੰਡਿਆ ਜਾਵੇ ਕਿ ਅਮੀਰ-ਗਰੀਬ ਵਿਚਕਾਰ ਘੱਟੋ-ਘੱਟ ਫਰਕ ਹੋਵੇ। ਵਿਕਾਸਸ਼ੀਲ ਦੇਸ਼ਾਂ ਵਿਚ ਆਮ ਆਦਮੀ ਲਈ ਇਹੋ ਸਿਧਾਂਤ ਲਾਲ-ਸੂਹੇ ਫੁੱਲ ਵਾਂਗ ਹੈ। ਅਮੀਰ ਲੋਕ ਟੈਕਸ ਛੁਪਾ ਕੇ ਕਾਲੇ ਧਨ ਦੇ ਢੇਰ ਇਕੱਠੇ ਕਰ ਲੈਂਦੇ ਹਨ ਤੇ ਇਸੇ ਧਨ ਨਾਲ ਵੱਡੀਆਂ-ਵੱਡੀਆਂ ਜਾਇਦਾਦਾਂ ਇਕੱਠੀਆਂ ਕਰਦੇ ਹਨ। ਅਜਿਹਾ ਪੈਸਾ ਆਮ ਬੰਦੇ ਦਾ ਜਿਉਣਾ ਦੁੱਭਰ ਕਰ ਦਿੰਦਾ ਹੈ। ਸੋਸ਼ਲ ਮੀਡੀਆ ਤੇ ਮਾਨਸਾ ਜ਼ਿਲ੍ਹੇ ਨਾਲ ਸਬੰਧਿਤ ਇੱਕ ਵ੍ਹੱਟਸਐਪ ਕਲਿੱਪ ਦੇਖਣ ਨੂੰ ਮਿਲਿਆ ਜਿਸ ਵਿਚ ਸ਼ਿਮਲਾ ਮਿਰਚ ਦੀ ਕੀਮਤ ਇੱਕ ਰੁਪਏ ਪ੍ਰਤੀ ਕਿਲੋ ਤੱਕ ਘੱਟ ਜਾਣ 'ਤੇ ਕਿਸਾਨਾਂ ਤੇ ਕਿਰਤੀਆਂ ਨੇ ਆਪਣੀ ਫਸਲ ਨੂੰ ਸੜਕਾਂ 'ਤੇ ਢੇਰੀ ਕਰ ਦਿੱਤਾ। ਸੂਬੇ ਵਿਚ ਕਾਲੇ ਧਨ ਦਾ ਪਸਾਰ ਜ਼ੋਰਾਂ 'ਤੇ ਹੈ। ਅਰਥ ਸ਼ਾਸਤਰੀ ਇਸ ਵਿਸ਼ੇ 'ਤੇ ਬੋਲਦੇ-ਲਿਖਦੇ ਰਹਿੰਦੇ ਹਨ ਪਰ ਇਸ ਔਖੇ ਕੰਮ ਲਈ ਪ੍ਰਭਾਵਸ਼ਾਲੀ ਪ੍ਰਬੰਧ ਦੀ ਲੋੜ ਹੈ ਤਾਂਕਿ ਇਸ ਧਨ ਨੂੰ ਮੁੱਖ ਧਾਰਾ ਵੱਲ ਮੋੜਿਆ ਜਾ ਸਕੇ।


*ਅੱਜ ਕੱਲ੍ਹ ਪ੍ਰੀ-ਵੈਡਿੰਗ ਸ਼ੂਟ ਦੇ ਨਾਂ 'ਤੇ ਵਿਆਹਾਂ ਉਤੇ ਹੁੰਦੀ ਫਜ਼ੂਲਖਰਚੀ ਦੀ ਇਕ ਝਲਕ ਅਤੇ (ਸੱਜੇ) ਫਿਲਮ 'ਭਾਗ ਮਿਲਖਾ ਭਾਗ' ਦਾ ਇਕ ਦ੍ਰਿਸ਼ ਜੋ ਨੌਜਵਾਨਾਂ ਨੂੰ ਸਹੀ ਲੀਹ 'ਤੇ ਪੈਣ ਦਾ ਸ਼ੁਭ ਸੰਦੇਸ਼ ਲੈ ਕੇ ਆਈ ਸੀ।*

# ਗੁਰਬਾਣੀ ਤੇ ਕਾਰਲ ਮਾਰਕਸ-ਕੁਝ ਹੋਰ ਪਹਿਲੂ


ਡਾ: ਗੋਬਿੰਦਰ ਸਿੰਘ ਸਮਰਾਓ
ਫੋਨ- 209-565-1080

ਕਾਰਲ ਮਾਰਕਸ ਵਿਗਿਆਨਕ ਪਦਾਰਥਵਾਦ ਦਾ ਮੋਢੀ ਸੀ। ਉਹ ਪਦਾਰਥ ਨੂੰ ਅਵਿਨਾਸ਼ੀ ਤੇ ਵਿਕਾਸਸ਼ੀਲ ਮੰਨਦਾ ਸੀ ਤੇ ਇਸ ਦੇ ਵਿਕਾਸ ਨੂੰ ਆਦਿ ਤੋਂ ਹੁਣ ਤੀਕਰ ਇਕੋ ਗੰਨੇ ਦੀਆਂ ਪੋਰੀਆਂ ਵਾਂਗ ਲਗਾਤਾਰ ਹੋਇਆ ਸਮਝਦਾ ਸੀ। ਇਸ ਲਈ ਉਹ ਕੁਦਰਤੀ ਤੇ ਸਮਾਜਿਕ ਵਿਕਾਸ ਵਿਚ ਫਰਕ ਕਰਦਾ ਹੋਇਆ ਵੀ ਇਸ ਨੂੰ ਇਕੋ ਇਤਿਹਾਸ (History of Nature and History & Pre-history of Mankind) ਸਮਝਦਾ ਸੀ। ਇਸ ਲਈ ਉਸ ਨੂੰ ਰੱਬ ਜਾਂ ਕਰਤਾ ਪੁਰਖ ਤੇ 'ਆਦਿ ਸਚ ਜੁਗਾਦਿ ਸਚੁ' ਜਿਹੇ ਸੰਕਲਪਾਂ ਨਾਲ ਜੂਝਣਾ ਨਹੀਂ ਪਿਆ। ਜੇ ਹੀਗਲ ਜਿਹੇ ਕਿਸੇ ਅਧਿਆਤਮਵਾਦੀ ਨੇ ਉਸ ਦਾ ਰਸਤਾ ਕੱਟਿਆ ਵੀ ਤਾਂ ਉਸ ਨੇ ਉਸ ਨੂੰ ਲੜ ਕੇ ਪਾਸੇ ਨਹੀਂ ਸੁਟਿਆ ਸਗੋਂ ਉਸ ਦੇ ਚਿੰਤਨ ਦੇ ਨਰੋਏ ਤੱਤਾਂ ਨੂੰ ਸੋਧ ਕੇ ਆਪਣੇ ਸਿਧਾਂਤ ਵਿਚ ਸਮੋ ਲਿਆ।

ਇਸ ਤੋਂ ਉਲਟ ਗੁਰੂ ਨਾਨਕ ਵੇਲੇ ਹਾਲੇ ਅਗਿਆਨ ਦਾ ਗੂੜ੍ਹਾ ਅੰਧਕਾਰ ਸੀ ਤੇ ਗਿਆਨ ਦਾ 'ਅੰਮ੍ਰਿਤ ਵੇਲਾ' ਭਾਵ ਪਹੁ-ਫੁਟ ਨਹੀਂ ਸੀ ਹੋਇਆ। ਉਨ੍ਹਾਂ ਨੇ ਆਪਣੇ ਅਨੁਭਵ ਤੇ ਚਿੰਤਨ ਦੇ ਬਲਬੂਤੇ ਇਨ੍ਹਾਂ ਮੁੱਦਿਆਂ ਨੂੰ ਨੱਜਿਠਣ ਦੇ ਸਹੀ ਢੰਗ ਨੂੰ ਸਥਾਪਤ ਕੀਤਾ ਅਤੇ ਵਿਗਿਆਨਕ ਸੋਚ ਦੇ ਵਿਕਾਸ ਦੀ ਭੂਮਿਕਾ ਬੰਨ੍ਹਣ ਦਾ ਕੰਮ ਕੀਤਾ। ਉਨ੍ਹਾਂ ਨੇ ਆਪਣੀ ਬਾਣੀ ਦੇ ਅਰੰਭ ਵਿਚ ਹੀ ਆਪਣੇ ਸਿੱਖਾਂ ਦੀ ਇਕ ਤਰ੍ਹਾਂ ਨਾਲ ਖਾਮੋਸ਼ ਜ਼ਿੰਮੇਵਾਰੀ ਲਾਈ, ਜਿਸ ਅਨੁਸਾਰ ਉਹ ੴ ਦਾ ਢੰਗ, ਅਰਥਾਤ ਵਿਗਿਆਨ ਦੀ ਨਪੀ-ਤੁਲੀ ਵਿਧੀ ਵਰਤ ਕੇ ਬ੍ਰਹਿਮੰਡ ਰਚੇਤਾ ਦਾ 'ਸਤਿਨਾਮੁ' ਭਾਵ ਅਸਲੀ ਨਾਮ ਪਤਾ ਕਰਨ। ਇਹ ਅਸਲ ਨਾਮ ਉਸ ਦੇ ਗੁਣਾਂ 'ਤੇ ਨਿਰਭਰ ਕਰੇਗਾ ਤੇ ਇੱਦਾਂ ਦਾ ਹੀ ਹੋਵੇਗਾ ਜਿਵੇਂ ਪਾਣੀ ਦਾ ਅਸਲ ਨਾਂ ਜਲ, ਵਾਟਰ, ਐਕੁਆ ਆਦਿ ਨਾ ਹੋ ਕੇ ਹਾਈਡਰੋਜਨ ਆਕਸਾਈਡ ਹੈ। ਪਾਣੀ ਦਾ ਇਹ ਨਾਮ ਕਿਸੇ ਦੀ ਮਰਜੀ ਅਨੁਸਾਰ ਨਹੀਂ ਸਗੋਂ ਇਸ ਦੇ ਤੱਤਾਂ ਅਨੁਸਾਰ ਹੈ ਤੇ ਇਸ ਦੀ ਬਣਤਰ ਬਾਰੇ ਜਾਣਕਾਰੀ ਦਿੰਦਾ ਹੈ। ਗੁਰੂ ਸਾਹਿਬ ਦਾ ਇਹ ਆਦੇਸ਼ ਵਿਗਿਆਨਕ ਵਿਧੀ ਦੇ ਪੂਰੀ ਤਰ੍ਹਾਂ ਅਨੁਕੂਲ ਹੈ, ਕਿਉਂਕਿ ਗੱਣਿਤ ਤੇ ਵਿਗਿਆਨ ਦੇ ਹਰ ਖੇਤਰ ਵਿਚ ਸਭ ਤੋਂ ਪਹਿਲਾਂ ਖੋਜ ਕੀਤੀ ਜਾਣ ਵਾਲੀ ਵਸਤੂ ਦਾ ਨਾਂ ਤੇ ਵਿਸ਼ੇਸ਼ਤਾਈਆਂ ਜਾਣੀਆਂ ਜਾਂਦੀਆਂ ਹਨ। ਬੀਜ ਗੱਣਿਤ ਵਿਚ ਅਗਿਆਤ ਰਾਸ਼ੀ ਦੇ ਸਹੀ ਮੁੱਲ ਨੂੰ ਜਾਣਨ ਲਈ "ਕ", "ਅ" ਆਦਿਕ ਕੋਈ ਅੱਖਰ ਮੰਨ ਕੇ ਖੋਜ ਅਰੰਭੀ ਜਾਂਦੀ ਹੈ। ਵਿਗਿਆਨ ਵਿਚ "ਨਾਮਕਰਣ" (Nomenclature) ਦੀ ਮੱਹਤਤਾ ਦਾ ਸਭ ਵਿਗਿਆਨ ਗਿਆਤਿਆਂ ਨੂੰ ਪਤਾ ਹੈ। ਪੂਰਵ ਮਾਰਕਸ ਕਾਲ ਵਿਚ ਗੁਰੂ ਸਾਹਿਬ ਦਾ ਸਤਿ ਨਾਮ ਦੀ ਗੱਲ ਕਰਨਾ ਅਸਚਰਜ-ਜਨਕ ਵਿਗਿਆਨਿਕ ਕਦਮ ਹੈ। ਪਰ ਜੋ ਉਨ੍ਹਾਂ ਨੇ ਮਾਰਕਸਵਾਦ ਤੋਂ ਬਾਦ ਬਾਰੇ ਕਿਹਾ ਹੈ, ਉਹ ਇਸ ਤੋਂ ਵੀ ਵੱਧ ਹੈਰਾਨ-ਕੁਨ ਹੈ। ਉਸ ਦੀ ਚਰਚਾ ਠਹਿਰ ਕੇ ਕੀਤੀ ਜਾਵੇਗੀ।

ਗੁਰੂ ਸਾਹਿਬ ਦਾ ਵਿਚਾਰ ਸੀ ਕਿ ਕਰਤੇ ਦਾ ਸਚਾ ਨਾਮ ਜਾਣਨ ਤੋਂ ਬਾਅਦ ਹੀ ਸੰਸਾਰ ਦੀ ਉਤਪਤੀ ਦੀ ਗੱਲ ਛੋਹੀ ਜਾ ਸਕਦੀ ਹੈ। ਇਹ ਇਸ ਲਈ ਕਿ ਉਸ ਦਾ ਗੁਣਾਂ ਆਧਾਰਿਤ ਸੱਚਾ ਨਾਮ ਪਤਾ ਲੱਗਣ ਦੀ ਪ੍ਰਕਿਰਿਆ ਵਿਚ ਪ੍ਰਕ੍ਰਿਤੀ ਦੀਆਂ ਹੋਰ ਅਨੇਕਾਂ ਪਰਤਾਂ ਵੀ ਖੁਲ੍ਹਣਗੀਆਂ ਜਿਨ੍ਹਾਂ ਨਾਲ ਇਸ ਦੇ ਬਹੁਤੇ ਰਾਜ਼ ਆਪਣੇ ਆਪ ਸਮਝ ਵਿਚ ਆ ਜਾਣਗੇ। ਗੁਰੂ ਸਾਹਿਬ ਇਸ ਸਿੱਟੇ 'ਤੇ ਪਹੁੰਚ ਚੁੱਕੇ ਸਨ ਕਿ ਇਸੇ ਵਿਗਿਆਨਿਕ ਢੰਗ ਦੀ ਵਰਤੋਂ ਨਾਲ ਕਰਤੇ ਦੀਆਂ ਜੋ ਮੋਟੀਆਂ ਮੋਟੀਆਂ ਖੂਬੀਆਂ ਪ੍ਰਤੱਖ ਹੋ ਚੁੱਕੀਆਂ ਹਨ ਉਨ੍ਹਾਂ ਅਨੁਸਾਰ ਉਹ ਬ੍ਰਹਿਮੰਡ ਦੀਆਂ ਡੂੰਘਾਈਆਂ ਵਿਚ ਸਥਾਈ ਤੌਰ 'ਤੇ ਕਿਰਿਆਸ਼ੀਲ ਹੈ। ਉਹ ਇਹ ਵੀ ਸੰਕੇਤ ਦੇ ਦਿੰਦੇ ਹਨ ਕਿ ਇਹ ਉਹੀ ਅਗਿਆਤ ਹੋਂਦ ਹੈ, ਜਿਸ ਨੂੰ ਅਧੁਨਿਕ ਵਿਗਿਆਨ ਨੇ ਪਦਾਰਥ ਦਾ ਨਾਂ ਦਿੱਤਾ ਹੈ! ਗੁਰੂ ਸਾਹਿਬ ਦੇ ਇਸੇ ਨੁਕਤੇ ਨੂੰ ਕਾਰਲ ਮਾਰਕਸ ਆਪਣੀ ਸੋਚ ਦਾ ਮੂਲ ਆਧਾਰ ਬਣਾਉਂਦਾ ਹੈ ਤੇ ਫਿਰ ਇਸ ਨੂੰ ਅੰਤ ਤੀਕਰ ਨਹੀਂ ਛੱਡਦਾ।

ਇਹ ਗੱਲ ਵੱਖਰੀ ਹੈ ਕਿ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਗੁਰੂ ਸਾਹਿਬ ਦੇ ਸੰਕੇਤ ਨੂੰ ਸਮਝ ਨਾ ਸਕੇ ਤੇ ਕਰਤੇ ਨੂੰ ਸੱਚੀ ਮੁੱਚੀ ਦਾ ਪੁਰਖ ਮੰਨਣ ਲਗ ਪਏ। ਕਰਦੇ ਵੀ ਕੀ ਉਸ ਵੇਲੇ ਵਿਗਿਆਨ ਦੀ ਅਣਹੋਂਦ ਕਾਰਨ ਗਤੀਸ਼ੀਲ ਪਦਾਰਥ ਦਾ ਸੰਕਲਪ ਹੋਂਦ ਵਿਚ ਨਹੀਂ ਸੀ ਆਇਆ। ਹੁਣ ਜਦੋਂ ਲੋਕਾਂ ਦੇ ਯਕੀਨ ਪੱਕ ਗਏ ਹਨ, ਉਨ੍ਹਾਂ ਲਈ ਨਵੇਂ ਵਿਗਿਆਨਕ ਸੰਕਲਪਾਂ ਦਾ ਅਨੁਗ੍ਰਹਿਣ ਕਰਨਾ ਔਖਾ ਹੋ ਗਿਆ ਹੈ। ਇਸ



ਲਈ ਉਹ ਇਕ ਪੁਰਖ ਰੂਪੀ ਕਰਤੇ ਨੂੰ ਹੀ ਸੰਸਾਰ ਦੀ ਉਤਪਤੀ ਤੇ ਦੇਖ-ਰੇਖ ਕਰਨ ਵਾਲਾ ਮੰਨਦੇ ਚਲੇ ਜਾ ਰਹੇ ਹਨ। ਜਿਵੇਂ ਉਹ ੴ ਨੂੰ ਰੱਬ ਦਾ ਸੰਕੇਤਿਕ ਰੂਪ ਮੰਨਦੇ ਹਨ ਉਵੇਂ ਹੀ ਕਰਤਾ ਪੁਰਖ ਨੂੰ ਇਸ ਦਾ ਸਥੂਲ ਭਾਵ ਪੁਰਖ ਰੂਪ ਸਮਝਦੇ ਹਨ। ਉਹ ਗੁਰੂ ਸਾਹਿਬ ਦੇ ਗਿਣਾਏ ਕਰਤੇ ਦੇ ਗੁਣਾਂ ਨੂੰ ਜਿਉਂ ਦੇ ਤਿਉਂ ਸਵਿਕਾਰ ਕਰੀ ਜਾਂਦੇ ਹਨ ਪਰ ਉਨ੍ਹਾਂ ਵਿਚ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਨਹੀਂ ਕਰਦੇ। ਭਾਵ ਉਹ ਕਰਤੇ ਨੂੰ ਪੁਰਖ ਵੀ ਮੰਨੀ ਜਾਂਦੇ ਹਨ ਤੇ ਇਸ ਨੂੰ ਅਕਾਲ, ਮੂਰਤਿ, ਅਜੂਨੀ ਤੇ ਸੈਭੰ ਵੀ ਸਮਝੀ ਜਾਂਦੇ ਹਨ। ਗੁਰੂ ਸਾਹਿਬ ਦਾ ਕਰਤਾ ਪੁਰਖੁ ਇਕੋ ਵੇਲੇ ਨਿਡਰ, ਨਿਰਪੱਖ, ਜੂਨ ਵਿਚ ਨਾ ਪੈਣ ਵਾਲਾ, ਅਵਿਨਾਸੀ ਤੇ ਸਵੈ-ਹੋਂਦ ਦਾ ਧਾਰਨੀ ਹੈ। ਉਨ੍ਹਾਂ ਅਨੁਸਾਰ ਉਹ ਮੂਰਤਿ ਰੂਪ ਹੈ ਭਾਵ ਬੀਜ ਵਿਚ ਬਿਰਖ ਰੂਪੀ ਅਕਸ਼ ਵਾਂਗ ਹੈ। ਅਰਥਾਤ ਉਹ ਸ੍ਰਿਸ਼ਟੀ ਦੀ ਅਜਿਹੀ ਮੂਰਤ ਜਾਂ ਮਾਸਟਰ ਕਾਪੀ ਹੈ ਜਿਹੋ ਜਿਹੀ ਬਿਰਖ ਦੀ ਇਕ ਮੂਰਤਿ ਉਸ ਦੇ ਬੀਜ ਵਿਚ ਸਮੋਈ ਹੁੰਦੀ ਹੈ ਪਰ ਪ੍ਰਤੀਤ ਨਹੀਂ ਹੁੰਦੀ। ਅਧੁਨਿਕ ਅਧਿਆਤਮਵਾਦੀ ਵਿਦਵਾਨਾਂ ਨੂੰ ਪਤਾ ਹੈ ਕਿ ਗੁਰੂ ਸਾਹਿਬ ਦੇ ਗਿਣਾਏ ਸਾਰੇ ਉਪ੍ਰੋਕਤ ਗੁਣ ਕਿਸੇ ਵਿਅਕਤੀ ਵਿਚ ਇੱਕਠੇ ਨਹੀਂ ਮਿਲ ਸਕਦੇ, ਅਰਥਾਤ ਸ੍ਰਿਸ਼ਟੀ ਦਾ ਜੋ ਵੀ ਰਚੇਤਾ ਹੈ ਉਹ ਮਾਨਵੀ ਰੂਪ ਵਾਲਾ ਬ੍ਰਹਿਮੰਡ ਨਿਵਾਸੀ ਨਹੀਂ ਹੋ ਸਕਦਾ। ਪਰ ਫਿਰ ਵੀ ਉਹ ਇਸੇ ਨਾ-ਮੁਮਕਿਨ ਪੁਰਖ-ਰੂਪੀ ਅਧਿਆਤਮਵਾਦੀ ਸੰਕਲਪ ਨੂੰ ਹੀ ਅਪਣਾਉਂਦੇ ਚਲੇ ਜਾ ਰਹੇ ਹਨ। ਕਾਰਣ, ਨਾ ਉਨ੍ਹਾਂ ਨੇ ਗੁਰੂ ਸਾਹਿਬ ਦਾ ਤਰਕਸੰਗਤ ਬੌਧਿਕ ਦ੍ਰਿਸ਼ਟੀਕੋਣ ਅਪਣਾਇਆ ਹੈ ਤੇ ਨਾ ਅਧੁਨਿਕ ਵਿਗਿਆਨਕ ਖੋਜਾਂ ਤੋਂ ਕੁਝ ਸਿੱਖਿਆ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਵੇਂ ਆਮ ਨਾਮ ਵਾਲਾ ਹੋਵੇ ਜਾਂ ਵਿਸ਼ੇਸ਼ ਨਾਮ ਵਾਲਾ, ਕਰਤਾ ਪੁਰਖ ਤਾਂ ਇਸ ਸ੍ਰਿਸ਼ਟੀ ਦਾ ਕੋਈ ਨਾ ਕੋਈ ਹੈ ਹੀ ਤੇ ਉਹ ਕਿਸੇ ਨਾ ਕਿਸੇ ਸੂਰਤ ਵਿਚ ਹਰ ਵੇਲੇ ਮੌਜੂਦ ਵੀ ਹੈ। ਬ੍ਰਹਿਮੰਡ ਦਾ ਯਥਾਰਥ ਸਭ ਦੀਆਂ ਅੱਖਾਂ ਸਾਹਮਣੇ ਹੈ ਜਿਸ ਨੂੰ ਲਕੋਇਆ ਜਾਂ ਮਿਟਾਇਆ ਨਹੀਂ ਜਾ ਸਕਦਾ। ਪਰ ਇਹ ਹੈ ਕੀ, ਕਿਵੇਂ ਦਾ ਹੈ ਤੇ ਇਸ ਨੇ ਸ੍ਰਿਸ਼ਟੀ ਰਚਨਾ ਕਿਵੇਂ ਕੀਤੀ ਹੈ, ਇਨ੍ਹਾਂ ਗੱਲਾਂ ਦਾ ਕੋਈ ਸਾਰਥਿਕ ਪਤਾ ਨਹੀਂ ਹੈ। ਗੁਰੂ ਸਾਹਿਬ ਨੂੰ ਪ੍ਰਤੀਤ ਹੁੰਦਾ ਸੀ ਕਿ ਇਹ ਪਦਾਰਥਕ ਖੇਤਰ ਦੇ ਮੁੱਦੇ ਹਨ ਤੇ ਇਨ੍ਹਾਂ ਦਾ ਸਹੀ ਉੱਤਰ ਵਿਗਿਆਨਕ ਢੰਗ ਦੀ ਖੋਜ ਉਪਰੰਤ ਹੀ ਪਤਾ ਲਗੇਗਾ। ਕਾਰਲ ਮਾਰਕਸ ਨੇ ਵੀ ਇਨ੍ਹਾਂ ਪ੍ਰਸ਼ਨਾਂ ਨੂੰ ਟਾਲਿਆ ਨਹੀਂ। ਉਸ ਮੁਤਾਬਿਕ ਇਹ ਪਦਾਰਥ ਤੇ ਪਦਾਰਥ ਦੇ ਵਿਕਾਸ ਦਾ ਮਸਲਾ ਹਨ। ਦੋਹਾਂ ਦਾ ਮੰਨਣਾ ਹੈ ਕਿ ਉਹ ਮੱਨੁਖੀ ਰੂਪ ਦਾ ਕਰਤਾ ਨਹੀਂ ਸਗੋਂ ਪਦਾਰਥਕ ਕਿਸਮ ਦਾ ਕਰਤਾਰ ਹੈ। ਇਸ ਦੀ ਅਸਲ ਰੂਪ-ਰੇਖਾ ਤੇ ਸਚਾ ਨਾਮ ਵਿਗਿਆਨਕ ਖੋਜ ਤੋਂ ਬਿਨਾਂ ਪਤਾ ਨਹੀਂ ਲਗਣਗੇ। ਲਗਦਾ ਹੈ ਇਹ ਕੰਮ ਅਜੋਕੇ ਗੁਰਮਤੀਏ ਵਿਦਵਾਨਾਂ ਦੀ ਥਾਂ ਭੌਤਿਕ ਤੇ ਰਸਾਇਣਿਕ ਵਿਗਿਆਨੀ ਕਰ ਰਹੇ ਹਨ ਜਿਹੜੇ ਚੁੱਪ ਚਾਪ ਖੋਜ ਕਰਦੇ ਹੋਏ ਉਸ ਪਦਾਰਥੀ ਕਣ ਭਾਵ "ਰੱਬੀ" ਕਣ ਤੀਕਰ ਪਹੁੰਚ ਗਏ ਹਨ ਜੋ ਬ੍ਰਹਿਮੰਡ ਰਚਨਾ ਵਿਚ ਸੀਮਿੰਟ ਦਾ ਕੰਮ ਕਰਦਾ ਹੈ। ਪੂਜਾ ਪਾਠੀਏ ਤੇ ਕੀਰਤਨੀਏ ਕੇਵਲ ਢੋਲਕੀਆਂ ਛੈਣੇ ਵਜਾਉਂਦੇ ਰਹਿ ਗਏ ਹਨ।

ਸੋਚ ਵਿਚਾਰ ਦੇ ਹਰ ਖੇਤਰ ਵਿਚ ਚਿੰਤਕ ਅਕਸਰ ਦੋਹਰੇ ਸੰਕਲਪਾਂ (Categories) ਦੀ ਵਰਤੋਂ ਕਰਦੇ ਹਨ। ਧਰਮ ਵਿਚ ਇਹ ਦੋ ਕਿਸਮਾਂ ਰਹੱਸਵਾਦ (Mysticism) ਤੇ ਪ੍ਰਯੋਗਵਾਦ (Pragmatism) ਦੀਆਂ ਹਨ, ਫਿਲਾਸਫੀ ਵਿਚ ਭੌਤਿਕ (Physical) ਤੇ ਪਰਾ-ਭੌਤਿਕ (Metaphysical) ਦੀਆਂ, ਸਾਹਿਤ ਵਿਚ ਆਦਰਸ਼ਵਾਦ (Idealism) ਤੇ ਯਥਾਰਥਵਾਦ (Realism) ਦੀਆਂ ਤੇ ਵਿਗਿਆਨ ਵਿਚ ਆਦਰਸ਼ਵਾਦ ਤੇ ਪਦਾਰਥਵਾਦ (Materialism) ਦੀਆਂ ਹਨ। ਵਿਗਿਆਨਿਕ ਵਿਧੀ ਦੇ ਖੇਤਰ ਵਿਚ ਅੰਤਰ-ਮੁਖਤਾ (Subjectivism) ਤੇ ਬਾਹਰ-ਮੁਖਤਾ (Objectivism) ਦੀਆਂ ਦਵੰਧਵਾਦੀ ਕਿਸਮਾਂ ਪ੍ਰੱਚਲਤ ਹਨ। ਬਾਹਰਮੁਖੀ ਵਿਚਾਰਾਂ ਵਾਲੇ ਉਹ ਚਿੰਤਕ ਹੁੰਦੇ ਹਨ ਜਿਹੜੇ ਕੁਦਰਤੀ ਵਰਤਾਰੇ ਨੂੰ ਸੁਤੰਤਰ ਤੌਰ ਤੇ ਆਪਣੇ ਨਿਯਮਾਂ ਅਨੁਸਾਰ ਚਲਦਾ ਮੰਨਦੇ ਹਨ ਤੇ ਆਪ ਉਸ ਵਿਚ ਆਪਣੀ ਹਉਮੈ ਦਾ ਸਿੱਧਾ ਜਾਂ ਅਸਿੱਧਾ ਦਖਲ ਦੇਣ ਤੋਂ ਗੁਰੇਜ਼ ਕਰਦੇ ਹਨ। ਇਨ੍ਹਾਂ ਦੇ ਵਿਚਾਰ ਹੋਰਾਂ ਨਾਲ ਸਾਂਝੇ ਕੀਤੇ ਜਾ ਸਕਦੇ ਹਨ ਤੇ ਹਰੇਕ ਦੁਆਰਾ ਅਜਮਾਏ ਜਾ ਸਕਦੇ ਹਨ। ਅੰਤਰਮੁਖੀ ਵਿਚਾਰਕ ਵਰਤਾਰੇ ਨੂੰ ਵਿਚਾਰਾਂ ਦੀ ਖੇਡ ਤੇ ਗਿਆਨ ਇੰਦਰੀਆਂ ਦਾ ਭੁਲੇਖਾਪਾਊ ਜਾਲ ਸਮਝਦੇ ਹਨ। ਉਨ੍ਹਾਂ ਅਨੁਸਾਰ ਵਰਤਾਰੇ ਦਾ ਕੋਈ ਸੁਤੰਤਰ ਅਸਤਿੱਤਵ ਨਹੀਂ ਹੈ ਇਸ ਲਈ ਇਸ ਦੇ ਭੇਤਾਂ ਨੂੰ ਅੰਦਰੋਂ ਹੀ ਸਮਝਿਆ ਜਾਂ ਮਹਿਸੂਸ ਕੀਤਾ ਜਾ ਸਕਦਾ ਹੈ। ਉਹ ਆਪਣੇ ਵਿਚਾਰ ਦੂਜਿਆਂ ਨਾਲ ਸਾਂਝਾ ਨਹੀਂ ਕਰ ਸਕਦੇ ਭਾਵ ਹੋਰਾਂ ਨੂੰ ਦਿਖਾ ਤੇ ਸਮਝਾ ਨਹੀਂ ਸਕਦੇ। ਇਸ ਲਈ ਉਨ੍ਹਾਂ ਦੇ ਵਿਚਾਰ ਤੇ ਵਿਚਾਰਾਂ ਦੇ ਸਿੱਟੇ ਵਿਗਿਆਨਕ ਨਹੀਂ ਹੁੰਦੇ। ਪਹਿਲੇ ਪ੍ਰਕਾਰ ਦੇ ਚਿੰਤਕ ਵਿਗਿਆਨਕ ਵਿਚਾਰਧਾਰਾ ਵਾਲੇ ਹੁੰਦੇ ਹਨ ਦੂਜੀ ਪ੍ਰਕਾਰ ਦੇ ਅਧਿਆਤਮਵਾਦੀ ਵਿਚਾਰਾਂ ਵਾਲੇ। ਸਿੱਖ ਵਿਦਵਾਨ ਗੁਰੂ ਸਾਹਿਬ ਨੂੰ ਅਧਿਆਤਮਵਾਦੀ ਮੰਨਦੇ ਹਨ ਜੋ ਉਨ੍ਹਾਂ ਦੀ ਅਗਿਆਨਤਾ ਦਾ ਸੂਚਕ ਹੈ। ਦੂਜੇ ਪਾਸੇ ਕਾਮਰੇਡੀ ਵਿਦਵਾਨ ਉਨ੍ਹਾਂ ਨੂੰ ਅੰਤਰਮੁਖੀ-ਬਾਹਰਮੁਖੀਆ (Objective-Subjectivist) ਮੰਨਦੇ ਹਨ, ਭਾਵ ਵਰਤਾਰੇ ਨੂੰ ਸੁਤੰਤਰ ਸਮਝਣ ਵਾਲਾ ਪਰ ਇਸ ਦੇ ਗਿਆਨ ਲਈ ਅਧਿਆਤਮਵਾਦੀ ਢੰਗ



ਅਪਨਾਉਣ ਵਾਲਾ ਮੰਨਦੇ ਹਨ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਕੁਦਰਤ ਨੂੰ ਆਪਣੇ ਨਿਯਮਾਂ ਅਨੁਸਾਰ ਚਲਦਾ ਹੋਇਆ ਸੁਤੰਤਰ ਵਰਤਾਰਾ ਤਾਂ ਮੰਨਦੇ ਹਨ ਪਰ ਨਾਲ ਕਰਤਾ ਪੁਰਖ ਨੂੰ ਵਿਅਕਤੀ ਮੰਨ ਕੇ ਉਸ ਦੇ ਮਨਮਾਨੇ ਹੁਕਮਾਂ ਵਿਚ ਵਿਸ਼ਵਾਸ਼ ਵੀ ਰੱਖਦੇ ਹਨ। ਇਸ ਲਈ ਇਨ੍ਹਾਂ ਵਿਦਵਾਨਾਂ ਦੇ ਖਿਆਲ ਵਿਚ ਉਹ ਕਰਤੇ ਦੀ ਭਗਤੀ ਕਰ ਕੇ ਲਾਭ ਉਠਾਉਣ ਵਿਚ ਵੀ ਹਿੱਤ ਰੱਖਣ ਵਾਲੇ ਹਨ। ਪਰ ਇਨ੍ਹਾਂ ਵਿਦਵਾਨਾਂ ਦੀ ਇਹ ਦਲੀਲ ਅਣਵਿਗਿਆਨਕ ਹੀ ਨਹੀਂ ਸਗੋਂ ਜਪੁਜੀ ਸਾਹਿਬ ਦੇ ਪੱਖੋਂ ਉੱਕਾ ਹੀ ਕੂੜ-ਕਬਾੜ ਵੀ ਹੈ। ਦੋਵੇਂ ਪਾਸਿਆਂ ਦੇ ਵਿਦਵਾਨ ਗੁਰੂ ਸਾਹਿਬ ਦੇ ਕਰਤੇ ਬਾਰੇ ਸਕਤੀਸ਼ਾਲੀ ਪਦਾਰਥਵਾਦੀ ਸੰਕੇਤ ਸਮਝਣ ਵਿਚ ਅਸਮਰਥ ਰਹੇ ਹਨ। ਉਹ ਗੁਰੂ ਸਾਹਿਬ ਦੀ ਵਿਗਿਆਨਕ ਵਿਧੀ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੰਦੇ ਹਨ। ਗੁਰੂ ਸਾਹਿਬ ਦਾ ਕਰਤਾ ਪੁਰਖ, ਕਿਸੇ ਵਿਸ਼ੇਸ਼ ਨਾਮ ਦੀ ਅਣਹੋਂਦ ਵਿਚ, ਇਕ ਸਰਬਜਨਿਕ ਅਗਿਆਤ ਹੋਂਦ ਦਾ ਵਿਸ਼ੇਸ਼ਣ-ਯੁਕਤ ਸੰਬੋਧਨੀ ਨਾਮ ਹੈ। ਫਿਲਾਸਫੀ ਵਿਚ ਅਗਿਆਤ ਵਸਤੂ ਲਈ ਸੰਬੋਧਨੀ ਨਾਮ ਦੀ ਵਰਤੋਂ ਇਵੇਂ ਹੀ ਜਾਇਜ਼ ਗੱਣਿਤੀ ਪੈਂਤਰਾ ਹੈ ਜਿਵੇਂ ਅਲਜਬਰੇ ਵਿਚ ਸੰਖਿਆਵਾਂ ਦੀ ਥਾਂ ਅੱਖਰਾਂ ਦੀ ਵਰਤੋਂ। ਉਂਜ ਭਗਤੀ ਤੇ ਪ੍ਰਾਰਥਨਾਵਾਂ ਰਾਹੀਂ ਕਰਤਾ ਪੁਰਖ ਨੂੰ ਰਿਝਾਉਣ ਦੀ ਗੱਲ ਤਾਂ ਗੁਰੂ ਸਾਹਿਬ ਨੇ ਸਾਰੇ ਜਪੁਜੀ ਵਿਚ ਕਿਤੇ ਨਹੀਂ ਲਿਖੀ ਹੋਈ। ਜੇ ਇੱਥੇ ਨਹੀਂ ਲਿਖੀ ਹੋਈ ਤਾਂ ਇਹ ਉਨ੍ਹਾਂ ਦੀ ਸਾਰੀ ਬਾਣੀ ਤੇ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਤੇ ਵੀ ਲਾਗੂ ਨਹੀਂ ਹੁੰਦੀ ਕਿਉਂਕਿ ਸਾਰੀ ਬਾਣੀ ਉੱਤੇ ਜਪੁਜੀ ਸਾਹਿਬ ਦਾ ਦਰਸ਼ਨ ਵਿਧਾਨ ਹੀ ਲਾਗੂ ਹੁੰਦਾ ਹੈ। ਦਰਅਸਲ ਇਨ੍ਹਾਂ ਵਿਦਵਾਨਾਂ ਨੇ ਬਾਣੀ ਨੂੰ ਪੜ੍ਹੇ-ਗੁੜ੍ਹੇ ਬਿਨਾਂ ਸੁਣ-ਸੁਣਾ ਕੇ ਹੀ ਗਲਤ ਧਾਰਨਾਵਾਂ ਅਪਣਾ ਰੱਖੀਆਂ ਹਨ।

ਸਿੱਖ ਮਤ ਤੇ ਮਾਰਕਸਵਾਦ ਦੀ ਸਾਂਝ ਦੇ ਸਹੀ ਮੁਲਾਂਕਣ ਲਈ ਦੋ ਹੋਰ ਮੁੱਦਿਆਂ ਦਾ ਸਪਸ਼ਟ ਕਰ ਦੇਣਾ ਜ਼ਰੂਰੀ ਹੈ। ਪਹਿਲਾ ਇਹ ਕਿ ਕਈ ਵਿਦਵਾਨ ਚਿੰਤਨ ਦੀਆਂ ਕਿਸਮਾਂ ਕੁਝ ਵਧੇਰੇ ਹੀ ਕਠੋਰ ਤੇ ਸਥਾਈ ਸਮਝਦੇ ਹਨ। ਉਹ ਉਨ੍ਹਾਂ ਨੂੰ ਵਿਗਿਆਨ-ਸੰਗਤ ਬਨਾਉਣ ਦੀ ਥਾਂ ਪੱਕਾ ਹੀ ਲਮਕਾਈ ਜਾਂਦੇ ਹਨ। ਅਧਿਆਤਮਵਾਦ ਦੀ ਕਿਸਮ ਕਿਸੇ ਵੇਲੇ ਉਨ੍ਹਾਂ ਅਦਿੱਖ ਵਰਤਾਰਿਆਂ ਨੂੰ ਦਰਸਾਉਣ ਲਈ ਵਰਤੀ ਜਾਂਦੀ ਸੀ ਜੋ ਮਾਦਿਕ ਵਸਤਾਂ ਵਾਂਗ ਸਿੱਧੇ ਤੌਰ 'ਤੇ ਗਿਆਨ ਇੰਦਰੀਆਂ ਦੀ ਪਕੜ ਵਿਚ ਨਹੀਂ ਸਨ ਆਉਂਦੇ। ਉਸ ਵੇਲੇ ਪਦਾਰਥ ਦੀ ਪ੍ਰੀਭਾਸ਼ਾ ਵੀ ਬੜੀ ਸਾਧਾਰਨ ਸੀ। ਪਦਾਰਥ ਉਸ ਨੂੰ ਮੰਨਿਆ ਜਾਂਦਾ ਸੀ ਜੋ ਪੁੰਜ (Mass) ਰੱਖਦਾ ਹੋਵੇ, ਥਾਂ ਘੇਰਦਾ ਹੋਵੇ, ਤੇ ਗਿਆਨ ਇੰਦਰੀਆਂ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੋਵੇ। ਜੋ ਇਹ ਸ਼ਰਤਾਂ ਪੂਰੀਆਂ ਨਹੀਂ ਸੀ ਕਰਦਾ, ਉਸ ਨੂੰ ਅਧਿਆਤਮਵਾਦ ਦਾ ਹਿੱਸਾ ਮੰਨਿਆ ਜਾਂਦਾ ਸੀ। ਪਰ ਅੱਜ ਵਿਗਿਆਨ ਦੇ ਵਿਕਾਸ ਨਾਲ ਟੈਕਨਾਲੋਜੀ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਕੱਲ ਦੀਆਂ ਬਹੁਤੀਆਂ ਅੱਦਿਖ ਚੀਜ਼ਾਂ ਅੱਜ ਦੇਖ ਲਈਆਂ ਗਈਆਂ ਹਨ। ਇਸ ਲਈ ਹੁਣ ਇਹ ਸਭ ਚੀਜ਼ਾਂ ਅਧਿਆਤਮ ਦੀ ਥਾਂ ਪਦਾਰਥ ਦੀ ਕੈਟੇਗਰੀ ਵਿਚ ਸ਼ਾਮਲ ਹੋ ਗਈਆਂ ਹਨ। ਕਿਉਂਕਿ ਇਹ ਮਾਦੇ ਦੇ ਨਿਯਮਾਂ ਦਾ ਪਾਲਨ ਕਰਦੀਆਂ ਹਨ ਇਸ ਲਈ ਮਾਦੇ ਦੇ ਨਿਯਮਾਂ ਅਨੁਸਾਰ ਹੀ ਇਨ੍ਹਾਂ ਦੀ ਖੋਜ ਹੋਈ ਹੈ ਤੇ ਅੱਗੋਂ ਹੋਣੀ ਚਾਹੀਦੀ ਹੈ। ਗਣਿਤ ਦੇ ਨਿਸਕਰਸ਼ਤਾ (Corollary) ਦੇ ਨਿਯਮ ਅਨੁਸਾਰ ਜੇ ਵਿਗਿਆਨ ਦੇ ਵਿਕਾਸ ਕਾਰਣ ਅੱਜ ਕੁਝ ਚੀਜ਼ਾਂ ਆਦਰਸ਼ਵਾਦੀ ਖੇਤਰ ਵਿਚੋਂ ਪਦਾਰਥਵਾਦੀ ਖੇਤਰ ਵਿਚ ਆ ਗਈਆਂ ਹਨ ਤਾਂ ਇਸ ਦੇ ਹੋਰ ਵਿਕਾਸ ਨਾਲ ਭਲਕੇ ਰਹਿੰਦੀਆਂ ਵੀ ਇਸ ਖੇਤਰ ਵਿਚ ਆ ਜਾਣਗੀਆਂ। ਇਸ ਕਾਰਣ ਅਨੰਤਕਾਲ ਤੀਕਰ ਦੇ ਵਿਗਿਆਨਿਕ ਵਿਕਾਸ ਨਾਲ ਅਧਿਆਤਮਵਾਦੀ ਕਿਸਮ (Spiritual Category) ਦੀ ਕੋਈ ਚੀਜ਼ ਬਾਕੀ ਨਹੀਂ ਰਹੇਗੀ। ਜੇ ਕੋਈ ਅਧਿਆਤਮਵਾਦੀ ਵਿਦਵਾਨ ਆਖੇ ਕਿ ਸਭ ਕੁਝ ਖੁਰਨ ਤੋਂ ਬਾਦ ਇਕ ਧਾਗਾ ਤਾਂ ਆਦਰਸ਼ਵਾਦ ਦਾ ਰਹਿ ਹੀ ਜਾਵੇਗਾ, ਜਿਸ ਨੂੰ ਪਕੜ ਕੇ ਉਹ ਫਿਰ ਪਰਮਾਤਮਾ ਤੀਕਰ ਪਹੁੰਚ ਜਾਵੇਗਾ ਤਾਂ ਉਹ ਇਸ ਅਨੰਤ ਪ੍ਰਕ੍ਰਿਆ ਤੇ ਕੈਲਕੂਲਸ ਦਾ ਸੀਮਾ (Limit) ਵਾਲਾ ਫਾਰਮੂਲਾ ਲਾ ਕੇ ਸੰਮਿਲਿਤੀਕਰਣ (Integration) ਕਰ ਲਵੇ, ਸਭ ਕੁਝ ਪਦਾਰਥਵਾਦ ਹੀ ਨਿਕਲੇਗਾ।

ਦਰਅਸਲ ਹਰ ਖੇਤਰ ਦੇ ਅਧਿਆਤਮਵਾਦੀ ਵਿਦਵਾਨ ਪਦਾਰਥਵਾਦ ਦੀ ਪੁਰਾਤਨ ਪ੍ਰੀਭਾਸ਼ਾ ਨੂੰ ਵਰਤਦਿਆਂ ਅਧਿਆਤਮਵਾਦ ਨੂੰ ਹਰ ਸੰਭਵ ਹਰਬੇ ਨਾਲ ਜੀਵਤ ਰੱਖਣ ਦੀ ਕੋਸ਼ਿਸ਼ ਕਰਦੇ ਹਨ, ਜਦੋਂ ਕਿ ਇਸ ਦੀ ਅਧੁਨਿਕ ਪ੍ਰੀਭਾਸ਼ਾ ਅਨੁਸਾਰ ਇਹ ਗੱਲ ਸੰਭਵ ਨਹੀਂ ਹੈ। ਇਸ ਸਬੰਧ ਵਿਚ ਲੈਨਿਨ ਦੀ ਟਕਸਾਲੀ ਮੰਨੀ ਜਾਂਦੀ ਪਦਾਰਥ ਦੀ ਪ੍ਰੀਭਾਸ਼ਾ ਵਰਨਣਯੋਗ ਹੈ ਜਿਸ ਅਨੁਸਾਰ ਪਦਾਰਥ ਕੋਈ ਇੱਟਾਂ ਵੱਟਿਆਂ ਦਾ ਨਾਂ ਨਹੀਂ ਜਿਵੇਂ ਕਿ ਅਧਿਆਤਮਵਾਦੀ ਸਮਝਦੇ ਹਨ। ਇਹ ਸਗੋਂ ਬਹੁਤ ਹੀ ਸੂਖਮ ਕਿਸਮ ਦੀ ਹੋਂਦ ਹੈ ਜੋ ਪ੍ਰਕ੍ਰਿਤੀ ਦੇ ਧੁਰ ਅੰਦਰ ਤੀਕਰ ਜਾਂਦੀ ਹੋਈ ਇਸ ਦਾ ਕਰਤਾ-ਧਰਤਾ ਹੈ। ਜਿਥੋਂ ਇਨ੍ਹਾਂ ਨੂੰ ਇਹ ਹੋਂਦ ਦਿਸਣੀ ਬੰਦ ਹੋ ਜਾਂਦੀ ਹੈ ਉਥੋਂ ਉਹ ਇਸ ਨੂੰ ਆਤਮਾ (Spirit) ਦਾ ਨਾਂ ਦੇਣਾ ਸ਼ੁਰੂ ਕਰ ਦਿੰਦੇ ਹਨ ਪਰ ਜਿਵੇਂ ਉਪਰ ਵਰਨਣ ਕੀਤਾ ਗਿਆ ਹੈ, ਹੁੰਦਾ ਇਹ ਪਦਾਰਥ ਹੀ ਹੈ। ਇਨ੍ਹਾਂ ਵਿਦਵਾਨਾਂ ਵਿਚ ਵਿਗਿਆਨ ਦੀ ਪੜਾਈ ਲਿਖਾਈ ਦੀ ਘਾਟ ਹੈ। ਇਹ ਘਾਟ ਇਨ੍ਹਾਂ ਨੂੰ ਬਹੁਤ ਹੀ ਧਿਆਨ ਲਾ ਕੇ ਪੂਰੀ ਕਰਨੀ ਚਾਹੀਦੀ ਹੈ ਨਹੀਂ ਤਾਂ ਇਹ ਸ਼ੀਘਰ ਹੀ ਵਿਦਵਾਨਾ ਦੀ ਸ਼੍ਰੇਣੀ ਵਿਚੋਂ ਖਾਰਜ ਹੋ ਜਾਣਗੇ।

ਯੂਰਪ ਵਿਚ ਜਦੋਂ ਰੁਦਰਫੋਰਡ ਨੇ ਐਟਮ ਦੇ ਅਟੁੱਟ ਖੋਲ ਵਿਚ ਸੰਧ ਲਾ ਕੇ ਐਟਮ ਦੇ ਬਿਜਲਈ ਭੀਤਰੀ ਕਣ (Charged Sub-Atomic Particles) ਦੇਖੇ ਤੇ ਮੈਰੀ ਕੂਰੀ ਨੇ ਖੋਜ ਕਰਕੇ ਪਦਾਰਥ ਨੂੰ ਰੇਡੀਏਸ਼ਨ (Radiation) ਰਾਹੀਂ ਸ਼ਕਤੀ ਵਿਚ ਤਬਦੀਲ ਹੁੰਦਾ ਦੇਖਿਆ ਤਾਂ ਆਸਟਰੀਆ ਦੀ ਯੂਨੀਵਰਸਿਟੀ ਦੇ ਫਿਜ਼ਿਕਸ

# ਹਾਕੀ ਦਾ ਬਾਬਾ ਬੋਹੜ ਊਧਮ ਸਿੰਘ 'ਊਧੀ'

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਊਧਮ ਸਿੰਘ ਦਾ ਨਾਂ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਦਰਜ ਹੈ। ਉਹ ਨਿੱਕੇ ਕੱਦ ਦਾ ਵੱਡਾ ਖਿਡਾਰੀ ਸੀ ਜਿਸ ਦਾ ਨਿੱਕਨੇਮ 'ਊਧੀ' ਸੀ। ਸੰਸਾਰਪੁਰ ਦਾ ਕੋਈ ਮੁੰਡਾ ਜੇ ਪੜ੍ਹਾਈ 'ਚ ਚੱਲ ਨਾ ਸਕਦਾ ਤਾਂ ਮਾਪੇ ਕਹਿੰਦੇ, "ਚੱਲ ਊਧੀ ਓ ਬਣਜਾ।" ਭਾਵ ਹਾਕੀ ਦੇ ਸਿਰ 'ਤੇ ਠਾਣੇਦਾਰ ਬਣਜਾ! ਊਧੀ ਪੰਜ ਓਲੰਪਿਕਸ ਖੇਡਣ ਲਈ ਚੁਣਿਆ ਗਿਆ ਸੀ ਪਰ ਦੋ ਉਂਗਲਾਂ ਟੁੱਟ ਜਾਣ ਕਾਰਨ ਚਾਰ ਓਲੰਪਿਕ ਸਹੀ ਖੇਡ ਸਕਿਆ। ਓਲੰਪਿਕ ਖੇਡਾਂ 'ਚੋਂ ਉਸ ਨੇ ਤਿੰਨ ਗੋਲਡ ਮੈਡਲ ਜਿੱਤੇ ਤੇ ਇਕ ਸਿਲਵਰ ਜੋ ਹਾਲੇ ਤਕ ਓਲੰਪਿਕ ਰਿਕਾਰਡ ਹੈ। ਕੇਵਲ ਲੈਸਲੀ ਕਲੌਡੀਅਸ ਹੀ ਉਹਦੀ ਬਰਾਬਰੀ ਕਰ ਸਕਿਆ। ਉਹ ਦੋਵੇਂ ਨਿੱਕੇ ਕੱਦਾਂ ਵਾਲੇ ਸਨ ਜੋ ਵਿਸ਼ਵ ਦੇ ਮਹਾਨ ਹਾਕੀ ਖਿਡਾਰੀ ਸਾਬਤ ਹੋਏ।

ਊਧਮ ਸਿੰਘ ਦਾ ਕੱਦ 5 ਫੁੱਟ 6 ਇੰਚ ਸੀ ਤੇ ਲੈਸਲੀ ਕਲੌਡੀਅਸ ਦਾ 5 ਫੁੱਟ 4 ਇੰਚ। ਊਧਮ ਸਿੰਘ 55-60 ਕਿੱਲੋ ਸਰੀਰਕ ਵਜ਼ਨ ਨਾਲ ਚਾਰ ਦਹਾਕੇ ਸਰਗਰਮ ਹਾਕੀ ਖੇਡਿਆ। ਉਸ ਨੇ ਆਪਣੇ ਹਾਣੀਆਂ ਨਾਲ ਤਾਂ ਖੇਡਣਾ ਹੀ ਸੀ, ਉਨ੍ਹਾਂ ਦੇ ਪੁੱਤਰਾਂ ਨਾਲ ਵੀ ਖੇਡਿਆ ਤੇ ਪੋਤਰਿਆਂ ਨੂੰ ਵੀ ਡਾਜਾਂ ਮਾਰਦਾ ਰਿਹਾ। ਇਹ ਗੱਲ ਅਫਸੋਸ ਨਾਲ ਲਿਖਣੀ ਪੈ ਰਹੀ ਹੈ ਕਿ ਜਿੱਡਾ ਵੱਡਾ ਉਹ ਖਿਡਾਰੀ ਸੀ ਉਸ ਨੂੰ ਓਡਾ ਵੱਡਾ ਮਾਣ ਸਨਮਾਨ ਨਹੀਂ ਮਿਲਿਆ। ਕੇਵਲ ਅਰਜਨਾ ਅਵਾਰਡ ਹੀ ਮਿਲ ਸਕਿਆ।

ਉਸ ਦਾ ਜਨਮ 31 ਜੁਲਾਈ 1928 ਨੂੰ ਹਾਕੀ ਦੇ ਘਰ ਸੰਸਾਰਪੁਰ ਵਿਚ ਹਜ਼ਾਰਾ ਸਿੰਘ ਕੁਲਾਰ ਦੇ ਗ੍ਰਹਿ ਵਿਖੇ ਮਾਤਾ ਹੁਕਮ ਕੌਰ ਦੀ ਕੁੱਖੋਂ ਹੋਇਆ। ਉਹ ਨਿੱਕਾ ਹੁੰਦਾ ਹੀ ਜਲੰਧਰ ਛਾਉਣੀ ਦੇ ਗਰਾਊਂਡ ਵਿਚ ਹਾਕੀ ਖੇਡਣ ਲੱਗ ਪਿਆ ਸੀ। ਐੱਨ.ਡੀ. ਵਿਕਟਰ ਹਾਈ ਸਕੂਲਤੋਂ ਦਸਵੀਂ ਕਰ ਕੇ ਉਹ ਡੀ.ਏ.ਵੀ. ਕਾਲਜ ਜਲੰਧਰ ਵਿਚ ਐੱਫ. ਏ. ਦੀ ਪੜ੍ਹਾਈ ਕਰ ਰਿਹਾ ਸੀ ਜਦੋਂ ਉਸਨੂੰ ਵਧੀਆ ਹਾਕੀ ਖਿਡਾਰੀ ਵਜੋਂ ਪੰਜਾਬ ਪੁਲਿਸ 'ਚ ਭਰਤੀ ਕਰ ਲਿਆ ਗਿਆ। ਉਹ 1947 ਤੋਂ 1978 ਤਕ ਪੰਜਾਬ ਪੁਲਿਸ ਤੇ ਬੀ. ਐੱਸ. ਐੱਫ. ਵੱਲੋਂ ਮੁਕਾਬਲੇ ਦੀ ਹਾਕੀ ਖੇਡਿਆ। ਹਾਕੀ ਦੀ ਕੋਚਿੰਗ ਤਾਂ ਉਹ ਉਮਰ ਦੇ ਆਖ਼ਰੀ ਦਮਾਂ ਤਕ ਦਿੰਦਾ ਰਿਹਾ। ਮੈਰਿਟ ਉਤੇ ਜਲੰਧਰ ਦੇ ਕਿਸੇ ਹਾਕੀ ਸਟੇਡੀਅਮ ਜਾਂ ਨਾਮੀ ਖੇਡ ਅਦਾਰੇ ਨਾਲ ਊਧਮ ਸਿੰਘ ਦਾ ਨਾਂ ਜੋੜ ਦੇਣਾ ਚਾਹੀਦੈ ਤਾਂ ਕਿ ਉਹਦਾ ਨਾਂ ਸਦਾ ਲਈ ਜਗਮਗਾਉਂਦਾ ਰਹੇ। ਸਕੂਲੀ ਪਾਠ ਪੁਸਤਕਾਂ ਵਿਚ ਵੀ ਉਹਦੇ ਖੇਡ ਜੀਵਨ ਬਾਰੇ ਲੇਖ ਪਾਇਆ ਜਾਣਾ ਚਾਹੀਦੈ ਤਾਂ ਕਿ ਵਿਦਿਆਰਥੀ ਖੇਡਾਂ ਖੇਡਣ ਲਈ ਪ੍ਰੇਰਿਤ ਹੋ ਸਕਣ।

ਬਿਨਾ ਨਾਗਾ ਦੌੜਨਾ, ਹਾਕੀ ਖੇਡਣਾ ਤੇ ਕਸਰਤ ਕਰਨੀ ਊਧੀ ਦਾ ਨਿੱਤਨੇਮ ਸੀ। ਸੰਸਾਰਪੁਰ ਦੇ ਰਾਹ, ਪਹੇ ਤੇ ਪਗਡੰਡੀਆਂ ਉਹਦੀਆਂ ਪੈੜਾਂ ਨਾਲ ਘਸੇ ਪਏ ਸਨ। ਹਾਕੀ ਦਾ ਫਾਰਵਰਡ ਖਿਡਾਰੀ ਇਕ ਮੈਚ ਵਿਚ ਔਸਤਨ ਬਾਰਾਂ ਤੋਂ ਪੰਦਰਾਂ ਕਿਲੋਮੀਟਰ ਦੌੜਦਾ ਹੈ। ਉਹ ਸੈਂਕੜੇ ਨਹੀਂ, ਹਜ਼ਾਰਾਂ ਮੈਚ ਖੇਡਿਆ। ਸਵੇਰੇ ਸ਼ਾਮ ਸਰੀਰ ਗਰਮਾਉਣ ਤੇ ਦਮ ਪਕਾਉਣ ਦੀਆਂ ਦੌੜਾਂ ਵੱਖਰੀਆਂ। ਉਹ ਘਰੋਂ ਸਕੂਲ ਤੇ ਗਰਾਊਂਡ ਤਕ ਦੌੜ ਕੇ ਹੀ ਜਾਂਦਾ। ਛਾਉਣੀ ਦੇ ਫੌਜੀਆਂ ਨੇ ਉਹਦਾ ਨਾਂ 'ਫਲਾਈਂਗ ਜਨਤਾ' ਰੱਖਿਆ ਸੀ। ਜਿੱਦਣ ਉਹ ਕਿਤੇ ਬਾਹਰ ਗਿਆ ਹੁੰਦਾ ਤਾਂ ਫੌਜੀ ਕਹਿੰਦੇ, "ਅੱਜ 'ਫਲਾਈਂਗ ਜਨਤਾ' ਨੀ ਆਈ!" ਜੇ ਕਿਤੇ ਉਹਦੇ ਦੌੜਨ ਦਾ ਪੂਰਾ ਰਿਕਾਰਡ ਰੱਖਿਆ ਹੁੰਦਾ ਤਾਂ ਊਧਮ ਸਿੰਘ ਉਰਫ਼ 'ਫਲਾਈਂਗ ਜਨਤਾ' ਨੇ ਲੱਖ ਮੀਲ ਤੋਂ ਕਿਤੇ ਵੱਧ ਦਾ ਸਫ਼ਰ ਤੈਅ ਕਰ ਲਿਆ ਹੋਣਾ ਸੀ!

ਉਹ ਬੀਐੱਸਐੱਫ. ਦਾ ਕਮਾਂਡੈਂਟ ਬਣਿਆ ਤਾਂ ਮੈਂ ਉਸ ਨੂੰ ਮਿਲਣ ਉਹਦੇ ਦਫਤਰ ਜਲੰਧਰ ਗਿਆ। ਬਾਹਰ ਠੰਢੀ ਧੁੰਦ ਸੀ ਜਿਸ ਨਾਲ ਮੈਂ ਠਰਿਆ ਹੋਇਆ ਸਾਂ। ਪਰ ਜਿਸ ਨਿੱਘ ਤੇ ਤਪਾਕ ਨਾਲ ਉਹ ਮਿਲਿਆ ਮੇਰੀ ਸਾਰੀ ਠਾਰੀ ਦੂਰ ਹੋ ਗਈ। ਉਸ ਨੇ ਅਸਮਾਨੀ ਰੰਗ ਦੀ ਪੈਂਟ ਤੇ ਭੂਰੇ ਕੋਟ ਉਪਰ ਵੱਡੀ ਗੁਲਾਬੀ ਪੱਗ ਬੰਨ੍ਹੀ ਹੋਈ ਸੀ। ਆਮ ਬੰਦੇ ਚੀਚੀ ਨਾਲ ਦੀ ਉਂਗਲ ਵਿਚ ਛਾਪ ਪਾਉਂਦੇ ਹਨ ਪਰ ਉਸ ਨੇ ਸਟੀਲ ਦਾ ਛੱਲਾ ਵਿਚਕਾਰਲੀ ਉਂਗਲ ਵਿਚ ਪਾਇਆ ਹੋਇਆ ਸੀ। ਜਦੋਂ ਉਹ ਹੱਥ ਚੁੱਕ ਕੇ ਗੱਲ ਕਰਦਾ ਤਾਂ ਉਹ ਛੱਲਾ ਮੱਲੋ-ਮੱਲੀ ਧਿਆਨ ਖਿੱਚਦਾ। ਗੱਲੀਂ ਬਾਤੀਂ ਪਤਾ ਲੱਗਾ ਕਿ ਹਾਕੀ ਖੇਡਦਿਆਂ ਅੰਗੂਠੇ ਸਣੇ ਉਹਦੀਆਂ ਉਂਗਲਾਂ ਟੁੱਟ ਕੇ ਜੁੜੀਆਂ ਸਨ। ਇਹੋ ਵਿਚਕਾਰਲੀ ਉਂਗਲ ਹੀ ਕਰਾਮਾਤੀ ਸੀ ਜੋ ਸਲਾਮਤ ਰਹੀ।



ਉਸ ਨੇ ਦੱਸਿਆ, "ਮੈਂ 1948 ਦੀਆਂ ਓਲੰਪਿਕ ਖੇਡਾਂ ਲਈ ਭਾਰਤੀ ਟੀਮ 'ਚ ਚੁਣਿਆ ਗਿਆ ਸਾਂ ਜੋ ਲੰਡਨ ਹੋਣੀਆਂ ਸਨ। ਟੀਮ ਦਾ ਕੈਂਪ ਬੰਬਈ ਦੇ ਬੀਐੱਚਏ ਗਰਾਊਂਡ ਵਿਚ ਲੱਗਾ ਸੀ। ਇਕ ਦਿਨ ਮੈਂ ਪ੍ਰੈਕਟਿਸ ਕਰਦਿਆਂ ਪੂਰਾ ਜ਼ੋਰ ਲਾ ਕੇ ਖੇਡਿਆ। ਕੋਚ ਨੇ ਮੈਨੂੰ ਆਰਾਮ ਕਰਨ ਨੂੰ ਕਿਹਾ ਪਰ ਮੇਰੇ 'ਤੇ ਹੋਰ ਖੇਡਣ ਦਾ ਏਨਾ ਭੂਤ ਸਵਾਰ ਸੀ ਕਿ ਮੈਂ ਫੇਰ ਵੀ ਖੇਡੀ ਗਿਆ। ਖੇਡਦੇ-ਖੇਡਦੇ ਸੈਂਟਰ ਹਾਫ਼ ਅਮੀਰ ਕੁਮਾਰ ਤੋਂ ਮੇਰੇ ਹੱਥ 'ਤੇ ਐਸੀ ਸਟਿੱਕ ਵੱਜੀ ਕਿ ਮੇਰੀਆਂ ਦੋ ਉਂਗਲਾਂ ਟੁੱਟ ਗਈਆਂ। ਉਹ ਸੱਟ ਮੈਨੂੰ ਬਹੁਤ ਮਹਿੰਗੀ ਪਈ। ਜੇ ਮੈਂ ਲੰਡਨ ਦੀ ਓਲੰਪਿਕ ਖੇਡ ਜਾਂਦਾ ਤਾਂ ਮੇਰੇ ਕੋਲ ਓਲੰਪਿਕ ਖੇਡਾਂ ਦੇ ਪੰਜ ਮੈਡਲ ਹੋ ਜਾਣੇ ਸਨ ਜਿਨ੍ਹਾਂ ਦੀ ਬਰਾਬਰੀ ਸ਼ਾਇਦ ਕੋਈ ਵੀ ਨਾ ਕਰ ਸਕਦਾ।"

ਊਧਮ ਸਿੰਘ ਦਾ ਬਾਪ 1930 ਵਿਚ ਵਲਾਇਤ ਚਲਾ ਗਿਆ ਸੀ। ਊਧੀ ਪ੍ਰਾਇਮਰੀ ਸਕੂਲ 'ਚ ਪੜ੍ਹਦਾ ਸੀ ਜਦੋਂ ਉਹਦੀ ਮਾਂ ਗੁਜ਼ਰ ਗਈ। ਮਾਪਿਆਂ ਵਿਹੂਣੇ ਬਾਲ ਨੂੰ ਭੈਣ ਤੇ ਭਰਾ ਭਰਜਾਈ ਨੇ ਸੰਭਾਲਿਆ। 1946 'ਚ ਜਦ ਉਹ ਕਾਲਜ ਵਿਚ ਦਾਖਲ ਹੋਇਆ ਤਾਂ ਉਹਦਾ ਬਾਪ ਹਰ ਮਹੀਨੇ ਉਸ ਨੂੰ ਛੇ ਸੌ ਰੁਪਏ ਭੇਜਣ ਲੱਗਾ। ਉਹ ਆਪ ਵੀ ਵਧੀਆ ਖੁਰਾਕ ਖਾਂਦਾ ਤੇ ਆਪਣੇ ਨਾਲ ਦੇ ਖਿਡਾਰੀਆਂ ਨੂੰ ਵੀ ਖਵਾਉਂਦਾ। 1952 'ਚ ਹੈਲਸਿੰਕੀ ਦੀਆਂ ਓਲੰਪਿਕ ਖੇਡਾਂ 'ਚੋਂ ਗੋਲਡ ਮੈਡਲ ਜਿੱਤ ਕੇ ਉਹ ਲੰਡਨ ਰਹਿੰਦੇ ਆਪਣੇ ਬਾਪ ਨੂੰ ਮਿਲਣ ਗਿਆ। ਬੂਹੇ ਦੀ ਘੰਟੀ ਦੱਬੀ ਤਾਂ ਉਹਦੇ ਪਿਤਾ ਨੇ ਦਰ ਖੋਲ੍ਹਿਆ। ਪਰ ਉਹ ਆਪਣੇ ਪਿਤਾ ਨੂੰ ਸਿਆਣ ਨਾ ਸਕਿਆ। ਊਧਮ ਸਿੰਘ ਨੇ ਪੁੱਛਿਆ, "ਕੀ ਸਰਦਾਰ ਹਜ਼ਾਰਾ ਸਿੰਘ ਘਰ ਹਨ?"

ਅੱਗੋਂ ਉਹਦਾ ਬਾਪ ਮਜ਼ਾਕੀਆ ਬੰਦਾ ਸੀ। ਉਸ ਨੇ ਕਿਹਾ, "ਹਜ਼ਾਰਾ ਸਿੰਘ ਤਾਂ ਘਰ ਨਹੀਂ। ਬੱਸ ਆਉਣ ਈ ਵਾਲਾ। ਆਓ ਬੈਠੋ।" ਬਾਪ ਉਸ ਨੂੰ ਉਪਰਲੀ ਮੰਜ਼ਿਲ 'ਤੇ ਲੈ ਗਿਆ ਤੇ ਪੁੱਛਿਆ, "ਜੁਆਨਾਂ ਕੀ ਪੀਵੇਂਗਾ?" ਸੰਗਦੇ ਹੋਏ ਊਧੀ ਨੇ 'ਪੱਤੀ ਵਾਲਾ ਦੁੱਧ' ਕਿਹਾ। ਬਾਪ ਰਸੋਈ ਵਿਚੋਂ ਦੁੱਧ ਲੈਣ ਚਲਾ ਗਿਆ। ਇੰਨੇ ਨੂੰ ਉਹਦੀ ਨਿਗ੍ਹਾ ਆਪਣੀ ਫੋਟੋ 'ਤੇ ਪੈ ਗਈ ਜੋ ਉਸ ਨੇ ਬਾਪ ਨੂੰ ਭੇਜੀ ਸੀ। ਦੋਹਾਂ ਪਿਉ ਪੁੱਤਾਂ ਦੀ ਫੋਟੋ ਇਕੋ ਫਰੇਮ 'ਚ ਵੇਖ ਉਸ ਨੂੰ ਪਤਾ ਲੱਗ ਗਿਆ ਕਿ ਇਹੋ ਮੇਰਾ ਬਾਪ ਹੈ। ਜਦ ਉਹਦਾ ਬਾਪ ਦੁੱਧ ਲੈ ਕੇ ਆਇਆ ਤਾਂ ਉਸ ਨੇ ਪੈਰੀਂ ਪੈਂਦਿਆਂ ਕਿਹਾ, "ਡੈਡ, ਮੈਂ ਤੁਹਾਨੂੰ ਸਿਆਣ ਲਿਆ। ਮੈਂ ਤੁਹਾਡਾ ਪੁੱਤਰ 'ਊਧੀ' ਹਾਂ।" ਪਿਉ ਪੁੱਤਰ 22 ਸਾਲਾਂ ਬਾਅਦ ਪਹਿਲੀ ਵਾਰ ਮਿਲੇ ਸਨ। ਉਨ੍ਹਾਂ ਦੀਆਂ ਧਾਅ ਗਲਵੱਕੜੀਆਂ ਪੈ ਗਈਆਂ ਜੋ ਦੇਰ ਤਕ ਪਈਆਂ ਰਹੀਆਂ। ਊਧਮ ਸਿੰਘ ਨੇ ਦੱਸਿਆ, 'ਅਸੀਂ ਦੇਰ ਰਾਤ ਤਕ ਪਰਿਵਾਰ ਤੇ ਰਿਸ਼ਤੇਦਾਰਾਂ ਦੀਆਂ ਗੱਲਾਂ ਕਰਦੇ ਰਹੇ ਕਿ ਸਾਡੀ ਅੱਖ ਲੱਗ ਗਈ। ਮੈਨੂੰ ਨੀਂਦ 'ਚ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਮੈਂ ਵਰ੍ਹਿਆਂ ਬਾਅਦ ਆਪਣੀ ਮਾਂ ਦੀ ਗੋਦ 'ਚ ਸੁੱਤਾ ਪਿਆ ਹੋਵਾਂ!'

ਊਧਮ ਸਿੰਘ ਸ਼ਰਾਬ ਨਹੀਂ ਸੀ ਪੀਂਦਾ। ਕਹਿੰਦਾ ਸੀ ਕਿ ਮੇਰੇ ਹਿੱਸੇ ਦੀ ਸ਼ਰਾਬ ਡੈਡ ਪੀ ਗਏ। ਲੰਡਨ ਵਿਚ ਜਦੋਂ ਉਹਦੇ ਬਾਪ ਨੇ ਪੁੱਛਿਆ ਸੀ, 'ਜੁਆਨਾਂ ਕੀ ਪੀਵੇਂਗਾ?' ਤਾਂ ਉਨ੍ਹਾਂ ਦਾ ਮਤਲਬ ਸੀ ਬਈ ਬੀਅਰ, ਵਾਈਨ ਜਾਂ ਵਿਸਕੀ 'ਚੋਂ ਕੀ ਪੀਵੇਂਗਾ? ਘਰ 'ਚ ਉਹਦੇ ਡੈਡ ਨੇ ਪੀਣ ਪਿਆਉਣ ਦਾ ਸਦਾਵਰਤ ਲਾ ਰੱਖਿਆ ਸੀ। ਬਾਪ ਦਾ ਇਹ ਹਾਲ ਵੇਖ ਕੇ ਊਧਮ ਸਿੰਘ ਨੇ ਸਹੁੰ ਖਾ ਲਈ ਕਿ ਮੈਂ ਸਾਰੀ ਉਮਰ ਸ਼ਰਾਬ ਨਹੀਂ ਪੀਵਾਂਗਾ। ਉਹ ਫਲਾਂ ਦਾ ਤਾਜ਼ਾ ਜੂਸ ਪੀਂਦਾ ਤੇ ਸੁੱਕੇ ਮੇਵੇ ਖਾਂਦਾ। ਬਦਾਮ ਰੋਗਨ, ਸਰਦਾਈ ਤੇ ਚਿਕਨ ਸੂਪ ਪੀਂਦਾ ਜਿਸ ਨਾਲ ਚੜ੍ਹਦੀ ਉਮਰੇ ਉਹਦੀ ਚੰਗੀ ਪੁੱਠ ਬੱਝ ਗਈ ਸੀ।

ਉਹ ਸਕੂਲ, ਕਾਲਜ ਤੇ ਯੂਨੀਵਟਰਸਿਟੀ ਵੱਲੋਂ ਖੇਡਦਾ 1947 ਤੋਂ 66 ਤਕ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿਚ ਪੰਜਾਬ ਦੀ ਨੁਮਾਇੰਦਗੀ ਕਰਦਾ ਰਿਹਾ। ਫਿਰ ਬੀਐੱਸਐੱਫ ਵਿਚ ਜਾਣ ਪਿੱਛੋਂ 1978 ਤਕ ਬੀਐੱਸਐੱਫ ਵੱਲੋਂ ਖੇਡਿਆ। ਜਦੋਂ ਮੈਂ ਦਿੱਲੀ ਪੜ੍ਹਦਾ ਪੜ੍ਹਾਉਂਦਾ ਸਾਂ ਤਾਂ ਉਸ ਨੂੰ ਅਕਸਰ ਟੂਰਨਾਮੈਂਟਾਂ 'ਚ ਖੇਡਦਾ ਵੇਖਦਾ ਸਾਂ। ਉਹ ਵਧੇਰੇ ਕਰਕੇ ਲੈਫਟ ਇਨ ਖੇਡਦਾ ਸੀ। ਲੋੜ ਪੈਣ 'ਤੇ ਸੈਂਟਰ ਹਾਫ਼ ਵੀ ਖੇਡ ਜਾਂਦਾ। ਪੈਨਲਟੀ ਕਾਰਨਰ ਲਾਉਣ ਵੇਲੇ ਗੇਂਦ ਰੇੜ੍ਹਨ ਦੀ ਭੂਮਿਕਾ ਉਹੀ ਨਿਭਾਉਂਦਾ। ਇਸ ਕਲਾ ਵਿਚ ਉਹ ਪੂਰਾ ਮਾਹਿਰ ਸੀ। ਉਸ ਨੇ ਕੋਚਿੰਗ ਦਾ ਡਿਪਲੋਮਾ ਕਰ ਲਿਆ ਸੀ ਜਿਸ ਕਰਕੇ ਬੀਐੱਸਐੱਫ ਤੇ ਭਾਰਤ ਦੀਆਂ ਹਾਕੀ ਟੀਮਾਂ ਨੂੰ ਕੋਚਿੰਗ ਵੀ ਦਿੰਦਾ ਰਿਹਾ।

1949 ਵਿਚ ਉਹ ਭਾਰਤੀ ਹਾਕੀ ਟੀਮ ਦਾ ਮੈਂਬਰ ਬਣ ਕੇ ਅਫ਼ਗ਼ਾਨਿਸਤਾਨ ਦੇ ਟੂਰ 'ਤੇ ਗਿਆ। 1952, 56, 60 ਤੇ 64 ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲਿਆ ਜਿਨ੍ਹਾਂ ਵਿਚੋਂ ਇਕ ਚਾਂਦੀ ਤੇ ਤਿੰਨ ਸੋਨ ਤਗ਼ਮੇ ਜਿੱਤੇ। ਉਸ ਨੇ ਏਸ਼ਿਆਈ ਖੇਡਾਂ 'ਚੋਂ ਵੀ ਮੈਡਲ ਜਿੱਤੇ ਤੇ ਹਾਕੀ ਦੇ ਟੂਰ ਲਾਉਂਦਿਆਂ ਸੈਂਕੜੇ ਗੋਲ ਕੀਤੇ। ਮੈਲਬੌਰਨ ਦੀਆਂ ਓਲੰਪਿਕ ਖੇਡਾਂ ਦਾ ਉਹ ਬੈੱਸਟ ਸਕੋਰਰ ਸੀ। ਰੋਮ-1960 ਦੀਆਂ ਓਲੰਪਿਕ ਖੇਡਾਂ ਲਈ ਬਲਬੀਰ ਸਿੰਘ ਸੀਨੀਅਰ ਨੂੰ ਟੀਮ 'ਚ ਖਿਡਾਉਣ ਦੀ ਥਾਂ ਟੀਮ ਦਾ ਚੋਣਕਾਰ ਬਣਾ ਲਿਆ ਗਿਆ ਸੀ। ਉਦੋਂ ਊਧਮ ਸਿੰਘ ਨੇ ਕਿਹਾ ਸੀ, "ਜੇ ਗੋਲਡ ਮੈਡਲ ਜਿੱਤਣਾ ਤਾਂ ਬਲਬੀਰ ਨੂੰ ਟੀਮ ਵਿਚ ਪਾ ਲਓ, ਮੈਨੂੰ ਭਾਵੇਂ ਰਹਿਣ ਦਿਓ!" ਪਰ ਉਸ ਦੀ ਗੱਲ ਨਾ ਮੰਨੀ ਗਈ ਤੇ ਰੋਮ ਵਿਚ ਭਾਰਤੀ ਟੀਮ ਪਾਕਿਸਤਾਨ ਦੀ ਟੀਮ ਹੱਥੋਂ ਹਾਰ ਗਈ। 1961 ਵਿਚ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਦੇ ਟੂਰ ਸਮੇਂ ਅਤੇ 1963 'ਚ ਲਿਓਨ ਦੇ ਇੰਟਰਨੈਸ਼ਨਲ ਟੂਰਨਾਮੈਂਟ ਮੌਕੇ ਉਹ ਭਾਰਤੀ ਹਾਕੀ ਟੀਮ ਦਾ ਕਪਤਾਨ ਸੀ। 1967 ਦੇ ਪ੍ਰੀਓਲੰਪਿਕ ਟੂਰਨਾਮੈਂਟ, 1970 ਦੀਆਂ ਏਸ਼ਿਆਈ ਖੇਡਾਂ ਤੇ 1971 ਦੇ ਸਿੰਗਾਪੁਰ ਫੈਸਟੀਵਲ ਸਮੇਂ ਉਹ ਭਾਰਤੀ ਹਾਕੀ ਟੀਮਾਂ ਦਾ ਕੋਚ ਸੀ।

ਏਡੇ ਵੱਡੇ ਖਿਡਾਰੀ ਬਾਰੇ ਲਿਖਣ ਨੂੰ ਤਾਂ ਬਹੁਤ ਕੁਝ ਹੈ ਪਰ ਕੁਦਰਤ ਨੇ ਜਿਸ ਪੱਖੋਂ ਉਹਦੇ ਨਾਲ ਜੱਗੋਂ ਤੇਰ੍ਹਵੀਂ ਕੀਤੀ ਉਸ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਵਿਦਾ ਹੋਣ ਤੋਂ ਪਹਿਲਾਂ ਮੈਂ ਉਸ ਨੂੰ ਪੁੱਛਿਆ ਸੀ, "ਕੋਈ ਦੁੱਖ ਸੁੱਖ ਦੀ ਗੱਲ ਵੀ ਦੱਸੋ, ਇਹ ਤਾਂ ਹਰ ਇਕ 'ਤੇ ਬੀਤਦੀ ਹੈ।" ਉਸ ਨੇ ਡੂੰਘਾ ਸਾਹ ਭਰ ਕੇ ਕਿਹਾ ਸੀ, "ਪਹਿਲਾ ਵੱਡਾ ਦੁੱਖ ਮਾਂ ਦੀ ਮੌਤ ਦਾ ਹੋਇਆ ਸੀ। ਫੇਰ ਡੈਡ ਵੀ ਲੰਮੀ ਉਮਰ ਨਾ ਜਿਉਂ ਸਕੇ। ਮੇਰੇ ਤਿੰਨ ਪੁੱਤਰ ਹੋਏ ਤੇ ਇਕ ਧੀ। ਉਹ ਸਾਰੇ ਹੀ ਵਾਰੋ ਵਾਰੀ ਪ੍ਰਮਾਤਮਾ ਨੂੰ ਪਿਆਰੇ ਹੁੰਦੇ ਗਏ। ਬਥੇਰਾ ਇਲਾਜ ਕਰਾਇਆ ਪਰ ਜੋ ਉਸ ਨੂੰ ਮਨਜ਼ੂਰ...।" ਉਹਦੀਆਂ ਅੱਖਾਂ ਭਰ ਆਈਆਂ।

ਨੌਕਰੀ ਤੋਂ ਰਿਟਾਇਰ ਹੋਣ ਪਿੱਛੋਂ ਉਹ ਆਪਣੇ ਜੱਦੀ ਘਰ 'ਚ ਰਹਿਣ ਲੱਗ ਪਿਆ ਸੀ ਤੇ ਹਾਕੀ ਅਕੈਡਮੀ ਬਣਾ ਕੇ ਛੋਟੇ ਬੱਚਿਆਂ ਨੂੰ ਹਾਕੀ ਖੇਡਣੀ ਸਿਖਾਇਆ ਕਰਦਾ ਸੀ। ਸੰਸਾਰਪੁਰ ਦੇ ਉਦੋਂ ਤਕ 14 ਓਲੰਪੀਅਨ ਬਣ ਚੁੱਕੇ ਸਨ ਜੋ ਸਾਰੇ ਹੀ ਕੁਲਾਰ ਗੋਤੀ ਸਨ। ਗੁਰਮੀਤ ਸਿੰਘ, ਊਧਮ ਸਿੰਘ, ਗੁਰਦੇਵ ਸਿੰਘ, ਹਰਦੇਵ ਸਿੰਘ ਕੀਨੀਆ, ਦਰਸ਼ਨ ਸਿੰਘ, ਬਲਬੀਰ ਸਿੰਘ, ਜਗਜੀਤ ਸਿੰਘ, ਬਲਬੀਰ ਸਿੰਘ ਬੀਰ੍ਹੀ, ਤਰਸੇਮ ਸਿੰਘ, ਅਜੀਤਪਾਲ ਸਿੰਘ, ਜਗਜੀਤ ਸਿੰਘ ਕੀਨੀਆ, ਹਰਵਿੰਦਰ ਸਿੰਘ ਕੀਨੀਆ, ਬਿੰਦੀ ਸਿੰਘ ਕੈਨੇਡਾ ਤੇ ਹਰਦਿਆਲ ਸਿੰਘ ਕੀਨੀਆ। ਇਕੋ ਬੀਹੀ ਦੇ ਜੰਮਪਲ ਬਾਰਾਂ ਓਲੰਪੀਅਨ!

ਊਧਮ ਸਿੰਘ ਨੇ ਆਖ਼ਰੀ ਉਮਰੇ ਦੁਬਾਰਾ ਵਿਆਹ ਕਰਾ ਲਿਆ ਸੀ ਤਾਂ ਜੋ ਔਲਾਦ ਦਾ ਮੂੰਹ ਵੇਖ ਸਕੇ ਜੋ ਉਸ ਦੇ ਕਰਮਾਂ 'ਚ ਨਹੀਂ ਸੀ। 18 ਮਈ 2000 ਨੂੰ ਉਹ ਸਕੂਟਰ 'ਤੇ ਦੂਰਦਰਸ਼ਨ ਜਲੰਧਰ ਨੂੰ ਇੰਟਰਵਿਊ ਦੇਣ ਗਿਆ। ਰਾਹ 'ਚੋਂ ਸਕੂਟਰ ਮੋੜ ਲਿਆ ਤਾਂ ਕਿ ਆਪਣੇ ਹਾਕੀ ਗਰਾਊਂਡ ਤੇ ਦਫਤਰ ਦੇ ਦਰਸ਼ਨ ਕਰ ਲਵਾਂ ਜਿੱਥੇ ਲੰਮੀ ਉਮਰ ਬਿਤਾਈ ਸੀ। ਉਦੋਂ ਕੀ ਪਤਾ ਸੀ ਇਹ ਜਾਂਦੀ ਵਾਰ ਦੇ ਦਰਸ਼ਨ ਸਨ! 20 ਮਾਰਚ ਨੂੰ ਦਿਲ ਦਾ ਦੌਰਾ ਪਿਆ। ਤੁਰਤ ਹਸਪਤਾਲ ਜਾਣਾ ਪਿਆ। 23 ਮਾਰਚ ਨੂੰ ਠੀਕ ਹੋ ਕੇ ਘਰ ਆ ਗਿਆ। ਜਾਣ ਸਾਰ ਗਰਾਊਂਡ 'ਚ ਖੇਡਦੇ ਬੱਚਿਆਂ ਨੂੰ ਲੱਡੂ ਵੰਡੇ ਗਏ। ਪਰ ਉਸੇ ਰਾਤ ਇਕ ਦੌਰਾ ਹੋਰ ਪਿਆ ਜੋ 72 ਸਾਲਾਂ ਦੇ ਸਿਰੜੀ ਖਿਡਾਰੀ ਨੂੰ ਨਾਲ ਹੀ ਲੈ ਗਿਆ। 27 ਮਾਰਚ ਨੂੰ ਸੰਸਾਰਪੁਰ 'ਚ ਉਹਦੇ ਨਮਿੱਤ ਪਾਠ ਦਾ ਭੋਗ ਪਾਇਆ ਗਿਆ ਤੇ ਆਤਮਾ ਦੀ ਸ਼ਾਂਤੀ ਲਈ ਅੰਤਮ ਅਰਦਾਸ ਕੀਤੀ ਗਈ। ਹੁਣ ਪਤਾ ਨਹੀਂ ਉਸ ਨੂੰ ਕੋਈ ਯਾਦ ਕਰਦਾ ਹੈ ਜਾਂ ਨਹੀਂ?

---

ਦੇ ਇਕ ਪ੍ਰੋਫੈਸਰ ਅਰਨਸਟ ਮਾਖ (Ernst Mach) ਨੇ ਅਧਿਆਤਮਵਾਦ ਦਾ ਝੰਡਾ ਬੁਲੰਦ ਕਰਦੇ ਹੋਏ ਆਪਣੀ ਪੁਸਤਕ Analysis of Sensations (1897) ਵਿਚ ਲਿਖਿਆ ਕਿ ਪਦਾਰਥ ਅਲੋਪ ਹੋ ਗਿਆ ਹੈ। ਉਸ ਨੇ ਕਿਹਾ ਕਿ ਐਟਮ ਦੇ ਖੋਲ ਅੰਦਰ ਕੋਈ ਪਦਾਰਥ ਨਹੀਂ ਲੱਭਿਆ ਹੈ ਇਸ ਲਈ ਪਦਾਰਥ ਦਾ ਭੋਗ ਪੈ ਗਿਆ ਹੈ। ਇਸ ਨੂੰ ਪੜ੍ਹ ਕੇ ਅਧਿਆਤਮਵਾਦੀ ਸੰਸਾਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਅਧਿਆਤਮਵਾਦੀਆਂ ਨੇ ਇਸ ਦਲੀਲ ਦੀ ਪ੍ਰੋੜ੍ਹਤਾ ਵਿਚ ਗਰੁਪ ਬਣਾ ਲਏ ਤੇ ਉਹ ਯੂਨੀਵਰਸਿਟੀਆਂ ਵਿਚ ਗੋਸ਼ਟੀਆਂ (Seminars) ਕਰਨ ਲਗੇ। ਇਸ ਦਾ ਵਿਸਤ੍ਰਿਤ ਜਵਾਬ ਵਲਾਦੀਮੀਰ ਲੈਨਿਨ ਨੇ 1908 ਵਿਚ ਆਪਣੀ ਪੁਸਤਕ ਮੈਟੀਰੀਆਲਿਜ਼ਮ ਐਂਡ ਇਮਪੀਰੀਓ-ਕ੍ਰਿਟੀਸਿਜ਼ਮ ਲਿਖ ਕੇ ਦਿਤਾ। 1909 ਵਿਚ ਪ੍ਰਕਾਸ਼ਿਤ ਹੋਈ ਤੇ ਉਸ ਦੀਆਂ ਸੰਯੁਕਤ ਲਿਖਤਾਂ ਦੀ 14 ਵੀਂ ਜਿਲਦ ਵਿਚ ਸੰਮਿਲਿਤ ਇਸ ਪੁਸਤਕ ਵਿਚ ਲੈਨਿਨ ਨੇ ਪਦਾਰਥਵਾਦ ਦੀ ਪ੍ਰੀਭਾਸ਼ਾ ਨੂੰ ਨਵਿਆਉਂਦਿਆਂ ਹੋਇਆਂ ਲਿਖਿਆ, "ਪਦਾਰਥ ਚਿੰਤਨ ਦੀ ਉਹ ਕਿਸਮ ਹੈ ਜੋ ਉਸ ਪ੍ਰਤੱਖ ਯਥਾਰਥ ਵਲ ਸੰਕੇਤ ਕਰਦੀ ਹੈ ਜੋ ਭਾਵਨਾਵਾਂ ਬਣ ਕੇ ਗਿਆਨ ਇੰਦਰੀਆਂ ਰਾਹੀਂ ਮੱਨੁਖੀ ਮਨ ਤੀਕਰ ਪਹੁੰਚਦਾ ਹੈ ਅਤੇ ਜੋ ਬਾਹਰ ਸੁਤੰਤਰ ਹੋਂਦ ਰੱਖਦਾ ਹੋਇਆ ਸਾਡੀਆਂ ਸੰਵੇਦਨਾਵਾਂ ਦੁਆਰਾ ਕਾਪੀ ਕੀਤਾ ਜਾਂਦਾ ਹੈ, ਫੋਟੋ ਕੀਤਾ ਜਾਂਦਾ ਹੈ ਤੇ ਪ੍ਰਤੀਬਿੰਬ ਰੂਪ ਵਿਚ ਰੁਪਾਂਤ੍ਰਣ ਕੀਤਾ ਜਾਂਦਾ ਹੈ।" ਇਸ ਤਰ੍ਹਾਂ ਵਿਗਿਆਨਕ ਵਿਕਾਸ ਕਾਰਣ ਉਤਪੰਨ ਹੋਈ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਉਸ ਨੇ ਉਨ੍ਹਾਂ ਸਭ ਸੰਭਾਵਨਾਵਾਂ ਨੂੰ ਪਦਾਰਥਵਾਦ ਵਿਚ ਥਾਂ ਦਿੱਤੀ ਜੋ ਇਸ ਤੋਂ ਪਹਿਲਾਂ ਪਦਾਰਥਵਾਦੀ ਕਿਸਮ ਦੀਆਂ ਹੁੰਦੀਆਂ ਹੋਈਆਂ ਵੀ ਅਗਿਆਨਤਾਵਸ ਆਦਰਸ਼ਵਾਦ ਵਿਚ ਸੁੱਟ ਦਿੱਤੀਆਂ ਜਾਂਦੀਆਂ ਸਨ।

ਲੈਨਿਨ ਦੀ ਪਦਾਰਥਵਾਦ ਦੀ ਇਸ ਪਰਿਭਾਸ਼ਾ ਤੋਂ ਬਾਅਦ ਤਾਂ ਗੁਰੂ ਸਾਹਿਬ ਦੇ ਸੰਕਲਪਾਂ ਨੂੰ ਆਦਰਸ਼ਵਾਦੀ ਕਹਿਣ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿੰਦੀ। ਪਰ ਇਨ੍ਹਾਂ ਸੰਕਲਪਾਂ ਨੂੰ ਸਮਝਣ ਸਮਝਾਉਣ ਵਾਲੇ ਬਹੁਤੇ, ਟੀਕਾਕਾਰ, ਗ੍ਰੰਥੀ ਤੇ ਅਧੁਨਿਕ ਵਿਦਵਾਨ, ਜਿਨ੍ਹਾਂ ਵਿਚੋਂ ਬਹੁਤ ਸਾਰੇ ਤਾਂ ਫਿਜ਼ਿਕਸ ਕੈਮਿਸਟਰੀ ਦੇ ਡੂੰਘੇ ਅਧਿਐਨ ਵਾਲੇ ਸਿੱਖ ਵਿਗਿਆਨੀ ਵੀ ਹਨ, ਨੇ ਤਾਂ ਲੈਨਿਨ ਦੀ ਇਹ ਪ੍ਰੀਭਾਸ਼ਾ ਕਦੇ ਪੜ੍ਹੀ ਵੀ ਨਹੀਂ ਹੋਣੀ। ਇਸ ਲਈ ਉਨ੍ਹਾਂ ਨੂੰ ੴ ਵਿਚ ਰੱਬ ਤੇ ਕਰਤਾ ਪੁਰਖ ਵਿਚ ਮੱਨੁਖ ਰੂਪੀ ਕਰਤਾਰ ਦਿਖਾਈ ਦੇਣਾ ਹੀ ਹੋਇਆ। ਉਹ ਨਹੀਂ ਜਾਣਦੇ ਕਿ ਮੱਨੁਖ ਦੀ ਸੋਚ ਤੇ ਭਾਵਨਾਵਾਂ ਰਾਹੀਂ ਪ੍ਰਤੀਤ ਵੀ ਬਾਹਰਲਾ ਸਥੂਲ ਯਥਾਰਥ ਹੀ ਹੋ ਸਕਦਾ ਹੈ। ਭਾਵ ਬਾਹਰੀ ਯਥਾਰਥ ਦਾ ਭਾਵਨਾਵਾਂ ਰਾਹੀਂ ਪ੍ਰਤੀਤ ਹੋਣਾ ਵੀ ਪਦਾਰਥਵਾਦੀ ਕਿਰਿਆ ਹੀ ਹੈ, ਅਧਿਆਤਮਵਾਦੀ ਇਲਹਾਮ ਨਹੀਂ। ਜੋ ਪਦਾਰਥ ਨਹੀਂ ਹੈ ਉਹ ਕਿਸੇ ਸੋਚ ਜਾਂ ਕਲਪਨਾ ਵਿਚ ਨਹੀਂ ਆ ਸਕਦਾ। ਇਸ ਦਾ ਸਬੂਤ ਇਹ ਹੈ ਕਿ ਜਿਸ ਨੂੰ ਅਧਿਆਤਮਵਾਦੀ ਚਿੰਤਕ ਪਰਮਾਤਮਾ ਦਾ ਨਾਂ ਦਿੰਦੇ ਹਨ, ਉਸ ਦੀ ਕਲਪਨਾ ਉਹ ਦੇਖੀਆਂ ਭਾਲੀਆਂ ਵਸਤਾਂ ਤੋਂ ਬਾਹਰ ਨਹੀਂ ਕਰਦੇ ਭਾਵ ਉਸ ਨੂੰ ਮੱਨੁਖ ਰੂਪੀ ਕਰਤਾ ਹੀ ਮੰਨੀ ਜਾਂਦੇ ਹਨ। ਉਸ ਤੋਂ ਉਹ ਉਮੀਦ ਵੀ ਸੰਸਾਰਕ ਵਸਤਾਂ ਦੀ ਪ੍ਰਾਪਤੀ ਜਿਵੇਂ ਆਰਥਿਕ ਖੁਸ਼ਹਾਲੀ ਤੇ ਪਰਿਵਾਰਕ ਸੁਖਾਂ ਆਦਿ ਦੀ ਹੀ ਕਰਦੇ ਹਨ। ਇਹ ਸੋਧੀ ਹੋਈ ਪਰਿਭਾਸ਼ਾ ਦ੍ਰਿੜਾਉਂਦੀ ਹੈ ਕਿ ਇਸ ਮਾਦਿਕ ਬ੍ਰਹਿਮੰਡ ਦੀ ਸਿਰਜਣਾ ਕਰਨ ਵਾਲਾ ਤੇ ਮੱਨੁਖੀ ਮਨ ਵਿਚ ਆਉਣ ਵਾਲਾ ਕਰਤਾ ਪੁਰਖ ਪਦਾਰਥਕ ਕਿਸਮ ਦਾ ਹੀ ਨਹੀਂ, ਖੁਦ ਪਦਾਰਥ ਹੈ।

ਦੂਜੀ ਵਿਚਾਰਨ ਵਾਲੀ ਗੱਲ ਇਹ ਹੈ ਕਿ ਬ੍ਰਹਿਮੰਡ ਦੀ ਜਿਵੇਂ ਦੀ ਹੋਂਦ ਮਾਰਕਸ ਤੇ ਲੈਨਿਨ ਦੇ ਸਮੇਂ ਵਿਚ ਸੀ ਉਵੇਂ ਦੀ ਹੀ ਗੁਰੂ ਨਾਨਕ ਦੇ ਸਮੇਂ ਵਿਚ ਸੀ। ਲੈਨਿਨ ਨੇ ਵਿਗਿਆਨਿਕ ਤੱਰਕੀ ਤੋਂ ਬਾਦ ਸ੍ਰਿਸ਼ਟੀ ਦੇ ਯਥਾਰਥ ਬਾਰੇ ਸਿਧਾਂਤਾਂ ਨੂੰ ਪਦਾਰਥਕ ਦੱਸਿਆ ਕਿਉਂਕਿ ਇਹ ਪਦਾਰਥ ਤੋਂ ਬਾਹਰ ਕਲਪੇ ਕਿਸੇ ਅਧਿਆਤਮਿਕ ਸੰਸਾਰ ਤੇ ਲਾਗੂ ਨਹੀਂ ਹੁੰਦੇ। ਗੁਰੂ ਸਾਹਿਬ ਉਸ ਤੋਂ ਵੀ ਪਹਿਲਾਂ ਬਾਹਰਲੇ ਯਥਾਰਥ ਦੀ ਸਿਰਜਣਾ ਤੇ ਸਿਰਜਣਹਾਰੇ ਦੀ ਛੱਵੀ ਸਬੰਧੀ ਵਿਗਿਆਨਕ ਖੋਜ ਬਾਰੇ ਸੰਕਲਪ ਪੇਸ਼ ਕਰ ਚੁੱਕੇ ਸਨ। ਉਨ੍ਹਾਂ ਦੇ ਵਿਚਾਰ ਵੀ ਇਸੇ ਸ੍ਰਿਸ਼ਟੀ ਦੇ ਯਥਾਰਥ ਬਾਰੇ ਸਨ ਕਿਉਂਕਿ ਕਲਪਨਾ ਆਧਾਰਿਤ ਸੰਕਲਪਾਂ ਨੂੰ ਉਹ ਕੂੜ ਦਾ ਦਰਜਾ ਦਿੰਦੇ ਸਨ। ਉਨ੍ਹਾਂ ਦਾ ੴ ਦਾ ਗੱਣਿਤੀ ਢੰਗ ਲਾਗੂ ਹੀ ਯਥਾਰਥਕ ਤੱਥਾਂ 'ਤੇ ਹੋ ਸਕਦਾ ਹੈ ਕਿਉਂਕਿ ਅਧਿਆਤਮਵਾਦੀ ਕਲਪਨਾਵਾਂ ਤਾਂ ਗਣਿਤ ਦੀਆਂ ਗਿਣਤੀਆਂ-ਮਿਣਤੀਆਂ ਵਿਚ ਆਉਂਦੀਆਂ ਹੀ ਨਹੀਂ। ਇਸ ਲਈ ਗੁਰੂ ਸਾਹਿਬ ਮਾਰਕਸ ਤੇ ਲੈਨਿਨ ਤੋਂ ਵੀ ਪਹਿਲਾਂ ਪਦਾਰਥ ਦਾ ਘੇਰਾ ਰਵਾਇਤੀ ਪਦਾਰਥਵਾਦ ਤੋਂ ਮੋਕਲਾ ਸਮਝਦੇ ਸਨ। ਉਹ ਪਹਿਲਾਂ ਹੀ ਅਧੁਨਿਕ ਵਿਗਿਆਨ ਦੇ ਸੋਚ ਪੱਧਰ 'ਤੇ ਵਿਚਰਦੇ ਸਨ ਕਿਉਂਕਿ ਉਹ ਪ੍ਰਕ੍ਰਿਤੀ ਦੇ ਸਪਰਸ਼ੀ ਅਨੁਭਵ ਤੋਂ ਹੋਰ ਅੱਗੇ ਡੂੰਘਾਈ ਵਿਚ ਜਾ ਕੇ ਮਾਯਾ ਦੇ ਨਿਯਮਾਂ ਨੂੰ ਲੱਭਣ ਦੀ ਗੱਲ ਕਰਦੇ ਸਨ। ਉਹ ਪਦਾਰਥਵਾਦ ਦੇ ਅਧੁਨਿਕ ਚਿੰਤਕਾਂ ਕਾਰਲ ਮਾਰਕਸ ਤੇ ਲੈਨਿਨ ਤੋਂ ਪਹਿਲਾਂ ਹੀ ਪਦਾਰਥਵਾਦੀ ਤੇ ਅਧੁਨਿਕ ਸਨ। ਫਿਰ ਉਹ ਆਦਰਸ਼ਵਾਦੀ ਜਾਂ ਅਧਿਆਤਮਵਾਦੀ ਕਿਵੇਂ ਹੋਏ? ਅਧੁਨਿਕ ਸਿੱਖ ਵਿਦਵਾਨਾਂ ਨੂੰ ਗੁਰੂ ਸਾਹਿਬ ਤੇ ਮਾਰਕਸ ਦੇ ਵਿਚਾਰਾਂ ਦੀ ਨੇੜਤਾ ਦੀ ਇਸ ਘੁੰਡੀ ਨੂੰ ਸਮਝਣਾ ਚਾਹੀਦਾ ਹੈ।

ਸਪੱਸ਼ਟ ਹੈ ਕਿ ਜਿਹੜੇ ਵਿਦਵਾਨ ਫਿਰ ਵੀ ਗੁਰੂ ਸਾਹਿਬ ਨੂੰ ਅਧਿਆਤਮਵਾਦੀ ਚਿੰਤਕ ਦੇ ਤੌਰ 'ਤੇ ਪੇਸ਼ ਕਰਦੇ ਹਨ, ਉਨ੍ਹਾਂ ਨੇ ਬਾਣੀ ਨੂੰ ਕਦੇ ਧਿਆਨ ਦੇ ਕੇ ਨਹੀਂ ਪੜ੍ਹਿਆ। ਜੇ ਉਹ ਪੜ੍ਹਨਾ ਸ਼ੁਰੂ ਵੀ ਕਰਨ ਤਾਂ ਇੰਨਾ ਯਾਦ ਰੱਖਣ ਕਿ ਗੁਰੂ ਸਾਹਿਬ ਨੇ ਮੱਧ ਕਾਲੀਨ ਸ਼ਬਦਾਵਲੀ ਵਿਚ ਜਿਵੇਂ ਕਾਇਨਾਤ ਦੇ ਸਿਰਜਣਹਾਰ ਨੂੰ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਣਾਂ ਵਾਲਾ ਕਰਤਾ ਪੁਰਖੁ ਆਖਿਆ ਹੈ ਤੇ ਫਿਰ ਉਸ ਨੂੰ "ਆਦਿ ਸਚੁ ਜੁਗਾਦਿ ਸਚੁ" ਦੀ ਉਪਾਧੀ ਨਾਲ ਨਿਵਾਜ ਕੇ ਆਧੁਨਿਕ ਪਦਾਰਥ ਦੀ ਤਸਬੀਹ ਦਿੱਤੀ ਹੈ, ਉਵੇਂ ਹੀ ਉਨ੍ਹਾਂ ਨੇ ਮਾਯਾਵੀ ਕਰਤੇ ਦੇ ਪੱਕੇ, ਨਿਰਪੱਖ ਤੇ ਸੁਤੰਤਰ ਨਿਯਮਾਂ ਨੂੰ ਹੁਕਮ ਆਖਿਆ ਹੈ। ਇਹ ਨਿਯਮ ਪੱਕੇ, ਨਿਰਪੱਖ ਤੇ ਸੁਤੰਤਰ ਇਸ ਲਈ ਹਨ ਕਿ ਜਿਸ ਦੇ ਇਹ ਹਨ ਉਹ ਨਿਰਭਉ, ਨਿਰਵੈਰ, ਅਕਾਲ ਤੇ ਸੈਭੰ ਹੈ। ਸ਼ਬਦਾਵਲੀ ਦਾ ਇਹ ਵਖਰੇਵਾਂ ਦੇਸ ਕਾਲ ਤੇ ਵਿਕਾਸ ਦੀ ਭਿੰਨਤਾ ਦੇ ਕਾਰਣ ਹੈ। ਇਹ ਵੀ ਯਾਦ ਰਹੇ ਕਿ ਰੇਖਾ ਗੱਣਿਤ ਦੇ ਅਸੂਲਾਂ ਅਨੁਸਾਰ ਜਿਸ ਗੱਲ ਦਾ ਨਿਰਣਾ ਇਕ ਵਾਰ ਹੋ ਜਾਂਦਾ ਹੈ ਉਹ ਸਤਿਕਾਰਯੋਗ ਹੁੰਦਾ ਹੈ ਤੇ ਬਾਦ ਦੇ ਸਭ ਪ੍ਰਸ਼ਨਾਂ 'ਤੇ ਵਿਵਾਦਾਂ ਲਈ ਨਿਰਣਾਇਕ ਹੁੰਦਾ ਹੈ।

ਜਿੱਥੇ ਇਹ ਗੱਲ ਲੜ ਬੰਨ੍ਹ ਲੈਣੀ ਬਣਦੀ ਹੈ ਕਿ ਕਰਤਾ ਪੁਰਖ ਪਦਾਰਥ ਦੀ ਸ਼੍ਰੇਣੀ ਵਿਚ ਆਉਂਦਾ ਹੈ ਤੇ ਉਸ ਦੇ ਹੁਕਮ ਉਸ ਦੇ ਨਿਯਮ ਹਨ ਉੱਥੇ ਇਹ ਗੱਲ ਵੀ ਸਵੀਕਾਰ ਕਰ ਲੈਣੀ ਚਾਹੀਦੀ ਹੈ ਕਿ ਉਹ ਮੱਨੁਖਾਂ ਵਾਂਗ ਹੁਕਮ ਦੇ ਹੀ ਨਹੀਂ ਸਕਦਾ ਕਿਉਂਕਿ ਉਹ ਅਜੂਨੀ ਹੈ ਭਾਵ ਜੀਵ ਨਹੀਂ ਹੈ ਅਤੇ ਭੌਤਿਕ ਸਰੀਰ ਦੀ ਅਣਹੋਂਦ ਵਿਚ ਉਸ ਦੇ ਸੋਚਣ, ਕੰਮ ਕਰਨ, ਬੋਲਣ ਆਦਿ ਵਾਲੇ ਸਰੀਰਕ ਅੰਗ ਵੀ ਨਹੀਂ ਹਨ। ਇਹ ਨਿਸ਼ਕਰਸ਼ ਗੁਰੂ ਸਾਹਿਬ ਦੇ ਲਿਖਣ ਮੁਤਾਬਿਕ ਹੈ।

# ਮੋਦੀ ਸਰਕਾਰ ਪਹਿਲਵਾਨ ਕੁੜੀਆਂ ਨਾਲ ਵਧੀਕੀ ਦੇ ਰਾਹ

ਮਹੀਨੇ ਤੋਂ ਵੱਧ ਸਮੇਂ ਤਕ ਜੰਤਰ-ਮੰਤਰ 'ਤੇ ਇਨਸਾਫ਼ ਲਈ ਧਰਨੇ 'ਤੇ ਬੈਠੀਆਂ ਨੌਜਵਾਨ ਪਹਿਲਵਾਨ ਲੜਕੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਇਨਸਾਫ਼ ਦੇਣ ਦੀ ਬਜਾਇ ਕੇਂਦਰ ਸਰਕਾਰ ਉਨ੍ਹਾਂ 'ਤੇ ਤਸ਼ੱਦਦ ਦੇ ਰਾਹ ਪੈ ਗਈ ਹੈ। 28 ਮਈ ਨੂੰ ਉਨ੍ਹਾਂ ਦੇ ਟੈਂਟ ਪੁਲੀਸ ਨੇ ਉਖਾੜ ਦਿੱਤੇ ਅਤੇ ਪਹਿਲਵਾਨ ਲੜਕੀਆਂ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਪੁਲੀਸ ਨੇ ਜਬਰੀ ਹਿਰਾਸਤ ਵਿਚ ਲੈ ਲਿਆ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਅਤੇ ਰਾਜਸਥਾਨ ਤੋਂ ਸੜਕਾਂ ਰਾਹੀਂ ਇਨ੍ਹਾਂ ਦੀ ਹਮਾਇਤ ਵਿਚ ਆਉਣ ਵਾਲੇ ਕਿਸਾਨਾਂ ਦੇ ਕਾਫ਼ਲਿਆਂ ਨੂੰ ਗਾਜ਼ੀਪੁਰ, ਸਿੰਘੂ ਅਤੇ ਟਿਕਰੀ ਬਾਰਡਰਾਂ 'ਤੇ

**ਸੁੱਚਾ ਸਿੰਘ ਗਿੱਲ**
ਫੋਨ: +91-98550-82857

ਰੋਕਿਆ ਗਿਆ। ਦਿੱਲੀ 'ਚ ਦਾਖ਼ਲ ਹਮਾਇਤੀਆਂ, ਪੱਤਰਕਾਰਾਂ ਤੇ ਔਰਤ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਹਿਰਾਸਤ ਵਿਚ ਲਿਆ। ਇਸ ਨਾਲ ਸਰਕਾਰ ਸੰਕੇਤ ਦੇ ਰਹੀ ਹੈ ਕਿ ਇਹ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸਰਨ ਸਿੰਘ ਜਿਸ ਉੱਤੇ ਜਿਨਸੀ ਸ਼ੋਸ਼ਣ ਦੇ ਦੋਸ਼ ਹਨ, ਉਸ ਦੇ ਨਾਲ ਖੜ੍ਹੀ ਹੈ ਅਤੇ ਧਰਨਾਕਾਰੀਆਂ ਨੂੰ ਖਦੇੜਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਇਹ ਬਹੁਤ ਅਫ਼ਸੋਸਨਾਕ ਹੈ, ਇਸ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਵਿਰੋਧ ਵਿਚ ਦੇਸ਼ ਵਿਚ ਜ਼ੋਰਦਾਰ ਆਵਾਜ਼ ਉੱਠਣ ਲੱਗ ਪਈ ਹੈ।

ਪਹਿਲਵਾਨ ਲੜਕੀਆਂ ਨੂੰ ਇਨਸਾਫ਼ ਦਾ ਗੰਭੀਰ ਮਸਲਾ ਕਾਨੂੰਨੀ ਮਾਮਲਾ ਹੈ। ਪੋਕਸੋ ਐਕਟ ਤਹਿਤ ਨਾਬਾਲਗ ਬੱਚੇ/ਬੱਚੀਆਂ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਨਾਮਜ਼ਦ ਵਿਅਕਤੀਆਂ ਖ਼ਿਲਾਫ਼ ਤੁਰੰਤ ਕਾਰਵਾਈ ਕਰ ਕੇ ਕੇਸ ਦਰਜ ਕਰਨ ਦੀ ਵਿਵਸਥਾ ਹੈ। ਇਸ ਤੋਂ ਇਲਾਵਾ ਇਸ ਐਕਟ ਦੇ ਅਧੀਨ ਦੋਸ਼ੀ ਵਿਅਕਤੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਆਪ ਨੂੰ ਅਦਾਲਤਾਂ ਵਿਚ ਨਿਰਦੋਸ਼ ਸਾਬਿਤ ਕਰਨ। ਪਹਿਲਵਾਨ ਲੜਕੀਆਂ ਨਾਲ ਕਾਨੂੰਨੀ ਪੱਧਰ 'ਤੇ ਘੋਰ ਬੇਇਨਸਾਫ਼ੀ ਹੋ ਰਹੀ ਹੈ। ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਜਿਨਸੀ ਸ਼ੋਸ਼ਣ ਦੀਆਂ ਸ਼ਿਕਾਰ ਅਤੇ ਸ਼ਿਕਾਇਤ ਕਰਨ ਵਾਲੀਆਂ ਲੜਕੀਆਂ ਵਿਚ ਇਕ ਲੜਕੀ ਬਾਲਗ ਨਹੀਂ ਹੈ। ਇਨ੍ਹਾਂ ਲੜਕੀਆਂ ਦੀ ਸ਼ਿਕਾਇਤ 'ਤੇ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਕੇਸ ਤਾਂ ਦਰਜ ਕਰ ਦਿੱਤਾ ਗਿਆ ਅਤੇ ਲੜਕੀਆਂ ਦੇ ਬਿਆਨ ਮੈਜਿਸਟਰੇਟ ਦੇ ਸਾਹਮਣੇ ਦਰਜ ਕਰਨ ਤੋਂ ਬਾਅਦ ਵੀ ਬ੍ਰਿਜ ਭੂਸ਼ਣ ਸਰਨ ਸਿੰਘ ਨੂੰ ਹਿਰਾਸਤ ਵਿਚ ਨਹੀਂ ਲਿਆ ਗਿਆ। ਇਸ ਨਾਲ ਪੋਕਸੋ ਐਕਟ ਦੀਆਂ ਧਾਰਾਵਾਂ ਦੀ ਪੁਲੀਸ ਵੱਲੋਂ ਇਸ ਕਰ ਕੇ ਪਾਲਣਾ ਨਹੀਂ ਕੀਤੀ ਜਾ ਰਹੀ ਕਿਉਂਕਿ ਕਥਿਤ ਦੋਸ਼ੀ ਹਾਕਮ ਪਾਰਟੀ ਦਾ ਬਾਹੂਬਲੀ ਅਤੇ ਲੋਕ ਸਭਾ ਦਾ ਮੈਂਬਰ ਹੈ। ਉਸ ਨੂੰ ਕੇਂਦਰ ਸਰਕਾਰ ਦੀ ਹਮਾਇਤ ਹਾਸਿਲ ਹੈ। ਇਸ ਕਰ ਕੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੂੰ ਤੁਰੰਤ ਦਖ਼ਲ ਦੇ ਕੇ ਇਸ ਦੋਸ਼ੀ ਵਿਅਕਤੀ ਨੂੰ ਹਿਰਾਸਤ ਵਿਚ ਲੈਣ ਤੋਂ ਬਾਅਦ ਪੁੱਛਗਿੱਛ ਕਰਨ ਨੂੰ ਨਿਸ਼ਚਿਤ ਕੀਤਾ ਜਾਵੇ। ਇਸ ਤੋਂ ਬਗੈਰ ਪਹਿਲਵਾਨ ਲੜਕੀਆਂ ਨੂੰ ਇਨਸਾਫ਼ ਮਿਲਣ ਦੀ ਸੰਭਾਵਨਾ ਨਹੀਂ ਹੈ।

ਸੱਭਿਅਕ ਸਮਾਜ ਵਾਸਤੇ ਇਖ਼ਲਾਕ ਦਾ ਇਹ ਗੰਭੀਰ ਮਾਮਲਾ ਹੈ। ਇਹ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਆਪਣੀਆਂ ਨੌਜਵਾਨ ਬੱਚੀਆਂ ਨਾਲ ਕਿਸ ਤਰ੍ਹਾਂ ਦਾ ਸਲੂਕ ਕਰ ਰਹੇ ਹਾਂ? ਕੀ ਉਨ੍ਹਾਂ ਕੋਲ ਸਰਕਾਰੀ ਲਾਇਸੈਂਸ ਹੈ ਕਿ ਨੌਜਵਾਨ ਖਿਡਾਰਨਾਂ ਦਾ ਜਿਨਸੀ ਸ਼ੋਸ਼ਣ ਕਰ ਸਕਦੇ ਹਨ? ਇਹ ਸਾਰਾ ਕੁਝ ਕਿਸ ਕਾਨੂੰਨ ਤਹਿਤ ਸਹਿਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ? ਇਹ ਸੱਭਿਅਕ ਸਵਾਲਾਂ ਦੇ ਜਵਾਬ ਲੋਕਾਂ ਨੂੰ ਸਰਕਾਰ ਤੋਂ ਪੁੱਛਣੇ ਬਣਦੇ ਹਨ। ਇਨ੍ਹਾਂ ਦੇ ਜਵਾਬਾਂ ਤੋਂ ਬਗੈਰ ਭਾਰਤ ਦੇ ਸਮੁੱਚੇ ਸਮਾਜ ਦਾ ਇਖ਼ਲਾਕੀ ਨਿਘਾਰ ਨਿਸ਼ਚਿਤ ਹੈ। ਇਸ ਵਰਤਾਰੇ ਦਾ ਦੇਸ਼ ਦੀ ਅੱਧੀ ਆਬਾਦੀ ਨਾਲ ਸਿੱਧਾ ਸਬੰਧ ਹੈ ਅਤੇ ਅਸਿੱਧੇ ਤੌਰ 'ਤੇ ਸਾਰੇ ਸਮਾਜ ਨੂੰ ਇਹ ਗ੍ਰਿਫ਼ਤ ਵਿਚ ਲੈਂਦਾ ਹੈ। ਇਸ ਕਰ ਕੇ ਲੋਕਾਂ ਦਾ ਹੱਕ ਹੈ ਕਿ ਉਹ ਹਾਕਮ ਪਾਰਟੀ ਅਤੇ ਸਰਕਾਰ ਤੋਂ ਇਸ ਸਬੰਧੀ ਲੋੜੀਂਦੀ ਜਾਣਕਾਰੀ ਲੈਣ ਅਤੇ ਜਵਾਬਦੇਹੀ ਤੈਅ ਕਰਨ। ਜਿਸ ਵਿਅਕਤੀ 'ਤੇ ਦੋਸ਼ ਲੱਗ ਰਹੇ ਹਨ, ਉਹ ਖਿਡਾਰੀਆਂ ਵਲੋਂ ਪ੍ਰਾਪਤ ਮੈਡਲਾਂ ਦਾ ਮਜ਼ਾਕ ਉਡਾ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਸੋਨੇ ਦੇ ਕੌਮਾਂਤਰੀ ਮੈਡਲ ਦੀ ਕੀਮਤ ਸਿਰਫ਼ ਪੰਦਰਾਂ ਰੁਪਏ ਦੇ ਬਰਾਬਰ ਹੈ। ਮੈਡਲ ਪ੍ਰਾਪਤ ਕਰਨ ਵਾਸਤੇ ਕਈ ਕਈ ਸਾਲ ਕਸਰਤ ਅਤੇ ਅਭਿਆਸ ਕਰਨਾ ਪੈਂਦਾ ਹੈ, ਇਸ ਤੋਂ ਬਾਅਦ ਕੌਮਾਂਤਰੀ ਖੇਡਾਂ ਵਿਚ ਮੁਕਾਬਲੇ ਨਾਲ ਇਹ ਮੈਡਲ ਜਿੱਤੇ ਜਾਂਦੇ ਹਨ ਜਿਸ ਨਾਲ ਦੇਸ਼ ਦਾ ਨਾਮ ਅਤੇ ਝੰਡਾ ਲਹਿਰਾਇਆ ਜਾਂਦਾ ਹੈ। ਇਸ ਨਾਲ ਦੇਸ਼ ਅਤੇ ਝੰਡੇ ਦਾ ਸਨਮਾਨ ਹੁੰਦਾ ਹੈ। ਇਸ ਮੈਡਲ ਨੂੰ ਪੰਦਰਾਂ ਰੁਪਏ ਦੇ ਬਰਾਬਰ ਕਹਿ ਕੇ ਇਸ ਦਾ ਅਪਮਾਨ ਕਰਨ ਦੀ ਇਜਾਜ਼ਤ ਦੇਸ਼ ਨਹੀਂ ਦੇ ਸਕਦਾ। ਭਾਰਤ ਸਰਕਾਰ ਦੇਸ਼ ਵਲੋਂ ਜਿੱਤੇ ਮੈਡਲਾਂ ਬਾਰੇ ਇਸ ਤਰ੍ਹਾਂ ਦੇ ਭੱਦੇ ਮਜ਼ਾਕ ਇਸ ਵਿਅਕਤੀ ਤੋਂ ਕਿਉਂ




ਬਰਦਾਸ਼ਤ ਕਰ ਰਹੀ ਹੈ? ਇਹ ਚਿੰਤਾ ਦਾ ਵਿਸ਼ਾ ਹੈ। ਐਸੇ ਵਰਤਾਰੇ ਕਾਰਨ ਸਾਧਾਰਨ ਘਰਾਂ ਦੇ ਕਿਹੜੇ ਮਾਪੇ ਆਪਣੀਆਂ ਬੱਚੀਆਂ ਨੂੰ ਖੇਡਣ ਅਤੇ ਕੌਮੀ/ਕੌਮਾਂਤਰੀ ਮੁਕਾਬਲਿਆਂ ਵਾਸਤੇ ਬਾਹਰ ਭੇਜਣ ਨੂੰ ਤਿਆਰ ਹੋਣਗੇ? ਮੈਡਲ ਜਿੱਤਣ ਵਾਲੀਆਂ ਖਿਡਾਰਨਾਂ ਸਾਧਾਰਨ ਪਰਿਵਾਰਾਂ ਵਿਚੋਂ ਹੀ ਹਨ। ਇਸ ਡਰ ਵਾਲੀ ਮਾਨਸਿਕਤਾ ਵਿਚੋਂ ਬਾਹਰ ਨਿਕਲਣ ਦਾ ਇਕੋ ਇਲਾਜ ਇਹ ਹੈ ਕਿ ਇਨ੍ਹਾਂ ਧੀਆਂ ਨੂੰ ਇਨਸਾਫ਼ ਦਿੱਤਾ ਜਾਵੇ।

ਦੇਸ਼ ਵਿਚ ਘੱਟਗਿਣਤੀਆਂ ਦੇ ਖ਼ਿਲਾਫ਼ ਪ੍ਰਚਾਰ ਦੀ ਮਾੜੀ ਪ੍ਰਵਿਰਤੀ ਪਿਛਲੇ ਸਮੇਂ ਤੋਂ ਚੱਲ ਰਹੀ ਹੈ। ਕਦੀ ਮੁਸਲਮਾਨ ਭਾਈਚਾਰੇ, ਕਦੀ ਇਸਾਈਆਂ ਅਤੇ ਕਦੀ ਸਿੱਖਾਂ ਖ਼ਿਲਾਫ਼ ਮੁੱਦੇ ਚੁੱਕੇ ਜਾਂਦੇ ਹਨ। ਕਿਸਾਨਾਂ ਦੇ ਅੰਦੋਲਨ ਸਮੇਂ ਵੀ ਇਸ ਤਰ੍ਹਾਂ ਦੀ ਨਾਕਾਮ ਕੋਸ਼ਿਸ਼ ਕੀਤੀ ਗਈ ਸੀ ਕਿ ਇਸ ਅੰਦੋਲਨ ਨੂੰ ਖ਼ਾਲਿਸਤਾਨੀ ਕਹਿ ਕੇ ਅਸਫਲ ਕੀਤਾ ਜਾਵੇ ਪਰ ਅੰਦੋਲਨ ਵਿਚ ਦੂਜੇ ਸੂਬਿਆਂ ਅਤੇ ਹੋਰ ਭਾਈਚਾਰਿਆਂ ਦੀ ਸ਼ਮੂਲੀਅਤ ਕਰ ਕੇ ਇਹ ਸੰਭਵ ਨਹੀਂ ਸੀ ਹੋ ਸਕਿਆ। ਖਿਡਾਰੀਆਂ ਦੇ ਇਸ ਅੰਦੋਲਨ ਸਮੇਂ ਵੀ ਐਸੀ ਕੋਝੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਨਸੀ ਸ਼ੋਸ਼ਣ ਦੇ ਦੋਸ਼ ਦਾ ਸਾਹਮਣਾ ਕਰ ਰਹੇ ਬ੍ਰਿਜ ਭੂਸ਼ਣ ਸਰਨ ਸਿੰਘ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਖ਼ਾਲਿਸਤਾਨੀ ਉਸ ਖ਼ਿਲਾਫ਼ ਲਹਿਰ ਦਾ ਸਮਰਥਨ ਕਰ ਰਹੇ ਹਨ। ਐਸਾ ਕਰ ਕੇ ਉਹ ਇਕ ਪਾਸੇ ਸਿੱਖ ਘੱਟਗਿਣਤੀ ਭਾਈਚਾਰੇ ਖ਼ਿਲਾਫ਼ ਨਫ਼ਰਤ ਪੈਦਾ ਕਰਨ ਅਤੇ ਦੂਜੇ ਪਾਸੇ ਖਿਡਾਰਨਾਂ ਦੇ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਭਾਜਪਾ ਵਿਚ ਸ਼ਾਮਲ, ਖ਼ਾਸਕਰ ਸਿੱਖ ਆਗੂਆਂ ਨੂੰ ਇਤਰਾਜ਼ ਕਰਨਾ ਚਾਹੀਦਾ ਹੈ ਅਤੇ ਇਸ ਪ੍ਰਚਾਰ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਭਾਰਤ ਜਮਹੂਰੀ ਗਣਤੰਤਰ ਦੇਸ਼ ਹੈ। ਸਾਡੇ ਕੋਲ ਵਿਸਥਾਰ ਨਾਲ ਲਿਖਿਆ ਗਿਆ ਸੰਵਿਧਾਨ ਹੈ। ਇਹ ਸੰਵਿਧਾਨ ਨਾਗਰਿਕਾਂ ਨੂੰ ਜਮਹੂਰੀ ਅਧਿਕਾਰ ਅਤੇ ਸ਼ਹਿਰੀ ਆਜ਼ਾਦੀਆਂ ਦੀ ਗਰੰਟੀ ਦਿੰਦਾ ਹੈ। ਇਸ ਅਨੁਸਾਰ ਨਾਗਰਿਕਾਂ ਵਿਚ ਲਿੰਗ ਆਧਾਰਿਤ ਵਿਤਕਰਾ ਨਹੀਂ ਕੀਤਾ ਜਾ ਸਕਦਾ। ਇਸ ਕੇਸ ਵਿਚ ਸ਼ਰੇਆਮ ਲੜਕੀਆਂ ਨਾਲ ਵਿਤਕਰਾ ਹੋ ਰਿਹਾ ਹੈ। ਲੜਕੀਆਂ ਰੋ ਰੋ ਕੇ ਕਹਿ ਰਹੀਆਂ ਹਨ ਕਿ ਉਨ੍ਹਾਂ ਨਾਲ ਜਿਨਸੀ ਸ਼ੋਸ਼ਣ ਹੋਇਆ ਹੈ। ਕੀ ਕੇਂਦਰ ਸਰਕਾਰ ਅੰਨ੍ਹੀ ਬੋਲੀ ਹੋ ਗਈ ਹੈ ਕਿ ਉਸ ਨੂੰ ਨਾ ਸੁਣਦਾ ਹੈ ਅਤੇ ਨਾ ਹੀ ਨਜ਼ਰ ਆਉਂਦਾ ਹੈ? ਕੀ ਪ੍ਰਧਾਨ ਮੰਤਰੀ ਅਤੇ ਮੰਤਰੀਆਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ? ਇਹ ਦੇਸ਼ ਵਾਸੀਆਂ ਵਾਸਤੇ ਬੜੀ ਸ਼ਰਮਿੰਦਗੀ ਵਾਲੀ ਗੱਲ ਹੈ ਕਿ ਸਾਡੀਆਂ ਬੱਚੀਆਂ ਨਾਲ ਜ਼ਿਆਦਤੀ ਹੋ ਰਹੀ ਹੈ ਅਤੇ ਸਰਕਾਰ ਕੋਈ ਕਾਰਵਾਈ ਕਰਨ ਤੋਂ ਅਸਮਰਥ ਹੈ। ਇਨ੍ਹਾਂ ਧਰਨਾਕਾਰੀਆਂ ਖ਼ਿਲਾਫ਼ ਤਸ਼ੱਦਦ ਉਸ ਸਮੇਂ ਕੀਤਾ ਜਾ ਰਿਹਾ ਹੈ ਜਦੋਂ ਪਾਰਲੀਮੈਂਟ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਕੀਤਾ ਜਾ ਰਿਹਾ ਸੀ। ਕੀ ਜਮਹੂਰੀਅਤ ਨੂੰ ਇਸ ਵਕਤ ਨਵੀਂ ਇਮਾਰਤ ਨਾਲੋਂ ਜਮਹੂਰੀ ਕਦਰਾਂ ਕੀਮਤਾਂ ਦੀ ਜ਼ਿਆਦਾ ਜ਼ਰੂਰਤ ਨਹੀਂ? ਇਹ ਸਾਰਾ ਕੁਝ ਮੀਡੀਆ ਦੇ ਸਾਹਮਣੇ ਵਾਪਰ ਰਿਹਾ। ਇਸ ਮੀਡੀਆ ਵਿਚ ਵਿਦੇਸ਼ੀ ਮੀਡੀਆ ਵੀ ਸ਼ਾਮਿਲ ਹੈ। ਦੇਸ਼ ਦੇ ਮੀਡੀਆ ਦੇ ਵੱਡੇ ਹਿੱਸੇ ਵਲੋਂ ਬੇਸ਼ੱਕ ਇਸ ਮਾਮਲੇ ਬਾਰੇ ਚੁੱਪ ਧਾਰੀ ਹੋਈ ਹੈ ਪਰ ਸੋਸ਼ਲ ਮੀਡੀਆ ਵਿਚ ਲੜਕੀਆਂ ਨਾਲ ਵਧੀਕੀਆਂ ਬਾਰੇ ਖੁੱਲ੍ਹ ਕੇ ਚਰਚਾ ਹੋ ਰਹੀ ਹੈ। ਵਿਦੇਸ਼ਾਂ ਵਿਚ ਦੇਸ਼ ਦੇ ਅਕਸ ਨੂੰ ਢਾਹ ਲੱਗ ਰਹੀ ਹੈ। ਇਹ ਗੱਲ ਬਾਹਰ ਜਾ ਰਹੀ ਹੈ ਕਿ ਭਾਰਤ ਵਿਚ ਨੌਜਵਾਨ ਖਿਡਾਰਨਾਂ ਦਾ ਜਿਨਸੀ ਸ਼ੋਸ਼ਣ ਖੇਡ ਅਧਿਕਾਰੀਆਂ ਵੱਲੋਂ ਹੀ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਪ੍ਰਭਾਵ ਨੂੰ ਬਣਨ ਤੋਂ ਰੋਕਣਾ ਦੇਸ਼ ਹਿੱਤ ਵਿਚ ਹੈ। ਸਰਕਾਰ ਨੂੰ ਤੁਰੰਤ ਕਾਰਵਾਈ ਕਰ ਕੇ ਦੇਸ਼ ਦੀਆਂ ਬੱਚੀਆਂ ਨੂੰ ਇਨਸਾਫ਼ ਦੇ ਕੇ ਇਸ ਦੋਸ਼ ਤੋਂ ਦੇਸ਼ ਨੂੰ ਮੁਕਤ ਕਰਨ ਵੱਲ ਧਿਆਨ ਦੇਣ ਦੀ ਲੋੜ ਹੈ।

ਜਿਸ ਤਰੀਕੇ ਨਾਲ ਮੈਡਲ ਜੇਤੂ ਪਹਿਲਵਾਨ ਲੜਕੀਆਂ ਨਾਲ ਵਰਤਾਓ ਕੀਤਾ ਜਾ ਰਿਹਾ ਹੈ, ਇਹ ਦੇਸ਼ ਦੇ ਭਵਿੱਖ ਵਾਸਤੇ ਠੀਕ ਨਹੀਂ। ਇਹ ਵਰਤਾਰਾ ਖ਼ਤਰਨਾਕ ਸਿਗਨਲ ਭੇਜ ਰਿਹਾ ਹੈ ਕਿ ਦੇਸ਼ ਵਿਚ ਧੱਕਾ ਚੱਲਦਾ ਅਤੇ ਮੈਰਿਟ ਦਾ ਕੋਈ ਮੁੱਲ ਨਹੀਂ। ਇਸ ਨੂੰ ਬਦਲਣ ਦੀ ਲੋੜ ਹੈ ਤਾਂ ਕਿ ਨੌਜਵਾਨਾਂ ਨੂੰ ਮਿਹਨਤ ਕਰਨ ਲਈ ਤਿਆਰ ਕੀਤਾ ਜਾ ਸਕੇ। ਇਸ ਕਰ ਕੇ ਜਮਹੂਰੀ ਲਹਿਰ ਅਤੇ ਵਿਰੋਧੀ ਪਾਰਟੀਆਂ ਨੂੰ ਦੇਸ਼ ਵਿਚ ਕਾਨੂੰਨ ਦਾ ਰਾਜ ਅਤੇ ਲਿਆਕਤ 'ਤੇ ਆਧਾਰਿਤ ਨਿਯੁਕਤੀਆਂ ਅਤੇ ਤਰੱਕੀਆਂ ਵਾਸਤੇ ਮਾਹੌਲ ਬਣਾਉਣ ਦਾ ਕਾਰਜ ਆਪਣੇ ਹੱਥਾਂ ਵਿਚ ਲੈਣਾ ਚਾਹੀਦਾ ਹੈ। ਇਸ ਵਾਸਤੇ ਲਾਜ਼ਮੀ ਹੈ ਕਿ ਸੌੜੀ ਸੋਚ ਅਤੇ ਤੰਗ ਸਿਆਸਤ ਤੋਂ ਉੱਪਰ ਉੱਠ ਕੇ ਸਿਆਸੀ ਪਾਰਟੀਆਂ ਵੱਲੋਂ ਸਾਂਝੇ ਪ੍ਰੋਗਰਾਮ ਉਲੀਕਣ ਅਤੇ ਲਾਮਬੰਦੀ ਕਰਨ 'ਤੇ ਜ਼ੋਰ ਦੇਣਾ ਕਾਫ਼ੀ ਮਹੱਤਤਾ ਵਾਲਾ ਕਾਰਜ ਹੈ। ਇਸ ਤੋਂ ਬਗੈਰ ਸਰਕਾਰ ਨੂੰ ਜਵਾਬਦੇਹ ਬਣਾਉਣਾ ਮੁਸ਼ਕਿਲ ਹੈ। ਇਹੋ ਹੀ ਰਸਤਾ ਦੇਸ਼ ਦੀਆਂ ਧੀਆਂ ਭੈਣਾਂ ਨੂੰ ਇਨਸਾਫ਼ ਦਿਵਾਉਣ ਲਈ ਕੰਮ ਆ ਸਕਦਾ ਹੈ। ਇਨ੍ਹਾਂ ਨੌਜਵਾਨ ਬੱਚੀਆਂ ਨੇ ਹਿੰਮਤ ਕਰ ਕੇ ਫ਼ੈਸਲਾ ਕੀਤਾ ਅਤੇ ਸੰਘਰਸ਼ ਵਿੱਢਿਆ ਹੈ। ਅੱਜ ਦੇ ਸਮਿਆਂ ਵਿਚ ਇਹ ਬਹੁਤ ਮਹੱਤਵਪੂਰਨ ਹੈ ਕਿ ਨੌਜਵਾਨ ਖਿਡਾਰਨਾਂ ਨੇ ਆਪਣੇ ਹੱਕਾਂ ਦੀ ਰਾਖੀ ਵਾਸਤੇ ਅੰਦੋਲਨ ਦਾ ਰਸਤਾ ਚੁਣਿਆ ਹੈ। ਇਸ ਅੰਦੋਲਨ ਨਾਲ ਔਰਤਾਂ ਦੇ ਅਧਿਕਾਰਾਂ ਨੂੰ ਬਚਾਉਣ ਦਾ ਮਾਰਗ ਖੁੱਲ੍ਹਦਾ ਹੈ। ਇਸ ਨੂੰ ਬਚਾਉਣਾ ਬੇਹੱਦ ਜ਼ਰੂਰੀ ਹੈ। ਔਰਤਾਂ ਦੇ ਨਵਸ਼ਰਨ ਵਰਗੇ ਕਾਰਕੁਨ ਜਮਹੂਰੀਅਤ ਨੂੰ ਡੂੰਘਾ ਅਤੇ ਵਿਸ਼ਾਲ ਕਰਨ ਵਿਚ ਮਦਦਗਾਰ ਹੁੰਦੇ ਹਨ। ਐਸੇ ਕਾਰਕੁਨਾਂ ਨੂੰ ਆਮਦਨ ਕਰ ਵਿਭਾਗ ਵੱਲੋਂ ਤੰਗ ਕਰਨਾ ਗ਼ੈਰ-ਵਾਜਬ ਹੈ। ਨੌਜਵਾਨ ਖਿਡਾਰਨਾਂ ਦੇ ਅੰਦੋਲਨ ਉੱਪਰ ਸਰਕਾਰ ਵੱਲੋਂ ਤਸ਼ੱਦਦ ਬੰਦ ਕਰਾਉਣਾ ਇਸ ਅੰਦੋਲਨ ਨੂੰ ਜਾਰੀ ਰੱਖਣ ਲਈ ਮਹੱਤਵਪੂਰਨ ਹੈ। ਇਸ ਕਰ ਕੇ ਸਾਰੇ ਸੁਹਿਰਦ ਲੋਕਾਂ ਵਲੋਂ ਕੋਸ਼ਿਸ਼ ਕਰ ਕੇ ਇਸ ਅੰਦੋਲਨ ਦੀ ਸਫਲਤਾ ਲਈ ਕੋਸ਼ਿਸ਼ ਕਰਨਾ ਲਾਜ਼ਮੀ ਹੈ ਅਤੇ ਜਮਹੂਰੀਅਤ ਦੇ ਹੱਕ ਵਿਚ ਹੈ। ਇਸ ਸੰਘਰਸ਼ ਨੂੰ ਦੇਸ਼ ਹਿੱਤ, ਲੋਕ ਪੱਖ ਅਤੇ ਇਨਸਾਫ਼ ਵਾਸਤੇ ਕਾਮਯਾਬ ਕਰਨਾ ਜਮਹੂਰੀ ਲਹਿਰ ਦੀ ਜ਼ਿੰਮੇਵਾਰੀ ਅਤੇ ਜ਼ਰੂਰਤ ਹੈ।

# ਮਸਨੂਈ ਬੌਧਿਕਤਾ ਦੀ ਮਾਰ

ਸੌਫਟਵੇਅਰ ਇੰਜਨੀਅਰਾਂ ਨੂੰ ਧੁੜਕੂ ਲੱਗਾ ਹੋਇਆ ਹੈ ਕਿ ਜਿਹੜੇ ਬਹੁਤ ਸਾਰੇ ਕੰਮ ਉਹ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਕਰਦੇ ਹਨ, ਉਹੀ ਕੰਮ ਆਰਟੀਫੀਸ਼ੀਅਲ ਇੰਟੈਲੀਜੈਂਸ (ਮਸਨੂਈ ਬੌਧਿਕਤਾ) ਸੌਫਟਵੇਅਰ ਕਰ ਸਕਦਾ ਹੈ ਜਿਸ ਕਰ ਕੇ ਉਨ੍ਹਾਂ ਦੀਆਂ ਨੌਕਰੀਆਂ ਜਾ ਸਕਦੀਆਂ ਹਨ। ਆਲਮੀ ਤਕਨਾਲੋਜੀ ਦੇ ਖੇਤਰ ਵਿਚ ਸੌਫਟਵੇਅਰ ਇੰਜਨੀਅਰਾਂ ਦੀ ਵੱਡੀ ਤਾਦਾਦ ਭਾਰਤ ਤੋਂ ਸਪਲਾਈ ਹੁੰਦੀ ਹੈ ਜੋ ਪੜ੍ਹੇ ਲਿਖੇ ਮੱਧਵਰਗ ਲਈ ਵਰਦਾਨ ਦੇ ਰੂਪ ਵਿਚ ਆਈ ਸੀ ਪਰ ਆਉਣ ਵਾਲੇ ਸਮੇਂ ਵਿਚ ਇੰਨੀ ਵੱਡੀ ਤਾਦਾਦ

**ਸੁਬੀਰ ਰੌਏ**

ਵਿਚ ਨੌਕਰੀਆਂ ਖੁੱਸਣ ਕਰ ਕੇ ਭਾਰਤ ਨੂੰ ਸਮਾਜਿਕ ਬਦਅਮਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਹ ਤੱਥ ਹੈ ਕਿ ਆਈ.ਬੀ.ਐਮ. ਨੇ ਉਨ੍ਹਾਂ ਸਾਰੀਆਂ ਨੌਕਰੀਆਂ ਲਈ ਭਰਤੀ ਰੋਕ ਦਿੱਤੀ ਹੈ ਜਿੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਸੌਫਟਵੇਅਰ ਅਮਲ ਵਿਚ ਲਿਆਂਦਾ ਜਾਵੇਗਾ। ਇਕ ਸਰਵੇਖਣ ਤੋਂ ਪੁਸ਼ਟੀ ਹੋਈ ਹੈ ਕਿ ਅਮਰੀਕਾ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਨੇ ਕਾਮਿਆਂ ਦੀ ਥਾਂ ਲੈਣੀ ਸ਼ੁਰੂ ਕਰ ਦਿੱਤੀ ਹੈ। ਸ਼ਾਇਦ ਇਸੇ ਕਰ ਕੇ ਮਸਨੂਈ ਬੌਧਿਕਤਾ ਦੇ ਜੋਖ਼ਮਾਂ ਬਾਰੇ ਚਿੰਤਾਤੁਰ ਇਸ ਤਕਨਾਲੋਜੀ ਦੇ 'ਕਰਨਧਾਰ' ਜੌਫਰੀ ਹਿੰਟਨ ਨੇ ਗੂਗਲ ਤੋਂ ਅਸਤੀਫ਼ਾ ਦੇ ਕੇ ਹੁਣ ਖੁੱਲ੍ਹ ਕੇ ਆਪਣੀ ਗੱਲ ਕਹਿਣੀ ਸ਼ੁਰੂ ਕੀਤੀ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਅਜਿਹਾ ਸੌਫਟਵੇਅਰ ਹੈ ਜੋ ਮਸ਼ੀਨਾਂ ਨੂੰ ਅਜਿਹੇ ਕੰਮ ਕਰਨ ਦੀ ਸਿਖਲਾਈ ਦਿੰਦਾ ਹੈ ਜਿਨ੍ਹਾਂ ਵਿਚ ਬੁੱਧੀ ਦਾ ਇਸਤੇਮਾਲ ਹੁੰਦਾ ਹੈ। ਪਹਿਲਾਂ ਪਹਿਲ ਇਹ ਵੱਡੀ ਗਿਣਤੀ ਵਿਚ ਅੰਕੜਿਆਂ ਦੀ ਪੁਣ-ਛਾਣ ਕਰ ਕੇ ਪੈਟਰਨਾਂ ਦੀ ਪਛਾਣ ਕਰਨ ਅਤੇ ਪੇਸ਼ੀਨਗੋਈ ਕਰਨ ਲਈ ਹੀ ਵਰਤੋਂ ਕੀਤੀ ਜਾਂਦੀ ਸੀ ਪਰ ਹੁਣ ਜੈਨਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਦੌਰ ਆ ਚੁੱਕਿਆ ਹੈ ਜੋ ਕਿਸੇ ਬੁੱਧੀਮਾਨ ਇਨਸਾਨ ਵਾਂਗ ਸ਼ਬਦਾਂ, ਧੁਨੀਆਂ, ਤਸਵੀਰਾਂ ਤੇ ਵੀਡੀਓਜ਼ ਦੀ ਰਚਨਾ ਕਰ ਸਕਦਾ ਹੈ। ਇਸ ਦੀ ਸ਼ਕਤੀ ਨਾਲ ਚੈਟਬੌਟਸ ਇਨਸਾਨਾਂ ਨਾਲ ਗੱਲਬਾਤ ਕਰ ਕੇ ਮਿੰਟਾਂ ਸਕਿੰਟਾਂ ਵਿਚ ਹੀ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਦੇ ਸਮੱਰਥ ਹਨ।

ਚੈਟਜੀ.ਪੀ.ਟੀ. (ਜੈਨਰੇਟਿਵ ਪ੍ਰੀਟ੍ਰੇਂਡ ਟ੍ਰਾਂਸਫਾਰਮਰ) ਨੇ ਕੁਝ ਮਹੀਨਿਆਂ ਵਿਚ ਹੀ ਤਹਿਲਕਾ ਮਚਾ ਦਿੱਤਾ ਹੈ। ਇਹ ਬਾਕਮਾਲ ਤਸਵੀਰਾਂ ਅਤੇ ਆਵਾਜ਼ਾਂ ਪੈਦਾ ਕਰ ਸਕਦਾ ਹੈ ਅਤੇ ਸੌਫਟਵੇਅਰ ਕੋਡ, ਟੀ.ਵੀ. ਲੜੀਵਾਰ, ਗੀਤ ਅਤੇ ਪੂਰਾ ਨਾਵਲ ਵੀ ਲਿਖ ਸਕਦਾ ਹੈ ਤੇ ਉਹ ਵੀ ਬਹੁਤ ਹੀ ਪੁਖ਼ਤਾ ਢੰਗ ਨਾਲ ਜਿਸ ਕਰ ਕੇ ਉਸ ਦੇ ਸਾਹਮਣੇ ਇਨਸਾਨ ਤੁੱਛ ਨਜ਼ਰ ਆ ਰਿਹਾ ਹੈ। ਇਹ ਨਿਊਰਲ ਜਾਂ ਤੰਤਰਿਕਾ ਨੈੱਟਵਰਕ ਦੇ ਮਾਧਿਅਮ ਰਾਹੀਂ ਮਸ਼ੀਨ ਲਰਨਿੰਗ ਜ਼ਰੀਏ ਬਿਲਕੁਲ ਉਵੇਂ ਹੀ ਕੰਮ ਕਰਦਾ ਹੈ ਜਿਵੇਂ ਮਨੁੱਖੀ ਦਿਮਾਗ ਕੰਮ ਕਰਦਾ ਹੈ। ਇਹ ਸਭ ਕੁਝ ਬਹੁਤ ਵੱਡੀ ਮਾਤਰਾ ਵਿਚ ਫੀਡ ਕੀਤੇ ਗਏ ਡੇਟਾ ਦੀ ਖਪਤ ਜ਼ਰੀਏ ਸਿਰੇ ਚਾੜ੍ਹਦਾ ਹੈ।

ਚੈਟਜੀ.ਪੀ.ਟੀ. ਸਾਂ ਫਰਾਂਸਿਸਕੋ ਆਧਾਰਿਤ ਸਟਾਰਟਅੱਪ ਕੰਪਨੀ 'ਓਪਨਏ.ਆਈ.' ਨੇ ਤਿਆਰ ਕੀਤਾ ਹੈ ਜਿਸ ਵਿਚ ਮਾਈਕਰੋਸੌਫਟ ਕੰਪਨੀ ਨੇ ਕਾਫ਼ੀ ਸਰਮਾਇਆ ਲਗਾਇਆ ਹੈ ਅਤੇ ਇਸ ਦਾ ਕੰਮ ਦੇਖ ਕੇ ਕਈ ਹੋਰ ਵੱਡੀਆਂ ਤਕਨੀਕੀ ਕੰਪਨੀਆਂ ਵੀ ਇਸ ਖੇਤਰ ਵਿਚ ਆ ਗਈਆਂ ਹਨ। ਗੂਗਲ ਨੇ ਆਪਣੇ ਸਰਚ ਇੰਜਣ ਨੂੰ ਮਜ਼ਬੂਤ ਕਰਨ ਲਈ ਆਪਣਾ ਚੈਟਬੌਟ 'ਬਾਰਡ' ਲੈ ਕੇ ਆਂਦਾ ਹੈ ਅਤੇ ਮਾਈਕਰੋਸੌਫਟ ਨੇ ਨਿਰੋਲ ਆਪਣਾ ਤਿਆਰ ਕੀਤਾ 'ਬਿੰਗ' ਲਿਆਂਦਾ ਹੈ। ਇਸ ਨਾਲ ਜੈਨਰੇਟਿਵ ਮਸਨੂਈ ਬੌਧਿਕਤਾ ਦੇ ਖੇਤਰ ਵਿਚ ਜ਼ਬਰਦਸਤ ਉਛਾਲ ਆ ਗਿਆ ਹੈ ਪਰ ਇਸ ਨਾਲ ਜਿੱਥੇ ਅਪਾਰ ਸੰਭਾਵਨਾਵਾਂ ਪੈਦਾ ਹੋਣਗੀਆਂ ਉੱਥੇ ਇਹ ਭਾਰੀ ਨੁਕਸਾਨ ਕਰਨ ਦੇ ਵੀ ਸਮੱਰਥ ਹੈ। ਸਮਾਜ ਦੇ ਸਾਹਮਣੇ ਜੋ ਰੋਜ਼ ਭੂਤ ਨਾਚ ਹੁੰਦਾ ਰਹਿੰਦਾ ਹੈ, ਉਹ ਹੋਰ ਕੁਝ ਵੀ ਨਹੀਂ ਸਗੋਂ ਗਲਤ ਮਲਤ ਤੇ ਬੇਬੁਨਿਆਦ ਸੂਚਨਾਵਾਂ, ਤਸਵੀਰਾਂ, ਡਰਾਵਿਆਂ ਅਤੇ ਅਫ਼ਵਾਹਾਂ ਦੀ ਘਾੜਤ ਹੁੰਦਾ ਹੈ। ਚੈਟਬੌਟ ਕਾਲਪਨਿਕ ਘਪਲੇ, ਸਾਜ਼ਿਸ਼ੀ ਥਿਊਰੀਆਂ ਅਤੇ ਨੰਗੇ ਚਿੱਟੇ ਨਸਲਪ੍ਰਸਤ ਖਰੜੇ ਘੜਦੇ ਹਨ। ਡੋਨਲਡ ਟਰੰਪ ਦੇ ਹਮਾਇਤੀਆਂ ਨੇ ਜਿਵੇਂ 6 ਜਨਵਰੀ 2021 ਨੂੰ ਅਮਰੀਕੀ ਸੰਸਦ 'ਤੇ ਧਾਵਾ ਬੋਲ ਕੇ ਰਾਸ਼ਟਰਪਤੀ ਦੀ ਚੋਣ ਜਿੱਤਣ ਵਾਲੇ ਜੋਅ ਬਾਇਡਨ ਨੂੰ ਪ੍ਰਮਾਣ ਪੱਤਰ ਲੈਣ ਵਿਚ ਅੜਿੱਕਾ ਪਾਉਣ ਦੀ ਕੋਸ਼ਿਸ਼ ਕੀਤੀ ਸੀ, ਉਸ ਕਿਸਮ ਦੇ ਸ਼ਰਾਰਤੀਆਂ ਲਈ ਗ਼ਲਤ ਤੇ ਬੇਬੁਨਿਆਦ ਜਾਣਕਾਰੀਆਂ ਲਾਹੇਵੰਦ ਮਸਾਲੇ ਦਾ ਕੰਮ ਕਰਦੀਆਂ ਹਨ।

ਸਾਨੂੰ ਚਿੰਤਾ ਕਰਨ ਤੋਂ ਪਹਿਲਾਂ ਤਸਵੀਰ ਦਾ ਦੂਜਾ ਪਹਿਲੂ ਵੀ ਦੇਖ ਲੈਣ ਦੀ ਲੋੜ ਹੈ। ਪਹਿਲਾ ਇਹ ਕਿ ਜੈਨਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ ਕੋਈ ਸਸਤਾ ਸੌਫਟਵੇਅਰ ਨਹੀਂ ਹੈ। ਚੈਟਜੀ.ਪੀ.ਟੀ. ਬਣਾਉਣ ਵਾਲੀ ਫਰਮ ਓਪਨਏ.ਆਈ. ਨੂੰ ਪਿਛਲੇ ਸਾਲ 45 ਕਰੋੜ ਡਾਲਰ ਦਾ ਨੁਕਸਾਨ ਹੋਇਆ ਸੀ। ਹੁਣ ਸੰਭਵ ਹੈ ਕਿ ਇਹ ਸਿਲੀਕੌਨ ਵੈਲੀ ਵਿਚ ਸਭ ਤੋਂ ਵੱਧ ਪੂੰਜੀ ਆਕਰਸ਼ਿਤ ਕਰਨ ਵਾਲਾ ਸਟਾਰਟਅੱਪ ਬਣ ਜਾਵੇ ਪਰ ਬਾਜ਼ਾਰ ਉਤਪਾਦ ਚਾਹੁੰਦਾ ਹੈ। ਅਨੁਮਾਨ ਹੈ ਕਿ ਓਪਨਏ.ਆਈ. ਅਗਲੇ ਸਾਲ ਇਕ ਅਰਬ ਡਾਲਰ ਦਾ ਮਾਲੀਆ ਇਕੱਤਰ ਕਰੇਗੀ। ਦੂਜਾ, ਜੈਨਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਕਿਰਤ ਮੰਡੀ 'ਤੇ ਹਾਂ-ਪੱਖੀ ਪ੍ਰਭਾਵ ਵੀ ਪਵੇਗਾ। ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਕੰਮ ਕਰਨ ਵਾਲੇ ਡੇਟਾ ਸਾਇੰਸ ਮਾਹਿਰਾਂ ਦੀ ਕਾਫ਼ੀ ਕਿੱਲਤ ਚੱਲ ਰਹੀ ਹੈ ਅਤੇ ਜਦੋਂ ਉਨ੍ਹਾਂ 'ਚੋਂ ਕੁਝ ਮਾਹਿਰ ਨੌਕਰੀਆਂ ਬਦਲਦੇ ਹਨ ਤਾਂ ਉਨ੍ਹਾਂ ਦੀਆਂ ਤਨਖ਼ਾਹਾਂ ਵਿਚ 35-50 ਫ਼ੀਸਦੀ ਵਾਧਾ ਕੀਤਾ ਜਾਂਦਾ ਹੈ। ਸਿਹਤ ਸੰਭਾਲ, ਵਿੱਤ ਅਤੇ ਮਨੋਰੰਜਨ ਜਿਹੇ ਬਹੁਭਾਂਤੇ ਖੇਤਰਾਂ ਵਿਚ ਕੰਮ ਕਰਦੀਆਂ ਕੰਪਨੀਆਂ ਆਪੋ-ਆਪਣੇ ਵੱਖਰੇ ਆਰਟੀਫੀਸ਼ੀਅਲ ਇੰਟੈਲੀਜੈਂਸ ਇੰਜਣ ਈਜਾਦ ਕਰਨਾ ਚਾਹੁੰਦੀਆਂ ਹਨ। ਇਹ ਮੰਗ ਉਨ੍ਹਾਂ ਸੌਫਟਵੇਅਰ ਵੈਂਡਰਾਂ ਤੋਂ ਹੀ ਨਹੀਂ ਆ ਰਹੀ ਜੋ ਆਪਣੀ ਰੁਟੀਨ ਕੰਮ ਆਊਟਸੋਰਸ ਕਰਵਾਉਂਦੇ ਹਨ ਸਗੋਂ ਉਨ੍ਹਾਂ ਕੰਪਨੀਆਂ ਤੋਂ ਵੀ ਆ ਰਹੀ ਹੈ ਜੋ ਖ਼ੁਦ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਕੰਮ ਕਰਦੀਆਂ ਹਨ। ਕੰਪਨੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੀਆਂ ਸਮੱਰਥਾਵਾਂ ਦੀ ਕੀ ਲੋੜ ਪੈ ਗਈ ਹੈ? ਉਹ ਸੰਦੇਸ਼ਾਂ ਦਾ ਜਵਾਬ ਦੇਣ, ਨਵੇਂ ਵਿਚਾਰ ਪੈਦਾ ਕਰਨ, ਔਖੇ ਸੰਚਾਰ 'ਚੋਂ ਰਾਹ ਬਣਾਉਣ, ਟੀਮ ਵਾਰਤਾ ਦਾ ਰਾਹ ਸਾਫ਼ ਕਰਨ ਅਤੇ ਸਵੈ-ਪੜਚੋਲ ਰਿਪੋਰਟਾਂ ਲਿਖਣ ਵਿਚ ਮਦਦਗਾਰ ਸਾਬਿਤ ਹੁੰਦੀ ਹੈ। ਉਹ ਈਮੇਲਾਂ ਲਿਖਣ ਜਿਹੇ ਰੁਟੀਨ ਕਾਰਜਾਂ ਤੋਂ ਇਲਾਵਾ ਬਿਨਾ ਸ਼ੱਕ, ਕੋਡ ਲਿਖਣ ਜਿਹੇ ਕਾਰਜ ਨਿਭਾਉਂਦੀਆਂ ਹਨ। ਹਾਲਾਂਕਿ ਤਿਆਰ ਕੀਤੇ ਗਏ ਖਰੜਿਆਂ ਵਿਚ ਗ਼ਲਤੀਆਂ ਪਾਈਆਂ ਗਈਆਂ ਹਨ ਅਤੇ ਕਈ ਵਾਰ ਇਹ ਆਪਾ ਵਿਰੋਧੀ ਵੀ ਹੁੰਦਾ ਹੈ ਅਤੇ ਲਿਖੇ ਗਏ ਕੋਡ ਵਿਚ ਉਣਤਾਈਆਂ ਹੁੰਦੀਆਂ ਹਨ। ਸੌਖੇ ਲਫ਼ਜ਼ਾਂ ਵਿਚ, ਇਸ ਤੋਂ ਕਿਸੇ ਈਮੇਲ ਦੇ ਜਵਾਬ ਦਾ ਪਹਿਲਾ ਖਰੜਾ ਬਣਾਉਣ ਵਿਚ ਕਾਫ਼ੀ ਮਦਦ ਮਿਲਦੀ ਹੈ ਪਰ ਤੁਸੀਂ ਅੱਖਾਂ ਬੰਦ ਕਰ ਕੇ ਮੇਲ ਅਗਾਂਹ ਨਹੀਂ ਭੇਜ ਸਕਦੇ।

ਜੇ ਕਿਸੇ ਕੰਪਨੀ ਤੋਂ ਪੁੱਛਿਆ ਜਾਵੇ ਕਿ ਉਸ ਨੂੰ ਸ਼ਕਤੀਸ਼ਾਲੀ ਆਈ.ਟੀ. ਸਿਸਟਮ ਦੀ ਲੋੜ ਹੈ? ਬਿਨਾ ਸ਼ੱਕ ਉਸ ਦੀ ਲੋੜ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਅਗਲੀ ਪਰਤ ਦੀ ਤਰ੍ਹਾਂ ਹੈ। ਇਹ ਕਿਸੇ ਵੀ ਕਾਰੋਬਾਰ ਵਾਂਗ ਗਿਣਤੀ ਮਿਣਤੀ ਦੇ ਰੁਟੀਨ ਕੰਮਾਂ ਲਈ ਸੂਚਨਾ ਤਕਨਾਲੋਜੀ ਦੀ ਆਪਣੇ ਤੌਰ 'ਤੇ ਜਾਂ ਆਊਟਸੋਰਸ ਢੰਗ ਨਾਲ ਵਰਤੋਂ ਕਰਦੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਇਹ ਚੁਣੌਤੀ ਪੈਦਾ ਹੁੰਦੀ ਹੈ ਕਿ ਸੂਚਨਾ ਤਕਨਾਲੋਜੀ ਰੁਟੀਨ ਦਿਮਾਗੀ ਕਾਰਜ ਦਾ ਹਿੱਸਾ ਕਿਵੇਂ ਬਣੀ ਰਹੇ ਤਾਂ ਕਿ ਨੌਨ-ਕਸਟਮਰ ਫੇਸਿੰਗ ਪ੍ਰਜ਼ੀਸ਼ਨਾਂ ਵਿਚਲੇ ਸਟਾਫ ਦੀ ਗਿਣਤੀ ਵਿਚ ਘਟਾਈ ਜਾ ਸਕੇ। ਜੀਵਨ ਬਿਓਰੇ ਜਾਂ ਰਿਜ਼ਿਊਮੇ ਲਿਖਣ ਤੋਂ ਇਲਾਵਾ ਆਰਟੀਫੀਸ਼ੀਅਲ ਇੰਟੈਲੀਜੈਂਸ ਕੰਪਨੀ ਦੀ ਸਾਲਾਨਾ ਰਿਪੋਰਟ ਦਾ ਪ੍ਰਥਮ ਖਰੜਾ ਵੀ ਲਿਖ ਸਕਦੀ ਹੈ। ਕੀ ਸਰਕਾਰ ਨੂੰ ਇਸ ਬਾਬਤ ਸੋਚਣ ਦੀ ਲੋੜ ਹੈ ਕਿ ਜੈਨਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰਾਈਵੇਟ ਸੈਕਟਰ ਲਈ ਸਿਰਦਰਦ ਬਣ ਗਈ ਹੈ ਤੇ ਇਹ ਅਹਿਸਾਸ ਉਤਰਨਾ ਚਾਹੀਦਾ ਹੈ ਕਿ ਨੋਟਸ ਪ੍ਰਥਮ ਖਰੜਾ ਤਿਆਰ ਕਰਨ ਵਾਲਿਆਂ ਦੀਆਂ ਨੌਕਰੀਆਂ ਦਾਅ 'ਤੇ ਲੱਗ ਗਈਆਂ ਹਨ। ਜੈਨਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ ਕੇਂਦਰੀ ਵਿੱਤ ਮੰਤਰੀ ਦੇ ਬਜਟ ਭਾਸ਼ਣ ਦਾ ਪ੍ਰਥਮ ਖਰੜਾ ਵੀ ਤਿਆਰ ਕਰ ਸਕਦੀ ਹੈ!

# ਮੈਂ ਗੁਰੂ ਨਾਨਕ ਬਾਰੇ ਕਿਉਂ ਲਿਖਦਾ ਹਾਂ?

***ਪੰਜਾਬ ਵਿਚ ਦਹਿਸ਼ਤ ਅਤੇ ਖੂਨ ਖਰਾਬੇ ਦਾ ਦੌਰ ਪੂਰੇ ਜ਼ੋਰਾਂ 'ਤੇ ਸੀ। ਮਨ ਦੁੱਖ, ਰੋਸ ਅਤੇ ਕਰੁਣਾ ਨਾਲ ਭਰਿਆ ਰਹਿੰਦਾ ਸੀ। ਇਹ ਦੁੱਖ ਕਵਿਤਾ ਦੇ ਮਾਧਿਅਮ ਰਾਹੀਂ ਕਾਗਜ਼ਾਂ 'ਤੇ ਉਤਰਨ ਲੱਗਾ। ਇੰਜ ਕਵਿਤਾ ਰਾਹੀਂ ਆਪਣੀ ਵੇਦਨਾ ਸੰਵੇਦਨਾ ਸਾਂਝੀ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਇਹ ਸਮਝ ਆਇਆ ਕਿ ਸੱਤਾ ਪ੍ਰਾਪਤੀ ਜਾਂ ਸੱਤਾ 'ਚ ਬਣੇ ਰਹਿਣ ਦੀ ਵਧੀ ਹੋਈ ਲਾਲਸਾ ਸਾਰੀ ਬਿਮਾਰੀ ਦੀ ਜੜ੍ਹ ਹੈ। ਇੰਝ ਮੇਰੇ ਲਿਖਣ ਦੀ ਸ਼ੁਰੂਆਤ ਹੋਈ। -ਜਸਵੰਤ ਸਿੰਘ ਜ਼ਫਰ***


ਪੁਰਾਣੇ ਅਤੇ ਵੱਡੇ ਪੰਜਾਬ ਦੇ ਲਗਭਗ ਕੇਂਦਰ ਵਿਚ ਜਨਮੇ ਗੁਰੂ ਨਾਨਕ ਦੇਵ ਜੀ ਨੂੰ ਪੰਜਾਬ ਆਪਣਾ ਪੈਗੰਬਰ ਮੰਨਦਾ ਹੈ। ਉਨ੍ਹਾਂ ਦੀ ਮਾਨਤਾ ਬਾਬਤ ਭਾਈ ਗੁਰਦਾਸ ਦਾ ਕਥਨ ਹੈ: "ਘਰਿ ਘਰਿ ਬਾਬਾ ਗਾਵੀਐ...।" ਮੇਰੇ ਪਸੰਦੀਦਾ ਕਵੀ ਪ੍ਰੋ. ਪੂਰਨ ਸਿੰਘ ਪੰਜਾਬ ਨੂੰ ਗੁਰਾਂ ਦੇ ਨਾਂ 'ਤੇ ਵਸਦਾ ਆਖਦੇ ਹਨ। ਮੈਨੂੰ ਆਪਣੇ ਭਾਈਚਾਰੇ ਦੇ ਕਿਰਦਾਰ, ਅਚਾਰ, ਵਿਹਾਰ, ਪ੍ਰਚਾਰ, ਕਾਰੋਬਾਰ ਆਦਿ ਨੂੰ ਮਹਾਨ ਬਾਬੇ ਦੀ ਸ਼ਖ਼ਸੀਅਤ ਅਤੇ ਬਾਣੀ ਨਾਲ ਤੁਲਨਾ ਕੇ ਦੇਖਣ ਦੀ ਬਾਣ ਪਈ ਹੋਈ ਹੈ। ਇਸ ਕਰ ਕੇ ਮੇਰੀ ਕਵਿਤਾ, ਵਾਰਤਕ, ਨਾਟਕ, ਫੁਟਕਲ ਲਿਖਤਾਂ ਅਤੇ ਗੱਲਾਂ-ਬਾਤਾਂ ਵਿਚ ਉਨ੍ਹਾਂ ਦਾ ਜ਼ਿਕਰ ਆਉਂਦਾ ਰਹਿੰਦਾ ਹੈ।

ਮੈਂ 1981 ਵਿਚ ਮੈਟ੍ਰਿਕ ਕਰ ਕੇ ਕਾਲਜ ਦੀ ਪੜ੍ਹਾਈ ਸ਼ੁਰੂ ਕੀਤੀ ਸੀ। ਇਨ੍ਹਾਂ ਦਿਨਾਂ ਵਿਚ ਹੀ ਪੰਜਾਬ ਵਿਚ ਫਿਰਕੂ ਹਵਾ ਵਗਣੀ ਸ਼ੁਰੂ ਹੋਈ ਜੋ ਅਗਲੇ ਸਾਲਾਂ ਵਿਚ ਨ੍ਹੇਰੀ ਦਾ ਰੂਪ ਧਾਰ ਗਈ। 1985 ਵਿਚ ਇੰਜਨੀਅਰਿੰਗ ਕਾਲਜ ਦਾਖਲ

**ਜਸਵੰਤ ਸਿੰਘ ਜ਼ਫ਼ਰ**
**ਫੋਨ: +91-80540-04977**

ਹੋਇਆ ਤਦ ਤੱਕ ਸਾਕਾ ਨੀਲਾ ਤਾਰਾ ਵਾਪਰ ਚੁੱਕਾ ਸੀ। ਦਿੱਲੀ ਵਿਚ ਕੇਂਦਰ ਸਰਕਾਰ ਦੀ ਸਰਪ੍ਰਸਤੀ ਹੇਠ ਕਤਲੇਆਮ ਹੋ ਚੁੱਕਾ ਸੀ। ਪੰਜਾਬ ਵਿਚ ਦਹਿਸ਼ਤ ਅਤੇ ਖ਼ੂਨ ਖਰਾਬੇ ਦਾ ਦੌਰ ਪੂਰੇ ਜ਼ੋਰਾਂ 'ਤੇ ਸੀ। ਮਨ ਦੁੱਖ, ਰੋਸ ਅਤੇ ਕਰੁਣਾ ਨਾਲ ਭਰਿਆ ਰਹਿੰਦਾ ਸੀ। ਇਹ ਦੁੱਖ ਕਵਿਤਾ ਦੇ ਮਾਧਿਅਮ ਰਾਹੀਂ ਕਾਗਜ਼ਾਂ 'ਤੇ ਉਤਰਨ ਲੱਗਾ। ਇੰਝ ਕਵਿਤਾ ਰਾਹੀਂ ਆਪਣੀ ਵੇਦਨਾ ਸੰਵੇਦਨਾ ਸਾਂਝੀ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਇਹ ਸਮਝ ਆਇਆ ਕਿ ਸੱਤਾ ਪ੍ਰਾਪਤੀ ਜਾਂ ਸੱਤਾ 'ਚ ਬਣੇ ਰਹਿਣ ਦੀ ਵਧੀ ਹੋਈ ਲਾਲਸਾ ਸਾਰੀ ਬਿਮਾਰੀ ਦੀ ਜੜ੍ਹ ਹੈ। ਪੰਜਾਬ ਅੰਦਰ ਦਹਿਸ਼ਤਗਰਦੀ ਮਜ਼ਹਬ ਨੂੰ ਬਹਾਨੇ ਵਜੋਂ ਵਰਤ ਰਹੀ ਸੀ ਅਤੇ ਸਰਕਾਰੀ ਬੰਦੋਬਸਤ ਦਹਿਸ਼ਤਗਰਦੀ ਨੂੰ ਦਬਾਉਣ ਜਾਂ ਮਿਟਾਉਣ ਦੇ ਬਹਾਨੇ ਜਬਰ-ਜ਼ੁਲਮ ਢਾਹ ਰਿਹਾ ਸੀ। ਖ਼ੂਨੀ ਘੜਮੱਸ ਚੱਲ ਰਹੀ ਸੀ ਅਤੇ ਆਮ ਲੋਕ ਦੋ ਪੁੜਾਂ ਵਿਚ ਪਿਸ ਰਹੇ ਸਨ। ਦਹਿਸ਼ਤਗਰਦੀ ਦੇ ਪਾਣੀ ਲਹਿਣ ਮਗਰੋਂ ਇਸ ਦੇ ਕਾਰਨਾਂ ਨੂੰ ਗਹਿਰਾਈ ਨਾਲ ਜਾਨਣ ਲਈ ਰੁਚਿਤ ਹੋਇਆ ਤਾਂ ਫਿਰਕਾਪ੍ਰਸਤੀ ਦੇ ਬੀਜ ਮਨੁੱਖ ਦੇ ਮਜ਼ਹਬ ਨਾਲ ਵਿਗੜੇ ਹੋਏ ਸਬੰਧਾਂ ਵਿਚੋਂ ਦਿਸੇ। ਸਿਆਸਤ ਮਜ਼ਹਬ ਦੀ ਆਤਮਾ ਨੂੰ ਮਾਰ ਕੇ ਉਸ ਦੇ ਸਰੀਰ 'ਤੇ ਕਬਜ਼ਾ ਕਰ ਲੈਂਦੀ ਹੈ। ਪੈਗੰਬਰਾਂ ਦੇ ਉਦੇਸ਼ ਅਤੇ ਉਪਦੇਸ਼ ਨਾਲ ਇਨ੍ਹਾਂ ਦੇ ਪੈਰੋਕਾਰ ਅਖਵਾਉਣ ਵਾਲੇ ਲੋਕਾਂ ਦੇ ਵਾਸਤਵਿਕ ਸਬੰਧਾਂ ਦੀ ਪੁਣ-ਛਾਣ ਕਰਨ ਦੀ ਰੁਚੀ ਹੋਈ। ਇਸ ਵਾਸਤੇ ਆਪਣੇ ਨੇੜੇ ਵਿਚਰਦੇ ਹਮ-ਮਜ਼ਹਬਾਂ ਦੇ ਵਤੀਰੇ ਦਾ ਨਿਰੀਖਣ ਹੀ ਸਭ ਤੋਂ ਪ੍ਰਮਾਣਕ ਹੋ ਸਕਦਾ ਸੀ। ਸੋਚ ਦੇ ਅਜਿਹੇ ਬਿੰਦੂ ਦੁਆਲੇ ਹੀ ਕਿਤਾਬ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਦੀਆਂ ਬਹੁਤੀਆਂ ਕਵਿਤਾਵਾਂ ਬੁਣੀਆਂ ਗਈਆਂ।

ਸਾਖੀਆਂ ਮੁਤਾਬਿਕ ਬਾਬਾ ਨਾਨਕ ਨੇ ਬਚਪਨ ਵਿਚ ਵਿਦਿਆਲੇ ਜਾਂ ਪਾਠਸ਼ਾਲਾ ਨੂੰ ਨਾਕਾਰ ਦਿੱਤਾ ਪ੍ਰੰਤੂ ਜਵਾਨੀ ਵਿਚ ਉਨ੍ਹਾਂ ਪੰਜਾਬ ਤੋਂ ਬਾਹਰ ਚਾਰਾਂ ਦਿਸ਼ਾਵਾਂ ਵਿਚ ਪੈਦਲ ਲੰਮੀਆਂ ਯਾਤਰਾਵਾਂ ਕਰ ਕੇ ਸੁਖ਼ਨ, ਗਿਆਨ ਅਤੇ ਚਿੰਤਨ ਦੇ ਮਹੱਤਵਪੂਰਨ ਕੇਂਦਰਾਂ ਅਤੇ ਸਰੋਤਾਂ ਤੱਕ ਪਹੁੰਚ ਕੀਤੀ। ਇਨ੍ਹਾਂ ਚਾਰ ਦਿਸ਼ਾਵਾਂ ਦੀਆਂ ਚਾਰ ਉਦਾਸੀਆਂ ਦੌਰਾਨ ਉਨ੍ਹਾਂ ਨੇ ਹਿੰਦੂ ਧਰਮ ਦੇ ਮੁਖੀਆਂ ਤੇ ਵਿਦਵਾਨਾਂ ਨਾਲ ਵਿਚਾਰ ਚਰਚਾ ਕੀਤੀ। ਜੈਨੀ ਅਤੇ ਬੋਧੀ ਅਚਾਰੀਆਂ ਨਾਲ ਵਾਰਤਾਲਾਪ ਕੀਤੀ। ਜੋਗ ਮੱਤ ਵਾਲੇ ਸਿੱਧਾਂ ਨਾਲ ਗੋਸ਼ਟਿ ਹੋਈ। ਇਸਲਾਮੀ ਆਲਮਾ ਨਾਲ ਵੀ ਵਿਚਾਰ ਵਟਾਂਦਰਾ ਕੀਤਾ। ਕਬੀਰ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈਦੇਵ ਜੀ, ਸੈਣ ਜੀ, ਪੀਪਾ ਜੀ, ਨਾਮਦੇਵ ਜੀ, ਤਰਲੋਚਨ ਜੀ, ਪਰਮਾਨੰਦ ਜੀ, ਸਧਨਾ ਜੀ ਆਦਿ ਦੀ ਬਾਣੀ ਪੰਜਾਬ ਲੈ ਕੇ ਆਏ।



***ਚਿੱਤਰਕਾਰ ਸਿਧਾਰਥ ਦਾ ਬਣਾਇਆ ਚਿੱਤਰ ਗੁਰੂ ਨਾਨਕ।***

ਇੰਝ ਬਾਬਾ ਨਾਨਕ ਨੇ ਭਾਰਤ ਦੇ ਧੁਰ ਉੱਤਰ ਅਤੇ ਪੂਰਬ ਤੋਂ ਲੈ ਕੇ ਏਸ਼ੀਆ ਦੇ ਧੁਰ ਦੱਖਣ ਅਤੇ ਪੱਛਮ ਤੱਕ ਦੇ ਇਲਾਕਿਆਂ ਵਿਚ ਜਾ ਕੇ ਉਨ੍ਹਾਂ ਤੋਂ ਪਹਿਲੀਆਂ ਤਿੰਨ ਸਦੀਆਂ ਦੌਰਾਨ ਰਚੇ ਗਏ ਗੁਰਮਤਿ ਕਾਵਿ ਅਤੇ ਗਿਆਨ ਨੂੰ ਇਕੱਠਾ ਕਰ ਕੇ ਪੰਜਾਬ ਨੂੰ ਇਸ ਦਾ ਮਿਲਣ ਬਿੰਦੂ ਬਣਾ ਦਿੱਤਾ। ਉਨ੍ਹਾਂ ਨੇ ਵਿਦਿਆ, ਗਿਆਨ, ਚਿੰਤਨ ਅਤੇ ਸੰਵਾਦ ਨੂੰ ਬਹੁਤ ਉਚਿਆਇਆ। ਉਨ੍ਹਾਂ ਦੁਆਰਾ ਇਕੱਠੇ ਕੀਤੇ ਅਤੇ ਪ੍ਰਸਤੁਤ ਕੀਤੇ ਗਏ ਗੁਰਮਤਿ ਗਿਆਨ ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿਚ ਦਰਜ ਕੀਤਾ। ਪੰਜਾਬ ਦੇ ਕੇਂਦਰੀ ਇਲਾਕੇ ਵਿਚ ਇਕ ਵਿਸ਼ਾਲ ਅਤੇ ਖ਼ੂਬਸੂਰਤ ਜਲ ਭੰਡਾਰ (ਸਰੋਵਰ) ਦੇ ਕੇਂਦਰ ਵਿਚ ਖ਼ੂਬਸੂਰਤ ਮੰਦਰ (ਇਮਾਰਤ) ਉਸਾਰ ਕੇ ਉਸ ਦੇ ਐਨ ਕੇਂਦਰ ਵਿਚ ਇਸ ਗ੍ਰੰਥ ਨੂੰ ਸੁਸ਼ੋਭਿਤ ਕੀਤਾ। ਜੇ ਹੁਣ ਗਿਆਨ, ਚਿੰਤਨ ਅਤੇ ਸੰਵਾਦ ਗੁਰਾਂ ਦੇ ਨਾਂ 'ਤੇ ਵਸਦਾ ਕਿਹਾ ਜਾਣ ਵਾਲੇ ਪੰਜਾਬ ਦੇ ਵਾਸੀਆਂ ਦੀ ਜੀਵਨ ਸ਼ੈਲੀ ਦਾ ਕੇਂਦਰ ਨਹੀਂ ਤਾਂ ਸਾਥੋਂ ਇਹ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਅਸੀਂ ਨਾਨਕ ਦੇ ਕੀ ਲਗਦੇ ਹਾਂ।

ਹੋਰ ਤਾਂ ਹੋਰ ਗੁਰੂ ਨਾਨਕ ਦੇ ਨਾਂ 'ਤੇ ਖੁੱਲ੍ਹੀਆਂ ਵਿਦਿਅਕ ਸੰਸਥਾਵਾਂ ਵੀ ਸਾਨੂੰ ਗੁਰੂ ਨਾਨਕ ਦੇ ਕੁਝ ਲੱਗਣ ਨਹੀਂ ਲਾਉਂਦੀਆਂ। ਪਿਛਲੇ ਕੁਝ ਦਹਾਕਿਆਂ ਤੋਂ 'ਸਿੱਖੀ ਪ੍ਰਚਾਰਕਾਂ' ਵੱਲੋਂ ਗੁਰੂ ਨਾਨਕ ਬਾਣੀ ਨੂੰ ਬਹੁਤ ਵਿਗਿਆਨਕ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਲਿਹਾਜ਼ ਨਾਲ ਤਾਂ ਕੁਦਰਤੀ ਭੇਤਾਂ ਪ੍ਰਤੀ ਜਗਿਆਸਾ ਰੱਖਣ ਵਾਲੇ ਅਤੇ ਉਨ੍ਹਾਂ ਸਚਾਈਆਂ ਦੀ ਖੋਜ ਕਰਨ ਵਾਲੇ ਵਿਗਿਆਨੀ ਗੁਰੂ ਦੇ ਸਿੱਖ ਅਖਵਾਉਣ ਦੇ ਅਧਿਕਾਰੀ ਹਨ, ਕੋਈ ਹੋਰ ਨਹੀਂ। ਗੁਰੂ ਨਾਨਕ ਦੇ ਪੈਰੋਕਾਰ ਹੋਣ ਦਾ ਦਾਅਵਾ ਜਾਂ ਦਿਖਾਵਾ ਕਰਨ ਵਾਲੇ ਪ੍ਰਚਾਰਕਾਂ ਵਿਚੋਂ ਕਿਸੇ ਨੇ ਵਿਗਿਆਨਕ ਖੋਜਾਂ ਦੇ ਖੇਤਰ ਵਿਚ ਕੌਮਾਂਤਰੀ ਪੱਧਰ ਦੀ ਕੋਈ ਮੱਲ ਨਹੀਂ ਮਾਰੀ।


ਨਿੱਕੇ ਹੁੰਦਿਆਂ ਮੈਂ ਆਪਣੇ ਘਰਦਿਆਂ ਨਾਲ ਜਾ-ਜਾ ਕੇ ਢਾਡੀਆਂ, ਕਵੀਸ਼ਰਾਂ ਦੁਆਰਾ ਕੀਤੇ ਜਾਂਦੇ ਸਿੱਖੀ ਪ੍ਰਚਾਰ ਨੂੰ ਬਹੁਤ ਸੁਣਿਆ। ਇਨ੍ਹਾਂ ਦੀਆਂ ਗੱਲਾਂ ਵਿਚ ਦੂਸਰੇ ਮਜ਼ਹਬਾਂ ਦੇ ਲੋਕਾਂ ਅਤੇ ਵਿਸ਼ਵਾਸਾਂ ਪ੍ਰਤੀ ਲਹਿਜਾ ਟਿੱਚਰੀ ਜਾਂ ਨਫ਼ਰਤੀ ਹੁੰਦਾ ਸੀ। ਥੋੜ੍ਹਾ ਵੱਡੇ ਹੋ ਕੇ ਗੁਰੂ ਨਾਨਕ ਬਾਣੀ ਨੂੰ ਸਮਝਣ ਦੀ ਰੁਚੀ ਹੋਈ ਤਾਂ ਉਨ੍ਹਾਂ ਤੋਂ ਸੁਣੀਆਂ ਗੱਲਾਂ ਵਿਚੋਂ ਬਹੁਤੀਆਂ ਬਾਬੇ ਦੀਆਂ ਗੱਲਾਂ ਤੋਂ ਉਲਟ ਲੱਗਣ ਲੱਗੀਆਂ। ਸਿੱਖੀ ਦੇ ਨਾਂ 'ਤੇ ਸਿਆਸਤ ਕਰਨ ਵਾਲੇ ਨੇਤਾਵਾਂ ਦੇ ਭਾਸ਼ਨਾਂ ਦੀ ਤਾਂ ਗੱਲ ਹੀ ਛੱਡੋ। ਇਹ ਭਾਸ਼ਨ ਮੁੱਖ ਤੌਰ 'ਤੇ ਸਵੈ-ਪ੍ਰਸੰਸਾ ਅਤੇ ਦੂਸਰਿਆਂ ਦੀ ਬਦਖੋਈ ਕਰਨ ਵਾਲੇ ਹੀ ਹੁੰਦੇ ਹਨ। ਆਪਣੇ ਆਪ ਨੂੰ ਉੱਤਮ ਅਤੇ ਦੂਸਰਿਆਂ ਨੂੰ ਨੀਚ ਸਾਬਿਤ ਕਰਨ 'ਤੇ ਜ਼ੋਰ ਲੱਗਾ ਰਹਿੰਦਾ ਹੈ। ਸਵਾਰਥ ਅਤੇ ਸੱਤਾ ਦੀ ਲਾਲਸਾ ਸਿਰ ਚੜ੍ਹ ਕੇ ਬੋਲਦੀ ਹੈ। ਫਿਰ ਇਹੀ ਸਵਾਲ ਉੱਠਦਾ ਹੈ ਕਿ ਸਾਡੇ ਭਾਈਚਾਰੇ ਦੇ ਆਗੂ ਅਤੇ ਉਨ੍ਹਾਂ ਦੇ ਭਾਸ਼ਨਾਂ 'ਤੇ ਜੈਕਾਰੇ ਛੱਡਣ ਵਾਲੇ ਆਪਣੇ ਆਪ ਨੂੰ ਨੀਚ ਅਖਵਾਉਣ ਵਾਲੇ ਅਤੇ "ਹਮ ਨਹੀ ਚੰਗੇ ਬੁਰਾ ਨਹੀ ਕੋਇ" ਕਹਿਣ ਵਾਲੇ ਬਾਬੇ ਦੇ ਅਸੀਂ ਕੀ ਲਗਦੇ ਹਾਂ।


1947 ਵੇਲੇ ਪੰਜਾਬ ਦੇ ਸਿੱਖ ਅਖਵਾਉਣ ਵਾਲੇ ਬੁਰਛਿਆਂ ਨੇ ਮੁਸਲਮਾਨਾਂ ਨੂੰ ਇਕ ਵਾਢਿਓਂ ਸਿੱਖੀ ਦੇ ਦੁਸ਼ਮਣ ਗਰਦਾਨ ਕੇ ਮਾਸੂਮ ਬੱਚਿਆਂ ਤੱਕ ਦੇ ਬੇਰਹਿਮੀ ਨਾਲ ਕਤਲ ਕੀਤੇ, ਮੁਸਲਿਮ ਕੁੜੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਇਹ ਗੱਲਾਂ ਬਾਬੇ ਦੇ ਫਲਸਫ਼ੇ ਨਾਲ ਕਿੱਥੇ ਮੇਲ ਖਾਂਦੀਆਂ ਹਨ? ਬਚਪਨ ਤੋਂ ਹੁਣ ਤੱਕ ਦੇਖਦੇ ਆ ਰਹੇ ਹਾਂ ਕਿ ਸਿੱਖ ਭਾਈਚਾਰੇ ਦੇ ਪ੍ਰਤੀਨਿਧ ਜਾਂ ਆਪੇ ਬਣੇ ਬੁਲਾਰਿਆਂ ਵੱਲੋਂ ਕਦੇ ਕਿਸੇ ਧਰਮ ਵਾਲਿਆਂ ਅਤੇ ਕਦੇ ਕਿਸੇ ਸੰਸਥਾ ਨੂੰ ਸਿੱਖਾਂ ਦੇ ਦੁਸ਼ਮਣ ਕਿਹਾ ਗਿਆ। ਕਦੇ 'ਪੱਤਾ ਪੱਤਾ ਸਿੰਘਾਂ ਦਾ ਵੈਰੀ' ਗੀਤ ਉਵੇਂ ਮਕਬੂਲ ਹੋਇਆ ਜਿਵੇਂ ਅੱਜ ਕੱਲ੍ਹ ਮੂਸੇ ਵਾਲੇ ਦੇ ਗੀਤ ਮਕਬੂਲ ਹਨ। ਇਸ ਸਾਰੇ ਸਿਆਸਤੀ ਰੌਲੇ ਵਿਚ "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ" ਜਾਂ "ਨਾ ਕੋ ਬੈਰੀ ਨਹੀ ਬਿਗਾਨਾ" ਵਾਲੇ ਫਲਸਫ਼ੇ ਲਈ ਸਥਾਨ ਕਿੱਥੇ ਹੈ?


ਗੁਰੂ ਨਾਨਕ ਪ੍ਰਤੀ ਸਾਡਾ ਰਵੱਈਆ ਸ਼ਰਧਾ ਨਾਲੋਂ ਵੀ ਵਧੇਰੇ ਮੇਰ ਵਾਲਾ ਹੈ। ਡਾ. ਸੁਤਿੰਦਰ ਸਿੰਘ ਨੂਰ ਦੀ ਕਹੀ ਗੱਲ ਅਕਸਰ ਯਾਦ ਆਉਂਦੀ ਹੈ ਕਿ ਸ਼ੇਕਸਪੀਅਰ ਗੁਰੂ ਨਾਨਕ ਦਾ ਲਗਭਗ ਸਮਕਾਲੀ ਸੀ। ਸ਼ੇਕਸਪੀਅਰ ਨੂੰ ਪੜ੍ਹਨ ਵਾਲਿਆਂ ਅਤੇ ਉਸ ਦੇ ਪ੍ਰਸੰਸਕਾਂ ਕਾਰਨ ਉਸ ਦੀਆਂ ਲਿਖਤਾਂ ਦੁਨੀਆ ਦੇ ਹਰ ਕਾਲਜ ਅਤੇ ਯੂਨੀਵਰਸਿਟੀ ਵਿਚ ਪੜ੍ਹਾਈਆਂ ਜਾਂਦੀਆਂ ਹਨ ਪਰ ਸਾਡੀ ਮੇਰ ਨੇ ਗੁਰੂ ਨਾਨਕ ਨੂੰ ਅਕਾਦਮਿਕ ਤੌਰ 'ਤੇ ਦਿੱਲੀ ਨਹੀਂ ਟੱਪਣ ਦਿੱਤਾ।


ਨਿਤਨੇਮ, ਪਾਠ ਦੇ ਭੋਗ ਜਾਂ ਧਾਰਮਿਕ ਸਮਾਗਮ ਦੀ ਸਮਾਪਤੀ 'ਤੇ ਸਭ ਤੋਂ ਵਧੇਰੇ ਵਾਰੀ ਪਵਣੁ ਗੁਰੂ ਪਾਣੀ ਪਿਤਾ ਵਾਲਾ ਸਲੋਕ ਪੜ੍ਹਿਆ ਸੁਣਿਆ ਜਾਂਦਾ ਹੈ। ਪਰ ਪੰਜਾਬ ਦੇ ਦਰਿਆ ਦੁਨੀਆ ਦੇ ਸਭ ਤੋਂ ਪਲੀਤ ਦਰਿਆਵਾਂ ਵਿਚ ਗਿਣੇ ਜਾਂਦੇ ਹਨ। ਸਾਡੇ ਸ਼ਹਿਰ ਲੁਧਿਆਣੇ ਵਿਚੋਂ ਵਗਦੇ ਬੁੱਢੇ ਦਰਿਆ ਨੂੰ ਗੁਰੂ ਨਾਨਕ ਦੀ ਚਰਨ ਛੋਹ ਪ੍ਰਾਪਤ ਦੱਸੀ ਜਾਂਦੀ ਹੈ, ਇਸ ਕਿਨਾਰੇ ਇਤਿਹਾਸਕ ਗੁਰਦੁਆਰਾ ਵੀ ਹੈ। ਨਿਸ਼ਚਿਤ ਤੌਰ 'ਤੇ ਸਤਲੁਜ ਅਤੇ ਬਿਆਸ ਨੂੰ ਵੀ ਉਨ੍ਹਾਂ ਦੀ ਚਰਨਛੋਹ ਵਾਰ ਵਾਰ ਪ੍ਰਾਪਤ ਹੋਈ ਹੋਵੇਗੀ। ਪਰ ਗੰਦੇ ਨਾਲੇ ਵਿਚ ਤਬਦੀਲ ਹੋਇਆ ਬੁੱਢਾ ਦਰਿਆ ਤਾਂ ਪੰਜਾਬ ਦਾ ਦਸ਼ਾ ਸੂਚਕ ਲੱਗਦਾ ਹੈ। ਇਸ ਦਾ ਕਾਲਾ ਰੰਗ ਦੱਸਦਾ ਹੈ ਕਿ ਸਾਡੀ ਸਿਆਸਤ ਕਿੰਨੀ ਕਾਲੀ ਹੈ, ਵਣਜ ਕਿੰਨਾ ਖੋਟਾ ਹੈ। ਬਦਬੂ ਦੱਸਦੀ ਹੈ ਕਿ ਪ੍ਰਸ਼ਾਸਨ ਕਿੰਨਾ ਗਲਿਆ ਸੜਿਆ ਹੈ। ਇਸ ਵਿਚਲੀ ਜ਼ਹਿਰ ਦੱਸਦੀ ਹੈ ਕਿ ਸਾਡੀ ਕਮਾਈ ਕਿੰਨੀ ਜ਼ਹਿਰੀਲੀ ਹੈ। ਖਿਲਰੇ ਕੂੜੇ ਤੋਂ ਪਤਾ ਲੱਗਦਾ ਹੈ ਕਿ ਸਾਡੇ ਅੰਦਰ ਕੂੜ ਦਾ ਕਿੰਨਾ ਪਸਾਰਾ ਹੈ। ਗੰਦੀ ਦਲਦਲ ਦੱਸਦੀ ਹੈ ਕਿ ਅਸੀਂ ਬੇਬਸੀ ਦੀ ਦਲਦਲ ਵਿਚ ਖੁੱਭੇ ਹੋਏ ਹਾਂ। ਸਾਡਾ ਧਰਮ ਕਰਮ ਕਿੰਨਾ ਜਾਅਲੀ ਹੈ।

ਮੈਨੂੰ ਲੱਗਦਾ ਹੈ ਕਿ ਜੇ ਪੰਜਾਬੀਆਂ ਨੇ ਆਪਣੀ ਚੰਗੇਰੀ ਹਸਤੀ ਕਾਇਮ ਕਰਨੀ ਹੈ, ਪੰਜਾਬ ਨੂੰ ਆਪਣੇ ਰਹਿਣਯੋਗ ਬਣਾਉਣਾ ਹੈ ਜਾਂ ਹੰਢਣਸਾਰ ਤਰੱਕੀ ਕਰਨੀ ਹੈ ਤਾਂ ਗੁਰੂ ਨਾਨਕ ਦੇਵ ਜੀ ਨਾਲ ਹਰ ਪੱਖ ਤੋਂ ਵਿਗੜੇ ਸਬੰਧ ਨੂੰ ਠੀਕ ਕਰਨਾ ਪਏਗਾ। ਦੂਜੇ ਸ਼ਬਦਾਂ ਵਿਚ ਪੰਜਾਬ ਦਾ ਸਾਰਾ ਕੁਝ ਤਾਂ ਹੀ ਠੀਕ ਹੋ ਸਕਦਾ ਹੈ ਜੇ ਅਸੀਂ ਸੱਚੀਂ-ਮੁੱਚੀਂ ਗੁਰੂ ਨਾਨਕ ਦੇ ਕੁਝ ਲੱਗਣ ਲੱਗ ਜਾਵਾਂਗੇ।









***ਸ਼ਾਇਰ ਅਤੇ ਵਾਰਤਕਕਾਰ ਜਸਵੰਤ ਸਿੰਘ ਜ਼ਫ਼ਰ ਦੀਆਂ ਕੁਝ ਕਿਤਾਬਾਂ ਦੇ ਮੁਖੜੇ।***

ਕਹਾਣੀ

# ਲੋਈ

***ਕਹਾਣੀਕਾਰਾ ਸਰਘੀ ਦੀ ਕਹਾਣੀ 'ਲੋਈ' ਬਦਲ ਰਹੇ ਵਕਤ ਦੌਰਾਨ ਬਦਲ ਰਹੇ ਰਿਸ਼ਤਿਆਂ ਦੀ ਕਹਾਣੀ ਹੈ। ਇਹ ਅਸਲ ਵਿਚ ਪੀੜ੍ਹੀਆਂ ਦਾ ਸੰਤਾਪ ਵੀ ਹੈ। ਨਵੀਂ ਪੀੜ੍ਹੀ ਜਦੋਂ ਹੌਲੀ-ਹੌਲੀ ਆਪਣੇ ਕੰਮ-ਧੰਦਿਆਂ ਵਿਚ ਰੁੱਝ ਜਾਂਦੀ ਹੈ ਤਾਂ ਪਿਛਲੀ ਪੀੜ੍ਹੀ ਦੀ ਕੰਨੀ ਉਸ ਕੋਲੋਂ ਛੁੱਟ ਜਾਂਦੀ ਹੈ। 'ਲੋਈ' ਇਸ ਛੁੱਟ ਚੁੱਕੀ ਕੰਨੀ ਦੀ ਕੋਈ ਹੂਕ ਹੈ।***

ਭਲਾ ਇੰਜ ਵੀ ਕੋਈ ਤੁਰ ਜਾਂਦਾ ਹੈ, ਜਿਵੇਂ ਭੂਆ ਤੁਰ ਪਈ ਸੀ। ਉਹ ਜਾ ਰਹੀ ਸੀ ਉਥੇ, ਜਿੱਥੋਂ ਕੋਈ ਨਹੀਂ ਬਹੁੜਦਾ। ਡਾਕਟਰ ਮੁਤਾਬਕ ਬਸ ਦੋ-ਤਿੰਨ ਘੰਟਿਆਂ ਦੀ ਪ੍ਰਾਹੁਣੀ ਆ ਭੂਆ। ਜ਼ਿੰਦਗੀ ਦੀ ਅੱਖ 'ਚ ਅੱਖ ਪਾ ਕੇ ਗੱਲ ਕਰਨ ਵਾਲੀ ਭੂਆ ਨੂੰ ਜ਼ਿੰਦਗੀ ਇੰਜ ਵੀ ਝਕਾਨੀ ਦੇ ਸਕਦੀ ਆ...ਸੋਚ-ਸੋਚ ਮਨ ਨੂੰ ਹੌਲ ਜਿਹੇ ਪੈਂਦੇ...। ਡੱਕ-ਡੱਕ ਰੱਖੇ ਹੰਝੂਆਂ ਦਾ ਹੜ੍ਹ ਜਿਹਾ ਆਉਂਦਾ ਹੈ, ਅੱਖਾਂ ਦੇ ਕੋਏ ਦੁਖਣ ਲੱਗਦੇ ਆ...। ਢਿੱਡ ਦੀਆਂ ਆਂਦਰਾਂ ਗੁੱਛਾ-ਮੁੱਛਾ ਜਿਹੀਆਂ ਹੋਣ ਲੱਗਦੀਆਂ ਤੇ ਭੂਆ ਨਾਲ ਹੋਇਆ ਬੀਤਿਆ ਸਭ ਯਾਦ ਆਉਣ ਲੱਗਦਾ ਹੈ। ਥੋੜ੍ਹੇ ਜਿਹੇ ਦਿਨ ਪਹਿਲਾਂ ਲੋਈ ਵਾਲੀ ਕੀਤੀ ਗੱਲ ਚੇਤੇ ਆਉਂਦੀ ਹੈ ਤਾਂ ਡਾਹਢੇ ਦੁੱਖ ਨਾਲ ਭਰ ਜਾਂਦੀ ਹਾਂ...। ਮੈਂ ਕਿਹੜੀ ਗੱਲੋਂ ਉਹ ਗੱਲ ਕਹਿ ਦਿੱਤੀ ਸੀ ਭਲਾ...।

ਜੇ ਕਿਤੇ ਮਨ 'ਚ ਵੀ ਕੋਈ ਡਿਲੀਟ ਬਟਣ

**ਸਰਘੀ**
**ਫੋਨ: 99888-54454**

ਵਾਲੀ ਆਪਸ਼ਨ ਹੋਵੇ ਤਾਂ ਮੈਂ ਉਸ ਲੋਈ ਵਾਲੀ ਗੱਲ ਨੂੰ ਵੀ ਡਿਲੀਟ ਕਰ ਦੇਵਾਂ। ਉਹ ਗੱਲ ਜੋ ਕਦੇ ਹਾਸੇ-ਠੱਠੇ ਦਾ ਕਾਰਨ ਸੀ, ਅੱਜ ਰੋਣ ਦਾ ਸਬੱਬ ਬਣ ਗਈ ਸੀ। 'ਰੱਬਾ' ਮੇਰੀ ਹਾਸੇ ਮਖੌਲ 'ਚ ਕੀਤੀ ਗੱਲ ਜੇ ਤੂੰ ਏਡੀ ਛੇਤੀ ਸੁਣ ਲਈ ਸੀ...ਤਾਂ ਅੱਜ ਫਿਰ ਮੇਰੀ ਗੱਲ ਮੰਨ ਲਾ...। ਮੇਰੀ ਭੂਆ ਨੂੰ ਥੋੜ੍ਹੀ ਜਿਹੀ ਉਮਰ ਹੋਰ ਦੇ ਦੇ...।" ਪਰ ਉਹ ਡਾਹਢਾ ਕਦੀ ਕੋਈ ਜਵਾਬ ਦੇਂਦਾ ਤੇ ਮੇਰੇ ਬੋਲ ਹਵਾ 'ਚ ਹੀ ਲਟਕ ਗਏ ਸੀ।

ਨੇੜਿਉਂ ਬੱਸ ਲੰਘਦੀ ਹੈ ਤਾਂ ਯਾਦ ਆਉਂਦਾ ਹੈ...। ਕਿੰਨਾ ਡਰਦੀ ਸੀ ਭੂਆ ਮੌਤ ਕੋਲੋਂ। ਇਕ ਵਾਰੀ ਸਿਆਣੀ ਜਿਹੀ ਬਣਦਿਆਂ ਭੂਆ ਸਾਨੂੰ ਮੱਤ ਦੇਣ ਲੱਗ ਪਈ, "ਜੇ ਕਦੇ ਬੱਸ 'ਚ ਜਾਣਾ ਪਵੇ, ਹਮੇਸ਼ਾ ਵਿਚਕਾਰ ਬੈਠੀ ਦਾ ਹੁੰਦਾ।"

"ਉਹ ਕਿਉਂ ਭਲਾ।" ਅਸਾਂ ਸਵਾਲ ਪਾਇਆ ਸੀ।

"ਇਹ ਵੀ ਕੋਈ ਪੁੱਛਣ ਵਾਲੀ ਗੱਲ ਆ...ਜਾਂ ਬੱਸ ਅੱਗੋਂ ਵੱਜੂ ਜਾਂ ਪਿੱਛੋਂ ਵੱਜੂ...ਵਿਚਕਾਰੋਂ ਤਾਂ ਵੱਜਣੋਂ ਰਹੀ।"

"ਭੂਆ, ਕਿਸਮਤ ਮਾੜੀ ਹੋਵੇ ਤਾਂ ਵਿਚਕਾਰੋਂ ਵੀ ਵੱਜ ਸਕਦੀ ਆ।"

"ਹੈਂ, ਇੰਜ ਕਿਵੇਂ ਵੱਜ ਜੂ ਭਲਾ...ਕਮਲਿਆ ਟੱਬਰਾ, ਜੇ ਕੋਈ ਸਿਆਣੀ ਮੱਤ ਦੇਵੇ ਤਾਂ ਲੈ ਲੈਣੀ ਚਾਹੀਦੀ ਆ...।"

ਤੇ ਅਸੀਂ ਭੂਆ ਦੀਆਂ ਇਹੋ ਜਿਹੀਆਂ ਸਿਆਣੀਆਂ ਗੱਲਾਂ ਨੂੰ ਸ਼ੁਗਲ ਬਣਾ ਲੈਂਦੇ ਤੇ ਜਦ ਕਦੇ ਵੀ ਭੂਆ ਸਾਡੇ ਕੋਲ ਹੁੰਦੀ, ਅਸੀਂ ਜ਼ਰੂਰ ਪੁੱਛਦੇ, "ਭੂਆ, ਫਿਰ ਦੱਸ, ਬੱਸ ਅੱਗੋਂ ਵੱਜੂ ਕਿ ਪਿੱਛੋਂ ਵੱਜੂ।"

ਪਰ ਹੁਣ ਤਾਂ ਇੰਜ ਲੱਗਦਾ ਸੀ, ਜਿਵੇਂ ਭੂਆ ਆਪ ਹੀ ਚੱਲਦੀ ਬੱਸ ਦੇ ਅੱਗੇ ਖੜ੍ਹ ਗਈ ਹੋਵੇ, ਨਹੀਂ ਤਾਂ ਕੀ ਲੋੜ ਸੀ ਗੋਡਿਆਂ ਦੇ ਅਪ੍ਰੇਸ਼ਨ ਦੀ। ਚੰਗੀ ਭਲੀ ਤੁਰੀ ਫਿਰਦੀ ਸੀ। ਅਪ੍ਰੇਸ਼ਨ ਕਰਾਉਣ ਤੋਂ ਪਹਿਲਾਂ ਉਹ ਕਿੰਨੀ ਹੀ ਦੁਨੀਆਦਾਰੀ ਮੈਨੂੰ ਸਮਝਾ ਗਈ ਸੀ।

"ਕੰਨ ਲਾ ਕੇ ਗੱਲ ਸੁਣ ਲਾ ਮੇਰੀ, ਇਕ ਵਾਰ ਮੈਨੂੰ ਹਸਪਤਾਲ ਮਿਲਣ ਆਈਂ ਤੇ ਉਨ੍ਹਾਂ ਵਲੈਤੀਆਂ ਨੂੰ ਵੀ ਸਮਝਾ ਦੇਵੀਂ...ਫੋਨ 'ਤੇ ਮੇਰੀ ਖ਼ਬਰਸਾਰ ਲੈਂਦੇ ਰਹਿਣ।" ਭੂਆ ਦੀਆਂ ਇਹੋ ਜਿਹੀਆਂ ਗੱਲਾਂ ਮੈਨੂੰ ਖਿਝ ਵੀ ਦੇ ਜਾਂਦੀਆਂ ਸਨ ਤੇ ਖਿਝ ਜਿਹੀ 'ਚ ਹੀ ਮੈਂ ਭੂਆ ਨੂੰ ਕਿਹਾ ਸੀ, "ਭੂਆ, ਹੁਣ ਆਹ ਕੀ ਗੱਲ ਹੋਈ ਭਲਾ।"

"ਕਮਲੀਏ, ਇੰਜ ਸ਼ਰੀਕੇ ਨੂੰ ਕੰਨ ਹੋ ਜਾਂਦੇ ਆ...ਪਈ ਇਹਦਾ ਅੱਗਾ ਪਿੱਛਾ ਅਜੇ ਕਾਇਮ ਆ...।"

ਭੂਆ ਨਾਲ ਮੇਰਾ ਸੁਭਾਅ ਨਹੀਂ ਮਿਲਦਾ ਸੀ। ਉਹਦੀਆਂ ਕਈ ਗੱਲਾਂ ਮੈਨੂੰ ਚੰਗੀਆਂ ਨਹੀਂ ਲੱਗਦੀਆਂ ਸਨ। ਪਰ ਫਿਰ ਵੀ ਭੂਆ 'ਤੇ ਮੈਨੂੰ ਅੰਤਾਂ ਦਾ ਮੋਹ ਆਉਂਦਾ। ਮੇਰੀ ਇਹੋ ਜਿਹੀ ਗੱਲ ਸੁਣ ਉਸ ਕਿਹਾ ਸੀ, "ਮੋਹ ਆਉਣਾ ਕਿੱਦਾਂ ਨੀ, ਮੋਹ ਤਾਂ ਤੈਨੂੰ ਮੇਰੇ ਨਾਲ ਕਰਨਾ ਈ ਪੈਣਾ...ਸਿਆਣੇ ਐਵੇਂ ਤਾਂ ਨਹੀਂ ਕਹਿ ਗਏ— ਭੂਆ ਭਤੀਅ ਇਕੋ ਭੜੋਲੇ ਦਾ ਬੀਅ।"

ਗੱਲ ਚੇਤੇ ਕਰ ਮੇਰੇ ਬੁੱਲ੍ਹ ਹੱਸੇ ਸੀ ਤੇ ਅੱਖਾਂ ਭਰ ਆਈਆਂ ਸੀ। ਮੈਂ ਭੜੋਲੇ ਦੇ ਪਰਦੇਸੀ ਬੀਆਂ ਬਾਰੇ ਸੋਚਣ ਲੱਗ ਪਈ ਸੀ। ਸਾਰੀ ਵਾਟ ਉਹ ਮੇਰੇ ਨਾਲ ਭੂਆ ਦੀਆਂ ਗੱਲਾਂ ਕਰਦੇ ਰਹੇ ਸੀ। ਉਹਦੀਆਂ ਝੱਲ-ਵਲੱਲੀਆਂ ਯਾਦ ਕਰ ਹੱਸਦੇ ਰਹੇ ਸੀ, ਰੋਂਦੇ ਰਹੇ ਸੀ। ਮਾਂ ਤੇ ਚਾਚੀਆਂ ਨੇ ਮੈਨੂੰ ਸਾਰੇ ਕਾਰ-ਵਿਹਾਰ ਸਮਝਾ ਦਿੱਤੇ ਸੀ। ਉਸ ਨੂੰ ਮੈਂ ਪੁੱਛਿਆ ਸੀ, "ਤੁਸੀਂ ਸਾਰੇ ਪਹੁੰਚ ਰਹੇ ਹੋ।"

"ਸਲਾਹ ਕਰ ਕੇ ਦੱਸਦੇ ਆਂ ਤੈਨੂੰ...ਕਿਸ-ਕਿਸ ਕੋਲੋਂ ਆ ਹੁੰਦਾ। ਹਾਂ ਸੱਚ, ਲੋਈ ਲੈ ਲਵੀਂ ਜਾਂਦੀ ਜਾਂਦੀ...।" ਕੁਝ ਕਹਿਣਾ ਚਾਹੁੰਦੀ ਸੀ। ਪਰ ਫੋਨ ਕੱਟਿਆ ਗਿਆ। ਲੋਈ ਵਾਲੇ ਬੈਗ ਨੂੰ ਵੇਖ ਮੇਰੀ ਭੁੱਬ ਨਿਕਲ ਜਾਂਦੀ ਹੈ। "ਭੂਆ, ਕਿਹੋ ਜਿਹੇ ਸੁਨੇਹੇ ਦੇ ਗਈ ਸੀ ਮੈਨੂੰ।"

ਡਰਾਈਵਰ ਕਾਰ ਨੂੰ ਬਰੇਕ ਮਾਰਦਾ ਹੈ, ਤਾਂ ਮੇਰੀਆਂ ਸੋਚਾਂ 'ਤੇ ਬਰੇਕ ਲੱਗ ਜਾਂਦੀ ਹੈ। ਬਾਹਰ ਵੇਖਦੀ ਹਾਂ ਤਾਂ ਭੀੜ ਦਿਸਦੀ ਹੈ, ਪਰ ਹੁਣ ਇਸ ਭੀੜ 'ਚ ਭੂਆ ਕਦੇ ਨਹੀਂ ਦਿਸਣੀ ਤੇ ਮੈਂ ਆਪਣੇ ਮਨ ਨੂੰ ਸਾਵਾਂ ਕਰਨ ਲਈ ਭੂਆ ਦੀ ਦਰਾਣੀ ਨੂੰ ਫ਼ੋਨ ਕਰ ਦੇਂਦੀ ਹਾਂ।

"ਭੂਆ ਦਾ ਕੀ ਹਾਲ ਹੁਣ।"

"ਕਈ ਹਾਲ ਨਹੀਉਂ ਤੇਰੀ ਭੂਆ ਦਾ...ਬੱਸ ਹੁਣ 'ਤੇ ਰੱਬ ਈ ਆ ਜੇ ਬਹੁੜ ਪਵੇ...ਛੇਤੀ ਆ ਜਾ ਧੀਏ...ਤੈਨੂੰ ਹੀ ਡੀਕਣ ਡਈ ਉ...।" ਇਸ ਤੋਂ ਬਾਅਦ ਫੋਨ 'ਤੇ ਉਹਦੀਆਂ ਸਿਸਕੀਆਂ ਸਨ ਤੇ ਮੇਰੇ ਕੋਲੋਂ ਵੀ ਕੁਝ ਨਾ ਬੋਲ ਹੋਇਆ। ਫੋਨ 'ਤੇ ਆਵਾਜ਼ ਆਉਣੀ ਬੰਦ ਹੋ ਗਈ ਸੀ ਤੇ ਮੈਂ ਇਨ੍ਹਾਂ ਦੋਵਾਂ ਬਾਰੇ ਸੋਚਣ ਲੱਗ ਪਈ ਸੀ।

ਅਜੀਬ ਰਿਸ਼ਤਾ ਸੀ, ਇਨ੍ਹਾਂ ਦੋਵਾਂ ਦਾ। ਭੂਆ ਲਈ ਕਦੀ ਇਹ ਸ਼ਰੀਕਣੀ ਸੀ, ਕਦੇ ਕੁਲਦੀਪ ਕੌਰ ਤੇ ਕਦੇ ਸਾਡੀ ਛੋਟੀ ਭੂਆ ਸੀ। ਭੂਆ ਆਪਣੇ ਸੁਭਾਅ ਮੁਤਾਬਕ ਝੱਟ ਤੱਤੀ-ਠੰਡੀ ਹੋ ਜਾਂਦੀ, ਲੜ-ਬੋਲ ਵੀ ਪੈਂਦੀ ਸੀ। ਪਰ ਆਪਣੀ ਸ਼ਰੀਕਣੀ ਬਗ਼ੈਰ ਸਰਦੀ ਵੀ ਨਹੀਂ ਸੀ। ਇਹੋ ਜਿਹੇ ਵੇਲੇ ਹੀ ਮੈਨੂੰ ਭੂਆ ਫੋਨ 'ਤੇ ਦੱਸਦੀ, "ਅੱਜ ਅਸੀਂ ਲੜ-ਬੋਲ ਪਈਆਂ...ਸੜ ਜਾਣੀ ਮੇਰੀ ਜ਼ੁਬਾਨ ਰਹਿੰਦੀ ਨਈਂ...ਤੇ ਮੇਰੀ ਸ਼ਰੀਕਣੀ ਗੱਲ ਦਿਲ 'ਤੇ ਲਾ ਕੇ ਬਹਿ ਜਾਂਦੀ ਆ...।"

"ਭੂਆ, ਜੇ ਛੋਟੀ ਭੂਆ ਬਗ਼ੈਰ ਤੇਰਾ ਗੁਜ਼ਾਰਾ ਨਹੀਂ ਹੁੰਦਾ ਤਾਂ ਨਾ ਲੜਿਆ ਕਰ।"

"ਲੈ, ਇੰਦਾਂ ਕਿੰਦਾਂ ਹੋ ਜੇ, ਸ਼ਰੀਕਣੀ ਦਾ ਹੋਰ ਚਾਰ ਪਾਉਣਾ ਜੇ ਲੜਾਈ ਨਾ ਕੀਤੀ।"

ਤੇ ਫਿਰ ਦੋ ਕੁ ਦਿਨਾਂ ਬਾਅਦ ਸੁਲ੍ਹਾ-ਸਫ਼ਾਈ ਦਾ ਫੋਨ ਆ ਜਾਂਦਾ। "ਗੱਲ ਸੁਣ, ਮੈਂ ਅੱਜ ਆਪੇ ਹੀ ਜਾ ਕੇ ਮਨਾ ਲਈ ਆਪਣੀ ਸ਼ਰੀਕਣੀ।"

ਤੇ ਫਿਰ ਮੇਰੇ ਪੁੱਛਣ ਤੋਂ ਪਹਿਲਾਂ ਹੀ ਹੋਇਆ-ਬੀਤਿਆ ਦੱਸਣ ਬਹਿ ਜਾਂਦੀ।

"ਇਸ ਵਾਰ ਜ਼ਿਆਦਾ ਹੀ ਵਿੱਟਰ ਗਈ ਸੀ, ਦੋ ਕੁ ਦਿਨ ਤਾਂ ਮੈਂ ਵਾਹਵਾ ਸਬਰ ਰੱਖਿਆ, ਪਰ ਫਿਰ ਦਿਲ ਹੌਲਾ ਪੈ ਗਿਆ...ਮੈਂ ਜ਼ੇਰਾ ਜਿਹਾ ਕਰ ਕੇ ਬੁਲਾ ਲਿਆ। ਅੱਗੋਂ ਭਾਗਾਂ 'ਤੇ ਪੈ ਗਈ...ਔਖੀ ਜਿਹੀ ਹੋ ਕੇ ਮੈਨੂੰ ਆਖਣ ਲੱਗੀ - ਮੈਨੂੰ ਨਾ ਬੁਲਾਅ।"

"ਮੈਂ ਕਿਹਾ - ਇਹ ਗੱਲ ਝੂਠੀ...ਤੂੰ ਮੇਰੀ ਸ਼ਰੀਕਣੀ...ਲੜਨਾ ਵੀ ਤੇਰੇ ਨਾਲ ਆ...ਤੇ ਬੋਲਣਾ ਵੀ ਤੇਰੇ ਨਾਲ ਆ...ਚੱਲ ਹੁਣ ਰੋਸਾ ਮਿਟਾ ਤੇ ਚਾਹ ਬਣਾ।" ਇੰਜ ਉਹ ਲੜ ਵੀ ਪੈਂਦੀ ਸੀ ਤੇ ਰੋਸੇ ਮਿਟਾ ਵੀ ਲੈਂਦੀ ਸੀ। ਸਮਝ ਨਹੀਂ ਆਉਂਦੀ ਰੋਸੇ ਮਿਟਾਉਣ ਵਾਲੀ ਨਾਲ ਰੱਬ ਕਿਹੜੀ ਗੱਲੋਂ ਰੁੱਸ ਗਿਆ।

ਮੋਬਾਈਲ ਦੀ ਰਿੰਗ ਤੋਂ ਮੈਂ ਤ੍ਰਬਕ ਜਾਂਦੀ ਹਾਂ। ਛੋਟੀ ਭੂਆ ਦਾ ਫੋਨ ਸੀ। ਧੀਏ, ਰੱਬ ਨਹੀਉਂ ਰੀਝਿਆ, ਲੈ ਗਿਆ ਈ...ਤੇਰੀ ਭੂਆ ਨੂੰ ਖੋਹ ਕੇ।" ਫੋਨ 'ਤੇ ਆਵਾਜ਼ ਆਉਣੀ ਬੰਦ ਹੋ ਗਈ ਸੀ ਤੇ ਮੈਂ ਆਪਣੇ ਹੀ ਅੰਦਰ ਡੂੰਘਾ ਲਹਿ ਗਈ ਸੀ।

ਕਾਰ ਭੂਆ ਦੇ ਪਿੰਡ ਵੱਲ ਮੋੜਾ ਖਾ ਗਈ ਸੀ। ਉਨ੍ਹਾਂ ਰਾਹਵਾਂ ਤੇ ਥਾਵਾਂ ਨੂੰ ਗਹੁ ਨਾਲ ਵੇਖਿਆ, ਜਿਨ੍ਹਾਂ ਨੂੰ ਭੂਆ ਪਲਾਂ-ਛਿਣਾਂ 'ਚ ਛੱਡ ਆਈ ਸੀ। ਭੂਆ ਦੇ ਘਰ ਵਿਹੜੇ 'ਚ ਵਿਛਿਆ ਸੱਥਰ ਵੇਖ ਮਨ ਨੂੰ ਹੌਲ ਜਿਹਾ ਪਿਆ।

"ਨੀ ਤੂੰ ਆਪੇ ਮੌਤ ਸਹੇੜ ਲਈ ਉ...ਨੀ ਤੂੰ ਕਿਹੜੇ ਰਾਹੇ ਪੈ ਗਈਏਂ ਮੇਰੀਏ ਸ਼ਰੀਕਣੀਏ...ਗੁਆਂਢ ਸੁੰਨਾ ਕਰ ਗਈਏਂ।" ਮੇਰਾ ਵੀ ਜੀਅ ਕਰਦਾ ਸੀ, ਮੈਂ ਛੋਟੀ ਭੂਆ ਦੇ ਗਲ ਲੱਗ ਬਹੁਤ ਕੁਝ ਭੂਆ ਨੂੰ ਆਖਾਂ...ਪਰ ਮੇਰੇ ਕੋਲ ਕੁਝ ਵੀ ਬੋਲ ਨਾ ਹੋਇਆ ਤੇ ਮੈਂ ਕਿੰਨਾ ਚਿਰ ਭੂਆ ਦੇ ਗਲ ਲੱਗ ਰੋਂਦੀ ਰਹੀ ਸੀ।

"ਸੜ ਜਾਣੇ ਗੋਡੇ ਹੀ ਜਮ ਬਣ ਕੇ ਆ ਗਏ।" ਭੀੜ 'ਚੋਂ ਕਿਸੇ ਦੀ ਆਵਾਜ਼ ਆਉਂਦੀ ਹੈ। ਸੱਚ ਹੀ ਤਾਂ ਸੀ, ਗੋਡਿਆਂ ਨੇ ਹੀ ਜਾਨ ਲੈ ਲਈ। ਭੂਆ ਜੀਣਾ ਚਾਹੁੰਦੀ ਸੀ, ਸੋਹਣਾ ਬਣ



ਕੇ। ਕਹਿੰਦੀ ਹੁੰਦੀ ਸੀ, "ਮੈਂ ਨਹੀਂ ਸੋਟੀ ਜਿਹੀ ਫੜ ਕੇ ਤੁਰਨਾ।" ਪਰ ਉਮਰਾਂ ਅੱਗੇ ਗੋਡਿਆਂ ਮੋਢਿਆਂ ਦਾ ਵੱਸ ਨਹੀਂ ਚੱਲਦਾ। ਗੋਡੇ ਦੁਖਣ ਲੱਗ ਪਏ ਸੀ ਤੇ ਉਹ ਹਸਪਤਾਲ ਦੇ ਰਾਹੇ ਪੈ ਗਈ ਸੀ। ਰਿਪੋਰਟਾਂ ਆਈਆਂ ਤਾਂ ਸਭ ਨੂੰ ਦਿਖਾਉਂਦੀ ਫਿਰੇ। "ਸਾਰੇ ਟੈਸਟ ਨਾਰਮਲ ਆਏ ਆ ਮੇਰੇ...ਪਰ ਆਹ ਸੜ ਜਾਣੇ ਗੋਡਿਆਂ ਨੂੰ ਪਤਾ ਨਹੀਂ ਕਿਹੜੀ ਬਿਮਾਰੀ ਪੈ ਗਈ। ਕੈਨੇਡਾ 'ਚ ਤਾਂ ਅੱਸੀ-ਅੱਸੀ ਸਾਲ ਦੀਆਂ ਬੁੱਢੀਆਂ ਹਰਲ-ਹਰਲ ਕਰਦੀਆਂ ਫਿਰਦੀਆਂ, ਮੈਂ ਤਾਂ ਹਾਲੇ ਸੱਠ ਵੀ ਨਹੀਂ ਟੱਪੀ ਸੀ।"

ਗੋਡੇ ਬਦਲਾਉਣ ਦਾ ਵਿਆਹ ਜਿੰਨਾ ਚਾਅ ਸੀ ਉਹਨੂੰ। ਹਸਪਤਾਲ ਜਾਣ ਤੋਂ ਪਹਿਲਾਂ ਵਾਲ ਡਾਈ ਕੀਤੇ। ਅੱਠ ਦਸ ਸੂਟ ਬਣਾਏ, ਕਹਿੰਦੀ ਫਿਰੇ, "ਫਿਰ ਮੈਥੋਂ ਹਿੱਲ ਨਹੀਂ ਹੋਣਾ...ਕਈਆਂ ਨੇ ਵੇਖਣ ਆਉਣਾ ਮੈਨੂੰ...।"

ਮੈਂ ਉਸ ਵੇਲੇ ਹੱਸਦਿਆਂ ਕਿਹਾ ਸੀ, "ਭੂਆ, ਸੂਟ ਸਵਾਉਣ ਦਾ ਇਹ ਬਹਾਨਾ ਪਹਿਲੀ ਵਾਰ ਸੁਣਿਆ।"

"ਨੀ ਗੱਲ ਸੁਣ ਮੇਰੀ, ਉਹ ਕਿਹੜਾ ਕੁਝ ਨਾਲ ਲੈ ਗਿਆ, ਹੁਣ ਮੈਂ ਜਦ ਵੀ ਨਵੇਂ ਸੂਟ ਪਾਉਂਦੀ ਆਂ...ਸੋਚੂੰ, ਉਹਦੀ ਰੂਹ ਖ਼ੁਸ਼ ਹੋ ਗਈ ਹੋਣੀ...।" ਭੂਆ ਗਾਹੇ-ਬਗਾਹੇ ਤੁਰ ਗਏ ਫੁੱਫੜ ਨੂੰ ਇੰਜ ਹੀ ਯਾਦ ਕਰਦੀ ਹੁੰਦੀ ਸੀ।

ਕੈਨੇਡਾ ਤੋਂ ਵਾਪਸ ਆਉਣ ਤੋਂ ਬਾਅਦ ਘੱਟਿਓਂ ਘੱਟੀ ਹੋਈ ਫੋਟੋ ਨੂੰ ਕਿੰਨਾ ਚਿਰ ਸਾਫ਼ ਕਰਦੀ ਰਹੀ ਤੇ ਉਹਦੀ ਫੋਟੋ ਨਾਲ ਗੱਲਾਂ ਕਰਦੀ ਰਹੀ ਸੀ। "ਵੇ ਸਰਦਾਰਾ, ਮੈਂ ਤਾਂ ਸੱਤ ਸਮੁੰਦਰ ਪਾਰ ਕਰਕੇ ਮੁੜ ਆਈ...ਤੇ ਤੂੰ ਕੰਧ ਨਾਲ ਈ ਲੱਗਾ ਅਜੇ ਤੱਕ। ਧੀ-ਪੁੱਤ ਆਪੋ-ਆਪਣੇ ਘਰੀਂ ਸੁਖੀਂ ਵੱਸਦੇ ਪਰ ਤੇਰੇ ਬਗ਼ੈਰ ਜੀਣ ਦਾ ਕੋਈ ਹੱਜ ਨਹੀਉਂ।"

ਵਿਹੜੇ 'ਚ ਤੁਰੀ ਫਿਰਦੀ ਆਪਣੀ ਸ਼ਰੀਕਣੀ ਨੂੰ ਆਵਾਜ਼ ਮਾਰ ਕੇ ਕਹਿਣ ਲੱਗੀ, "ਵੇਖ ਲਾ ਕੁਲਦੀਪ ਕੁਰੇ...ਨਿਖਾਰ ਦਿੱਤਾ ਈ ਤੇਰਾ ਜੇਠ...ਕਿੰਨੀਆਂ ਗੱਲਾਂ ਕਰ ਲਈਆਂ ਤੇਰੇ ਜੇਠ ਨਾਲ...ਪਰ ਕੋਈ ਜਵਾਬ ਨਹੀਉਂ ਦੇਂਦਾ ਮੈਨੂੰ...ਕਿੱਡਾ ਨਿਰਮੋਹਿਆ ਹੋ ਗਿਆ ਤੇਰਾ ਜੇਠ...।" ਤੇ ਫਿਰ ਉਹਦੇ ਗਲ ਲੱਗ ਭੁੱਬਾਂ ਮਾਰ ਮਾਰ ਰੋਂਦੀ ਰਹੀ ਸੀ। ਕਹਿੰਦੇ ਆ ਜਾਣ ਵਾਲੇ ਬੰਦੇ ਨੂੰ ਉਹਦੀ ਮੌਤ ਦਿਸਣ ਲੱਗ ਪੈਂਦੀ ਆ। ਕਈ ਵਾਰ ਫੁੱਫੜ ਦੀ ਫੋਟੋ ਨੂੰ ਸਾਫ਼ ਕਰਦਿਆਂ ਕਹਿਣਾ, "ਮੈਂ ਆਪਣੇ ਪੁੱਤ ਨੂੰ ਪਹਿਲਾਂ ਈ ਸਮਝਾ ਦੇਣਾ...ਮੇਰੇ ਮਰਨ ਤੋਂ ਬਾਅਦ ਫੋਟੋ ਨਾ ਬਣਵਾਈਂ ਮੇਰੀ। ਤੇਰੀ ਫੋਟੋ ਤੋਂ ਤਾਂ ਮੈਂ ਮਿੱਟੀ ਘੱਟਾ ਝਾੜ ਦੇਂਦੀ ਆਂ...ਪਰ ਸਰਦਾਰਾ, ਮੇਰੀ ਫੋਟੋ ਕੌਣ ਸਾਫ਼ ਕਰਿਆ ਕਰੂ ਭਲਾ...।" ਭੂਆ ਦੀ ਇਸ ਗੱਲ ਦਾ ਜਵਾਬ ਕਿਸੇ ਕੋਲ ਵੀ ਨਹੀਂ ਸੀ।

"ਪ੍ਰਦੇਸਾਂ ਨੇ ਬੁਢਾਪਾ ਰੋਲ ਦਿੱਤਾ।" ਸੱਥਰ ਦੀ ਭੀੜ 'ਚੋਂ ਆਵਾਜ਼ ਆਈ।

ਸੱਥਰ 'ਤੇ ਬੈਠੀ ਭੀੜ ਵੱਲ ਝਾਕਦਿਆਂ ਮੈਨੂੰ ਸੱਚਮੁਚ ਲੱਗਾ, ਇਨ੍ਹਾਂ ਸਭ ਨੂੰ ਪਰਦੇਸ ਹੌਲੀ ਹੌਲੀ ਖਾ ਰਿਹਾ ਸੀ। ਪੁੱਤ-ਧੀਆਂ ਬਾਹਰ ਚਲੇ ਗਏ ਸੀ ਤੇ ਬੁੱਢੇ-ਠੇਰੇ ਰਹਿ ਗਏ ਸੀ ਘਰਾਂ ਦੀ ਰਾਖੀ ਲਈ। ਭੂਆ ਵੀ ਤਾਂ 'ਕੱਲੀ ਰਹਿੰਦੀ ਸੀ ਐਡੇ ਵੱਡੇ ਘਰ ਵਿਚ...। ਸ਼ਾਇਦ ਆਪਣੀ ਇਕੱਲ ਤੋਂ ਵੀ ਘਬਰਾਅ ਬੜੇ ਚਾਅ ਨਾਲ ਕੈਨੇਡਾ ਚਲੇ ਗਈ ਸੀ। ਪਰ ਉਹ ਚਾਅ ਥੋੜ੍ਹੇ ਦਿਨਾਂ 'ਚ ਹੀ ਛੂ-ਮੰਤਰ ਹੋ ਗਿਆ ਸੀ। ਨੂੰਹ-ਪੁੱਤ ਜਦ ਆਪਣ ਕੰਮਾਂ-ਕਾਰਾਂ 'ਤੇ ਚਲੇ ਜਾਂਦੇ ਤਾਂ ਭੂਆ ਲੰਬੇ-ਚੌੜੇ ਫੋਨ ਕਰਦੀ। ਮੈਂ ਕਈ ਵਾਰ ਇਨ੍ਹਾਂ ਫ਼ੋਨਾਂ ਤੋਂ ਅੱਕ ਜਾਂਦੀ। ਪਰ ਫਿਰ ਵੀ ਗੱਲਾਂ ਸੁਣਦੀ ਰਹਿੰਦੀ। "ਨੀ ਅੜੀਏ, ਨੂੰਹ ਪੁੱਤ ਚਾਅ ਤਾਂ ਬਥੇਰਾ ਕਰਦੇ ਆ...ਪਰ ਫਿਰ ਵੀ ਇਹ ਘਰ ਆਪਣਾ ਨਹੀਉਂ ਲੱਗਦਾ।"

ਉਸ ਦਿਨ ਭੂਆ ਦੀ ਗੱਲ ਸੁਣ ਮੈਨੂੰ ਲੱਗਾ ਜਿਵੇਂ ਭੂਆ ਨੂੰ ਉਦਾਸੀ ਨੇ ਧੁਰ ਅੰਦਰ ਤੱਕ ਜੱਫ਼ਾ ਮਾਰਿਆ ਹੋਇਆ ਸੀ ਤੇ ਉਸ ਉਦਾਸੀ ਨੂੰ ਦੂਰ ਕਰਨ ਲਈ ਪੁੱਤ ਉਹਨੂੰ ਵਿਸਾਖੀ ਵਾਲਾ ਮੇਲਾ ਵਿਖਾਉਣ ਲਈ ਲੈ ਗਿਆ। ਪੁੱਤ ਨੂੰ ਲੱਗਾ, ਅੱਜ ਮਾਂ ਖ਼ੁਸ਼ ਹੋ ਜੂ...ਤੇ ਇਸੇ ਲਈ ਉਸ ਮਾਂ ਨੂੰ ਪੁੱਛਿਆ ਸੀ, "ਮਾਂ, ਇਹੋ ਜਿਹਾ ਮੇਲਾ ਕਦੇ ਵੇਖਿਆ ਈ।"

"ਵੇ ਪੁੱਤ ' ਸੱਚੀਂ ਇਹੋ ਜਿਹਾ ਮੇਲਾ ਮੈਂ ਕਦੇ ਨਹੀਂ ਵੇਖਿਆ...ਪਰ ਮੇਲੇ ਤਾਂ ਦਿਲ ਮਿਲਿਆਂ ਦੇ ਹੁੰਦੇ...ਇਹ ਕਾਹਦਾ ਮੇਲਾ...ਜਿਥੇ ਕੋਈ ਜਾਣ-ਸਿਆਣ ਦਾ ਨਹੀਂ...ਜਿਥੇ ਕੋਈ ਆਪਣਾ ਨਈਂ।" ਪੁੱਤ ਬਹੁਤ ਕੁਝ ਮਾਂ ਨੂੰ ਕਹਿਣਾ ਚਾਹੁੰਦਾ ਸੀ...ਕਹਿ ਨਾ ਸਕਿਆ।

ਭੂਆ ਵੀ ਕਈ ਕੁਝ ਨੂੰਹ ਪੁੱਤ ਨੂੰ ਕਹਿਣਾ ਚਾਹੁੰਦੀ ਸੀ ਪਰ ਕਹਿ ਨਾ ਸਕਦੀ। ਜਦ ਕਦੇ ਮਨ ਭਰਿਆ ਹੁੰਦਾ ਤਾਂ ਮੇਰੇ ਸਾਹਮਣੇ ਛਲਕਣ ਲੱਗ ਪੈਂਦੀ। "ਨੀ ਇਨ੍ਹਾਂ ਨੂੰਹਾਂ ਕੋਲ ਕੋਈ ਚਾਬੀ ਹੁੰਦੀ ਆ...ਜਿਹੜੀ ਦਿਸਦੀ ਨਹੀਉਂ...ਵੇਖ ਲਾ ਮੇਰੇ ਵਰਗੀ ਰੋਹਬਦਾਰ ਔਰਤ ਦੇ ਮੂੰਹ ਨੂੰ ਵੀ ਜਿੰਦੇ ਲੱਗ ਗਏ।"

"ਭੂਆ, ਜੰਗਲ 'ਚ ਸ਼ੇਰਨੀ ਇਕੋ ਰਹਿ ਸਕਦੀ...ਤੇ ਹੁਣ ਤੂੰ ਸ਼ੇਰਨੀਆਂ ਵਾਲੇ ਕਾਰੇ ਬੰਦ ਕਰ ਦੇ।"

"ਗੱਲ ਸੁਣ ਲਾ ਮੇਰੀ...ਜੀਣਾ ਮੈਂ ਵੀ ਸ਼ੇਰਨੀ ਬਣ ਕੇ...ਜਦ ਤੱਕ ਜੀਣਾ ਸ਼ੇਰਨੀ ਵਾਲੀ ਦਹਾੜ ਨਹੀਂ ਛੱਡਣੀ...ਭਲਾ ਮਰਨ ਤੋਂ ਪਹਿਲਾਂ ਕਿਉਂ ਮਰੀਏ।"

ਸੱਚਮੁਚ ਭੂਆ ਮਰਨ ਤੋਂ ਪਹਿਲਾਂ ਜੀਅ ਭਰ ਕੇ ਜੀਅ ਲੈਣਾ ਚਾਹੁੰਦੀ ਸੀ। ਪਰ ਜਦ ਰੁੱਤ ਬਦਲੀ ਤਾਂ ਉਹਦੀਆਂ ਗੱਲਾਂ ਦਾ ਰੁਖ ਵੀ ਬਦਲ ਗਿਆ। ਨੂੰਹ-ਪੁੱਤ ਜਿੰਨੇ ਜੋਗੇ ਵੀ ਸੀ...ਉਹਦਾ ਤੇਹ-ਮੋਹ ਕਰਦੇ। ਪੁੱਤ ਮਦਰ-ਡੇਅ 'ਤੇ ਭੂਆ ਦੀ ਫੋਟੋ ਨਾਲ 'ਠੰਡੀ ਛਾਂ' ਵਾਲਾ ਸਟੇਟਸ ਪਾਉਂਦਾ, ਪਰ ਭੂਆ ਨੂੰ ਇਹ ਸਭ ਕੁਝ ਬੇਮਤਲਬਾ ਲੱਗਦਾ। ਤੇ ਉਹ 'ਠੰਡੀ ਛਾਂ' ਜਿਹੀ ਹੁਣ ਆਪਣੇ ਲਈ ਛਾਂ ਭਾਲ ਰਹੀ ਸੀ। ਕਈ ਵਾਰ ਮੈਨੂੰ ਲੱਗਦਾ, ਭੂਆ ਉਹ ਰੁੱਖ ਬਣ ਗਈ ਸੀ, ਜਿਸ ਦੀ ਰੁੱਤ ਉਸ ਤੋਂ ਕੋਹਾਂ ਦੂਰ ਸੀ। ਇਹੋ ਜਿਹੇ ਵੇਲੇ ਹੀ ਮੈਂ ਉਹਨੂੰ ਕਿਹਾ ਸੀ—"ਭੂਆ ਤਾਂ ਮੇਰੀ ਸ਼ੇਰਨੀ ਆ, ਐਵੇਂ ਕਿਉਂ ਦਿਲ ਛੋਟਾ ਕਰ ਕੇ ਬਹਿ ਗਈ।"

"ਪਰਦੇਸਾਂ ਨੇ ਦਿਲ ਹੌਲੇ ਕਰਤੇ ਧੀਏ' ਉਂਜ ਮੈਂ ਕਿੱਥੇ ਲਈਦੀ ਸੀ।"

ਪਰਦੇਸ ਦੀਆਂ ਕਈ ਗੱਲਾਂ ਭੂਆ ਦੀ ਸਮਝ 'ਚ ਨਾ ਪੈਂਦੀਆਂ। ਇਹੋ ਜਿਹੇ ਵੇਲੇ ਉਹ ਖਿਝ ਜਿਹੀ 'ਚ ਕਹਿੰਦੀ, "ਨੀ ਏਥੇ ਤਾਂ ਆਵਾ ਈ ਊਤਿਆ ਫਿਰਦਾ...ਸਾਡੇ ਵਾਰ੍ਹੇ-ਪਾਰ੍ਹੇ ਧੀਆਂ ਦੇ ਸੋਲ੍ਹਵੇਂ ਵਰ੍ਹੇ ਨੂੰ ਲੁਕਾ-ਲੁਕਾ ਰੱਖਦੇ ਸੀ ਤੇ ਇਥੇ ਤਾਂ ਹੋਕਾ ਦੇ-ਦੇ ਦੱਸਦੇ ਫਿਰਦੇ ਆ - ਮੇਰੀ ਧੀ ਨੂੰ ਸੋਲ੍ਹਵਾਂ ਵਰ੍ਹਾ ਲੱਗ ਗਿਆ ਜੇ।" ਸਾਰਾ ਟੱਬਰ ਕਮਲਾ ਹੋਈ ਫਿਰਦਾ, ਧੀ ਦਾ ਸੋਲ੍ਹਵਾਂ ਜਨਮ ਦਿਨ ਮਨਾਉਣ ਪਿੱਛੇ, ਰੋਜ਼ ਕਰਦੇ ਫਿਰਨਗੇ, "ਬਹੁਤ ਵੱਡੀ ਸੈਲਬ੍ਰੀ ਕਰਨੀ ਆ...।" ਭੂਆ ਦੀ ਗੱਲ ਸੁਣ ਮੈਨੂੰ ਹਾਸਾ ਆ ਗਿਆ ਸੀ ਤੇ ਮੈਂ ਹੱਸਦਿਆਂ ਕਿਹਾ ਸੀ, "ਭੂਆ, ਸੈਲਬ੍ਰੀ ਨਹੀਂ ਸੈਲੀਬ੍ਰੇਸ਼ਨ।"

"ਨੀ ਚੱਲ, ਜੋ ਵੀ ਹੋਇਆ, ਤੈਨੂੰ ਸਮਝ ਆ ਗਿਆ ਨਾ...ਬਹੁਤੀ ਪੜ੍ਹੀ ਲਿਖੀ ਨੂੰ।"

ਤੇ ਇਹੋ ਜਿਹੇ ਵੇਲੇ ਹੀ ਭੂਆ ਆਪਣੇ ਸੋਲ੍ਹਵੇਂ ਵਰ੍ਹੇ ਦਾ ਕਿੱਸਾ ਸੁਣਾਉਣ ਬਹਿ ਗਈ ਸੀ। "ਚੜ੍ਹਦੀ ਜਵਾਨੀ ਸੀ ਮੇਰੀ...ਜਦ ਬੌਬੀ ਫ਼ਿਲਮ ਆਈ। ਭਰਾ ਬੜੇ ਅੱਥਰੇ ਹੁੰਦੇ ਸੀ...ਤੇ ਜਵਾਨੀ ਉਨ੍ਹਾਂ ਤੋਂ ਵੱਧ ਅੱਥਰੀ ਸੀ। ਮੈਂ ਤੇ ਮੇਰੀ ਚਾਚੇ ਦੀ ਕੁੜੀ ਪਿੰਦਰ ਨੇ ਬੌਬੀ ਵਾਂਗੂੰ ਸਿਰ 'ਤੇ ਉੱਚਾ ਜੂੜਾ ਕਰ ਲਿਆ। ਆਰਾਮ ਨਾਲ ਧਰੇਕ ਥੱਲੇ ਬਹਿ ਦਸੂਤੀ ਕੱਢ ਰਹੀਆਂ ਸੀ। ਬਾਹਰੋਂ ਜੁਆਕ ਲੰਘੇ, ਪਤਾ ਨਹੀਂ ਕਿਹੜੇ ਚੌਬਰ ਦੇ ਧੱਕੇ ਚੜ੍ਹੇ ਬੋਲਣ ਲੱਗ ਪਏ - ਬੌਬੀ ਬੌਬੀ। ਤੇਰੇ ਪਿਉ ਨੇ ਕਿਤੇ ਸੁਣ ਲਿਆ ਤੇ ਸਾਨੂੰ ਦੋਵਾਂ ਨੂੰ ਛਿਟੀਆਂ ਨਾਲ ਝੰਬ ਸੁੱਟਿਆ।"

ਭੂਆ ਦਾ ਲੰਬਾ-ਚੌੜਾ ਕਿੱਸਾ ਸੁਣ ਮੈਂ ਸਵਾਦ ਲਾ ਕੇ ਪੁੱਛਣਾ, "ਹੁਣ ਦੇ ਵੇਲੇ ਕੀ ਹੁੰਦਾ ਭਲਾ...।"

"ਹੁਣ ਤਾਂ ਬੱਸ...ਉਹ ਗੱਲ ਆ, ਲੱਥ ਗਈ ਲੋਈ ਤੇ ਕੀ ਕਰੂਗਾ ਕੋਈ...ਨੂੰਹਾਂ ਧੀਆਂ ਨਿੱਕਰਾਂ ਜਿਹੀਆਂ ਪਾ ਕੇ ਫੇਸਬੁੱਕ 'ਤੇ ਫੋਟੋ ਪਾ ਦੇਂਦੀਆਂ ਤੇ ਥੱਲੇ ਸਹੁਰੇ-ਪਤਿਉਰੇ ਲਿਖਦੇ ਫਿਰਦੇ ਆ...ਨੈਸ ਪਿਕ।"

ਕਨੇਡਾ ਜਾ ਇਹੋ ਜਿਹੀਆਂ ਰੰਗ ਬਰੰਗੀਆਂ ਗੱਲਾਂ ਸੁਣਾਉਣਾ ਉਹਦਾ ਨਿੱਤ ਨੇਮ ਬਣ ਗਿਆ ਸੀ। ਗੱਲ ਸੁਣਾਉਣ ਤੋਂ ਪਹਿਲਾਂ ਉਹ ਅਕਸਰ ਕਹਿੰਦੀ, "ਲੈ ਤੈਨੂੰ ਅੱਜ ਦਾ ਕਿੱਸਾ ਸੁਣਾਵਾਂ...।" ਤੇ ਮੈਂ ਉਹਦੇ ਮਿੱਠੇ-ਸਲੂਣੇ ਕਿੱਸੇ ਸੁਣਦੀ ਰਹਿੰਦੀ।

"ਨੀ ਅੜੀਏ! ਅੱਜ ਮੈਂ ਸੈਰ ਕਰਨ ਘਰੋਂ ਬਾਹਰ ਨਿਕਲੀ ਤਾਂ ਤੇਰਾ ਭਰਾ ਮੈਨੂੰ ਸਮਝਾਉਂਦਿਆਂ ਕਹਿਣ ਲੱਗਾ - 'ਬੇਬੇ ਸੈਰ ਕਰਦੀ ਕਰਦੀ ਆਲੇ ਦੁਆਲੇ ਤੈਨੂੰ ਬੜੀਆਂ ਅਲੋਕਾਰ ਚੀਜ਼ਾਂ ਦਿਸਣੀਆਂ। ਐਵੇਂ ਡੇਲੇ ਪਾੜ ਪਾੜ ਝਾਕੀ ਨਾ ਜਾਈਂ ਉਧਰ ਨੂੰ। ਮੇਰੀ ਜਾਣੇ ਬਲਾ...ਪਤਾ ਨਹੀਂ ਕਿਹੜੀਆਂ ਅਲੋਕਾਰ ਚੀਜ਼ਾਂ ਦੀ ਗੱਲ ਕਰਨ ਡਿਆ ਸੀ।"

"ਫਿਰ ਭੂਆ ਕਿਹੜੀਆਂ ਅਲੋਕਾਰ ਚੀਜ਼ਾਂ ਵੇਖੀਆਂ ਤੂੰ।"

"ਨੀ ਉਥੇ ਤਾਂ ਕੁੜੀਆਂ ਮੁੰਡੇ ਸ਼ਰੇਆਮ ਇਕ ਦੂਜੇ ਨਾਲ ਚੋਹਲ ਮੋਹਲ ਕਰਨ ਡਹੇ ਸੀ।"

"ਫਿਰ ਭੂਆ...ਤੂੰ ਵੇਖਿਆ ਉਨ੍ਹਾਂ ਵੱਲ।"

"ਲੈ ਹੋਰ...ਜੀਅ ਭਰ ਕੇ ਵੇਖਿਆ ਉਨ੍ਹਾਂ ਵੱਲ। ਵੇਖ ਕੇ ਮੈਂ ਸੋਚਿਆ...ਜਵਾਨੀਆਂ ਤਾਂ ਇਹ ਲੋਕ ਮਾਣਦੇ ਆ...ਜੇ ਕਿਤੇ ਤੇਰਾ ਫੁੱਫੜ ਨਾਲ ਹੁੰਦਾ ਤਾਂ ਮੈਂ ਉਹਨੂੰ ਕਹਿਣਾ ਸੀ...ਜਵਾਨੀ 'ਚ ਤਾਂ ਚੋਹਲ-ਮੋਹਲ ਕੀਤੇ ਨਾ...ਆ ਜਾ ਹੁਣ ਈ ਆਪਾਂ ਚੋਹਲ-ਮੋਹਲ ਕਰ ਲਈਏ।"

"ਲੈ ਭੂਆ...ਲੱਭ ਲਾ ਕੋਈ ਗੋਰਾ...ਕਰ ਲਾ ਤੂੰ ਵੀ ਚੋਹਲ ਮੋਹਲ...।"

"ਚੱਲ, ਜੇ ਤੂੰ ਕਹਿੰਦੀ ਆਂ ਤਾਂ ਅੱਜ ਈ ਕੋਈ ਗੋਰਾ ਲੱਭ ਕੇ ਉਹਨੂੰ ਮੈਂ ਆਈ ਲਵ ਯੂ ਕਹਿ ਦੇਣਾ...ਫੇਰ ਨਾ ਆਖੀਂ ਦੱਸਿਆ ਨੀਂ।"

ਇਹੋ ਜਿਹੀਆਂ ਗੱਲਾਂ ਕਰ ਅਸੀਂ ਕਿੰਨਾ ਚਿਰ ਹੱਸਦੀਆਂ ਰਹੀਆਂ ਸੀ ਤੇ ਫਿਰ ਭੂਆ ਦੀ ਗਰਾਰੀ ਚੋਹਲ-ਮੋਹਲ 'ਤੇ ਅੜ ਗਈ ਸੀ।

"ਕਈ ਵਾਰ ਸੋਚੂੰ...ਸਾਡੇ ਤਾਂ ਚੋਹਲ-ਮੋਹਲ ਕਿਸੇ ਨਾ ਕੀਤੇ...ਸਾਡੇ ਦਿਨ ਪਤਾ ਨਹੀਂ ਕਿੱਥੇ ਛਿਪਣ ਹੋਗੇ...ਕਨੇਡੇ ਤਾਂ ਰੰਨ ਰਸੋਈ 'ਚ ਹੋਊ, ਲੇਲਿਆਂ ਵਾਂਗੂੰ ਖਸਮ ਪਿੱਛੇ-ਪਿੱਛੇ ਤੁਰੇ ਫਿਰਦੇ...ਰੰਗ ਬਿਰੰਗੇ ਨਾਂ ਲੈ ਲੈ ਕੇ ਲਾਡ ਲਡਾਉਂਦੇ ਆ।"

"ਭੂਆ, ਤੈਨੂੰ ਫੁੱਫੜ ਕੀ ਕਹਿ ਲਾਡ

# ਪ੍ਰੋ. ਪਿਆਰਾ ਸਿੰਘ ਭੋਗਲ ਵਿਅਕਤੀ ਨਹੀਂ ਸਗੋਂ ਸੰਸਥਾ ਸਨ

ਪੰਜਾਬ ਹਿਤੈਸ਼ੀ ਪ੍ਰਸਿੱਧ ਲੇਖਕ, ਆਲੋਚਕ, ਜਾਣੇ-ਪਛਾਣੇ ਕਾਲਮਨਵੀਸ ਅਤੇ ਸਿੱਖਿਆ ਸ਼ਾਸਤਰੀ ਪ੍ਰੋ. ਪਿਆਰਾ ਸਿੰਘ ਭੋਗਲ, ਧਰਤੀ ਨਾਲ ਜੁੜੇ ਹੋਏ ਉਹ ਸ਼ਖਸ ਸਨ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਦ੍ਰਿੜ, ਸੁਚੱਜੀ, ਸਾਫ਼-ਸੁਥਰੀ ਸੋਚ ਨਾਲ ਗੁਜ਼ਾਰੀ। ਸਮੇਂ-ਸਮੇਂ ਪੰਜਾਬੀ ਕੌਮ ਨੂੰ ਆਏ ਸੰਕਟ ਸਮੇਂ ਨਿਡਰ, ਨਿਰਭੈ ਰਹਿ ਕੇ ਆਪਣੀ ਤਿੱਖੀ ਕਲਮ ਚਲਾਈ ਅਤੇ ਰਾਹ ਦਸੇਰਾ ਬਣ ਕੇ ਸੁਚੱਜੇ ਬੁੱਧੀਜੀਵੀ ਲੇਖਕ ਹੋਣ ਦਾ ਪ੍ਰਮਾਣ ਦਿੱਤਾ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਪ੍ਰੋ. ਪਿਆਰਾ ਸਿੰਘ ਭੋਗਲ 92 ਵਰ੍ਹੇ ਤੋਂ ਵੱਧ ਜੀਵੇ। ਆਪਣੀ ਉਮਰ ਦੇ ਆਖ਼ਰੀ ਦੋ-ਤਿੰਨ ਵਰ੍ਹੇ ਛੱਡ ਕੇ ਉਨ੍ਹਾਂ ਸਿਹਤਮੰਦ, ਕਾਰਜਸ਼ੀਲ ਜ਼ਿੰਦਗੀ ਗੁਜ਼ਾਰੀ ਅਤੇ ਇਨ੍ਹਾਂ ਆਖ਼ਰੀ ਵਰ੍ਹਿਆਂ ਵਿਚ ਵੀ ਉਹ ਆਪਣੀ ਸੋਚ ਮੁਤਾਬਕ ਕਦੇ ਕਦਾਈਂ 'ਅਜੀਤ' ਅਖ਼ਬਾਰ ਲਈ ਸਿਆਸੀ ਕਾਲਮ ਲਿਖਦੇ ਰਹੇ।

ਉਹ ਪੰਜਾਬ ਦੇ ਪ੍ਰਸਿੱਧ ਇਤਿਹਾਸਕ ਪਿੰਡ ਪਲਾਹੀ ਵਿਖੇ 14 ਅਗਸਤ 1931 ਨੂੰ ਜਨਮੇ। ਇਹ ਉਨ੍ਹਾਂ ਦਾ ਨਾਨਕਾ ਪਿੰਡ ਹੈ। ਅੱਠਵੀਂ ਤੱਕ ਦੀ ਪੜ੍ਹਾਈ ਉਨ੍ਹਾਂ ਆਪਣੇ ਨਾਨਕੇ ਪਿੰਡ ਕੀਤੀ। ਦਸਵੀਂ ਰਾਮਗੜ੍ਹੀਆ ਹਾਈ ਸਕੂਲ ਸਤਨਾਮਪੁਰਾ ਫਗਵਾੜਾ ਵਿਖੇ ਕੀਤੀ। ਉਪਰੰਤ ਲਿਖਣ ਦੇ ਸ਼ੌਕ ਕਾਰਨ ਉਨ੍ਹਾਂ ਪਹਿਲਾਂ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਵਲੋਂ ਛਾਪੇ ਜਾਂਦੇ 'ਰਾਮਗੜ੍ਹੀਆ ਸੰਦੇਸ਼' ਨਾਮ ਦੇ ਫਗਵਾੜਾ ਤੋਂ ਨਿਕਲਦੇ ਹਫਤਾਵਾਰੀ ਪੱਤਰ 'ਚ ਕੰਮ ਕੀਤਾ, ਫਿਰ ਉਹ ਸ. ਸਾਧੂ ਸਿੰਘ ਹਮਦਰਦ ਦੀ ਸਰਪ੍ਰਸਤੀ ਹੇਠ ਜਲੰਧਰ ਤੋਂ ਨਿਕਲਦੇ ਅਖ਼ਬਾਰ 'ਅਜੀਤ' ਵਿਚ ਸਬ-ਐਡੀਟਰ ਦੇ ਤੌਰ 'ਤੇ ਕੰਮ ਕਰਨ ਲੱਗੇ। ਉਨ੍ਹਾਂ ਦਾ ਪੱਤਰਕਾਰੀ ਦਾ ਇਹ ਸਫ਼ਰ ਜ਼ਿੰਦਗੀ ਭਰ ਜਾਰੀ ਰਿਹਾ।

ਕੁਝ ਸਮੇਂ ਬਾਅਦ ਕੁਲਵਕਤੀ ਨੌਕਰੀ ਛੱਡ ਕੇ ਉਨ੍ਹਾਂ ਆਪਣੀ ਐਮ.ਏ. ਪੰਜਾਬੀ ਦੀ ਪੜ੍ਹਾਈ ਪ੍ਰਾਈਵੇਟ ਤੌਰ 'ਤੇ ਪੂਰੀ ਕਰਨ ਉਪਰੰਤ ਪੱਕਾ ਬਾਗ, ਜਲੰਧਰ ਵਿਖੇ ਯੂਨੀਵਰਸਲ ਕਾਲਜ ਖੋਲ੍ਹਿਆ, ਜਿਥੇ ਉਹ ਨੌਜਵਾਨ ਲੜਕੇ, ਲੜਕੀਆਂ ਨੂੰ ਗਿਆਨੀ, ਐਮ.ਏ. ਪੰਜਾਬੀ ਪੜ੍ਹਾਇਆ ਕਰਦੇ ਸਨ। ਇਸੇ ਦੌਰਾਨ ਉਨ੍ਹਾਂ ਆਲੋਚਨਾ ਦੀਆਂ ਪੁਸਤਕਾਂ ਲਿਖੀਆਂ ਜੋ ਪੰਜਾਬੀ ਦੇ ਵਿਦਿਆਰਥੀਆਂ ਲਈ ਲਾਭਦਾਇਕ ਸਿੱਧ ਹੋਈਆਂ।

ਉਹ ਪੰਜਾਬੀ ਦੇ ਅਧਿਆਪਨ ਖੇਤਰ 'ਚ ਇੰਨੇ ਪ੍ਰਸਿੱਧ ਹੋਏ ਕਿ ਜਲੰਧਰ ਸ਼ਹਿਰ ਦੇ ਕਾਲਜਾਂ ਦੇ ਪੰਜਾਬੀ ਵਿਭਾਗਾਂ 'ਚ ਜਿੰਨੇ ਵਿਦਿਆਰਥੀ ਪੰਜਾਬੀ ਐਮ.ਏ. ਕਰਿਆ ਕਰਦੇ ਸਨ, ਉਸ ਤੋਂ ਵੀ ਵੱਧ ਗਿਣਤੀ 'ਚ ਵਿਦਿਆਰਥੀ ਐਮ.ਏ. ਪੰਜਾਬੀ ਦੀਆਂ ਕਲਾਸਾਂ ਉਨ੍ਹਾਂ ਦੇ ਸਥਾਪਿਤ ਯੂਨੀਵਰਸਲ ਕਾਲਜ ਵਿਚ ਲਾਇਆ ਕਰਦੇ ਸਨ। ਸੈਂਕੜਿਆਂ ਦੀ ਗਿਣਤੀ 'ਚ ਵਿਦਿਆਰਥੀਆਂ ਨੇ ਉਨ੍ਹਾਂ ਦੀ ਕਰਾਈ ਪੜ੍ਹਾਈ ਉਪਰੰਤ ਐਮ.ਏ. ਪੰਜਾਬੀ ਪਾਸ ਕੀਤੀ ਅਤੇ ਮੰਨੇ-ਪ੍ਰਮੰਨੇ ਪੰਜਾਬ ਦੇ ਕਾਲਜਾਂ 'ਚ ਅਧਿਆਪਨ ਕਾਰਜ ਕੀਤਾ ਅਤੇ ਸਰਕਾਰੀ, ਗੈਰ-ਸਰਕਾਰੀ ਸਕੂਲਾਂ 'ਚ ਅਧਿਆਪਕ ਵਜੋਂ ਸੇਵਾ ਕੀਤੀ।

ਇੱਕ ਸਿੱਖਿਆ ਸ਼ਾਸਤਰੀ ਵਜੋਂ ਵੱਡੀਆਂ ਪ੍ਰਾਪਤੀਆਂ ਦੇ ਮੱਦੇਨਜ਼ਰ ਉਨ੍ਹਾਂ ਦਾ ਪੰਜਾਬ ਦੇ ਸਿੱਖਿਆ ਅਦਾਰਿਆਂ ਨਾਲ ਵੱਡਾ ਸੰਪਰਕ ਤੇ ਸਹਿਯੋਗ ਰਿਹਾ। ਪਿੰਡ ਪਲਾਹੀ ਦੇ ਸਿੱਖਿਆ ਅਦਾਰੇ ਸ੍ਰੀ ਗੁਰੂ ਹਰਿਗੋਬਿੰਦ ਐਜੂਕੇਸ਼ਨਲ ਕੌਂਸਲ, ਜਿਸ ਵਲੋਂ ਖਾਲਸਾ ਐਂਗਲੋ ਵਰਨੈਕੂਲਰ ਸਕੂਲ ਚਾਲਇਆ ਜਾਂਦਾ ਸੀ, ਦੇ ਉਹ ਵਿਦਿਆਰਥੀ ਰਹੇ, ਉਸੇ ਸੰਸਥਾ ਦੇ ਉਹ ਬਾਅਦ ਵਿਚ ਤਿੰਨ ਵਰ੍ਹੇ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਹੇ।

ਫਗਵਾੜਾ ਦੇ ਸਿੱਖਿਆ ਅਦਾਰੇ, ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ, ਜੋ 1969 'ਚ ਇਲਾਕੇ ਦੇ ਲੋਕਾਂ ਵਲੋਂ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਦਿਹਾੜੇ ਵਰ੍ਹੇ ਸਮੇਂ ਸਥਾਪਿਤ ਕੀਤਾ ਗਿਆ ਸੀ ਅਤੇ ਜਿਸਦੇ ਲੰਮਾ ਸਮਾਂ ਪ੍ਰਧਾਨ ਜਗਤ ਸਿੰਘ ਪਲਾਹੀ ਰਹੇ, ਉਸ ਕਾਲਜ ਦੇ ਉਹ ਐਕਟਿੰਗ ਪ੍ਰਧਾਨ ਬਣੇ ਅਤੇ ਲੰਮਾ ਸਮਾਂ ਸਿੱਖਿਆ ਸੁਧਾਰ ਦੇ ਕੰਮਾਂ 'ਚ ਕਾਰਜਸ਼ੀਲ ਰਹੇ। ਇਸੇ ਦੌਰਾਨ ਉਨ੍ਹਾਂ ਪਿੰਡ ਪਲਾਹੀ ਦੀ ਪੇਂਡੂ ਵਿਕਾਸ ਲਈ ਕਾਰਜਸ਼ੀਲ ਸੰਸਥਾ ਕਮਿਊਨਿਟੀ ਪੌਲੀਟੈਕਨਿਕ ਪਲਾਹੀ ਦੇ ਐਕਟਿੰਗ ਚੇਅਰਮੈਨ ਵਜੋਂ ਕੰਮ ਕੀਤਾ ਅਤੇ ਪੇਂਡੂ ਵਿਕਾਸ ਸਕੀਮਾਂ 'ਚ ਅਹਿਮ ਯੋਗਦਾਨ ਪਾਇਆ।

ਲੇਖਕ ਵਜੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਬਹੁਤ ਵੱਡੀਆਂ ਹਨ। ਉਨ੍ਹਾਂ ਨੇ 70 ਵਰ੍ਹੇ ਪਹਿਲਾਂ ਪੰਜਾਬੀ 'ਚ ਲਿਖਣਾ ਸ਼ੁਰੂ ਕੀਤਾ ਅਤੇ 23 ਸਾਲ ਦੀ ਉਮਰ 'ਚ ਹੀ ਦੋ ਕਿਤਾਬਾਂ ਪ੍ਰਕਾਸ਼ਿਤ ਕਰਾਈਆਂ। ਉਨ੍ਹਾਂ ਨੇ ਆਪਣੇ ਜੀਵਨ 'ਚ 60 ਕਿਤਾਬਾਂ ਲਿਖੀਆਂ, ਜਿਨ੍ਹਾਂ 'ਚ 6 ਨਾਵਲ, 10 ਆਲੋਚਨਾ ਦੀਆਂ ਪੁਸਤਕਾਂ, 5 ਕਹਾਣੀ ਸੰਗ੍ਰਹਿ, 4 ਨਾਟਕ/ਇਕਾਂਗੀ ਸੰਗ੍ਰਹਿ, ਆਪਣੀ ਸਵੈ-ਜੀਵਨੀ ਅਤੇ ਕੁਝ ਤਰਜ਼ਮੇ ਦੀਆਂ ਪੁਸਤਕਾਂ ਸ਼ਾਮਲ ਹਨ। ਉਨ੍ਹਾਂ ਦਾ ਨਾਵਲ "ਨਾਰੀ" ਅਤੇ ਪੰਜਾਬੀ ਸਾਹਿਤ ਦਾ ਇਤਿਹਾਸ ਪੰਜਾਬੀ ਸਾਹਿਤ ਦਾ ਮੀਲ ਪੱਥਰ ਸਾਬਤ ਹੋਏ।



ਪੰਜਾਬੀ ਸਾਹਿਤ ਦਾ ਇਤਿਹਾਸ ਤਾਂ ਉਨ੍ਹਾਂ ਦੀ ਇੰਨੀ ਮਸ਼ਹੂਰ ਕਿਤਾਬ ਸੀ, ਜਿਸਦੇ 4 ਐਡੀਸ਼ਨ ਛਪੇ। ਪੂਰਾ ਇੱਕ ਦਹਾਕਾ ਉਨ੍ਹਾਂ ਨੇ ਰੈਗੂਲਰ 'ਅਜੀਤ' ਅਤੇ ਪੰਜਾਬੀ ਟ੍ਰਿਬਿਊਨ ਅਤੇ ਵਿਦੇਸ਼ੋਂ ਨਿਕਲਦੇ ਪੇਪਰਾਂ ਇੰਡੋ ਕੈਨੇਡੀਅਨ ਟਾਈਮਜ਼, ਸਰੀ (ਕੈਨੇਡਾ) ਪੰਜਾਬੀ ਟਾਈਮਜ਼ ਲੰਦਨ ਲਈ ਲਗਾਤਾਰ ਸਿਆਸੀ ਕਾਲਮ ਲਿਖੇ। ਆਪਣੀਆਂ ਵਡਮੁੱਲੀਆਂ ਪੁਸਤਕਾਂ ਤੋਂ ਬਿਨਾਂ ਉਨ੍ਹਾਂ 500 ਤੋਂ ਵੱਧ ਕਾਲਮ ਸਮੇਂ-ਸਮੇਂ 'ਤੇ ਅਖ਼ਬਾਰਾਂ ਲਈ ਲਿਖੇ। ਵੱਡੀ ਗਿਣਤੀ 'ਚ ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਦੇ ਪ੍ਰਸਿੱਧ ਰਸਾਲਿਆਂ 'ਚ ਛਪੀਆਂ। ਉਹ ਕਈ ਵੇਰ ਦੇਸ਼-ਪ੍ਰਦੇਸ਼ 'ਚ ਕਰਵਾਈਆਂ ਗਈਆਂ ਸਾਹਿਤਕ ਕਾਨਫਰੰਸਾਂ 'ਚ ਸ਼ਾਮਲ ਹੋਏ ਅਤੇ ਪੰਜਾਬੀ ਸਾਹਿਤ ਦੇ ਅਨੇਕਾਂ ਵਿਸ਼ਿਆਂ 'ਤੇ ਆਲੋਚਨਾਤਮਿਕ ਖੋਜ ਪੱਤਰ ਪੜ੍ਹੇ।

ਪੰਜਾਬੀ ਸਾਹਿਤਕ ਸਰਗਰਮੀਆਂ ਨਾਲ ਉਹ ਲਗਾਤਾਰ ਜੁੜੇ ਰਹੇ। ਉਹ ਪੰਜਾਬ ਦੀ ਪ੍ਰਸਿੱਧ ਲੇਖਕਾਂ ਦੀ ਸੰਸਥਾ, ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਰਹੇ ਜੋ ਇਲਾਕੇ ਦੇ ਲੇਖਕਾਂ ਦੀ ਸਿਰਮੌਰ ਸੰਸਥਾ ਸੀ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਕਈ ਵਰ੍ਹੇ ਮੀਤ ਪ੍ਰਧਾਨ ਚੁਣੇ ਜਾਂਦੇ ਰਹੇ। ਇਹ ਸੰਸਥਾ ਪੰਜਾਬੀ ਲੇਖਕਾਂ ਦੀ ਪ੍ਰਸਿੱਧ ਸੰਸਥਾ ਰਹੀ, ਜਿਸ ਵਲੋਂ ਪੰਜਾਬੀ ਦੇ ਲੇਖਕਾਂ ਨੂੰ ਇਕ ਲੜੀ 'ਚ ਪਰੋਅ ਕੇ ਵੱਡੀਆਂ ਸਾਹਿਤਕ ਸਰਗਰਮੀਆਂ, ਜਿਨ੍ਹਾਂ 'ਚ ਸਾਹਿਤਕ ਸੈਮੀਨਾਰ, ਵੱਡੇ ਸਾਹਿਤਕ ਇਕੱਠ ਕਰਵਾਏ ਜਾਂਦੇ ਰਹੇ। ਜਲੰਧਰ ਵਿਖੇ ਵੀ ਕਈ ਵੱਡੇ ਸਾਹਿਤਕ ਇਕੱਠ ਉਨ੍ਹਾਂ ਦੀ ਅਗਵਾਈ 'ਚ ਗੁਰਬਖਸ਼ ਸਿੰਘ ਬੰਨੋਆਣਾ, ਜਗਦੀਸ਼ ਸਿੰਘ ਵਰਿਆਮ ਦੇ ਸਾਥ ਨਾਲ ਕਰਵਾਏ ਜਾਂਦੇ ਰਹੇ।

ਉਹ ਪੰਜਾਬੀ ਲੇਖਕ ਸਭਾ ਪਲਾਹੀ ਦੇ ਪ੍ਰਧਾਨ ਰਹੇ ਜਿਸ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪਹਿਲੇ ਪ੍ਰਧਾਨ ਗਿਆਨੀ ਹੀਰਾ ਸਿੰਘ ਦਰਦ ਦੀ ਯਾਦ 'ਚ ਬਹੁ ਚਰਚਿਤ ਪੁਰਸਕਾਰ ਸ਼ੁਰੂ ਕੀਤਾ ਗਿਆ, ਜਿਹੜਾ ਪੰਜਾਬੀ ਕਹਾਣੀਕਾਰਾਂ ਨੂੰ ਕਈ ਵਰ੍ਹੇ ਪ੍ਰਦਾਨ ਕੀਤਾ ਜਾਂਦਾ ਰਿਹਾ।

ਪ੍ਰੋ. ਪਿਆਰਾ ਸਿੰਘ ਭੋਗਲ ਜ਼ਿੰਦਗੀ ਭਰ ਨਵੇਂ ਲੇਖਕਾਂ ਲਈ ਪ੍ਰੇਰਨਾ ਸ੍ਰੋਤ ਬਣੇ। ਉਹ ਇਸ ਗੱਲ ਦੇ ਮੁੱਦਈ ਰਹੇ ਕਿ ਲੇਖਕਾਂ ਨੂੰ ਆਪਣੀਆਂ ਪ੍ਰੌੜ ਲਿਖਤਾਂ ਲਈ ਵੱਧ ਤੋਂ ਵੱਧ ਵਿਸ਼ਵ ਪੱਧਰੀ ਸਾਹਿਤ ਦਾ ਅਧਿਐਨ ਕਰਨਾ ਚਾਹੀਦਾ ਹੈ। ਉਹ ਇਸ ਗੱਲ ਦੇ ਵੀ ਮੁੱਦਈ ਸਨ ਕਿ ਪੰਜਾਬੀਆਂ 'ਚ ਪੜ੍ਹਨ ਦਾ ਸ਼ੌਕ ਪੈਦਾ ਕਰਨ ਲਈ ਚੰਗੀਆਂ ਪੁਸਤਕਾਂ ਛਾਪਣੀਆਂ ਚਾਹੀਦੀਆਂ ਹਨ ਅਤੇ ਪਿੰਡਾਂ 'ਚ ਖ਼ਾਸ ਕਰਕੇ ਲਾਇਬ੍ਰੇਰੀਆਂ ਦਾ ਜਾਲ ਵਿਛਾਇਆ ਜਾਣਾ ਚਾਹੀਦਾ ਹੈ। ਉਹ ਸਾਰੀ ਉਮਰ ਲੇਖਕਾਂ ਦੇ ਇਸ ਸੰਘਰਸ਼ ਕਿ ਪੰਜਾਬੀ, ਪੰਜਾਬ ਦੇ ਦਫ਼ਤਰਾਂ 'ਚ ਪੂਰੀ ਤਰ੍ਹਾਂ ਲਾਗੂ ਹੋਣੀ ਚਾਹੀਦੀ ਹੈ ਅਤੇ ਸੂਬੇ 'ਚ ਇਹ ਕਾਰੋਬਾਰੀ ਭਾਸ਼ਾ ਹੋਣੀ ਚਾਹੀਦੀ ਹੈ, ਨਾਲ ਖੜ੍ਹੇ ਰਹੇ।

ਆਪਣੇ ਸਾਹਿਤਕ ਜੀਵਨ ਕਾਲ 'ਚ ਉਨ੍ਹਾਂ ਨੂੰ ਸਰਕਾਰੋਂ-ਦਰਬਾਰੋਂ ਘੱਟ, ਪਰ ਲੋਕ ਦਰਬਾਰੋਂ ਵੱਡੇ ਲੋਕ-ਸਨਮਾਨ ਪ੍ਰਾਪਤ ਹੋਏ।

ਦੋ ਵਰ੍ਹੇ ਪਹਿਲਾਂ ਪੰਜਾਬੀ ਵਿਰਸਾ ਟਰੱਸਟ ਅਤੇ ਪੰਜਾਬੀ ਲੇਖਕ ਸਭਾ ਪਲਾਹੀ ਵਲੋਂ ਸਾਂਝੇ ਤੌਰ 'ਤੇ ਉਨ੍ਹਾਂ ਨੂੰ ਜੀਵਨ ਭਰ ਦੀਆਂ ਸਾਹਿਤਕ ਪ੍ਰਾਪਤੀਆਂ ਲਈ ਬਿਮਾਰੀ ਦੀ ਅਵਸਥਾ 'ਚ ਸਨਮਾਨਤ ਕੀਤਾ ਗਿਆ। ਇਸ ਸਨਮਾਨ ਸਮੇਂ ਪ੍ਰਸਿੱਧ ਚਿੰਤਕ ਸਤਨਾਮ ਸਿੰਘ ਮਾਣਕ, ਲਖਵਿੰਦਰ ਸਿੰਘ ਜੌਹਲ, ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਗੰਡਮ, ਗੁਰਮੀਤ ਸਿੰਘ ਪਲਾਹੀ, ਲੇਖਕ ਐਸ.ਐਲ. ਵਿਰਦੀ ਸ਼ਾਮਲ ਹੋਏ। ਇਹ ਸਨਮਾਨ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਜਾ ਕੇ ਦਿੱਤਾ ਗਿਆ, ਜਿਸ ਵਿਚ ਨਕਦ ਰਾਸ਼ੀ, ਮੂਮੈਂਟੋ, ਦੁਸ਼ਾਲਾ ਸ਼ਾਮਲ ਸੀ।

ਪੰਜਾਬ ਦੇ ਔਖੇ ਵੇਲਿਆਂ 'ਚ ਭਖਦੇ ਮਸਲਿਆਂ 'ਤੇ ਵਿਚਾਰ ਚਰਚਾ ਕਰਨ ਅਤੇ ਪੰਜਾਬੀਆਂ ਤੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਜਾਗਰਤ ਕਰਨ ਅਤੇ ਸੰਘਰਸ਼ ਕਰਨ ਦੀ ਪ੍ਰੇਰਨਾ ਦੇਣ ਵਾਲੀ ਸੰਸਥਾ "ਪੰਜਾਬ ਜਾਗਰਤੀ ਮੰਚ" ਦੇ ਉਹ ਪ੍ਰਧਾਨ ਬਣੇ ਅਤੇ ਲੰਮਾ ਸਮਾਂ ਇਹ ਸੇਵਾ ਨਿਭਾਉਂਦੇ ਰਹੇ। ਉਹ ਬੇਬਾਕੀ ਨਾਲ ਇਸ ਸੰਸਥਾ ਵਲੋਂ ਕਰਵਾਏ ਸਮਾਗਮਾਂ, ਸੈਮੀਨਾਰਾਂ 'ਚ ਬੋਲਦੇ, ਆਪਣੇ ਵਿਚਾਰ ਰੱਖਦੇ ਰਹੇ।

ਇਸ ਸਮੇਂ ਬਹੁਤੀ ਵੇਰ ਉਨ੍ਹਾਂ ਨੂੰ "ਔਖੇ ਵੇਲਿਆਂ" ਦਾ ਵੀ ਸਾਹਮਣਾ ਕਰਨਾ ਪਿਆ, ਪਰ ਉਨ੍ਹਾਂ ਨੇ ਆਪਣੇ ਸਾਥੀ ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ ਅਤੇ ਹੋਰ ਚਿੰਤਕਾਂ ਨਾਲ ਰਲ ਕੇ "ਪੰਜਾਬ ਪ੍ਰਸਤ" ਹੋਣ ਦਾ ਵੱਡਾ ਸਬੂਤ ਦਿੱਤਾ। ਪ੍ਰੋ: ਪਿਆਰਾ ਸਿੰਘ ਭੋਗਲ ਦੇ ਲੇਖਕਾਂ, ਚਿੰਤਕਾਂ, ਸਿਆਸੀ ਨੇਤਾਵਾਂ ਨਾਲ ਗੂੜ੍ਹੇ ਸਬੰਧ ਸਨ। ਪਰ ਜ਼ਿੰਦਗੀ ਭਰ ਉਨ੍ਹਾਂ ਕਿਸੇ ਤੋਂ ਕੋਈ ਲਾਹਾ ਲੈਣ ਦਾ ਯਤਨ ਨਹੀਂ ਕੀਤਾ। ਅਸਲ ਵਿਚ ਪੰਜਾਬ ਹਿਤੈਸ਼ੀ ਪ੍ਰੋ. ਪਿਆਰਾ ਸਿੰਘ ਭੋਗਲ ਇੱਕ ਵਿਅਕਤੀ ਨਹੀਂ, ਸਗੋਂ ਸੰਸਥਾ ਸਨ।

ਕਲਮ ਦੇ ਧਨੀ ਪ੍ਰੋ: ਪਿਆਰਾ ਸਿੰਘ ਭੋਗਲ ਦਾ ਗ੍ਰਹਿਸਥੀ ਅਤੇ ਸਮਾਜਿਕ ਜੀਵਨ ਸਾਰਥਕ ਰਿਹਾ। ਉਨ੍ਹਾਂ ਨੇ ਧਰਮ ਪਤਨੀ ਮਹਿੰਦਰ ਕੌਰ ਦੇ ਸਾਥ ਨਾਲ ਆਪਣੇ ਦੋਵਾਂ ਪੁੱਤਰਾਂ ਪ੍ਰੋ: ਹਿਰਦੇਜੀਤ ਸਿੰਘ, ਪ੍ਰੇਮ ਪਾਲ ਸਿੰਘ ਅਤੇ ਪੁੱਤਰੀ ਦੀਪ ਨੂੰ ਉਚੇਰੀ ਸਿੱਖਿਆ ਦੁਆਈ। ਜੋ ਆਪੋ-ਆਪਣੇ ਥਾਂ ਸਫ਼ਲ ਜੀਵਨ ਬਿਤਾ ਰਹੇ ਹਨ।

ਪੰਜਾਬੀ ਪਿਆਰਿਆਂ ਵਲੋਂ ਉਨ੍ਹਾਂ ਨੂੰ ਦੇਸ਼-ਵਿਦੇਸ਼ ਵਿਚ ਸ਼ਰਧਾ ਦੇ ਫੁੱਲ ਭੇਟ ਕੀਤੇ ਜਾ ਰਹੇ ਹਨ।

---

ਲਡਾਉਂਦਾ ਹੁੰਦਾ ਸੀ।"

"ਤੈਨੂੰ ਦੱਸਾਂ, ਉਹ ਮੇਰਾ ਭੋਰਾ ਵਸਾਹ ਨਹੀਂ ਖਾਂਦਾ ਹੁੰਦਾ ਸੀ...ਪਰ ਲਾਡ ਨਹੀਂ ਸੀ ਉਸ ਕਦੇ ਲਡਾਏ।"

"ਆਹ ਕੀ ਗੱਲ ਹੋਈ ਭਲਾ...ਭੂਆ।"

"ਨੀ ਇਹੋ ਜਿਹੀਆਂ ਹੀ ਗੱਲਾਂ ਹੁੰਦੀਆਂ ਸੀ...ਸਾਡੇ ਵਾਰ੍ਹੇ ਪਾਰ੍ਹੇ ਕਹਿੰਦੇ ਹੁੰਦੇ ਸੀ...ਜਿਹੜਾ ਰੰਨ ਲਾਡਲੀ ਰੱਖੂ...ਉਹ ਕੀ ਜੱਗ 'ਤੇ ਖੱਟੀ ਖੱਟੂ।"

ਤੇ ਇੰਜ ਉਹ ਕਿੰਨਾ ਹੀ ਚਿਰ ਆਪਣੇ ਹੋਏ ਬੀਤੇ ਦੇ ਕਿੱਸੇ ਸੁਣਾਉਂਦੀ ਰਹਿੰਦੀ। ਫੁੱਫੜ ਦੀਆਂ ਗੱਲਾਂ ਕਰਦਿਆਂ ਕਰਦਿਆਂ ਉਹਦਾ ਬੋਲ ਭਾਰਾ ਹੋ ਜਾਂਦਾ ਤੇ ਇਕ ਚੁੱਪ ਸਾਡੇ ਦੋਵਾਂ ਵਿਚਕਾਰ ਫੈਲ ਜਾਂਦੀ। ਉਸ ਪਲ ਮੈਂ ਉਸ ਚੁੱਪ ਨੂੰ ਤੋੜਦਿਆਂ ਕਹਿ ਦੇਂਦੀ, "ਭੂਆ ਤਗੜੀ ਹੋ...ਸਾਰੀ ਉਮਰ ਕੋਈ ਨਾਲ ਥੋੜ੍ਹੀ ਨਿਭਦਾ।"

ਤੇ ਫਿਰ ਉਹ ਆਪਣੇ ਆਪ ਨੂੰ ਸਾਵਾਂ ਕਰਦਿਆਂ ਕਹਿੰਦੀ, "ਨੀ ਤਗੜੀ ਤਾਂ ਬਥੇਰੀ ਸੀ...ਕਈ ਵਾਰ ਐਵੇਂ ਈ, ਬਸ...।"

"ਬਸ ਜੀ ਐਨਾ ਹੀ ਸਾਥ ਸੀ...ਹੱਸਦਿਆਂ ਹਸਾਉਂਦਿਆਂ ਹੀ ਡੰਡੀਉਂ ਲਹਿ ਗਈ...ਹਜੇ ਕੋਈ ਜਾਣ ਦੀ ਉਮਰ ਸੀ।" ਕਿਸੇ ਨੇ ਮੈਨੂੰ ਕਲਾਵੇ 'ਚ ਲੈਂਦਿਆਂ ਕਿਹਾ। ਮੇਰਾ ਵੀ ਜੀਅ ਕਰਦਾ ਸੀ; ਸੱਥਰ 'ਤੇ ਬੈਠੇ ਲੋਕ ਭੂਆ ਦੀਆਂ ਬਹੁਤ ਸਾਰੀਆਂ ਗੱਲਾਂ ਮੇਰੇ ਨਾਲ ਕਰਨ...ਜਿਵੇਂ ਦੀ ਉਹ ਸੀ, ਉਵੇਂ ਦੀਆਂ ਹੀ ਗੱਲਾਂ ਕਰਨ। ਪਰ ਬੜੀ ਛੇਤੀ ਉਨ੍ਹਾਂ ਦੀਆਂ ਗੱਲਾਂ ਵਿਹਾਰੀ ਜਹੀਆਂ ਹੋ ਗਈਆਂ ਸੀ। ਸੱਥਰ ਦੀ ਇਸ ਭੀੜ 'ਚ ਮੈਨੂੰ ਭੂਆ ਦਾ ਉਹ ਸ਼ਰੀਕ ਦਿਸਿਆ...ਜਿਸ ਨਾਲ ਭੂਆ ਦੀ ਕਦੇ ਵੀ ਬਣ ਨਹੀਂ ਆਈ ਸੀ। ਉਂਜ ਵੀ ਭੂਆ ਬਾਰੇ ਮਸ਼ਹੂਰ ਸੀ, ਜੇ ਉਹਦੇ ਮੱਥੇ 'ਤੇ ਕਿਸੇ ਗੱਲੋਂ ਤਿਉੜੀ ਪੈ ਜਾਂਦੀ ਤਾਂ ਛੇਤੀ ਕੀਤਿਆਂ ਜਾਂਦੀ ਨਹੀਂ ਸੀ। ਇਕ ਦਿਨ ਮੈਂ ਉਂਝ ਹੀ ਪੁੱਛ ਲਿਆ, "ਭੂਆ ਅੱਜ ਕੱਲ੍ਹ ਤਾਂ ਨਹੀਂ ਕਿਸੇ ਦੇ ਨਾਂ ਦੀ ਤਿਊੜੀ ਪਾਈ ਫਿਰਦੀ।"

"ਨੀ ਬੱਸ ਇਕ ਹੀ ਬੰਦੇ ਨਾਲ ਰੌਲਾ ਜਿਹਾ ਰਹਿ ਗਿਆ...ਬੱਸ ਹੁਣ ਉਹਦੇ ਨਾਂ ਦੀ ਵੀ ਤਿਊੜੀ ਖ਼ਤਮ ਕਰ ਦੇਣੀ ਆ...।" ਸਾਰੇ ਰੌਲੇ ਖ਼ਤਮ ਕਰਦੀ-ਕਰਦੀ ਉਹ ਤਾਂ ਆਪ ਹੀ ਮਰ-ਮੁੱਕ ਗਈ ਸੀ।

ਵਿਹੜੇ 'ਚੋਂ ਸੱਥਰ ਉਠ ਚੁੱਕਾ ਸੀ। ਪਰਛਾਵੇਂ ਢਲ ਗਏ ਸੀ...ਡੁੱਬਦਾ ਸੂਰਜ ਪਤਾ ਨਹੀਂ ਕਿਉਂ ਮੈਨੂੰ ਡੋਬੂ ਪਾ ਰਿਹਾ ਸੀ। ਸਿਆਲ ਦੀ ਠਰੀ ਸ਼ਾਮ ਵੇਲੇ ਭੂਆ ਨੂੰ 'ਕੈਡੀ' 'ਚ ਰੱਖ ਦਿੱਤਾ ਸੀ। ਭੂਆ ਦਾ ਘਰ ਮੈਨੂੰ ਓਪਰਾ ਜਿਹਾ ਲੱਗਣ ਲੱਗ ਪਿਆ ਸੀ ਤੇ ਮੈਂ ਪਰਦੇਸੀ ਬੈਠੇ ਆਪਣਿਆਂ ਨੂੰ ਫ਼ੋਨ ਕਰਨ ਲੱਗ ਪਈ ਸੀ। ਭਰਾ, ਭਰਜਾਈਆਂ, ਭਤੀਜਿਆਂ ਕੋਲ ਭੂਆ ਦੀਆਂ ਬੜੀਆਂ ਹੀ ਗੱਲਾਂ ਸੀ। ਥੋੜ੍ਹਾ ਜਿਹਾ ਜੇਰਾ ਕਰ ਮੈਂ ਆਉਣ ਦਾ ਪੁੱਛਿਆ ਸੀ...ਤੇ ਫਿਰ ਕਿੰਨੇ ਹੀ ਝੂਠੇ ਮੂਠੇ ਬਹਾਨੇ ਫ਼ੋਨ 'ਤੇ ਸੁਣ ਲਏ ਸਨ। ਉਸ ਪਲ ਮੈਨੂੰ ਸਾਰੇ ਹੀ ਰਿਸ਼ਤੇ ਬੇਮਤਲਬੇ ਜਿਹੇ ਲੱਗੇ...ਤੇ ਉਸ ਪਲ ਭੂਆ ਦੇ ਅੰਤ ਵਿਚੋਂ ਆਪਣਾ ਅੰਤ ਦਿਸਣ ਲੱਗ ਪਿਆ ਸੀ...ਤੇ ਉਸ ਪਲ ਮੈਂ ਭੂਆ ਲਈ ਲਿਆਂਦੀ ਲੋਈ ਨੂੰ ਕਿੰਨਾ ਚਿਰ ਆਪਣੇ ਗਲ ਨਾਲ ਲਾਈ, ਔਥਰੂ ਕੇਰਦੀ ਰਹੀ ਸੀ...ਤੇ ਉਸ ਪਲ ਹੀ ਭੂਆ ਨਾਲ ਲੋਈ ਵਾਲੀ ਕੀਤੀ ਗੱਲ ਮੁੜ ਚੇਤੇ ਆ ਗਈ ਸੀ। ਮੇਰਾ ਭਰਾ ਉਨ੍ਹੀਂ ਦਿਨੀਂ ਆਪਣੇ ਦੇਸ਼ ਆਇਆ ਸੀ। ਆਪਣੇ ਕੰਮ-ਧੰਦੇ ਲੱਗਾ ਰਿਹਾ। ਭੂਆ ਦੇ ਪਿੰਡ ਗੇੜਾ ਨਾ ਮਾਰ ਹੋਇਆ ਉਸ ਕੋਲੋਂ। ਉਸ ਦਿਨ ਭੂਆ ਨੇ ਮੈਨੂੰ ਮੇਰੇ ਭਰਾ ਦਾ ਉਲਾਂਭਾ ਦਿੱਤਾ ਸੀ।

"ਨੀ ਵੇਖ ਲਾ ਜਾਣ ਲੱਗਿਆ ਮਿਲ ਕੇ ਵੀ ਨਾ ਗਿਆ...ਕਿੱਡਾ ਨਿਰਮੋਹਿਆ ਹੋ ਗਿਆ ਭਤੀਜਾ...ਮੇਰੇ ਭਰਾ ਦੀ ਥਾਂ ਈ ਸੀ...ਮੇਰੇ ਭਤੀਜੇ ਦੀ ਥਾਂ ਵੀ ਸੀ...ਪਰ ਉਸ ਕੋਲੋਂ ਤਾਂ ਕੋਈ ਵੀ ਥਾਂ ਨਾ ਰੱਖ ਹੋਈ।"

"ਚੱਲ...ਛੱਡ ਭੂਆ...ਥੁੱਕ ਦੇ ਗੁੱਸੇ ਨੂੰ...ਏਨਾ ਗੁੱਸਾ ਚੰਗਾ ਨਹੀਉਂ।"

"ਗੱਲ ਗੁੱਸੇ ਦੀ ਨਹੀਉਂ...ਗੱਲ ਹੰਮੇ ਦਾਅਵੇ ਦੀ ਆ।"

"ਭੂਆ, ਪਰਦੇਸੀਆਂ 'ਤੇ ਕਾਹਦੇ ਹੰਮੇ ਦਾਅਵੇ।"

"ਹੰਮੇ ਦਾਅਵਿਆਂ ਦੇ ਸਿਰ 'ਤੇ ਹੀ ਤਾਂ ਰਿਸ਼ਤੇ ਆ ਧੀਏ...ਕੱਲ੍ਹ ਨੂੰ ਇਨ੍ਹਾਂ ਤੋਂ ਕੀ ਆਸ...ਮੇਰੀ ਮਰੀ ਤੋਂ ਲੋਈ ਵੀ ਪਾਉਣ ਆਉਣਗੇ ਕਿ ਨਹੀਂ?"

ਤੇ ਉਸ ਪਲ ਮੈਂ ਐਵੇਂ ਹੀ ਗੱਲ ਨੂੰ ਹਾਸੇ 'ਚ ਟਾਲਦਿਆਂ ਕਿਹਾ ਸੀ, "ਭੂਆ, ਤੂੰ ਮਰਨ ਵਾਲੀ ਬਣ...ਚਹੁੰ ਭਤੀਜਿਆਂ ਦੇ ਵੱਡੇ ਦੀਆਂ ਲੋਈਆਂ, ਮੈਂ ਤੇਰੇ 'ਤੇ ਪਾਊਂ...।" ਤੇ ਭੂਆ, ਜੋ ਉਸ ਵੇਲੇ ਡਾਢੀ ਔਖੀ ਸੀ, ਹੱਸਦੀ ਹੱਸਦੀ ਦੋਹਰੀ-ਚੋਹਰੀ ਹੋ ਗਈ।

ਤੇ ਇਸ ਵੇਲੇ ਭੂਆ ਕੈਡੀ 'ਚ ਲੱਗੀ ਹੋਈ ਸੀ। ਮੈਂ ਜੀਅ-ਭਿਆਣੀ ਜਿਹੀ ਕੈਡੀ ਦੇ ਚੱਕਰ ਕੱਟਣ ਲੱਗਦੀ ਹਾਂ। ਉਹਦੇ ਚਿਹਰੇ ਨੂੰ ਗਹੁ ਨਾਲ ਵੇਖਦੀ ਹਾਂ।

"ਪਰਦੇਸਾਂ ਨੇ ਆਹ ਦਿਨ ਵੀ ਦਿਖਾਉਣੇ ਸੀ...'ਮਰਨਾ ਖ਼ਰਾਬ' ਕਰ ਦਿੱਤਾ ਇਸ ਪਰਦੇਸ ਨੇ...।" ਲਾਗੋਂ ਕਿਸੇ ਦੀ ਆਵਾਜ਼ ਆਈ ਤਾਂ ਮੈਨੂੰ ਯਾਦ ਆਇਆ 'ਮਰਨੇ ਖ਼ਰਾਬ' ਤੋਂ ਭੂਆ ਕਿੰਨਾ ਡਰਦੀ ਹੁੰਦੀ ਸੀ। ਕੈਨੇਡਾ ਕਿਸੇ ਦੇ ਸਸਕਾਰ 'ਤੇ ਗਈ ਤਾਂ ਕਿੰਨਾ ਹੀ ਚਿਰ ਸੋਚੀਂ ਪਈ ਰਹੀ ਸੀ ਤੇ ਫਿਰ ਬੇਵਿਸ਼ਵਾਸੀ ਜਿਹੀ 'ਚ ਉਸ ਕਿਹਾ ਸੀ, "ਏਥੇ ਤਾਂ ਮਰਨ ਦਾ ਵੀ ਕੋਈ ਹੱਜ ਨਹੀਉਂ...ਕਿੰਨੇ ਕਿੰਨੇ ਦਿਨ ਮੁਰਦੇ ਨੂੰ ਬਰਫ਼ 'ਚ ਲਾਈ ਰੱਖਦੇ ਆ...ਤੇ ਫਿਰ ਟੈਮ ਮਿਲਣ 'ਤੇ ਸਸਕਾਰ ਹੁੰਦਾ...ਹੈ ਨਾ 'ਮਰਨੇ ਖ਼ਰਾਬ' ਵਾਲੀ ਗੱਲ।"

"ਭੂਆ, ਜਦ ਬੰਦਾ ਮਰ ਈ ਗਿਆ...ਫਿਰ 'ਮਰਨਾ ਖ਼ਰਾਬ' ਹੋਵੇ ਜਾਂ 'ਮਰਨਾ ਠੀਕ' ਹੋਵੇ, ਕੀ ਫ਼ਰਕ ਪੈਂਦਾ।"

"ਫ਼ਰਕ ਕਿਉਂ ਨੀਂ ਪੈਂਦਾ...ਮੁਰਦਾ ਮਸ਼ੀਨ ਜਹੀ 'ਚ ਅੰਦਰ ਜਾਂਦਾ ਸਵਾਹ ਦੀ ਢੇਰੀ ਬਣ ਬਾਹਰ ਆ ਜਾਂਦਾ...ਫੁੱਲ ਵੀ ਝੁਲਸ ਜਾਂਦੇ ਹੋਣੇ ਸਾਰੇ...ਇੰਜ ਗਤੀ ਹੋ ਜਾਂਦੀ ਹਊ ਭਲਾ।"

ਉਸ ਵੇਲੇ ਛੋਟੀ ਭੂਆ ਮੇਰੇ ਲਾਗੇ ਹੀ ਖਲੋਤੀ ਸੀ ਤੇ ਮੈਂ ਉਹਦੇ ਗਲ ਲੱਗ, ਬੱਸ ਇਹੀ ਪੁੱਛ ਸਕੀ ਸੀ, "ਭੂਆ ਦੀ ਗਤੀ ਹੋ ਜਾਊ...ਭਲਾ।"

"ਲੈ ਕਮਲੀ ਨਾ ਹੋਵੇ ਤਾਂ...ਤੂੰ ਜੀਅ ਛੋਟਾ ਕਿਉਂ ਕਰਦੀ ਆਂ...ਸਾਰੇ ਕਾਰ-ਵਿਹਾਰ ਚੱਜ ਨਾਲ ਕਰਨੇ ਆਪਾਂ...ਗਤੀ ਕਿੱਦਾਂ ਨਾ ਹੋਊ...ਭਲਾ।"

ਤੇ ਫਿਰ ਉਸ ਵਿਹਾਰੀ ਜਿਹੀ ਗੱਲ ਪੁੱਛੀ, "ਪੁੱਤ, ਸਾਡੇ ਵੱਲੋਂ ਸਾਰਿਆਂ ਪਹੁੰਚ ਜਾਣਾ ਰਾਤ ਤੱਕ...ਤੁਹਾਡੇ ਵੱਲੋਂ ਵੀ ਤੁਰ ਪਏ ਹੋਣੇ ਸਾਰੇ...।"

"ਤੁਰ ਈ ਪਏ ਹੋਣਗੇ...ਤੁਸੀਂ ਦੇ ਦਿਉ ਟਾਈਮ ਆਪਣੇ ਹਿਸਾਬ ਨਾਲ।"

ਸਵੇਰ ਤੱਕ ਸਭ ਸੱਤ ਸਮੁੰਦਰੋਂ ਪਾਰ ਕਰ ਕੇ ਆ ਗਏ ਸੀ। ਪੁੱਤ ਕਿੰਨਾ ਚਿਰ ਮੰਜੇ ਦੇ ਪਾਵੇ ਨੂੰ ਫੜ ਮਾਂ ਨਾਲ ਗੱਲਾਂ ਕਰਦਾ ਰਿਹਾ ਸੀ ਤੇ ਫਿਰ ਆਖ਼ਰੀ ਸਵਾਲ ਉਸ ਮਾਂ ਨੂੰ ਪਾਇਆ ਸੀ, "ਮੇਰੇ ਕੋਲੋਂ ਕਿਹੜੀ ਗ਼ਲਤੀ ਹੋ ਗਈ ਮੇਰੀਏ ਠੰਡੀਏ ਛਾਂਵੇਂ।"

ਪਰ ਠੰਡੀ ਛਾਂ ਵੱਲੋਂ ਕੋਈ ਜਵਾਬ ਨਹੀਂ ਆਇਆ ਸੀ। ਕੋਈ ਪਿੱਛੋਂ ਆਵਾਜ਼ ਆਉਂਦੀ ਹੈ, "ਨੀ ਪੇਕਿਆਂ ਵੱਲੋਂ ਨਈਂ ਕੋਈ ਬਹੁੜਿਆ ਹਾਲੇ ਤਾਈਂ।" ਉਸ ਆਵਾਜ਼ ਨੂੰ ਮੈਂ ਠਰ੍ਹੀ ਜਹੀ ਆਵਾਜ਼ 'ਚ ਜਵਾਬ ਦੇਂਦੀ ਹਾਂ, "ਪੇਕਿਆਂ ਵੱਲੋਂ ਨਹੀਂ ਕਿਸੇ ਬਹੁੜਨਾ...ਤੁਸੀਂ ਕਰੋ ਆਪਣੇ ਕਾਰ-ਵਿਹਾਰ।"

"ਨੀ ਪਰਦੇਸਾਂ ਦੀਆਂ ਕਈ ਮਜਬੂਰੀਆਂ ਹੋਣੀਆਂ...ਹੋਰ ਭਰਾ-ਭਤੀਜਿਆਂ ਨੂੰ ਕਿਹੜਾ ਠੰਡਾ ਕੱਢਦਾ।"

ਇਹੋ ਜਿਹੀਆਂ ਕਿੰਨੀਆਂ ਹੀ ਆਵਾਜ਼ਾਂ ਮੈਨੂੰ ਬੇਚੈਨੀ ਦੇ ਗਈਆਂ। ਫਿਰ ਕੁਝ ਆਵਾਜ਼ਾਂ ਮੈਨੂੰ ਕਾਰ-ਵਿਹਾਰ ਸਮਝਾਉਣ ਲੱਗੀਆਂ। ਅੱਜ ਤੋਂ ਪਹਿਲਾਂ ਮੈਨੂੰ ਇਨ੍ਹਾਂ 'ਕਾਰ ਵਿਹਾਰਾਂ' ਦਾ ਬਹੁਤਾ ਪਤਾ ਨਹੀਂ ਸੀ। ਤੇ ਅੱਜ ਮੈਂ ਸਿਆਣੀ ਜਹੀ ਬਣ ਸਭ ਰਸਮਾਂ ਨਿਭਾਉਣ ਲੱਗ ਪਈ। ਲਾਸ਼ ਨੂੰ ਨਹਾਉਣ ਤੋਂ ਬਾਅਦ ਖੱਫਣ ਪਾ ਦਿੱਤਾ ਸੀ...ਤੇ ਮੈਂ ਰਸਮ ਮੁਤਾਬਕ ਪੇਕਿਆਂ ਵੱਲੋਂ ਖੱਫਣ ਦੇ ਪੈਸੇ ਦੇ ਦਿੱਤੇ। ਮੈਂ ਹਾਰੀਆਂ ਜਿਹੀਆਂ ਨਜ਼ਰਾਂ ਨਾਲ ਭੀੜ ਵੱਲ ਵੇਖਿਆ।

"ਪਹਿਲੀ ਲੋਈ ਪੇਕਿਆਂ ਦੀ ਹੁੰਦੀ ਆ।" ਕਿਸੇ ਸਿਆਣੀ ਔਰਤ ਨੇ ਸਮਝਾਉਂਦਿਆਂ ਕਿਹਾ।"

ਮੈਂ ਚੁੱਪਚਾਪ ਭੂਆ ਦੀ ਦੇਹ 'ਤੇ ਚਹੁੰ ਭਤੀਜਿਆਂ ਦੇ ਵੱਡੇ ਦੀਆਂ ਲੋਈਆਂ ਪਾਉਣ ਲੱਗ ਪਈ।

"ਨੀ ਤੇਰੇ ਪੇਕਿਆਂ ਦੇ ਸੰਦੂਕਾਂ 'ਚੋਂ ਤੇਰੇ ਹਿੱਸੇ ਦੀਆਂ ਲੋਈਆਂ ਮੁੱਕ ਗਈਆਂ।"

ਭੀੜ 'ਚੋਂ ਆਈ ਆਵਾਜ਼ ਮੈਨੂੰ ਜਿਊਂਦਿਆਂ ਜੀਅ ਮੁਕਾ ਗਈ। ਮੈਂ ਹੌਲੀ ਜਿਹੇ ਲੋਈਆਂ ਪਰ੍ਹੇ ਕਰ ਕੇ...ਭੂਆ ਦੇ ਅੰਤਿਮ ਦਰਸ਼ਨ ਕਰਦੀ ਹਾਂ...ਭੂਆ ਦੇ ਭਰਵੱਟਿਆਂ ਦੇ ਵਿਚਕਾਰ ਵਾਲੀ ਥਾਂ ਅਜੇ ਵੀ ਉਭਰੀ ਪਈ ਸੀ। ਮੈਂ ਦਵਾ-ਦਵ ਭੂਆ ਦਾ ਮੂੰਹ ਲੋਈ ਨਾਲ ਢੱਕ ਦੇਂਦੀ ਹਾਂ।

# ਕਲਮ ਵੱਲ ਬੇਮਿਸਾਲ ਸਮਰਪਨ ਦੀ ਮਿਸਾਲ ਕਰਤਾਰ ਸਿੰਘ ਦੁੱਗਲ

*'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਅਸੀਂ ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਦੇ ਕਾਲਮ 'ਕਲਮਾਂ ਵਾਲੀਆਂ' ਤਹਿਤ ਔਰਤ ਲਿਖਾਰੀਆਂ ਦੀ ਜ਼ਿੰਦਗੀ ਅਤੇ ਸਾਹਿਤ ਬਾਰੇ ਲੜੀ ਛਾਪੀ ਜਿਸ ਨੂੰ ਭਰਪੂਰ ਹੁੰਗਾਰਾ ਮਿਲਿਆ। ਹੁਣ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੇ ਸਾਹਿਤਕਾਰ ਦੋਸਤਾਂ ਬਾਰੇ 'ਕਲਮੀ ਚਿੱਤਰ' ਭੇਜੇ ਹਨ, ਜਿਸ ਵਿਚ ਉਨ੍ਹਾਂ ਵੱਖ-ਵੱਖ ਲਿਖਾਰੀਆਂ ਬਾਰੇ ਬੜੀਆਂ ਦਿਲਚਸਪ ਅਤੇ ਅਣਛੋਹੀਆਂ ਗੱਲਾਂ ਕੀਤੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੀ ਹਯਾਤੀ ਦਾ ਵੱਡਾ ਹਿੱਸਾ ਭਾਵੇਂ ਦਿੱਲੀ ਵਰਗੇ ਮਹਾਂਨਗਰ ਵਿਚ ਗੁਜ਼ਾਰਿਆ ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਪਿੰਡਾਂ ਅਤੇ ਪੇਂਡੂ ਰਹਿਤਲ ਦੇ ਰੰਗ ਅਛੋਪਲੇ ਜਿਹੇ ਆਣ ਜੁੜਦੇ ਹਨ। ਉਨ੍ਹਾਂ ਦੀਆਂ ਕਿਰਤਾਂ ਵਿਚ ਸੁਹਜ ਅਤੇ ਸਲੀਕਾ ਆਪਣੀ ਮਿਸਾਲ ਆਪ ਬਣਦਾ ਹੈ। ਉਨ੍ਹਾਂ ਦੀਆਂ ਕਹਾਣੀਆਂ, ਪਲੇਠੇ ਤੇ ਇਕੋ-ਇਕ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਅਤੇ ਹੋਰ ਰਚਨਾਵਾਂ ਵਿਚ ਇਹ ਰੰਗ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਲੜੀ ਤਹਿਤ ਇਸ ਵਾਰ ਉੱਘਾ ਲੇਖਕ ਕਰਤਾਰ ਸਿੰਘ ਦੁੱਗਲ ਪਾਠਕਾਂ ਦੀ ਨਜ਼ਰ ਹੈ।*

## ਕਲਮੀ ਚਿੱਤਰ




**ਗੁਰਬਚਨ ਸਿੰਘ ਭੁੱਲਰ**
ਫੋਨ:+91-80763-63058

ਕਰਤਾਰ ਸਿੰਘ ਦੁੱਗਲ ਦਾ ਨਾਂ ਅਜਿਹੇ ਲੇਖਕਾਂ ਵਿਚ ਆਉਂਦਾ ਹੈ ਜਿਨ੍ਹਾਂ ਨੇ ਆਧੁਨਿਕ ਪੰਜਾਬੀ ਸਾਹਿਤ ਨੂੰ ਸਹੀ ਅਰਥਾਂ ਵਿਚ ਆਧੁਨਿਕ ਬਣਾਉਣ ਵਿਚ ਵੱਡੀ ਭੂਮਿਕਾ ਨਿਭਾਈ। ਐਮ. ਏ. ਉਨ੍ਹਾਂ ਨੇ ਉਸ ਸਮੇਂ ਦੇ ਪ੍ਰਮੁੱਖ ਕਾਲਜ, ਐਫ਼. ਸੀ. ਕਾਲਜ, ਲਾਹੌਰ ਤੋਂ ਅੰਗਰੇਜ਼ੀ ਆਨਰਜ਼ ਵਿਚ ਕੀਤੀ, ਪਰ ਉਨ੍ਹਾਂ ਦੀ ਕਲਮ ਮੁੱਖ ਤੌਰ 'ਤੇ ਪੰਜਾਬੀ ਨੂੰ ਸਮਰਪਿਤ ਰਹੀ। ਉਹ ਪੰਜਾਬੀ ਦੇ ਲੇਖਕ ਹੀ ਮੰਨੇ ਗਏ ਜੋ ਅੰਗਰੇਜ਼ੀ, ਉਰਦੂ ਤੇ ਹਿੰਦੀ ਵਿਚ ਵੀ ਲਿਖਦੇ ਸਨ। ਕਹਾਣੀ ਵਿਚ ਤਾਂ ਉਨ੍ਹਾਂ ਦਾ ਨਾਂ ਖਾਸ ਕਰ ਕੇ ਉੱਚ-ਦੁਮਾਲੜਾ ਹੈ। ਭਾਈ ਮੋਹਨ ਸਿੰਘ ਵੈਦ, ਹੀਰਾ ਸਿੰਘ ਦਰਦ, ਚਰਨ ਸਿੰਘ ਸ਼ਹੀਦ, ਆਦਿ ਦੀ ਆਦਰਸ਼ਵਾਦੀ-ਸੁਧਾਰਵਾਦੀ ਕਹਾਣੀ ਗੁਰਬਖ਼ਸ਼ ਸਿੰਘ, ਨਾਨਕ ਸਿੰਘ, ਆਦਿ ਦੀ ਕਲਮੋਂ ਤਬਦੀਲੀ ਵਿਚੋਂ ਲੰਘ ਕੇ ਜਿਨ੍ਹਾਂ ਕਹਾਣੀਕਾਰਾਂ ਸਦਕਾ ਤਕਨੀਕ ਦੀ ਚੁਸਤੀ, ਵਿਸ਼ਿਆਂ ਦੀ ਵੰਨਸੁਵੰਨਤਾ ਤੇ ਮਨੁੱਖੀ ਮਨ ਵਿਚ ਡੂੰਘੀ ਝਾਤ ਪਾਉਣ ਦੀ ਸਮਰੱਥਾ ਦੇ ਪੱਖੋਂ ਕਮਾਲ ਨੂੰ ਪੁੱਜੀ, ਦੁੱਗਲ ਦਾ ਨਾਂ ਉਨ੍ਹਾਂ ਵਿਚ ਮੋਹਰੀ ਹੈ।

ਕਹਾਣੀ ਨਾਲ ਦੁੱਗਲ ਦੀ ਸਾਂਝ ਦਾ ਇਸ ਤੋਂ ਵੱਡਾ ਪ੍ਰਮਾਣ ਹੋਰ ਕੀ ਹੋਵੇਗਾ ਕਿ ਆਪਣੇ ਤੋਂ ਮਗਰੋਂ ਆਈ ਕਹਾਣੀਕਾਰਾਂ ਦੀ ਹਰ ਪੀੜ੍ਹੀ ਦੇ ਹਾਣੀ ਬਣਦਿਆਂ ਉਹ ਭਰਪੂਰ ਜੋਸ਼ ਨਾਲ ਕਦਮ ਮਿਲਾ ਕੇ ਤੁਰਦੇ ਰਹੇ। ਕਈ ਨਵੇਂ ਕਹਾਣੀਕਾਰ ਜਦੋਂ ਆਪਣੇ ਆਪ ਨੂੰ ਪਹਿਲੇ ਸਭਨਾਂ ਤੋਂ ਚੰਗੇਰਾ ਸਿੱਧ ਕਰਨ ਲਈ ਚੌਥੀ ਜਾਂ ਪੰਜਵੀਂ ਪੀੜ੍ਹੀ ਦਾ ਕਹਾਣੀਕਾਰ ਹੋਣ ਦਾ ਦਾਅਵਾ ਕਰਦੇ ਹਨ, ਮੈਂ ਹੱਸ ਕੇ ਇਹੋ ਆਖਦਾ ਹਾਂ ਕਿ ਅਜੇ ਕੱਲ੍ਹ ਤੱਕ ਤਾਂ ਪਹਿਲੀ ਪੀੜ੍ਹੀ ਦੇ ਦੁੱਗਲ ਨਿਰੰਤਰ ਲਿਖ ਰਹੇ ਸਨ, ਪੀੜ੍ਹੀਆਂ ਉਮਰ ਦੇ ਪੱਖੋਂ ਤਾਂ ਹੋਈਆਂ, ਇਹ ਰਚਨਾ ਵਿਚ ਪੀੜ੍ਹੀਆਂ ਕਿਥੋਂ ਆ ਗਈਆਂ! ਜਦੋਂ ਉਨ੍ਹਾਂ ਦੇ ਸਮਕਾਲੀਆਂ ਨੇ ਕਲਮਾਂ ਨੂੰ ਧੂਫ਼ ਦੇ ਕੇ ਸਾਂਭ ਦਿੱਤਾ, ਉਹ ਤਦ ਵੀ ਲਿਖਦੇ ਰਹੇ। ਕਈ ਲੋਕ ਉਨ੍ਹਾਂ ਨੂੰ ਬਹੁਤਾ ਲਿਖੀ ਜਾਣ ਵਾਲਾ ਲੇਖਕ ਆਖਦੇ ਰਹੇ, ਉਹ ਤਦ ਵੀ ਲਿਖਦੇ ਰਹੇ। ਕਈ ਲੋਕ ਮਗਰਲੀਆਂ ਕਹਾਣੀਆਂ ਦੇ ਟਾਕਰੇ ਉਨ੍ਹਾਂ ਦੀਆਂ ਪਹਿਲੀਆਂ ਕਹਾਣੀਆਂ ਨੂੰ ਸਲਾਹੁੰਦੇ ਰਹੇ, ਉਹ ਤਦ ਵੀ ਲਿਖਦੇ ਰਹੇ।

ਕਲਮ ਨਾਲ ਉਨ੍ਹਾਂ ਦਾ ਨਾਤਾ ਏਨਾ ਪੀਡਾ ਸੀ ਕਿ ਨੌਕਰੀ ਦੀਆਂ ਜ਼ਿੰਮੇਵਾਰੀਆਂ ਤੋਂ ਇਲਾਵਾ ਉਨ੍ਹਾਂ ਦਾ ਸਮੁੱਚਾ ਸਮਾਂ ਕਲਮ ਦੇ ਲੇਖੇ ਹੀ ਲਗਦਾ ਸੀ। ਆਪਣੀ ਰਚਨਾਤਮਕ ਸਮਰੱਥਾ ਨੂੰ ਪਛਾਨਣਾ ਅਤੇ ਸਮੇਂ ਨੂੰ ਅਜਾਈਂ ਨਾ ਗੁਆਉਣਾ ਉਨ੍ਹਾਂ ਦੀ ਵੱਡੀ ਸਿਫ਼ਤ ਸੀ। ਇਹ ਉਨ੍ਹਾਂ ਦਾ ਸੁਭਾਗ ਰਿਹਾ ਕਿ 1942 ਤੋਂ 1966 ਤੱਕ ਦੀ ਆਲ ਇੰਡੀਆ ਰੇਡੀਓ ਦੀਆਂ ਉੱਚੀਆਂ ਪਦਵੀਆਂ ਦੀ ਨੌਕਰੀ ਨੇ ਉਨ੍ਹਾਂ ਨੂੰ ਕਈ ਸ਼ਹਿਰ ਤਾਂ ਦਿਖਾਏ ਹੀ, ਵੱਖ-ਵੱਖ ਭਾਸ਼ਾਵਾਂ ਦੇ ਅਨੇਕ ਲੇਖਕਾਂ ਨਾਲ ਜਾਣ-ਪਛਾਣ ਅਤੇ ਸਾਹਿਤਕ ਸਾਂਝ ਦਾ ਅਵਸਰ ਵੀ ਦਿੱਤਾ। ਦੇਸ-ਵੰਡ ਵੇਲੇ ਪੰਜਾਬੀਆਂ ਕੋਲੋਂ ਹੋਰ ਬਹੁਤ ਕੁਝ ਦੇ ਨਾਲ ਹੀ ਲਾਹੌਰ ਦਾ ਰੇਡੀਓ ਸਟੇਸ਼ਨ ਵੀ ਖੁੱਸ ਗਿਆ। ਇਧਰਲੇ ਪੰਜਾਬ ਦੀਆਂ ਲੋੜਾਂ ਦੀ ਪੂਰਤੀ ਲਈ ਜਲੰਧਰ ਵਿਚ ਨਵਾਂ ਰੇਡੀਓ ਸਟੇਸ਼ਨ ਖੁਲ੍ਹਵਾਉਣ ਦਾ ਸਿਹਰਾ ਵੱਡੀ ਹੱਦ ਤੱਕ ਦੁੱਗਲ ਦੇ ਸਿਰ ਹੀ ਬਝਦਾ ਹੈ। ਰੇਡੀਓ ਤੋਂ ਸੇਵਾ-ਮੁਕਤੀ ਪਿੱਛੋਂ ਜਦੋਂ ਉਹ 1966 ਤੋਂ 1973 ਤੱਕ ਨੈਸ਼ਨਲ ਬੁੱਕ ਟਰੱਸਟ ਦੇ ਸਕੱਤਰ ਤੇ ਫੇਰ ਡਾਇਰੈਕਟਰ ਰਹੇ, ਤਦ ਤਾਂ ਉਨ੍ਹਾਂ ਦਾ ਨਾਤਾ ਦੇਸ ਦੀਆਂ ਸਾਰੀਆਂ ਭਾਸ਼ਾਵਾਂ ਦੇ ਸਾਹਿਤਕਾਰਾਂ ਤੇ ਸਾਹਿਤ ਨਾਲ ਹੀ ਜੁੜ ਗਿਆ। ਅੰਤ ਨੂੰ ਭਾਰਤ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੇ ਸਲਾਹਕਾਰ ਵਜੋਂ ਤਿੰਨ ਕੁ ਸਾਲ ਦੀ ਸੇਵਾ ਮਗਰੋਂ ਉਹ ਪੂਰੀ ਤਰ੍ਹਾਂ ਕਲਮ ਨੂੰ ਸਮਰਪਿਤ ਹੋ ਗਏ।

ਉਹ ਸਵੇਰੇ ਚਾਰ ਵਜੇ ਉਠਦੇ ਸਨ ਤੇ ਬਾਰਾਂ-ਇਕ ਵਜੇ ਤੱਕ ਆਪਣੇ ਕਮਰੇ ਵਿਚ ਹੀ ਰਹਿੰਦੇ ਸਨ। ਲਿਖਦੇ, ਪੜ੍ਹਦੇ, ਆਪਣੇ ਲਿਖੇ ਹੋਏ ਖਰੜਿਆਂ ਦੀ ਨੋਕ-ਪਲਕ ਸੰਵਾਰਦੇ। ਆਇਸ਼ਾ ਛੇ ਵਜੇ ਉਠਦੀ ਤੇ ਚਾਹ ਦਾ ਪਿਆਲਾ ਦਿੰਦੀ। ਨਾਸ਼ਤਾ ਵੀ ਉਹ ਕਮਰੇ ਵਿਚ ਹੀ ਲੈਂਦੇ। ਲਗਾਤਾਰ ਲਿਖਦੇ, ਹਰ ਰੋਜ਼। ਉਹ ਕਹਿੰਦੇ ਸਨ, "ਭਾਵੇਂ ਇਥੇ ਹੋਵਾਂ, ਭਾਵੇਂ ਮਾਸਕੋ, ਤੇ ਭਾਵੇਂ ਦੁਨੀਆ ਦੇ ਕਿਸੇ ਵੀ ਕੋਨੇ ਵਿਚ। ਭਾਵੇਂ ਸਿਆਲ ਹੋਵੇ, ਭਾਵੇਂ ਹੁਨਾਲ। ਬੱਸ ਇਕ-ਡੇਢ ਵਜੇ ਰੋਟੀ ਖਾਂਦੇ ਹਾਂ ਸਾਰੇ। ਫੇਰ ਮੈਂ ਆਪਣੀਆਂ ਪੋਤਰੀਆਂ ਨਾਲ ਖੇਡਣਾ ਵਾਂ। ਥੋੜ੍ਹਾ ਸੌਂਦਾ ਵਾਂ। ਸ਼ਾਮ ਵੇਲੇ ਘੰਟਾ ਕੁ ਸੈਰ ਕਰਨਾਂ। ਬੜੀ ਸ਼ਾਂਤੀ ਮਿਲਦੀ ਏ।" ਉਨ੍ਹਾਂ ਨੂੰ ਸਿਰਫ਼ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ, ਫ਼ਿਲਮ ਜਾਂ ਨਾਟਕ ਦੇਖਣ ਜਾਂ ਸੰਗੀਤ ਸੁਣਨ ਉਹ ਘਰੋਂ ਬਾਹਰ ਕਿਤੇ ਨਹੀਂ ਸਨ ਜਾਂਦੇ। ਆਇਸ਼ਾ ਨੂੰ ਫ਼ਿਲਮਾਂ ਦਾ ਸ਼ੌਕ ਸੀ। ਉਹ ਆ ਕੇ ਜਿਸ ਫ਼ਿਲਮ ਦੀ ਤਾਰੀਫ਼ ਕਰਦੀ, ਇਹ ਵੀਡੀਓ ਤੋਂ ਦੇਖ ਲੈਂਦੇ। ਗਾਰਗੀ ਕਹਿੰਦਾ ਸੀ, "ਦੁੱਗਲ ਨੂੰ ਤੜਕੇ ਉੱਠਣ ਦੀ ਬੀਮਾਰੀ ਹੈ। ਸਵੇਰੇ ਅੰਮ੍ਰਿਤ ਵੇਲੇ ਉਹ ਬਾਣੀ ਪੜ੍ਹਦਾ ਹੈ ਤੇ ਸੈਕਸ ਦੀਆਂ ਕਹਾਣੀਆਂ ਲਿਖਦਾ ਹੈ। ਸਾਢੇ ਅੱਠ ਵਜੇ ਤੀਕ ਉਹ ਉਤਨਾ ਕੰਮ ਕਰ ਚੁਕਦਾ ਹੈ ਜਿਤਨਾ ਬਹੁਤੇ ਲੇਖਕ ਸਾਰੇ ਦਿਨ ਵਿਚ ਨਹੀਂ ਕਰਦੇ।"



ਉਹ ਪੱਕੇ ਨਿੱਤਨੇਮੀ ਸਨ। ਆਮ ਕਰ ਕੇ ਨਿੱਤਨੇਮੀ ਹਰ ਰੋਜ਼ ਪੂਜਾ-ਪਾਠ ਕਰਨ ਵਾਲੇ ਵਿਅਕਤੀ ਨੂੰ ਕਿਹਾ ਜਾਂਦਾ ਹੈ। ਉਹ ਦੋ ਵੇਲੇ ਗੁਰਬਾਣੀ ਦਾ ਪਾਠ ਤਾਂ ਕਰਦੇ ਹੀ ਸਨ, ਦੋ ਹੋਰ ਨੇਮ ਵੀ ਕਦੀ ਨਹੀਂ ਸਨ ਖੁੰਝਾਉਂਦੇ। ਇਕ ਸੀ ਲਿਖਣਾ ਤੇ ਦੂਜਾ ਸੈਰ ਨੂੰ ਜਾਣਾ। ਉਨ੍ਹਾਂ ਨਾਲ ਥੋੜ੍ਹਾ ਵਾਹ ਵੀ ਇਹ ਦਰਸਾ ਦਿੰਦਾ ਸੀ ਕਿ ਸਮੇਂ ਨੂੰ ਵਾਧੂ-ਵਿਹਲੀਆਂ ਗੱਲਾਂ ਵਿਚ ਅਜਾਈਂ ਗੁਆਉਣ ਦੀ ਥਾਂ ਉਹ ਲਿਖਣ-ਪੜ੍ਹਨ ਦੇ ਲੇਖੇ ਲਾਉਣ ਵਿਚ ਯਕੀਨ ਰਖਦੇ ਸਨ। ਇਸੇ ਯਕੀਨ ਸਦਕਾ ਹੀ ਤਾਂ ਉਹ ਏਨਾ ਫ਼ੈਲਵਾਂ ਰਚਨਾ-ਕਾਰਜ ਨੇਪਰੇ ਚਾੜ੍ਹ ਸਕੇ। ਕਈ ਵਾਰ ਸੋਚਦਾ ਹਾਂ, ਉਨ੍ਹਾਂ ਨੇ ਘੱਟ ਬੋਲਣ ਦੀ ਆਦਤ ਕਿਤੇ ਵੱਧ ਤੋਂ ਵੱਧ ਬੋਲ-ਬਾਣੀ ਨੂੰ ਕਲਮ ਦੀ ਝੋਲੀ ਪਾ ਦੇਣ ਦੇ ਆਸ਼ੇ ਨਾਲ ਹੀ ਤਾਂ ਨਹੀਂ ਸੀ ਪਾ ਲਈ! ਕਿਸੇ ਨਾਲ ਗੱਲਬਾਤ ਸਮੇਂ ਉਹ ਸੁਣਦੇ ਬਹੁਤਾ, ਆਪਣਾ ਸੀਰ ਘੱਟ ਤੋਂ ਘੱਟ ਸ਼ਬਦਾਂ ਨਾਲ ਪਾਉਂਦੇ। ਜੇ ਸਰਦਾ ਹੁੰਦਾ, ਸ਼ਬਦਾਂ ਦੀ ਥਾਂ ਮੁਸਕਰਾਹਟ ਨਾਲ ਹੀ ਹੁੰਗਾਰਾ ਭਰ ਦਿੰਦੇ। ਜਵਾਬ ਅਨੁਸਾਰ ਮੁਸਕਰਾਹਟ ਉਨ੍ਹਾਂ ਦੇ ਬੁੱਲ੍ਹਾਂ ਉੱਤੇ ਘੱਟ-ਵੱਧ ਹੁੰਦੀ ਰਹਿੰਦੀ।

ਸੈਰ ਸਮੇਂ ਬਹੁਤੇ ਲੋਕ ਵਾਕਫ਼ਾਂ-ਦੋਸਤਾਂ ਨੂੰ ਉਡੀਕ-ਲੱਭ ਕੇ ਇਧਰਲੀਆਂ-ਉਧਰਲੀਆਂ ਮਾਰਦੇ ਰਹਿਣਾ ਪਸੰਦ ਕਰਦੇ ਹਨ। ਪਰ ਦੁੱਗਲ ਸੈਰ ਸਮੇਂ ਵੀ ਆਪਣੇ ਆਪ ਵਿਚ ਹੀ ਮਗਨ ਰਹਿੰਦੇ। ਲੰਮਾ ਸਮਾਂ ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਅਤੇ ਜਨਤਕ ਪ੍ਰੈੱਸ ਵਾਲੇ ਚਰਨਜੀਤ ਸਿੰਘ ਚੰਨ ਦਾ ਆਈ. ਆਈ. ਟੀ. ਕੈਂਪੱਸ ਵਿਚ ਸੈਰ ਦਾ ਸਮਾਂ ਦੁੱਗਲ ਵਾਲਾ ਹੀ ਰਿਹਾ। ਸਾਹਿਤ ਦਾ ਏਨਾ ਵਿਸ਼ਾਲ ਤੇ ਬਹੁਪੱਖੀ ਖੇਤਰ ਵਿਚਾਰ-ਚਰਚਾ ਲਈ ਸਾਂਝਾ ਹੋਣ ਦੇ ਬਾਵਜੂਦ ਦੁੱਗਲ ਦੂਜੀ ਪਗਡੰਡੀ ਤੋਂ ਹੱਥ ਹਿਲਾਉਂਦੇ ਤੇ ਆਪਣੀ ਧੁਨ ਵਿਚ ਆਪਣੀ ਤੋਰ ਤੁਰਦੇ ਜਾਂਦੇ। ਅਬੋਲਤਾ ਨਾਲ ਉੱਚਾ ਚੁੱਕ ਕੇ ਹਿਲਾਇਆ ਹੱਥ ਹੀ ਉਨ੍ਹਾਂ ਦੀ ਆਪਣੀ ਸੁੱਖ-ਸਾਂਦ ਦੱਸ ਵੀ ਦਿੰਦਾ ਤੇ ਇਨ੍ਹਾਂ ਦੀ ਸੁੱਖ-ਸਾਂਦ ਪੁੱਛ ਵੀ ਲੈਂਦਾ। ਜ਼ਾਹਿਰ ਹੈ, ਸੈਰ ਦਾ ਸਮਾਂ ਵੀ ਉਹ ਸਾਹਿਤਕ ਚਿੰਤਨ-ਮੰਥਨ ਦੇ ਲੇਖੇ ਹੀ ਲਾਉਂਦੇ ਸਨ।

ਉਹ ਕਦੀ ਕਿਸੇ ਸਾਹਿਤਕ ਧੜੇਬੰਦੀ, ਗੁੱਟਬਾਜ਼ੀ, ਈਰਖਾ, ਆਦਿ ਵਿਚ ਨਹੀਂ ਸਨ ਪੈਂਦੇ। ਇਨ੍ਹਾਂ ਗੱਲਾਂ ਨੂੰ ਉਹ ਰਚਨਾਤਮਿਕਤਾ ਲਈ ਬਾਧਕ ਮੰਨਦੇ ਸਨ। ਅਸਲ ਵਿਚ ਉਨ੍ਹਾਂ ਨੇ ਆਪਣੇ ਮਨ ਨੂੰ ਸਾਧ ਕੇ ਨਾਮਦੇਵ ਜੀ ਦੇ ਸ਼ਬਦਾਂ ਵਿਚ 'ਸਹਜ ਸੁਭਾਇ ਭਇਓ ਬੈਰਾਗੀ' ਬਣਾ ਲਿਆ ਸੀ ਜਿਸ ਅਵਸਥਾ ਨੂੰ ਪਹੁੰਚ ਕੇ ਕਬੀਰ ਜੀ ਤੋਂ ਸ਼ਬਦ ਹੁਧਾਰੇ ਲੈਂਦਿਆਂ 'ਨਾ ਕਾਹੂ ਸੇ ਦੋਸਤੀ ਨਾ ਕਾਹੂ ਸੇ ਬੈਰ' ਰਹਿ ਜਾਂਦਾ ਹੈ! ਇਸੇ ਸੁਭਾਅ ਸਦਕਾ ਉਹ ਕਈ ਵਾਰ ਕਿਸੇ ਬਾਰੇ ਅਜਿਹੀ ਸੱਚੀ ਗੱਲ ਆਖ-ਲਿਖ ਦਿੰਦੇ ਸਨ ਜਿਸ ਨੂੰ ਇਹ ਆਪ ਤਾਂ ਸਾਧਾਰਨ ਘਟਨਾ ਸਮਝ ਕੇ ਉਸੇ ਸਮੇਂ ਵਿਸਾਰ ਦਿੰਦੇ ਸਨ ਪਰ ਉਹ ਵਿਅਕਤੀ ਨਹੀਂ ਸੀ ਭੁਲਦਾ। ਇਕ ਗਿਲਾ ਜੋ ਉਹ ਮੰਚ ਤੋਂ ਕਈ ਵਾਰ ਜ਼ਾਹਿਰ ਕਰਦੇ, ਉਹ ਸੀ ਪ੍ਰਕਾਸ਼ਕਾਂ ਬਾਰੇ ਜਿਹੜੇ ਉਨ੍ਹਾਂ ਦੇ ਨਵੇਂ ਖਰੜਿਆਂ ਨਾਲ ਕਦਮ ਮਿਲਾ ਕੇ ਨਹੀਂ ਸਨ ਚਲਦੇ। ਉਨ੍ਹਾਂ ਵਾਂਗ ਸਾਹਿਤ ਸਭਾ ਦੇ ਮੁੱਖ ਹੋਣ ਸਦਕਾ ਭਾਪਾ ਜੀ ਤਾਂ ਉਥੇ ਹਾਜ਼ਰ ਹੁੰਦੇ ਹੀ ਸਨ। ਇਕ ਦਿਨ ਉਹ ਹੱਸ ਕੇ ਮੈਨੂੰ ਕਹਿਣ ਲੱਗੇ, "ਬੜਾ ਗੁਰੂ ਏ ਦੁੱਗਲ, ਮੇਰੇ ਨਾਲ ਸਾਰੀ ਦੋਸਤੀ ਦੇ ਬਾਵਜੂਦ ਮੇਰੇ ਬੈਠਿਆਂ ਪ੍ਰਕਾਸ਼ਕਾਂ ਨੂੰ ਨਿੰਦਦਾ ਰਹਿੰਦਾ ਏ!"

ਅੰਮ੍ਰਿਤਾ ਪ੍ਰੀਤਮ ਨੂੰ ਗਿਆਨਪੀਠ ਪੁਰਸਕਾਰ ਮਿਲਿਆ ਤਾਂ ਭਾਪਾ ਜੀ ਨੇ 'ਆਰਸੀ' ਦਾ ਵਿਸ਼ੇਸ਼ ਅੰਕ ਕੱਢਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਤਾਂ ਆਪਣੀ ਖ਼ੁਸ਼ੀ ਪ੍ਰਗਟ ਕਰਨ ਦਾ ਸੁਹਿਰਦ ਉਪਰਾਲਾ ਕੀਤਾ ਸੀ ਪਰ ਗੱਲ ਹੋਰ ਰਾਹ ਪੈ ਗਈ। ਦੁੱਗਲ ਨੇ ਆਪਣੇ ਲੇਖ ਵਿਚ ਅੰਮ੍ਰਿਤਾ ਦੀ ਵਡਿਆਈ ਕੀਤੀ ਤੇ ਇਸੇ ਪ੍ਰਸੰਗ ਵਿਚ ਕੁਝ ਇਸ ਭਾਵ ਦੀ ਗੱਲ ਵੀ ਲਿਖ ਦਿੱਤੀ ਕਿ ਕੰਦਲਾ ਨੂੰ, ਝੋਲੀ ਪਾਈ ਹੋਈ ਹੋਣ ਦੇ ਬਾਵਜੂਦ, ਅੰਮ੍ਰਿਤਾ ਨੇ ਕੁਖੋਂ-ਜਾਈ ਧੀ ਵਾਲਾ ਲਾਡ ਲਡਾਇਆ। ਨੇੜਲੇ ਜਾਣਕਾਰ ਭਾਪਾ ਜੀ ਦਾ ਕਹਿਣਾ ਸੀ ਕਿ ਕੰਦਲਾ ਬਹੁਤ ਪਹਿਲਾਂ ਤੋਂ ਇਹ ਹਕੀਕਤ ਜਾਣਦੀ ਸੀ ਪਰ ਅੰਮ੍ਰਿਤਾ ਨੇ ਇਹਨੂੰ ਵੱਡਾ ਮੁੱਦਾ ਬਣਾ ਲਿਆ। ਸ਼ਾਇਦ ਇਹ ਘਟਨਾ ਪੁਰਾਣੇ ਗਿਲਿਆਂ ਲਈ ਬਹਾਨਾ ਹੀ ਸਿੱਧ ਹੋਈ ਹੋਵੇ! ਉਹਦਾ ਕਹਿਣਾ ਸੀ ਕਿ ਇਸ ਲੇਖ ਕਾਰਨ ਕੰਦਲਾ ਦੇ ਦਿਲ ਨੂੰ ਸੱਟ ਲੱਗਣੀ ਹੈ ਤੇ ਪਰਿਵਾਰ ਵਿਚ ਸਮੱਸਿਆਵਾਂ ਪੈਦਾ ਹੋ ਜਾਣੀਆਂ ਹਨ। ਉਹਦਾ ਗੁੱਸਾ ਦੁੱਗਲ ਉੱਤੇ ਤਾਂ ਫੁੱਟਿਆ ਹੀ, ਭਾਪਾ ਜੀ ਨਾਲ ਚਿਰਾਂ ਦੇ ਬੜੇ ਹੀ ਨੇੜਲੇ ਸੰਬੰਧਾਂ ਵਿਚ ਵੀ ਸਦੀਵੀ ਤ੍ਰੇੜ ਪੈ ਗਈ।

ਆਪਣੇ ਤੋਂ ਮਗਰਲੇ ਸਾਹਿਤਕਾਰਾਂ ਲਈ ਦੁੱਗਲ ਹਮੇਸ਼ਾ ਉਤਸਾਹ ਦਾ ਸੋਮਾ ਬਣੇ ਰਹੇ। 1963 ਵਿਚ ਜਦੋਂ ਮੈਂ ਨਵਯੁਗ ਲਈ 'ਇਕੋਤਰ ਸੌ ਕਵੀ' ਨਾਂ ਦੀ ਪੁਸਤਕ ਦਾ ਸੰਪਾਦਨ ਕੀਤਾ, ਇਕੋ ਸਮੇਂ ਕਵਿਤਾ ਤੇ ਕਹਾਣੀ ਨਾਲ ਸਾਹਿਤਕ ਆਰੰਭ ਕਰਨ ਵਾਲੇ ਦੁੱਗਲ ਜੀ ਦੀਆਂ ਕਵਿਤਾਵਾਂ ਅਜੇ ਵੀ ਅਕਸਰ ਛਪਦੀਆਂ ਰਹਿੰਦੀਆਂ ਸਨ। ਉਨ੍ਹਾਂ ਦਾ ਬੁਲੰਦ ਰੁਤਬਾ ਤੇ ਮੇਰੀ ਸਾਹਿਤਕ ਹੈਸੀਅਤ ਅਜੇ 'ਕੋਈ ਨਾਉ ਨ ਜਾਣੈ ਮੇਰਾ' ਵਾਲੀ! ਜਦੋਂ ਮੈਂ ਕਵੀਆਂ ਤੋਂ ਆਗਿਆ ਮੰਗੀ, ਮੋਹਨ ਸਿੰਘ ਤੇ ਦੁੱਗਲ ਦੀ ਸਹਿਮਤੀ ਸਭ ਤੋਂ ਪਹਿਲਾਂ ਪੁੱਜੀ। ਅੱਗੇ ਚੱਲ ਕੇ ਦੇਖਿਆ, ਨਵੇਂ ਲੇਖਕਾਂ ਲਈ ਉਹ ਆਪਣੀ ਮਿਹਰਬਾਨੀ ਉਨ੍ਹਾਂ ਦੀਆਂ ਪੁਸਤਕਾਂ ਬਾਰੇ ਪ੍ਰਸ਼ੰਸਾਤਮਕ ਸੁਰ ਵਿਚ ਲਿਖ ਕੇ ਵੀ ਪ੍ਰਗਟਾਉਂਦੇ। ਸੋਨੇ ਉੱਤੇ ਸੁਹਾਗਾ ਇਹ ਕਿ ਅਕਸਰ ਉਹ ਪੰਜਾਬੀ ਸਾਹਿਤ ਬਾਰੇ ਆਪਣੇ ਵਿਚਾਰ ਅੰਗਰੇਜ਼ੀ ਅਖ਼ਬਾਰਾਂ ਰਾਹੀਂ ਵਡੇਰੇ ਪਾਠਕ ਵਰਗ ਤੱਕ ਪੁਜਦੇ ਕਰਦੇ ਸਨ।

ਪਹਿਲੀ ਵਾਰ ਮੈਂ ਰਾਮ ਸਰੂਪ ਅਣਖੀ ਨਾਲ ਉਨ੍ਹਾਂ ਨੂੰ ਨੈਸ਼ਨਲ ਬੁੱਕ ਟਰੱਸਟ ਵਾਲੇ ਉਨ੍ਹਾਂ ਦੇ ਦਫ਼ਤਰ ਵਿਚ ਮਿਲਿਆ ਸੀ। ਟਰੱਸਟ ਦਾ ਦਫ਼ਤਰ ਉਸ ਸਮੇਂ ਕਿਤੇ ਹਮਾਯੂੰ ਦੇ ਮਕਬਰੇ ਦੇ ਨੇੜੇ-ਤੇੜੇ ਸੀ। ਅਣਖੀ ਉਨ੍ਹਾਂ ਨੂੰ ਆਪਣਾ ਨਵਾਂ ਕਹਾਣੀ-ਸੰਗ੍ਰਹਿ ਭੇਟ ਕਰਨਾ ਚਾਹੁੰਦਾ ਸੀ। ਸਾਨੂੰ ਪਹਿਲੀ ਵਾਰ ਮਿਲੇ ਨਵੇਂ ਲੇਖਕ ਜਾਣ ਕੇ ਛੇਤੀ ਹੀ ਭੇਜ ਦੇਣ ਦੇ ਇਰਾਦੇ ਨਾਲ ਸਥਾਪਤ ਲੇਖਕਾਂ ਵਾਲਾ ਕੋਈ ਵੀ ਦਫ਼ਤਰੀ ਰੁਝੇਵਾਂ, ਕਾਹਲ ਜਾਂ ਅੱਚਵੀ ਦਿਖਾਉਣ ਦੀ ਥਾਂ ਉਹ ਕਿੰਨਾ ਹੀ ਚਿਰ ਗੱਲਾਂ ਕਰਦੇ ਰਹੇ ਜੋ ਸਾਡੇ ਲਈ ਰਾਹ-ਦਿਖਾਵੀਆਂ ਸਨ।

ਇਸ ਮੁਲਾਕਾਤ ਸਮੇਂ ਉਨ੍ਹਾਂ ਦੀ ਡਾਢੇ ਹਿਰਖ ਨਾਲ ਸੁਣਾਈ ਇਕ ਆਪਬੀਤੀ ਇਥੇ ਦੱਸਣ ਵਾਲੀ ਹੈ। ਇਹ ਸਾਡੇ ਦੇਸ ਦੀ ਵਾਗਡੋਰ ਦੇ ਮਾਲਕ ਸਿਆਣੇ-ਸਿਆਣੇ ਸਿਆਸਤਦਾਨਾਂ ਦਾ ਵੀ ਸਾਹਿਤ ਵਰਗੇ ਖੇਤਰਾਂ ਨਾਲੋਂ ਵੱਡਾ ਨਿਖੇੜਾ ਉਜਾਗਰ ਕਰਦੀ ਹੈ। ਉਹ ਕਈ ਸ਼ਹਿਰਾਂ ਵਿਚ ਸੇਵਾ-ਕਾਰਜ ਨਿਭਾ ਕੇ ਕਈ ਸਾਲਾਂ ਮਗਰੋਂ ਦਿੱਲੀ ਪਰਤੇ ਤਾਂ ਸ਼ਿਸ਼ਟਾਚਾਰ ਦੇ ਨਾਤੇ ਆਪਣੇ ਪੁਰਾਣੇ ਮਿੱਤਰ ਕੇਂਦਰੀ ਮੰਤਰੀ ਸਰਦਾਰ ਸਵਰਨ ਸਿੰਘ ਨੂੰ ਮਿਲਣ ਗਏ। ਜਾਂਦੇ ਹੋਏ ਇਸ ਸਮੇਂ ਵਿਚ ਛਪੀਆਂ ਆਪਣੀਆਂ ਕੁਝ ਪੁਸਤਕਾਂ ਵੀ ਲੈ ਗਏ। ਸਵਰਨ ਸਿੰਘ ਬੜੇ ਨਿੱਘ ਨਾਲ ਮਿਲੇ। ਇਨ੍ਹਾਂ ਨੇ ਪੁਸਤਕਾਂ ਭੇਟ ਕੀਤੀਆਂ ਤਾਂ ਉਨ੍ਹਾਂ ਨੇ ਫਰੋਲਣੀਆਂ ਤਾਂ ਕਿਤੇ ਰਹੀਆਂ, ਨਾਂਵਾਂ ਉੱਤੇ ਵੀ ਝਾਤ ਪਾਏ ਬਿਨਾਂ ਹੀ ਨਾਲ ਦੇ ਸੋਫ਼ੇ ਉੱਤੇ ਸੁੱਟਣ ਵਾਂਗ ਰਖਦਿਆਂ ਕਿਹਾ, "ਇਹ ਠੀਕ ਥਾਂ ਪਹੁੰਚ ਗਈਆਂ ਸਮਝੋ। ਮੈਂ ਆਪਣੇ ਪਿੰਡ ਲਾਇਬਰੇਰੀ ਖੁਲ੍ਹਵਾਈ ਹੈ, ਇਨ੍ਹਾਂ ਨੂੰ ਉਥੇ ਭਿਜਵਾ ਦੇਵਾਂਗਾ।"

ਮਗਰੋਂ ਦੇ ਲੰਮੇ ਵਾਹ ਨੇ ਦੁੱਗਲ ਦਾ ਮਿਹਰਬਾਨ ਸੁਭਾਅ ਵਾਰ-ਵਾਰ ਉਜਾਗਰ ਕੀਤਾ। ਇਕ ਵਾਰ ਭਾਪਾ ਜੀ ਨੇ ਉਨ੍ਹਾਂ ਤੋਂ ਪੁੱਛਿਆ ਕਿ ਰਸਾਲੇ ਵਿਚ ਛਾਪਣ ਦੇ ਮਕਸਦ ਨਾਲ ਆਪਣੀ ਵਡ-ਆਕਾਰੀ ਸਵੈਜੀਵਨੀ 'ਕਿਸੁ ਪਹਿ ਖੋਲਉ ਗੰਠੜੀ' ਬਾਰੇ ਗੱਲਬਾਤ ਉਹ ਕਿਸ ਲੇਖਕ ਨਾਲ ਕਰਨੀ ਚਾਹੁਣਗੇ ਤਾਂ ਉਨ੍ਹਾਂ ਨੇ ਮੇਰਾ ਨਾਂ ਲਿਆ। ਮੇਰੀ ਹੈਰਾਨੀ ਸੁਭਾਵਿਕ ਸੀ। ਉਨ੍ਹਾਂ ਨੂੰ ਮਿਲ ਕੇ ਪਤਾ ਲੱਗਿਆ, ਮੇਰੀਆਂ ਕੁਝ ਲੇਖਕਾਂ ਨਾਲ ਕੀਤੀਆਂ ਮੁਲਾਕਾਤਾਂ ਉਨ੍ਹਾਂ ਦੀ ਪਾਰਖੂ ਨਜ਼ਰੋਂ ਲੰਘੀਆਂ ਸਨ। ਇਸ ਮੁਲਾਕਾਤ ਸਮੇਂ ਇਕ ਦਿਲਚਸਪ ਘਟਨਾ ਵਾਪਰੀ ਜਿਸ ਤੋਂ ਪਤਾ ਲੱਗਿਆ ਕਿ ਉਨ੍ਹਾਂ ਦਾ ਪਰਿਵਾਰ ਵੀ ਇਸ ਗੱਲ ਬਾਰੇ ਕਿੰਨਾ ਸੁਚੇਤ ਸੀ ਕਿ ਉਨ੍ਹਾਂ ਦਾ ਸਮਾਂ ਵਾਧੂ ਮਿਲਣ-ਗਿਲਣ ਵਾਲਿਆਂ ਦੀ ਭੇਟ ਨਾ ਚੜ੍ਹੇ। ਮੈਂ ਉਨ੍ਹਾਂ ਨੂੰ ਸ਼ੁੱਕਰਵਾਰ ਵਾਲੇ ਦਿਨ ਢਾਈ ਕੁ ਵਜੇ ਪਹੁੰਚਣਾ ਦੱਸਿਆ ਹੋਇਆ ਸੀ। ਮੈਂ ਤੇ ਨਰਿੰਦਰ ਭੁੱਲਰ ਨੇ ਵੇਲੇ-ਸਿਰ ਘੰਟੀ ਜਾ ਵਜਾਈ। ਅੰਦਰੋਂ ਉਨ੍ਹਾਂ ਦਾ ਪੁੱਤਰ ਡਾਕਟਰ ਸੁਹੇਲ ਨਿੱਕਲਿਆ ਤੇ ਸਾਡੀ ਦੁੱਗਲ ਜੀ ਨੂੰ ਮਿਲਣ ਦੀ ਗੱਲ ਸੁਣ ਕੇ ਬੋਲਿਆ, "ਉਹ ਤਾਂ ਇਸ ਸਮੇਂ ਘਰ ਨਹੀਂ। ਕਿਤੇ ਗਏ ਹੋਏ ਨੇ।"

ਮੈਂ ਹੈਰਾਨ ਹੋ ਕੇ ਕਿਹਾ, "ਇਹ ਕਿਵੇਂ ਹੋ ਸਕਦਾ ਹੈ! ਉਨ੍ਹਾਂ ਨੇ ਮਿਲਣ ਦਾ ਇਹ ਸਮਾਂ ਆਪ ਦਿੱਤਾ ਹੋਇਆ ਹੈ।" ਉਹ ਪਰੇਸ਼ਾਨ ਜਿਹਾ ਤਾਂ ਹੋਇਆ ਕਿ ਹੁਣ ਆਪਣੇ ਝੂਠ ਉੱਤੇ ਪਰਦਾ ਕਿਵੇਂ ਪਾਵੇ, ਪਰ ਝੱਟ ਹੀ ਸੰਭਲ ਕੇ ਉਹਨੇ ਬੜੀ ਚੁਸਤੀ ਦਿਖਾਈ। ਕਹਿਣ ਲੱਗਿਆ, "ਮੈਂ ਅਗਲੇ ਕਮਰੇ ਵਿਚ ਬੈਠਾ ਹੋਇਆ ਸੀ। ਕੋਠੀ ਦਾ ਇਕ ਬੂਹਾ ਪਿੱਛੇ ਵੀ ਹੈ। ਜੇ ਉਨ੍ਹਾਂ ਨੇ ਸਮਾਂ ਦਿੱਤਾ ਹੋਇਆ ਸੀ, ਹੋ ਸਕਦਾ ਹੈ, ਉਹ ਪਿਛਲੇ ਬੂਹਿਉਂ ਆ ਗਏ ਹੋਣ। ਮੈਂ ਦੇਖਦਾ ਹਾਂ।" ਉਹ ਅੰਦਰ ਗਿਆ ਅਤੇ ਮੁਸਕਰਾਉਂਦਾ ਹੋਇਆ ਆ ਕੇ ਬੋਲਿਆ, "ਮਾਫ਼ ਕਰਨਾ! ਉਹ ਪਿਛਲੇ ਬੂਹਿਉਂ ਹੀ ਆ ਗਏ ਸਨ। ਆਉ, ਆਉ, ਅੰਦਰ ਆਉ!" ਗੱਲਬਾਤ ਪ੍ਰਕਾਸ਼ਿਤ ਹੋਈ ਤਾਂ ਮੈਂ ਉਨ੍ਹਾਂ ਦਾ ਪ੍ਰਤਿਕਰਮ ਜਾਣਨ ਲਈ ਚਿੱਠੀ ਲਿਖੀ। ਉਨ੍ਹਾਂ ਦਾ ਉੱਤਰ ਮੇਰੇ ਲਈ ਇਕ ਵੱਡਾ ਪੁਰਸਕਾਰ ਸੀ: "ਭੁੱਲਰ ਜੀ, ਤੁਸਾਂ ਦੀ ਮੇਰੇ ਨਾਲ ਕੀਤੀ ਗੱਲਬਾਤ ਆਦਿ ਤੋਂ ਅੰਤ ਤੱਕ ਇਕ ਨਗ਼ਮਾ ਹੈ।"

ਰਾਮ ਸਰੂਪ ਅਣਖੀ ਦੇ ਤ੍ਰੈਮਾਸਕ 'ਕਹਾਣੀ ਪੰਜਾਬ' ਦੇ ਪਹਿਲੇ ਅੰਕ ਤੋਂ ਹੀ ਮੈਂ 'ਪੰਜਾਬੀ ਕਹਾਣੀ ਯਾਤਰਾ' ਦੇ ਨਾਂ ਹੇਠ ਇਕ ਕਾਲਮ ਸ਼ੁਰੂ ਕੀਤਾ। ਇਸ ਵਿਚ ਹਰ ਵਾਰ ਮੋਢੀਆਂ ਤੋਂ ਸ਼ੁਰੂ ਕਰ ਕੇ ਕਿਸੇ ਕਹਾਣੀਕਾਰ ਦੀ ਇਕ ਕਹਾਣੀ ਦੀ ਪਾਠਕੀ ਪੜ੍ਹਤ ਦਿੱਤੀ ਜਾਂਦੀ ਸੀ। ਮੈਂ ਦੁੱਗਲ ਜੀ ਦੀ ਕਹਾਣੀ 'ਚਾਨਣੀ ਰਾਤ ਦਾ ਇਕ ਦੁਖਾਂਤ' ਚੁਣੀ। ਇਸ ਵਾਰ ਵੀ ਉਨ੍ਹਾਂ ਦਾ ਪ੍ਰਤਿਕਰਮ ਜਾਣਨ ਦੀ ਇੱਛਾ ਹੋਣੀ ਸੁਭਾਵਿਕ ਸੀ। ਉਨ੍ਹਾਂ ਨੇ ਮੇਰੀ ਵਿਧੀ ਤੇ ਸ਼ੈਲੀ ਦੀ ਭਰਪੂਰ ਵਡਿਆਈ ਕੀਤੀ ਅਤੇ ਕਿਹਾ, "ਤੁਹਾਡਾ ਲਿਖਿਆ ਪੜ੍ਹਦਿਆਂ ਮੈਨੂੰ ਆਪਣੀ ਇਹ ਕਹਾਣੀ ਪੜ੍ਹਨ ਜਿੰਨਾ ਹੀ ਸੁਆਦ ਆਇਆ।" ਉਨ੍ਹਾਂ ਨੇ ਇਹ ਵੀ ਲਿਖਿਆ ਕਿ ਕਹਾਣੀ ਨੂੰ ਸਮਝਣ ਦਾ ਤੇ ਹੋਰਾਂ ਨੂੰ ਸਮਝਾਉਣ ਦਾ ਤਰੀਕਾ ਅਜਿਹਾ ਹੀ ਸਰਲ ਅਤੇ ਆਮ-ਫ਼ਹਿਮ ਹੋਣਾ ਚਾਹੀਦਾ ਹੈ।

'ਚਾਨਣੀ ਰਾਤ ਦਾ ਇਕ ਦੁਖਾਂਤ' ਬਾਰੇ ਉਨ੍ਹਾਂ ਦਾ ਆਪਣਾ ਕਹਿਣਾ ਸੀ, "ਇਹ ਨਾ ਨਾਕਾਮ ਪਿਆਰ ਦੀ ਕਹਾਣੀ ਹੈ, ਨਾ ਕਾਮਯਾਬ ਪਿਆਰ ਦੀ, ਇਹ ਸਿਰਫ਼ ਪਿਆਰ ਦੀ ਕਹਾਣੀ ਹੈ।" ਉਨ੍ਹਾਂ ਨੇ ਇਹ ਕਹਾਣੀ 1961-62 ਵਿਚ ਰਾਂਚੀ ਹੁੰਦਿਆਂ ਲਿਖੀ ਸੀ। ਜਿਸ ਦਿਨ ਇਹ ਲਿਖੀ, ਉਸੇ ਦਿਨ ਇਨ੍ਹਾਂ ਦਾ ਇਕ ਸੈਸ਼ਨ ਜੱਜ ਦੋਸਤ ਖਾਣੇ ਲਈ ਆਇਆ। ਕੁਝ ਨਵਾਂ ਲਿਖਿਆ ਹੋਣ ਦੀ ਗੱਲ ਚੱਲੀ ਤੋਂ ਇਨ੍ਹਾਂ ਨੇ ਇਸ ਕਹਾਣੀ ਦਾ ਕਥਾ-ਸਾਰ ਜ਼ਬਾਨੀ ਸੁਣਾ ਦਿੱਤਾ। ਜੱਜ ਹੱਕਾ-ਬੱਕਾ, ਹੈਰਾਨ-ਪਰੇਸ਼ਾਨ, ਕਹਿੰਦਾ, ਦੁੱਗਲ ਸਾਹਿਬ, ਇਹ ਤਾਂ ਮੇਰੀ ਹੀ ਕਹਾਣੀ ਹੈ! ਮਗਰੋਂ ਇਨ੍ਹਾਂ ਦੇ ਸਾਂਢੂ ਅਲੀ ਸਰਦਾਰ ਜਾਫ਼ਰੀ ਨੇ ਸੁਣੀ ਤਾਂ ਇਹਦੇ ਕੈਨਵਸ ਦੀ ਵਿਸ਼ਾਲਤਾ ਦੇਖ ਕੇ ਨਾਵਲ ਬਣਾਉਣ ਦਾ ਸੁਝਾਅ ਦਿੱਤਾ।

ਦੁੱਗਲ ਆਪਣੇ ਸਮਕਾਲੀ ਕਹਾਣੀਕਾਰਾਂ ਤੋਂ ਕਈ ਗੱਲਾਂ ਵਿਚ ਵੱਖਰੇ ਸਨ। ਸ਼ਾਇਦ ਇਸੇ ਕਰਕੇ ਆਪਣੇ ਲਈ ਕਹਾਣੀਕਾਰ ਵਜੋਂ ਉਹ ਕੁਝ ਹਟਵਾਂ, ਕੁਝ ਨਵੇਕਲਾ ਸਥਾਨ ਬਣਾ ਸਕੇ। ਇਕ ਤਾਂ ਜਦੋਂ ਲਗਭਗ ਸਾਰੇ ਹੀ ਗਲਪਕਾਰ ਪਿੰਡਾਂ ਦੇ ਲੋਕਾਂ ਬਾਰੇ ਜਾਂ ਛੋਟੇ ਸ਼ਹਿਰਾਂ ਤੇ ਨਗਰਾਂ ਦੇ ਸਾਧਾਰਨ ਜਾਂ ਹੇਠਲੇ ਲੋਕਾਂ ਬਾਰੇ ਲਿਖ ਰਹੇ ਸਨ, ਦੁੱਗਲ ਨੇ ਆਪਣੀ ਕਲਮ ਲਈ ਇਕ ਵੱਖਰਾ ਸੰਸਾਰ ਚੁਣਿਆ। ਇਹ ਸੀ ਸ਼ਹਿਰੀ ਮੱਧਵਰਗ ਤੇ ਉੱਚ-ਮੱਧਵਰਗ ਦਾ ਬਿਲਕੁਲ ਵੱਖਰੇ ਭਾਂਤ ਦਾ ਅਤਰ-ਫੁਲੇਲੀ ਜੀਵਨ, ਜਿਸ ਦੀਆਂ ਭੁੱਖਾਂ, ਤ੍ਰਿਸ਼ਨਾਵਾਂ, ਰੀਝਾਂ, ਉਮੰਗਾਂ, ਕਲੋਲਾਂ, ਤ੍ਰਿਪਤੀਆਂ, ਤੋਟਾਂ ਤੇ ਪੀੜਾਂ ਵੱਖਰੀਆਂ ਸਨ ਅਤੇ ਜਿਸ ਤੋਂ ਉਸ ਸਮੇਂ ਦਾ ਬਹੁਤਾ ਪੰਜਾਬੀ ਪਾਠਕ ਵਰਗ ਅਜੇ ਨਾਵਾਕਫ਼ ਸੀ।

ਦੂਜੇ, ਉਨ੍ਹਾਂ ਨੇ ਕਲਾ ਵਿਚ ਮਾਧਿਅਮ ਦਾ ਮਹੱਤਵ ਪਛਾਣਦਿਆਂ ਭਾਸ਼ਾ ਦੀ ਵਰਤੋਂ ਵਿਚ ਅਲੋਕਾਰਤਾ ਲਿਆਂਦੀ। ਉਹ ਸਾਧਾਰਨ ਸ਼ਬਦਾਂ ਨੂੰ ਇਉਂ ਸੁਰਬੱਧ ਕਰਦੇ ਸਨ ਕਿ ਪਾਠਕ ਰਸ-ਰੰਗ ਦੇ ਸੰਸਾਰ ਵਿਚ ਪਹੁੰਚ ਜਾਂਦਾ। ਉਹ ਆਪਣੀ ਰਚਨਾ ਵਿਚ ਬਹੁਤੇ ਪਾਠਕਾਂ ਨੂੰ ਨਵੇਂ-ਨਵੇਕਲੇ ਜਾਪਦੇ ਪੋਠੋਹਾਰੀ ਸ਼ਬਦਾਂ ਦਾ ਛਿੱਟਾ ਵੀ ਦੇਈ ਜਾਂਦੇ। ਉਹ ਆਮ ਵਰਤੀਂਦੇ ਸ਼ਬਦਾਂ ਨੂੰ ਬਣਾ-ਸੰਵਾਰ

# ਨਵੀਆਂ ਖੋਜਾਂ ਨਵੇਂ ਤੱਥ

## ਬਹੁਤ ਰੋਚਕ ਹੈ ਹਵਾ ਤੋਂ ਬਿਜਲੀ ਪੈਦਾ ਕਰਨ ਦਾ ਨਵਾਂ ਢੰਗ

ਡਾ. ਡੀ.ਪੀ. ਸਿੰਘ

ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਪਿਛਲੇ ਦਿਨੀਂ ਅਮਰੀਕਾ ਦੇ ਖੋਜਕਾਰਾਂ ਨੇ ਹਵਾ ਵਿਚੋਂ ਨਮੀ ਨੂੰ ਇਕੱਠਾ ਕਰ ਕੇ ਬਿਜਲੀ ਪੈਦਾ ਕਰਨ ਦਾ ਇਕ ਨਵਾਂ ਤਰੀਕਾ ਲੱਭਿਆ ਹੈ।

ਐਡਵਾਂਸਡ ਮਟੀਰੀਅਲ ਖੋਜ ਪੱਤ੍ਰਿਕਾ ਵਿਚ ਛਪੀ ਇਕ ਰਿਪੋਰਟ ਅਨੁਸਾਰ, ਲਗਭਗ ਕਿਸੇ ਵੀ ਪਦਾਰਥ ਦੇ ਬਣੇ ਯੰਤਰ ਦੀ ਵਰਤੋਂ ਨਾਲ ਹਵਾ ਤੋਂ ਬਿਜਲੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸ਼ਰਤ ਇਹ ਹੈ ਕਿ ਅਜਿਹੇ ਯੰਤਰ ਦੀ ਸਤਹਿ ਉੱਤੇ 100 ਨੈਨੋਮੀਟਰ (ਨਮ) ਵਿਆਸ ਵਾਲੇ ਬਹੁਤ ਹੀ ਮਹੀਣ ਛੇਕ ਮੌਜੂਦ ਹੋਣ। ਵਰਣਨਯੋਗ ਹੈ ਕਿ 100 ਨੈਨੋਮੀਟਰ ਦੂਰੀ ਲਗਭਗ 0.000004 ਇੰਚ ਹੁੰਦੀ ਹੈ। ਜੋ ਕਿ ਮਨੁੱਖੀ ਵਾਲਾਂ ਦੀ ਚੌੜਾਈ ਦੇ ਇਕ ਹਜ਼ਾਰਵੇਂ ਹਿੱਸੇ ਤੋਂ ਵੀ ਛੋਟੀ ਹੁੰਦੀ ਹੈ।

ਇਸ ਖੋਜ ਪੱਤਰ ਦੇ ਮੁੱਖ ਲੇਖਕ ਸ਼ਾ ਮਾਂਗ ਲੂ ਦਾ ਕਹਿਣਾ ਹੈ ਕਿ ਇਹ ਬਹੁਤ ਹੀ ਦਿਲਚਸਪ ਖੋਜ ਹੈ। 'ਅਸੀਂ ਹਵਾ ਦੀ ਪਤਲੀ ਤਹਿ ਤੋਂ ਪ੍ਰਦੂਸ਼ਣ ਮੁਕਤ ਬਿਜਲੀ ਹਾਸਲ ਕਰਨ ਦਾ ਰਾਹ ਖੋਲ੍ਹ ਰਹੇ ਹਾਂ।' ਸ਼ਾ ਮਾਂਗ ਲੂ ਮੈਸਾਚੁਸੇਟਸ ਐਮਹਰਸਟ ਯੂਨੀਵਰਸਿਟੀ ਵਿਖੇ ਇਲੈਕਟ੍ਰੀਕਲ ਅਤੇ ਕੰਪਿਊਟਰ ਇੰਜਨੀਅਰਿੰਗ ਵਿਭਾਗ ਵਿਚ ਗ੍ਰੈਜੂਏਟ ਪੱਧਰ ਦਾ ਵਿਦਿਆਰਥੀ ਹੈ।

ਖੋਜ ਪੱਤਰ ਵਿਚ ਵਰਣਨ ਕੀਤਾ ਗਿਆ ਹੈ ਕਿ ਬਿਜਲੀ ਪ੍ਰਾਪਤੀ ਲਈ ਹਵਾ ਵਿਚ ਮੌਜੂਦ ਪਾਣੀ ਦੇ ਅਣੂਆਂ ਦੇ ਅੰਦਰੂਨੀ ਬਿਜਲਈ ਚਾਰਜ ਨੂੰ ਮਹੀਣ ਨੈਨੋ ਛੇਕਾਂ ਦੀ ਵਰਤੋਂ ਨਾਲ ਕਿਵੇਂ ਵਰਤਿਆ ਜਾ ਸਕਦਾ ਹੈ।

ਨੈਨੋ ਆਕਾਰ ਦੇ ਮਹੀਣ ਛੇਕਾਂ ਵਿਚਲੀ ਦੂਰੀ ਪਾਣੀ ਦੇ ਅਣੂਆਂ ਵਿਚਕਾਰ 'ਔਸਤ ਮੁਕਤ ਮਾਰਗ' ਦੀ ਲੰਬਾਈ ਦੇ ਬਰਾਬਰ ਹੁੰਦੀ ਹੈ। ਪਾਣੀ ਦੇ ਅਣੂਆਂ ਦਾ 'ਔਸਤ ਮੁਕਤ ਮਾਰਗ' ਉਹ ਦੂਰੀ ਹੁੰਦੀ ਹੈ ਜੋ ਹਵਾ ਅੰਦਰ ਪਾਣੀ ਦੇ ਇਕ ਅਣੂ ਦੀ ਪਾਣੀ ਦੇ ਕਿਸੇ ਹੋਰ ਅਣੂ ਨਾਲ ਟਕਰਾਉਣ ਤੋਂ ਪਹਿਲਾਂ ਤੈਅ ਕੀਤੀ ਦੂਰੀ ਹੈ।

ਇਸ ਔਸਤ ਮੁਕਤ ਮਾਰਗ ਜਿੰਨੀ ਦੂਰੀ ਵਿਖੇ ਮੌਜੂਦ 100 ਨੈਨੋ ਮੀਟਰ ਵਿਆਸ ਵਾਲੇ ਮਹੀਣ ਛੇਕਾਂ ਵਾਲੇ ਯੰਤਰ ਦਾ ਨਿਰਮਾਣ ਕਰ ਕੇ ਖੋਜਕਾਰਾਂ ਨੇ ਅਣੂ ਦੇ ਕੁਦਰਤੀ ਬਿਜਲਈ ਚਾਰਜ ਦੀ ਪ੍ਰਾਪਤੀ ਕਰਨ ਦਾ ਰਾਹ ਸੌਖਲਾ ਕਰ ਦਿੱਤਾ ਹੈ। ਇਹ 'ਹਵਾਈ ਜੈਂਨਰੇਟਰ', ਆਪਣੇ ਮਹੀਣ ਛੇਕਾਂ ਦੀ ਬਦੌਲਤ ਕੰਮ ਕਰਦਾ ਹੈ। ਜਿਸ ਦਾ ਭਾਵ ਹੈ ਕਿ ਪਾਣੀ ਦੇ ਸੂਖਮ ਅਣੂ, ਜਿਵੇਂ ਹੀ ਯੰਤਰ ਦੀ ਪਤਲੀ ਪਦਾਰਥੀ ਸਤਹਿ ਨਾਲ ਸਪਰਸ਼ ਵਿਚ ਆਉਂਦੇ ਹਨ ਤਾਂ ਉਹ ਮਹੀਣ ਛੇਕ ਦੇ ਕਿਨਾਰੇ ਨਾਲ ਸਹਿਜੇ ਹੀ ਟਕਰਾ ਜਾਣਗੇ।

ਇਸ ਕਿਰਿਆ ਕਾਰਨ ਹਵਾਈ-ਜੈਂਨਰੇਟਰ ਦੀ ਉੱਪਰਲੀ ਸਤਹਿ ਉੱਤੇ ਟਕਰਾਉਣ ਵਾਲੇ ਪਾਣੀ ਦੇ ਚਾਰਜ-ਯੁਕਤ ਅਣੂਆਂ ਦੀ ਮਾਤਰਾ ਇਸ ਸਤਹਿ ਦੇ ਹੇਠਲੇ ਹਿੱਸੇ ਵਿਚ ਮੌਜੂਦ ਅਣੂਆਂ ਨਾਲੋਂ ਬਹੁਤ ਵਧੇਰੇ ਹੋਵੇਗੀ। ਇਸ ਦੇ ਫਲਸਰੂਪ ਪਦਾਰਥੀ ਪਰਤ ਦੇ ਆਰ-ਪਾਰ ਬਿਜਲਈ ਚਾਰਜ ਮਾਤਰਾ ਵਿਚ ਅਸੰਤੁਲਨ ਪੈਦਾ ਹੋ ਜਾਵੇਗਾ। ਅਜਿਹਾ ਬਿਜਲਈ ਅਸੰਤੁਲਨ, ਬਿਜਲਈ-ਚਾਰਜ ਦੇ ਪ੍ਰਵਾਹ ਨੂੰ ਪੈਦਾ ਕਰਨ ਦਾ ਬੁਨਿਆਦੀ ਸਿਧਾਂਤ ਹੈ। ਆਸਮਾਨੀ ਬਿਜਲੀ ਦਾ ਲਿਸ਼ਕਣਾ ਵੀ ਬੱਦਲਾਂ ਵਿਚ ਅਜਿਹੇ ਹੀ ਬਿਜਲਈ ਅਸੰਤੁਲਨ ਕਾਰਨ ਵਾਪਰਦਾ ਹੈ।

ਮੈਸਾਚੁਸੇਟਸ ਐਮਹਰਸਟ ਯੂਨੀਵਰਸਿਟੀ ਵਿਖੇ ਇਲੈਕਟ੍ਰੀਕਲ ਅਤੇ ਕੰਪਿਊਟਰ ਇੰਜਨੀਅਰਿੰਗ ਵਿਭਾਗ ਦੇ ਸਹਾਇਕ ਪ੍ਰੋਫੈਸਰ ਤੇ ਖੋਜ ਪੱਤਰ ਦੇ ਸਹਿ-ਲੇਖਕ ਜਾਨ ਯਾਓ ਦਾ ਕਹਿਣਾ ਹੈ ਕਿ ਹਵਾ ਵਿਚ ਬਹੁਤ ਜ਼ਿਆਦਾ ਬਿਜਲੀ ਹੁੰਦੀ ਹੈ, ਜਿਸ ਦਾ ਲਾਭ ਉਠਾਉਣਾ ਸੰਭਵ ਹੈ। ਜ਼ਰਾ ਅਜਿਹੇ ਭਵਿੱਖਮਈ ਸੰਸਾਰ ਦੀ ਕਲਪਨਾ ਕਰੋ ਜਿਸ ਵਿਚ ਸਾਨੂੰ ਪ੍ਰਦੂਸ਼ਣ ਰਹਿਤ ਬਿਜਲੀ ਉਪਲੱਬਧ ਹੋਵੇ, ਤਦ ਜਲਵਾਯੂ ਤਬਦੀਲੀਆਂ ਵਰਗੀ ਨਾਮੁਰਾਦ ਬਿਮਾਰੀ ਭੂਤਕਾਲ ਦੀ ਗੱਲ ਹੋਵੇਗੀ...ਅਤੇ ਇਹ ਵੀ ਸੱਚ ਹੈ ਕਿ ਹਵਾਈ ਜੈਂਨਰੇਟਰ ਦੀ ਹੋਂਦ ਅਜਿਹੇ ਭਵਿੱਖੀ ਸੰਸਾਰ ਨੂੰ ਹਕੀਕਤ ਵਿਚ ਬਦਲਣ ਦੇ ਸਮਰੱਥ ਹੈ।'

'ਜ਼ਰਾ ਬੱਦਲਾਂ ਦੀ ਗੱਲ ਹੀ ਲੈ ਲਵੋ। ਹਰ ਬੱਦਲ ਹੀ ਪਾਣੀ ਦੀਆਂ ਬੂੰਦਾਂ ਦਾ ਇਕੱਠ ਹੁੰਦਾ ਹੈ।' ਯਾਓ ਦਾ ਕਹਿਣਾ ਹੈ ਕਿ 'ਹਰ ਬੱਦਲ ਵਿਚ ਮੌਜੂਦ ਪਾਣੀ ਦੀਆਂ ਬੂੰਦਾਂ ਉੱਤੇ ਬਿਜਲਈ ਚਾਰਜ ਹੁੰਦਾ ਹੈ, ਅਤੇ ਯੋਗ ਹਾਲਤਾਂ ਵਿਚ ਇਹ ਚਾਰਜਡ-ਯੁਕਤ ਬੱਦਲ ਆਸਮਾਨ ਵਿਚ ਬਿਜਲੀ ਦੀ ਧਾਰਾ ਪੈਦਾ ਕਰਦੇ ਹਨ - ਪਰ ਸਾਨੂੰ ਇਹ ਨਹੀਂ ਪਤਾ ਕਿ ਅਸੀਂ ਆਸਮਾਨੀ ਬਿਜਲੀ ਤੋਂ ਭਰੋਸੇਯੋਗ ਬਿਜਲੀ-ਧਾਰਾ ਕਿਵੇਂ ਹਾਸਲ ਕਰ ਸਕਦੇ ਹਾਂ।'

ਆਪਣੀ ਨਵੀਂ ਲੱਭਤ ਦਾ ਖੁਲਾਸਾ ਕਰਦੇ ਹੋਏ ਜਾਨ ਯਾਓ ਨੇ ਦੱਸਿਆ ਕਿ 'ਅਸੀਂ ਆਪਣੇ ਖੋਜ ਕਾਰਜਾਂ ਦੌਰਾਨ ਇਕ ਛੋਟੇ-ਆਕਾਰ ਦਾ ਬੱਦਲ ਬਣਾਇਆ ਜੋ ਸਾਡੀ ਲੋੜ ਅਨੁਸਾਰ ਸਹੀ ਮਾਤਰਾ ਵਾਲੀ ਬਿਜਲੀ ਲਗਾਤਾਰ ਪੈਦਾ ਕਰਦਾ ਹੈ ਤੇ ਇਸ ਬਿਜਲੀ-ਧਾਰਾ ਨੂੰ ਪ੍ਰਾਪਤ ਕਰਨਾ ਵੀ ਸੰਭਵ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਉਹ ਹਵਾਈ ਜੈਂਨਰੇਟਰ ਜੋ ਅਜਿਹਾ ਕਰ ਸਕਦਾ ਹੈ ਲਗਭਗ ਕਿਸੇ ਵੀ ਪਦਾਰਥ ਤੋਂ ਬਣਾਇਆ ਜਾ ਸਕਦਾ ਹੈ।'

ਯਾਓ ਦਾ ਕਹਿਣਾ ਹੈ ਕਿ 'ਹਵਾ ਤੋਂ ਬਿਜਲੀ ਪੈਦਾ ਕਰਨ ਵਾਲੇ ਯੰਤਰ ਦੀ ਕਿਰਿਆ ਨੂੰ ਖੋਜਕਾਰਾਂ ਨੇ 'ਏਅਰ-ਜੈਂਨ ਪ੍ਰਭਾਵ' ਦਾ ਨਾਮ ਦਿੱਤਾ ਹੈ। ਇਹ ਯੰਤਰ ਕਿਸੇ ਵੀ ਕਿਸਮ ਦੇ ਪਦਾਰਥ ਦੀ ਵਰਤੋਂ ਨਾਲ ਹਵਾ ਤੋਂ ਬਿਜਲੀ ਦੀ ਪ੍ਰਾਪਤੀ ਕਰਾ ਸਕਣ ਦੀ ਯੋਗਤਾ ਰੱਖਦਾ ਹੈ, ਸ਼ਰਤ ਇਹ ਹੈ ਕਿ ਅਜਿਹੇ ਯੰਤਰ ਦੀ ਸਤਹਿ ਉੱਤੇ 100 ਨੈਨੋਮੀਟਰ ਵਿਆਸ ਵਾਲੇ ਬਹੁਤ ਹੀ ਮਹੀਣ ਛੇਕ ਮੌਜੂਦ ਹੋਣ।'

ਖੋਜਕਾਰਾਂ ਦਾ ਕਹਿਣਾ ਹੈ ਕਿ ਅਜਿਹੇ ਸੁਝਾਵਾਂ ਦੀ ਪੁਸ਼ਟੀ ਲਈ ਪਹਿਲਾਂ ਵੀ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਪਰ ਉਨ੍ਹਾਂ ਦੁਆਰਾ ਬਣਾਇਆ ਮਸ਼ੀਨੀ ਡਿਜਾਈਨ ਪਹਿਲਾਂ ਬਣਾਏ ਡਿਜਾਇਨਾਂ ਦੀ ਤੁਲਨਾ ਵਿਚ ਵਧੇਰੇ ਲੰਮੇ ਸਮੇਂ ਲਈ ਕੰਮ ਕਰ ਸਕਦਾ ਹੈ। ਉਨ੍ਹਾਂ ਨੂੰ ਭਰੋਸਾ ਹੈ ਕਿ ਉਨ੍ਹਾਂ ਦੁਆਰਾ ਬਣਾਇਆ ਯੰਤਰ ਨੇੜਲੇ ਭਵਿੱਖ ਵਿਚ ਹੀ ਲਗਾਤਾਰ ਬਿਜਲੀ ਪ੍ਰਦਾਨ ਕਰਨ ਵਾਲਾ ਸਥਾਈ ਸਰੋਤ ਸਿੱਧ ਹੋਵੇਗਾ।

ਖੋਜੀ ਲੇਖਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੁਆਰਾ ਕੀਤੀ ਗਈ ਖੋਜ ਇੰਨੀ ਵਧੇਰੇ ਮਹੱਤਵਪੂਰਨ ਹੈ ਕਿ ਇਸ ਦੇ ਅਮਲ ਰਾਹੀਂ ਕਿਸੇ ਵੀ ਪਦਾਰਥ ਦੀ ਵਰਤੋਂ ਕਰਦੇ ਹੋਏ, ਦੁਨੀਆ ਭਰ ਵਿਚ ਹਵਾ ਤੋਂ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਕਿਉਂਕਿ ਹਵਾ ਹਮੇਸ਼ਾ ਥੋੜੀ ਸਿੱਲ੍ਹੀ ਹੁੰਦੀ ਹੈ, ਇਸ ਲਈ ਹਵਾ ਤੋਂ ਬਿਜਲੀ ਦੀ ਪ੍ਰਾਪਤੀ ਲਈ ਸਾਨੂੰ ਸੂਰਜੀ ਊਰਜਾ ਜਾਂ ਹਵਾਈ ਊਰਜਾ ਵਰਗੇ ਹੋਰ ਨਵੀਨੀਕਰਨ ਯੋਗ ਕੁਦਰਤੀ ਸੋਮਿਆਂ ਉੱਤੇ ਨਿਰਭਰ ਕਰਨ ਦੀ ਲੋੜ ਨਹੀਂ ਰਹੇਗੀ।

ਯਾਓ ਦਾ ਕਹਿਣਾ ਹੈ 'ਬੇਸ਼ੱਕ ਇਹ ਵਿਚਾਰ ਸਧਾਰਨ ਹੈ, ਅਤੇ ਅਜਿਹੀ ਤਰਕੀਬ ਦੀ ਪਹਿਲਾਂ ਕਦੇ ਵੀ ਵਰਤੋਂ ਨਹੀਂ ਕੀਤੀ ਗਈ। ਪਰ ਇਹ ਖੋਜ ਅਨੇਕ ਨਵੀਆਂ ਸੰਭਾਵਨਾਵਾਂ ਦੀ ਜਨਮਦਾਤਾ ਬਣਨ ਦੇ ਸਮਰੱਥ ਹੈ। ਜ਼ਰਾ ਸੋਚੋ, ਬਰਸਾਤੀ ਜੰਗਲਾਂ ਵਾਲੇ ਸਿੱਲ੍ਹੇ ਵਾਤਾਵਰਨ ਵਿਚ ਇਕ ਖਾਸ ਕਿਸਮ ਦੇ ਪਦਾਰਥ ਦੀ ਵਰਤੋਂ ਨਾਲ ਹਵਾ ਤੋਂ ਬਿਜਲੀ ਪ੍ਰਾਪਤ ਕਰ ਸਕਦੇ ਹਾਂ ਤੇ ਖੁਸ਼ਕ ਖੇਤਰਾਂ ਲਈ ਕਿਸੇ ਹੋਰ ਕਿਸਮ ਦੇ ਪਦਾਰਥ ਦੀ ਵਰਤੋਂ ਨਾਲ ਅਸੀਂ ਅਜਿਹਾ ਕਰ ਸਕਾਂਗੇ।'

**ਹੋਰ ਤਾਂ ਹੋਰ, ਏਅਰ-ਜੈਂਨ ਯੰਤਰ ਨੂੰ ਸਟੈਕ ਕਰਨਾ ਵੀ ਸੰਭਵ ਹੈ ਅਤੇ ਅਜਿਹੇ ਸਟੈਕ ਤੋਂ ਪੈਦਾ ਹੋਈ ਬਿਜਲੀ ਦੀ ਮਾਤਰਾ ਕਾਫ਼ੀ ਵਧੇਰੇ ਹੋਣ ਦਾ ਯਕੀਨ ਹੈ। ਲੇਖਕਾਂ ਦਾ ਕਹਿਣਾ ਹੈ ਕਿ ਹਜ਼ਾਰਾਂ ਏਅਰ-ਜੈਂਨ ਯੰਤਰ ਇਕੱਠੇ ਸਟੈਕ ਕਰ ਕੇ ਕਈ ਕਿਲੋਵਾਟ ਮਾਤਰਾ ਦੀ ਬਿਜਲੀ ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੋ ਆਮ ਬਿਜਲੀ ਖਪਤਕਾਰਾਂ ਨੂੰ ਲੋੜੀਂਦੇ ਕਾਰਜਾਂ ਲਈ ਮੁਹੱਈਆ ਕਰਵਾਈ ਵਰਤੀ ਜਾ ਸਕਦੀ ਹੈ।**

---

ਕੇ, ਸਜਾ ਕੇ, ਕਈ ਵਾਰ ਥੋੜ੍ਹਾ ਜਿਹਾ ਵੱਖਰਾ ਉਚਾਰਨ ਦੇ ਕੇ ਅਨੋਖੀ ਹੀ ਛੱਬ ਦੇ ਦਿੰਦੇ। ਸ਼ਬਦ ਉਨ੍ਹਾਂ ਦੀ ਕਲਮ ਦੇ ਚੱਕ ਲਈ ਕੁੰਭਕਾਰ ਦੀ ਗੁੰਨ੍ਹੀ-ਗੋਈ ਹੋਈ ਗਿੱਲੀ ਮਿੱਟੀ ਹੁੰਦੇ ਜਿਸ ਨਾਲ ਉਹ ਮੋਹਣੀਆਂ ਅਪੱਸਰਾਵਾਂ ਤੋਂ ਲੈ ਕੇ ਦੇਵੀਆਂ ਤੱਕ, ਆਸ਼ਕਾਂ ਤੋਂ ਲੈ ਕੇ ਫ਼ਕੀਰਾਂ ਤੱਕ ਦੀਆਂ ਸ਼ਬਦੀ ਮੂਰਤੀਆਂ ਡੌਲਦੇ।

ਪਾਠਕੀ ਪੜ੍ਹਤ ਲਈ 'ਚਾਨਣੀ ਰਾਤ ਦਾ ਇਕ ਦੁਖਾਂਤ' ਕਹਾਣੀ ਨੂੰ ਇਕ ਤੋਂ ਵੱਧ ਵਾਰ ਤੇ ਵਧੇਰੇ ਬਰੀਕੀ ਨਾਲ ਪੜ੍ਹਦਿਆਂ ਉਨ੍ਹਾਂ ਦੀ ਭਾਸ਼ਾ ਦੇ ਪੂਰੇ ਜਲੌਅ ਵਿਚ ਦਰਸ਼ਨ ਹੋਏ: "ਮਾਲਣ ਆਪਣੀ ਧੀ ਦੇ ਮੂੰਹ ਵੱਲ ਦੇਖਦੀ ਤੇ ਉਹਨੂੰ ਲਗਦਾ ਜਿਵੇਂ ਉਚੜੀ-ਪੁਚੜੀ ਉਹ ਆਪ ਹੋਵੇ।...ਮੋਟੀਆਂ-ਮੋਟੀਆਂ ਕਾਲੀਆਂ ਅੱਖੀਆਂ। ਮਾਲਣ ਦੀਆਂ ਅੱਖੀਆਂ। ਗੋਰੀਆਂ-ਗੋਰੀਆਂ ਗੱਲ੍ਹਾਂ ਹੇਠ ਤਿਲ। ਮਾਲਣ ਦਾ ਤਿਲ। ਗਜ਼-ਗਜ਼ ਲੰਮੇ ਵਾਲ। ਮਾਲਣ ਦੇ ਵਾਲ।" ਲੇਖਕ ਮਾਲਣ ਦੇ ਪਤੀ ਨੂੰ 'ਸੂਤ-ਸੌਦੇ ਦਾ ਵਪਾਰੀ' ਅਤੇ ਪ੍ਰੇਮੀ ਨੂੰ 'ਮੋਤੀਆਂ ਦਾ ਵਪਾਰੀ...ਚਾਨਣੀ ਰਾਤ ਦਾ ਚੋਰ' ਆਖ ਕੇ ਗਿਣਤੀ ਦੇ ਸ਼ਬਦਾਂ ਵਿਚ ਉਨ੍ਹਾਂ ਦੀਆਂ ਸ਼ਖ਼ਸੀਅਤਾਂ ਉਘਾੜ ਤੇ ਨਿਖੇੜ ਦਿੰਦਾ ਹੈ। ਸਾਰੀ ਜ਼ਿੰਦਗੀ ਇਨ੍ਹਾਂ ਦੋਵਾਂ ਪੁੜਾਂ ਵਿਚਕਾਰ ਪਿਸਦੀ ਰਹੀ ਹੋਣ ਦੇ ਬਾਵਜੂਦ ਮਾਲਣ ਆਪਣੀ ਧੀ ਨੂੰ ਮੁਟਿਆਰ ਹੋਈ ਜਾਣ ਕੇ ਵੀ ਖ਼ੁਦ ਨੂੰ ਘਟਾ ਕੇ ਨਹੀਂ ਦੇਖਦੀ, "ਤੇ ਉਹ ਸੋਚਦੀ, ਹੁਣ ਵੀ ਉਹਦਾ ਕੀ ਵਿਗੜਿਆ ਸੀ। ਹੁਣ ਵੀ, ਹੁਣ ਵੀ ਕੋਈ ਪਹਾੜ ਕੱਟ ਕੇ ਉਸ ਵਾਸਤੇ ਨਹਿਰ ਵਿਛਾਣ ਲਈ ਬੇਤਾਬ ਸੀ। ਹੁਣ ਵੀ, ਹੁਣ ਵੀ ਕੋਈ ਝਨਾ ਤਰਨ ਲਈ ਉਸ ਵਾਸਤੇ ਬੇਕਰਾਰ ਸੀ।"

ਤੀਜੇ, ਜਦੋਂ ਉਨ੍ਹਾਂ ਦੇ ਸਮਕਾਲੀ ਲੇਖਕ, ਖਾਸ ਕਰ ਕੇ ਗਲਪਕਾਰ ਅਜੇ ਅਕਸਰ ਭਾਸ਼ਾਈ ਸੁੱਚਮ ਦੇ ਵਿਸ਼ਵਾਸੀ ਸਨ ਤੇ ਇਸਤਰੀ-ਪੁਰਸ਼ ਸਰੀਰਕ ਮਿਲਾਪ ਨੂੰ 'ਚੰਦ ਬੱਦਲਾਂ ਓਹਲੇ ਹੋ ਗਿਆ' ਜਿਹੇ ਕਥਨਾਂ ਨਾਲ ਪਰਗਟ ਕਰਦੇ ਸਨ, ਦੁੱਗਲ ਨੇ ਇਹ ਵਲਗਣ ਤੋੜ ਕੇ ਲੋੜੀਂਦੀ ਗੱਲ ਢੁੱਕਵੀਂ ਭਾਸ਼ਾ ਵਿਚ ਕਹਿਣ ਦੀ ਦਲੇਰੀ ਕੀਤੀ: "ਸਰਦ-ਪੁੰਨਿਆਂ ਦੀ ਰਾਤ ਉਹ ਜ਼ਰੂਰ ਇਹਦੇ ਦਰਵਾਜ਼ੇ ਨੂੰ ਠਕੋਰਦਾ ਸੀ।...ਇਕ ਪਿਆਸ ਨਾਲ ਉਹਦੀਆਂ ਬੁੱਲ੍ਹੀਆਂ ਬੇਕਰਾਰ ਹੋ ਰਹੀਆਂ ਸਨ।...ਮਾਲਣ ਨੂੰ ਲੱਗਾ ਜਿਵੇਂ ਇਕ ਐਂਠਣ ਜਿਹੀ ਉਹਦੇ ਅੰਗ ਅੰਗ ਫ਼ੈਲਦੀ ਜਾ ਰਹੀ ਸੀ!" ਤੇ ਜਦੋਂ ਉਹ ਮਿਲਦੇ ਹਨ: "ਤੇ ਫੇਰ ਬੁੱਲ੍ਹੀਆਂ 'ਤੇ ਬੁੱਲ੍ਹੀਆਂ, ਫੇਰ ਦੰਦੀਆਂ ਵਿਚ ਦੰਦੀਆਂ! ਵੀਹ ਸਾਲਾਂ ਦਾ ਰੁਕਿਆ ਹੜ੍ਹ ਜਿਵੇਂ ਹੱਦਾਂ-ਬੰਨੇ ਤੋੜ ਕੇ ਵਗ ਤੁਰਿਆ। ਜਿਵੇਂ ਕੋਈ ਤੂੜੀ ਦਾ ਤੀਲਾ ਕਿਸੇ ਬਲੂਹਣੇ ਦੀ ਲਪੇਟ ਵਿਚ ਆ ਜਾਏ।...ਦੰਦੀਆਂ ਵਿਚ ਦੰਦੀਆਂ ਜਮਾਈ ਉਹ ਇਕ ਦੂਜੇ ਨੂੰ ਚਿਮਟੇ ਹੋਏ ਸਨ!"

ਦੁੱਗਲ ਦੀ ਸਮੁੱਚੀ ਰਚਨਾ ਦਾ ਆਕਾਰ ਅਤੇ ਉਹਦੀ ਵੰਨਸੁਵੰਨਤਾ ਦੇਖ ਕੇ ਵਿਅਕਤੀ ਦੰਗ ਰਹਿ ਜਾਂਦਾ ਹੈ! ਸ਼ਾਇਦ, ਸ਼ਾਇਦ ਉਨ੍ਹਾਂ ਦੀ ਕਲਮ ਦੇ ਸਿਰਜੇ ਸ਼ਬਦ-ਸੰਸਾਰ ਦਾ ਆਕਾਰ ਹੋਰ ਹਰੇਕ ਭਾਰਤੀ ਲੇਖਕ ਦੇ ਮੁਕਾਬਲੇ ਵੱਡਾ ਹੋਵੇ! ਸਾਰੀਆਂ ਭਾਰਤੀ ਭਾਸ਼ਾਵਾਂ ਦੇ ਸਾਹਿਤ ਤੇ ਸਾਹਿਤਕਾਰਾਂ ਦੀ ਜਾਣਕਾਰੀ ਰੱਖਣ ਵਾਲਾ ਖ਼ੁਸ਼ਵੰਤ ਸਿੰਘ ਵੀ ਦੁੱਗਲ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਸਮੁੱਚੀ ਰਚਨਾ ਬਾਰੇ ਕਹਿੰਦਾ ਸੀ, "ਮੈਨੂੰ ਨਹੀਂ ਲਗਦਾ, ਕੋਈ ਵੀ ਹੋਰ ਭਾਰਤੀ ਲੇਖਕ ਉਸ ਦੇ ਰਿਕਾਰਡ ਦੀ ਬਰਾਬਰੀ ਕਰ ਸਕਿਆ ਹੈ!"

ਉਨ੍ਹਾਂ ਨੇ ਪਹਿਲੀ ਕਹਾਣੀ 1934 ਵਿਚ ਲਿਖੀ ਪਰ ਛਪੀ ਉਹ ਰਸਾਲੇ 'ਲਿਖਾਰੀ' ਵਿਚ 1937 ਵਿਚ। ਪੁਸਤਕੀ ਆਰੰਭ 1941 ਵਿਚ ਪਹਿਲੇ ਕਾਵਿ-ਸੰਗ੍ਰਹਿ 'ਕੰਢੇ ਕੰਢੇ' ਅਤੇ ਪਹਿਲੇ ਕਹਾਣੀ-ਸੰਗ੍ਰਹਿ 'ਸਵੇਰ ਸਾਰ' ਨੇ ਕੀਤਾ। ਕਵਿਤਾ ਦੋ ਸੰਗ੍ਰਹਿਆਂ ਮਗਰੋਂ ਲੰਮਾ ਸਮਾਂ ਮੱਠੀ ਪਈ ਰਹੀ ਜਿਸ ਕਰਕੇ ਤੀਜਾ ਸੰਗ੍ਰਹਿ 1999 ਵਿਚ ਆਇਆ। ਪਰ ਅੰਤਲੇ ਸਮੇਂ ਵਿਚ ਫੇਰ ਕਵਿਤਾ ਜਾਗ੍ਰਿਤ ਹੋ ਉੱਠੀ, ਉਹ ਵੀ ਅਧਿਆਤਮਕ ਰੰਗ ਵਿਚ ਰੰਗੀਜ ਕੇ! ਸਬੱਬ ਦੇਖੋ, 1941 ਵਿਚ ਕਾਵਿ-ਸੰਗ੍ਰਹਿ 'ਕੰਢੇ ਕੰਢੇ' ਨਾਲ ਸ਼ੁਰੂ ਹੋਇਆ ਕਲਮੀ ਸਫ਼ਰ ਗਲਪ, ਨਾਟਕ, ਵਾਰਤਕ, ਆਲੋਚਨਾ, ਅਨੁਵਾਦ, ਆਦਿ ਦੇ ਖੇਤਰਾ ਵਿਚ ਮੱਲਾਂ ਮਾਰ ਕੇ 2011 ਵਿਚ ਛਪੇ ਕਾਵਿ-ਸੰਗ੍ਰਹਿ 'ਸਗਲ ਭਵਨ ਕੇ ਨਾਇਕਾ' ਨਾਲ ਹੀ ਸਮਾਪਤ ਹੋਇਆ!

ਦਿਲਚਸਪ ਗੱਲ ਇਹ ਹੈ ਕਿ ਜਿਸ ਮੁਸਲਮਾਨ ਕੁੜੀ ਆਇਸ਼ਾ ਨਾਲ ਅੱਗੇ ਜਾ ਕੇ ਉਨ੍ਹਾਂ ਦਾ ਪਿਆਰ-ਵਿਆਹ ਹੋਇਆ, ਉਹ ਦੁੱਗਲ ਦਾ ਪਹਿਲਾ ਕਹਾਣੀ-ਸੰਗ੍ਰਹਿ 'ਸਵੇਰ ਸਾਰ' ਛਪਣ ਤੋਂ ਵੀ ਪਹਿਲਾਂ ਉਸ ਵਿਚ ਸ਼ਾਮਲ ਇਕ ਕਹਾਣੀ ਦੇ ਕਿਸੇ ਉਰਦੂ ਰਸਾਲੇ ਵਿਚ ਛਪੇ ਅਨੁਵਾਦ ਦੀ ਦੇਣ ਸੀ। ਦੁੱਗਲ ਨੇ ਇਸ ਪੁਸਤਕ ਦਾ ਸਮਰਪਨ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ: "ਆਇਸ਼ਾ ਦੇ ਨਾਂ ਜਿਸ ਨੂੰ 'ਵੱਢ ਵਿਚ ਇਕ ਸਵੇਰ' ਨਾਂ ਦੀ ਕਹਾਣੀ ਉਰਦੂ ਵਿਚ ਪੜ੍ਹ ਕੇ ਅਫ਼ਸਾਨਾ-ਨਿਗਾਰ ਨੂੰ ਮਿਲਣ ਦੀ ਤਾਂਘ ਪੈਦਾ ਹੋਈ!" ਆਇਸ਼ਾ ਨੂੰ, ਉਹ ਵੀ ਉਸ ਜ਼ਮਾਨੇ ਵਿਚ, ਜੀਵਨ-ਸਾਥਣ ਵਜੋਂ ਚੁਣਨਾ ਜਾਤਾਂ-ਗੋਤਾਂ, ਧਰਮਾਂ ਅਤੇ ਇਲਾਕਿਆਂ, ਆਦਿ ਦੀਆਂ ਸੌੜੀਆਂ ਵਲਗਣਾਂ ਤੋਂ ਉੱਚੀ ਉੱਠੀ ਹੋਈ ਦੁੱਗਲ ਦੀ ਮਾਨਵਵਾਦੀ ਸੋਚ ਨੂੰ ਉਜਾਗਰ ਕਰਦਾ ਹੈ। ਇਸ ਤੋਂ ਵੀ ਵੱਡੀ ਗੱਲ, ਉਨ੍ਹਾਂ ਦੇ ਮਨ ਵਿਚ ਕਦੀ 'ਆਇਸ਼ਾ' ਨੂੰ 'ਐਸ਼ਪ੍ਰੀਤ ਕੌਰ' ਬਣਾਉਣ ਦਾ ਖ਼ਿਆਲ ਤੱਕ ਨਹੀਂ ਸੀ ਆਇਆ। ਉਹ ਸਾਰਾ ਜੀਵਨ ਆਇਸ਼ਾ ਰਹੀ ਅਤੇ ਉਹ ਕਰਤਾਰ ਸਿੰਘ ਦੁੱਗਲ ਰਹੇ! ਇਕ ਦੇ ਮੁਸਲਮਾਨ ਅਤੇ ਦੂਜੇ ਦੇ ਸਿੱਖ ਸਕੇ-ਸੰਬੰਧੀਆਂ ਦਾ ਉਨ੍ਹਾਂ ਦੇ ਸਾਂਝੇ ਘਰ ਵਿਚ ਸਦਾ ਇਕੋ ਜਿਹਾ ਮਾਣ-ਸਤਿਕਾਰ ਰਿਹਾ। ਦੁੱਗਲ ਅਤੇ ਉਨ੍ਹਾਂ ਦੇ ਸਾਢੂ, ਬੜੇ ਪ੍ਰਤਿਭਾਸ਼ਾਲੀ ਉਰਦੂ ਸ਼ਾਇਰ ਅਲੀ ਸਰਦਾਰ ਜਾਫ਼ਰੀ ਦੀ ਤਾਂ ਖ਼ੂਬ ਨੇੜਤਾ ਸੀ।

1942 ਵਿਚ ਪਹਿਲੇ ਰੇਡੀਓ ਨਾਟਕ ਸੰਗ੍ਰਹਿ 'ਔਹ ਗਏ ਸਾਜਨ' ਤੋਂ ਆਰੰਭ ਕਰ ਕੇ ਉਨ੍ਹਾਂ ਨੇ ਰੇਡੀਓ ਨਾਟਕਾਂ, ਇਕਾਂਗੀ ਨਾਟਕਾਂ ਤੇ ਪੂਰੇ ਨਾਟਕਾਂ ਦੀਆਂ ਇਕ ਦਰਜਨ ਦੇ ਕਰੀਬ ਪੁਸਤਕਾਂ ਦਿੱਤੀਆਂ। ਇਹ ਸਾਰੇ ਨਾਟਕ 1998 ਵਿਚ ਦੋ ਜਿਲਦਾਂ ਵਿਚ 'ਦੁੱਗਲ ਦੇ ਨਾਟਕ' ਨਾਂ ਹੇਠ ਛਪੇ। 1948 ਵਿਚ ਪਹਿਲੇ ਨਾਵਲ 'ਆਦਰਾਂ' ਨਾਲ ਹੋਈ ਸ਼ੁਰੂਆਤ ਉਨ੍ਹਾਂ ਦੇ ਨਾਵਲਾਂ ਦੀ ਗਿਣਤੀ ਨੂੰ ਵੀ ਦਰਜਨ ਤੋਂ ਪਾਰ ਲੈ ਗਈ। ਉਨ੍ਹਾਂ ਵਿਚੋਂ 'ਨਾਨਕ ਨਾਮ ਚੜ੍ਹਦੀ ਕਲਾ', 'ਤੇਰੇ ਭਾਣੇ' ਅਤੇ 'ਸਰਬੱਤ ਦਾ ਭਲਾ' ਨਾਵਲਾਂ ਦੀ ਟ੍ਰੈਲੜੀ ਕਾਫ਼ੀ ਚਰਚਿਤ ਹੋਈ ਜਿਸ ਦੇ ਪੰਨੇ ਦੋ ਹਜ਼ਾਰ ਦੇ ਕਰੀਬ ਬਣ ਜਾਂਦੇ ਹਨ। ਉਨ੍ਹਾਂ ਨੇ ਹੋਰ ਹਰੇਕ ਪੰਜਾਬੀ ਕਹਾਣੀਕਾਰ ਤੋਂ ਵੱਧ, ਪੰਜ ਸੌ ਤੋਂ ਵਧੀਕ ਕਹਾਣੀਆਂ ਲਿਖੀਆਂ। 1985 ਵਿਚ ਨਵਯੁੱਗ ਨੇ ਜਦੋਂ ਉਨ੍ਹਾਂ ਦੇ ਉਸ ਸਮੇਂ ਤੱਕ ਦੇ ਵੀਹ ਸੰਗ੍ਰਹਿਆਂ ਨੂੰ ਚਾਰ-ਚਾਰ ਪੁਸਤਕਾਂ ਜੋੜ ਕੇ ਕੁੱਲ ਕੋਈ ਤਿੰਨ ਹਜ਼ਾਰ ਪੰਨੇ ਦੀਆਂ ਪੰਜ ਖ਼ੂਬਸੂਰਤ ਸੈਂਚੀਆਂ ਵਿਚ ਪ੍ਰਕਾਸ਼ਿਤ ਕੀਤਾ, ਉਨ੍ਹਾਂ ਵਿਚ 465 ਕਹਾਣੀਆਂ ਤੇ ਦੋ ਲੰਮੀਆਂ ਕਹਾਣੀਆਂ ਸ਼ਾਮਲ ਸਨ। ਮਗਰੋਂ ਦੇ ਚਾਰ ਕਹਾਣੀ-ਸੰਗ੍ਰਹਿ ਇਨ੍ਹਾਂ ਤੋਂ ਵੱਖਰੇ ਹਨ।

ਉਨ੍ਹਾਂ ਦੀਆਂ ਫੁਟਕਲ ਪੰਜਾਬੀ ਪੁਸਤਕਾਂ ਦੀ ਗਿਣਤੀ ਵੀ ਵੀਹ ਦੇ ਨੇੜੇ ਜਾ ਪੁਜਦੀ ਹੈ। ਉਨ੍ਹਾਂ ਨੇ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ, ਉਰਦੂ ਤੇ ਹਿੰਦੀ ਵਿਚ ਮੌਲਕ ਵੀ ਲਿਖਿਆ ਅਤੇ ਇਨ੍ਹਾਂ ਭਾਸ਼ਾਵਾਂ ਵਿਚੋਂ ਇਕ ਤੋਂ ਦੂਜੀ ਵਿਚ ਹੋਰਾਂ ਵੱਲੋਂ ਕੀਤੇ ਗਏ ਅਨੁਵਾਦ ਤੋਂ ਇਲਾਵਾ, ਆਪਣੀਆਂ ਕਈ ਰਚਨਾਵਾਂ ਦਾ ਅਨੁਵਾਦ ਆਪ ਵੀ ਕੀਤਾ। ਉਹ ਕਈ ਦੇਸੀ-ਪਰਦੇਸੀ ਭਾਸ਼ਾਵਾਂ ਦੇ ਪਾਠਕਾਂ ਤੱਕ ਵੀ ਅਨੁਵਾਦ ਹੋ ਕੇ ਪਹੁੰਚੇ। ਅੰਗਰੇਜ਼ੀ ਵਿਚ ਤਾਂ ਉਨ੍ਹਾਂ ਨੇ ਪੰਜਾਬ, ਪੰਜਾਬੀ ਸਾਹਿਤ, ਪੰਜਾਬੀ ਸਾਹਿਤਕਾਰਾਂ ਤੇ ਹੋਰ ਸ਼ਖ਼ਸੀਅਤਾਂ, ਸਿੱਖ ਧਰਮ, ਗੁਰਬਾਣੀ, ਆਦਿ ਬਾਰੇ ਅਨੇਕ ਮੌਲਕ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚ ਕਈ ਬਾਣੀਆਂ ਦਾ ਅਨੁਵਾਦ ਵੀ ਸ਼ਾਮਲ ਸੀ। ਇਸ ਖੇਤਰ ਵਿਚ ਉਨ੍ਹਾਂ ਦਾ ਸਭ ਤੋਂ ਵੱਡਾ ਤੇ ਵਰਣਨਯੋਗ ਉੱਦਮ 2004 ਵਿਚ ਛਪਿਆ ਸੰਪੂਰਨ ਗੁਰੂ ਗ੍ਰੰਥ ਸਾਹਿਬ ਦਾ ਚਾਰ ਸੈਂਚੀਆਂ ਵਿਚ ਅੰਗਰੇਜ਼ੀ ਕਵਿਤਾ ਵਿਚ ਅਨੁਵਾਦ ਹੈ। ਬਿਰਧ ਉਮਰ ਵਿਚ ਉਨ੍ਹਾਂ ਦੀ ਇਹ ਘਾਲਨਾ ਦੇਖ ਕੇ ਲੋਕਾਂ ਦਾ ਹੈਰਾਨ ਰਹਿ ਜਾਣਾ ਸੁਭਾਵਿਕ ਸੀ।

ਅਨੇਕ ਵਿਧਾਵਾਂ ਵਿਚ ਉਨ੍ਹਾਂ ਦੀ ਏਨੀ ਵਡ-ਆਕਾਰੀ ਰਚਨਾ ਬਾਰੇ ਆਲੋਚਕਾਂ ਨੇ ਬਹੁਤ ਹੀ ਘੱਟ ਲਿਖਿਆ ਹੈ, ਲਗਭਗ ਨਾ ਹੋਇਆਂ ਵਰਗਾ! ਇਹ ਤੱਥ ਪੰਜਾਬੀ ਆਲੋਚਨਾ ਦੀ ਤਰਸਜੋਗ ਹਾਲਤ ਅਤੇ ਉਲਾਰ ਸੋਚ ਉੱਤੇ ਇਕ ਸਖ਼ਤ ਟਿੱਪਣੀ ਹੈ। ਪਰ ਇਹ ਕਸਰ ਵੱਖ-ਵੱਖ ਸਾਹਿਤਕ ਤੇ ਹੋਰ ਸੰਸਥਾਵਾਂ ਵੱਲੋਂ ਦਿੱਤੀਆਂ ਗਈਆਂ ਪਦਵੀਆਂ ਅਤੇ ਭੇਟ ਕੀਤੇ ਗਏ ਅਨੇਕਾਂ-ਅਨੇਕ ਕੌਮੀ-ਕੌਮਾਂਤਰੀ ਪੁਰਸਕਾਰਾਂ ਨੇ ਪੂਰੀ ਕਰ ਦਿੱਤੀ। ਉਹ ਅਨੇਕ ਸਾਹਿਤਕ ਸੰਸਥਾਵਾਂ ਦੇ ਅਹੁਦੇਦਾਰ ਰਹੇ। ਪੰਜਾਬੀ ਸਾਹਿਤ ਸਭਾ ਦਿੱਲੀ ਨੇ 1997 ਵਿਚ ਆਪਣੇ ਨਵੇਂ ਰੂਪ ਵਿਚ 'ਪੰਜਾਬੀ ਭਵਨ' ਨਾਂ ਦੇ ਨਵੇਂ ਘਰ ਵਿਚ ਪ੍ਰਵੇਸ਼ ਕੀਤਾ, ਤਾਂ ਉਨ੍ਹਾਂ ਨੂੰ ਪ੍ਰਧਾਨ ਚੁਣਿਆ ਗਿਆ ਅਤੇ ਉਹ ਉਸ ਸਾਲ ਤੋਂ ਲੈ ਕੇ ਆਪਣੇ ਅੰਤ ਤੱਕ ਲਗਾਤਾਰ ਪ੍ਰਧਾਨ ਚੁਣੇ ਜਾਂਦੇ ਰਹੇ। ਪੰਜਾਬੀ ਅਕਾਦਮੀ ਦਿੱਲੀ, ਭਾਸ਼ਾ ਵਿਭਾਗ ਪੰਜਾਬ, ਸਾਹਿਤ ਅਕਾਦਮੀ ਲੁਧਿਆਣਾ, ਆਦਿ ਨੇ ਆਪਣੇ ਪ੍ਰਮੁੱਖ ਪੁਰਸਕਾਰ ਭੇਟ ਕੀਤੇ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ 'ਪੰਜਾਬ ਰਤਨ' ਨਾਲ ਸਨਮਾਨਿਆ।

ਸਾਹਿਤ ਅਕਾਦਮੀ ਨੇ ਉਨ੍ਹਾਂ ਦੇ ਕਹਾਣੀ-ਸੰਗ੍ਰਹਿ 'ਇਕ ਛਿੱਟ ਚਾਨਣ ਦੀ' ਲਈ 1965 ਦਾ ਪੁਰਸਕਾਰ ਦੇਣ ਤੋਂ ਪਿੱਛੋਂ 2007 ਵਿਚ ਫ਼ੈਲੋਸ਼ਿਪ ਭੇਟ ਕੀਤੀ। ਫ਼ੈਲੋਸ਼ਿਪ ਸਾਹਿਤ ਅਕਾਦਮੀ ਵੱਲੋਂ ਦਿੱਤਾ ਜਾਂਦਾ ਸਭ ਤੋਂ ਵੱਡਾ ਮਾਣ-ਸਤਿਕਾਰ ਹੈ। ਸੋਵੀਅਤ ਯੂਨੀਅਨ ਨੇ ਦੁੱਗਲ ਨੂੰ 'ਸੋਵੀਅਤ ਦੇਸ ਨਹਿਰੂ ਪੁਰਸਕਾਰ' ਨਾਲ ਨਿਵਾਜਿਆ ਜਿਸ ਸਦਕਾ ਉਹ ਉਸ ਦੇਸ ਦੀ ਯਾਤਰਾ ਵੀ ਕਰ ਸਕੇ। ਸਾਹਿਤਕ ਪੁਰਸਕਾਰਾਂ ਤੋਂ ਇਲਾਵਾ ਉਨ੍ਹਾਂ ਨੂੰ 1988 ਵਿਚ ਰਾਸ਼ਟਰਪਤੀ ਨੇ 'ਪਦਮ ਭੂਸ਼ਨ' ਨਾਲ ਸਤਿਕਾਰਿਆ। ਪੰਜਾਬੀ ਯੂਨੀਵਰਸਿਟੀ ਨੇ 1984 ਵਿਚ ਫ਼ੈਲੋਸ਼ਿਪ ਤੇ 1996 ਵਿਚ ਡੀ. ਲਿਟ. ਦੀ ਡਿਗਰੀ ਦਿੱਤੀ। ਉਨ੍ਹਾਂ ਨੂੰ 'ਭਾਰਤੀ ਭਾਸ਼ਾ ਪ੍ਰੀਸ਼ਦ ਪੁਰਸਕਾਰ' ਤੇ 'ਗ਼ਾਲਿਬ ਇਨਾਮ' ਨਾਲ ਸਨਮਾਨਿਆ ਗਿਆ। 1997 ਵਿਚ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਰਾਜਸਭਾ ਦਾ ਮੈਂਬਰ ਬਣਾਇਆ। ਰਾਜਸਭਾ ਦੇ ਮੈਂਬਰ ਵਜੋਂ ਜਨਤਕ ਕਾਰਜਾਂ ਲਈ ਮਿਲਣ ਵਾਲਾ ਦੋ ਕਰੋੜ ਰੁਪਏ ਦਾ ਸਾਲਾਨਾ ਫ਼ੰਡ ਉਨ੍ਹਾਂ ਨੇ ਅੰਮ੍ਰਿਤਸਰ, ਜਲੰਧਰ ਤੇ ਕਪੂਰਥਲਾ ਵਿਚ ਸਾਹਿਤਕ-ਸਭਿਆਚਾਰਕ ਸਰਗਰਮੀਆਂ ਦੇ ਕੇਂਦਰਾਂ ਵਜੋਂ 'ਵਿਰਸਾ-ਵਿਹਾਰ' ਉਸਾਰਨ ਦੇ ਲੇਖੇ ਲਾਇਆ। ਇਸੇ ਫ਼ੰਡ ਵਿਚੋਂ ਉਨ੍ਹਾਂ ਨੇ ਅੰਮ੍ਰਿਤਸਰ ਦੀ 'ਐਸ. ਜੀ. ਠਾਕੁਰ ਸਿੰਘ ਆਰਟ ਗੈਲਰੀ' ਦੇ ਆਡੀਟੋਰੀਅਮ ਲਈ ਸਹਾਇਤਾ ਦਿੱਤੀ। ਇਹ ਉਨ੍ਹਾਂ ਦੇ ਅਜਿਹੇ ਕਾਰਜ ਸਨ ਜਿਹੋ ਜਿਹੇ ਅੱਜ ਤੱਕ ਪੰਜਾਬ ਦੀ ਕਿਸੇ ਸਰਕਾਰ ਨੇ ਵੀ ਨਹੀਂ ਕੀਤੇ।

ਉਨ੍ਹਾਂ ਦੇ ਗੁਜ਼ਰਨ ਤੋਂ ਕੁਝ ਸਮਾਂ ਪਹਿਲਾਂ ਪੰਜਾਬੀ ਸਾਹਿਤ ਸਭਾ ਦਿੱਲੀ ਨੇ ਪੰਜਾਬੀ ਭਾਸ਼ਾ ਸੰਬੰਧੀ ਗੋਸ਼ਟੀ ਕਰਵਾਈ, ਜਿਸ ਵਿਚ ਮੈਂ ਪਾਠਕਾਂ ਦੀ ਘਾਟ ਦੀ ਸਮੱਸਿਆ ਬਾਰੇ ਪਰਚਾ ਪੜ੍ਹਿਆ। ਸਰੀਰਕ ਕਮਜ਼ੋਰੀ ਦੇ ਬਾਵਜੂਦ ਦੁੱਗਲ ਪ੍ਰਧਾਨਗੀ ਕਰਨ ਲਈ ਆਏ। ਮੈਂ ਨਿੰਵਿਆ ਤਾਂ ਮੋਢਿਆਂ ਤੋਂ ਫੜ ਕੇ ਮੈਨੂੰ ਸਾਹਮਣੇ ਖੜ੍ਹਾ ਕਰਦਿਆਂ ਅਸੀਸ ਵਜੋਂ ਮੁਸਕਰਾ ਪਏ। ਬਹੁਤ ਉੱਚਾ ਸੁਣਨ ਲੱਗ ਪਏ ਸਨ। ਬਹੁਤੀਆ ਗੱਲਾਂ ਦੇ ਜਵਾਬ ਵਿਚ ਦੋ-ਚਾਰ ਸ਼ਬਦਾਂ ਨਾਲ ਜਾਂ ਕੇਵਲ ਮੁਸਕਰਾ ਕੇ ਹੀ ਸਾਰ ਰਹੇ ਸਨ। ਕੁਝ ਸਮੇਂ ਮਗਰੋਂ 'ਭਾਪਾ ਜੀ ਯਾਦਗਾਰੀ ਭਾਸ਼ਨ' ਦੀ ਪ੍ਰਧਾਨਗੀ ਕਰਨ ਦੀ ਬੇਨਤੀ ਵੀ ਉਨ੍ਹਾਂ ਨੇ ਪਰਵਾਨ ਕਰ ਹੀ ਲਈ। ਜਦੋਂ ਮੈਂ ਸਭਾ ਵਿਚ ਗਿਆਨੀ ਹਰੀ ਸਿੰਘ ਯਾਦਗਾਰੀ ਭਾਸ਼ਨ ਦਿੱਤਾ, ਉਨ੍ਹਾਂ ਦੀ ਗ਼ੈਰ-ਹਾਜ਼ਰੀ ਖਟਕਦੀ ਰਹੀ। ਹੁਣ ਉਹ ਆਖਣ ਲੱਗ ਪਏ ਸਨ, ਮੈਂ ਆ ਕੇ ਕੀ ਕਰਾਂਗਾ, ਮੈਨੂੰ ਇਕ ਸ਼ਬਦ ਵੀ ਸੁਣਾਈ ਨਹੀਂ ਦਿੰਦਾ।

ਬਹੁਤੇ ਲੋਕਾਂ ਦੇ ਉਲਟ ਉਹ ਆਪਣੇ ਜੀਵਨ ਤੋਂ ਬਹੁਤ ਸੰਤੁਸ਼ਟ ਸਨ, "ਪਾਰਟੀਸ਼ਨ ਦੇ ਸਿਵਾਏ ਅਜਿਹਾ ਕੋਈ ਹਾਦਸਾ ਨਹੀਂ ਜਿਸ ਨੇ ਮੈਨੂੰ ਕਦੇ ਲਹੂ-ਲੁਹਾਨ ਕੀਤਾ ਹੋਵੇ। ਮੇਰੀ ਜ਼ਿੰਦਗੀ ਤਾਂ ਏਨੀ ਹਮਵਾਰ ਰਹੀ ਏ, ਏਨੀ ਸਿੱਧੀ ਤੇ ਸਪਾਟ, ਏਨੀ ਖ਼ੁਸ਼ਗਵਾਰ, ਬੱਸ ਰੱਬ ਦੀ ਖਾਸ ਹੀ ਮਿਹਰ ਰਹੀ ਏ ਮੇਰੇ 'ਤੇ। ਸਾਰਾ ਕੁਝ ਇਸ ਤਰ੍ਹਾਂ ਵਾਪਰਦਾ ਗਿਆ, ਜਿਵੇਂ ਕਿਸੇ ਨੇ ਪਹਿਲੋਂ ਹੀ ਸਭ ਕੁਝ ਵਿਉਂਤ ਕੇ ਤੇ ਵੇਤਰ ਕੇ ਰੱਖਿਆ ਹੋਇਆ ਹੋਵੇ। ਮੇਰਾ ਬਚਪਨ, ਸਕੂਲ, ਪੜ੍ਹਾਈ, ਸਭ।...ਪੜ੍ਹਾਈ ਖ਼ਤਮ ਹੋਈ ਤਾਂ ਝਟਪਟ ਰੇਡੀਓ ਦੀ ਨੌਕਰੀ ਮਿਲ ਗਈ। ਰੇਡੀਓ ਦੀ ਨੌਕਰੀ ਓਦੋਂ ਆਈ. ਏ. ਐਸ. ਦੀ ਨੌਕਰੀ ਤੋਂ ਵੀ ਵੱਡੀ ਸਮਝੀ ਜਾਂਦੀ ਸੀ ਕਿਉਂਕਿ ਇਸ ਵਿਚ ਸਿਰਫ਼ ਬੁੱਧੀਜੀਵੀਆਂ ਨੂੰ, ਕਲਾਕਾਰਾਂ ਨੂੰ ਹੀ ਲਿਆ ਜਾਂਦਾ ਸੀ। ਬੜੇ ਖ਼ਾਸ ਕਿਸਮ ਦੇ ਲੋਕਾਂ ਨੂੰ। ਫੇਰ ਆਇਸ਼ਾ ਨਾਲ ਮੁਹੱਬਤ, ਵਿਆਹ, ਬੱਚੇ! ਤੇ ਹੁਣ ਪੋਤਰੀਆਂ, ਦੋਹਤਰੀਆਂ!"

2012 ਦੀ ਅੱਠ ਜਨਵਰੀ ਨੂੰ ਭਾਪਾ ਜੀ ਦੀ ਚਲਾਈ ਰੀਤ ਅਨੁਸਾਰ ਉਨ੍ਹਾਂ ਦੇ ਫ਼ਾਰਮ ਵਿਖੇ ਲੇਖਕਾਂ-ਪਾਠਕਾਂ ਦੀ 'ਧੁੱਪ ਦੀ ਮਹਿਫ਼ਲ' ਸਜੀ ਤਾ ਦੁੱਗਲ ਜੀ ਦਾ ਸਿਹਤ ਦੀ ਮਜਬੂਰੀ ਕਾਰਨ ਨਾ ਆ ਸਕਣ ਦਾ ਅਤੇ ਸਭ ਨੂੰ ਸਨੇਹ ਨਾਲ ਯਾਦ ਕਰਦੇ ਹੋਣ ਦਾ ਲਿਖਤੀ ਸੁਨੇਹਾ ਆ ਗਿਆ। ਅਠਾਰਾਂ ਦਿਨਾਂ ਮਗਰੋਂ, 2012 ਦੇ ਗਣਰਾਜ ਦਿਵਸ ਨੂੰ ਉਹ 95 ਸਾਲ ਦੀ ਸਫਲ ਲੰਮੀ ਆਯੂ ਭੋਗ ਕੇ ਪੂਰੇ ਹੋ ਗਏ। ਉਨ੍ਹਾਂ ਦਾ ਅੰਤ ਰੋਗ ਜਿਹੇ ਕਿਸੇ ਪਛਤਾਉਣਜੋਗ ਕਾਰਨ ਕਰਕੇ ਨਹੀਂ ਸਗੋਂ ਵੱਡੀ ਉਮਰ ਕਾਰਨ ਸਰੀਰ ਦੇ ਹੰਢਣ-ਛਿੱਜਣ ਨਾਲ ਹੋਇਆ। ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀਆਂ ਦੀ ਮਾਲਾ ਦੇ ਉਹ ਅੰਤਲੇ ਮਣਕੇ ਸਨ। ਪੰਜਾਬੀ ਦੇ ਵੱਡੇ ਗਲਪਕਾਰ ਹੀ ਨਹੀਂ, ਉਹ ਵੱਡੇ ਸਾਹਿਤਕਾਰ ਸਨ ਜਿਨ੍ਹਾਂ ਦੀਆਂ ਰਚਨਾਵਾਂ ਪੜ੍ਹਨ ਦਾ ਮੌਕਾ ਹੋਰ ਕਈ ਭਾਸ਼ਾਵਾਂ ਦੇ ਪਾਠਕਾਂ ਨੂੰ ਵੀ ਮਿਲਿਆ। ਜਿਸ ਕਿਸੇ ਦਾ ਵੀ ਕਦੀ ਉਨ੍ਹਾਂ ਨਾਲ ਵਾਹ ਪਿਆ, ਉਹੋ ਇਸ ਗੱਲ ਦੀ ਸਾਹਦੀ ਭਰੇਗਾ ਕਿ ਵੱਡੇ ਸਾਹਿਤਕਾਰ ਹੋਣ ਅਤੇ ਵੱਡੀਆਂ ਪਦਵੀਆਂ ਉੱਤੇ ਰਹਿਣ ਦੇ ਬਾਵਜੂਦ ਇਕ ਮਨੁੱਖ ਵਜੋਂ ਉਹ ਸਾਊ, ਸਨਿਮਰ ਅਤੇ ਸੁਚੱਜੇ ਸਨ।

# ਮਨ-ਬਰੂਹੀਂ 'ਤੇ ਦਸਤਕ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਮਨ ਦੀਆਂ ਬਰੂਹਾਂ 'ਤੇ ਦਸਤਕ ਦੇਣ ਦੀ ਗੱਲ ਕੀਤੀ ਹੈ ਕਿ ਮਨ ਨੂੰ ਕਦੇ ਰੁੱਸਣ ਨਹੀਂ ਦੇਣਾ ਚਾਹੀਦਾ ਸਗੋਂ ਹਮੇਸ਼ਾ ਰਾਜ਼ੀ ਰੱਖਣਾ ਚਾਹੀਦਾ ਹੈ।***

ਮਨ ਦੀਆਂ ਬਰੂਹਾਂ 'ਤੇ ਦਸਤਕ ਦਿੰਦੇ ਰਿਹਾ ਕਰੋ ਯਾਰੋ! ਦਸਤਕ ਨਾ ਹੋਵੇ ਤਾਂ ਇਸ ਦੀਆਂ ਬਰੂਹਾਂ 'ਤੇ ਸੁੰਨ ਪਸਰਦੀ ਅਤੇ ਇਸ ਸੁੰਨ ਵਿਚ ਬਹੁਤ ਕੁਝ ਸੁੰਨ ਹੋ ਜਾਂਦਾ ਹੈ।

ਦਸਤਕ ਨੇ ਹੀ ਤਾਂ ਮਨ ਨੂੰ ਚਾਅ ਅਤੇ ਲਾਡ ਅਰਪਿਤ ਕਰਨੇ ਹੁੰਦੇ। ਮਨ ਖੁਸ਼ੀ ਵਿਚ ਨਹੀਂ ਮਿਉਂਦਾ ਜਦ ਅਸੀਂ ਇਸ ਦੀਆਂ ਬਰੂਹਾਂ 'ਤੇ ਸਰੋਂ ਦਾ ਤੇਲ ਚੋਂਦੇ ਅਤੇ ਸੱਧਰਾਂ ਦਾ ਪਾਣੀ ਡੋਲਦੇ ਹਾਂ।

ਆਸਾਂ ਤੇ ਵਿਸ਼ਵਾਸਾਂ ਦੀ ਪੋਲੀ ਜਿਹੀ ਦਸਤਕ ਦੇ ਇਸ ਨੂੰ ਨੀਂਦ ਵਿਚੋਂ ਜਗਾਉਂਦੇ ਰਹੀਏ ਤਾਂ ਕਿ ਅੰਤਰੀਵ ਦੀ ਜ਼ਿਆਰਤ ਕਰ ਸਕੀਏ।

ਮਨ ਤਾਂ ਹਰ ਦਮ ਆਸਵੰਦ ਹੋ ਕੇ ਉਡੀਕਦਾ ਕਿ ਕੋਈ ਤਾਂ ਆਵੇ ਉਸ ਦੀ ਸਾਰ ਲਵੇ ਤੇ ਜ਼ਿੰਦਗੀ ਦੇ ਸੁਹੱਪਣ ਦੀਆਂ ਬਾਤਾਂ ਪਾਵੇ।

ਮਨ ਦੀਆਂ ਬਰੂਹਾਂ 'ਤੇ ਦਸਤਕ ਦੇਣ ਦਾ ਮਤਲਬ ਹੀ ਹੁੰਦਾ ਕਿ ਅਸੀਂ ਮਨ ਨੂੰ ਮਿਲਣਾ ਲੋਚਦੇ ਅਤੇ ਮਨ ਦੀਆਂ ਤਾਂਘਾਂ ਤੇ ਤਮੰਨਾਵਾਂ ਨੂੰ ਫਰੋਲਦੇ, ਤਦਬੀਰਾਂ ਅਤੇ ਤਕਦੀਰਾਂ ਦੀ ਥਾਹ ਪਾਉਂਦੇ ਹਾਂ। ਮਨ ਦੀ ਮੌਲਿਕਤਾ, ਮਾਨਤਾਵਾਂ, ਮਹਾਨਤਾ ਦਾ ਅਹਿਸਾਸ ਹੁੰਦਾ ਅਤੇ ਇਨ੍ਹਾਂ ਨੂੰ ਗਲਵੱਕੜੀ ਵਿਚ ਲੈਣ ਦਾ ਸਬੱਬ ਮਿਲਦਾ।

ਮਨ ਨੂੰ ਕਦੇ ਵੀ ਰੁੱਸਣ ਨਾ ਦਿਓ। ਮਨ ਨੂੰ ਰਾਜ਼ੀ ਰੱਖੋ। ਇਸਨੂੰ ਮਿਲਦੇ ਰਹੋ ਅਤੇ ਹਾਲ-ਚਾਲ ਪੁੱਛਦੇ ਰਹੋ ਕਿਉਂਕਿ ਮਨ ਮਸੋਸਿਆ ਜਾਵੇ ਤਾਂ ਬਹੁਤ ਕੁਝ ਜ਼ਿੰਦਗੀ 'ਚੋਂ ਮਨਫ਼ੀ ਹੋ ਜਾਂਦਾ ਜਿਸਨੇ ਜ਼ਿੰਦਗੀ ਨੂੰ ਜ਼ਿੰਦਗੀ ਦੇ ਅਰਥ ਦੇਣੇ ਹੁੰਦੇ ਤੇ ਜ਼ਿੰਦਗੀ ਦੇ ਨਾਵੇਂ ਸੁੱਚੀਆਂ ਸੱਧਰਾਂ ਦਾ ਸ਼ਗੂਫ਼ਾ ਕਰਨਾ ਹੁੰਦਾ।

ਯਾਦ ਰੱਖਣਾ! ਮਨ ਬਹੁਤ ਤਰਲ ਹੁੰਦਾ ਜਿਸਦੀ ਤਰਲਤਾ ਵਿਚ ਹੀ ਰੂਹ ਉਜਾਗਰ ਹੁੰਦੀ ਜਦ ਬੰਦਾ ਤਰਲ ਹੋਣਾ ਸਿੱਖ ਜਾਂਦਾ ਤਾਂ ਉਹ ਸਰੀਰਕ, ਮਾਨਸਿਕ ਅਤੇ ਸਮਾਜਿਕ ਸਰੋਕਾਰਾਂ ਨਾਲ ਸੰਵਾਦ ਰਚਾ, ਜੀਵਨ ਦੀ ਨਵੀਂ ਅਰਥਕਾਰੀ ਦੀ ਨਿਸ਼ਾਨਦੇਹੀ ਕਰਦਾ।

ਮਨ ਤੜਫ਼ਦਾ ਹੈ ਜਦ ਕਿਸੇ ਦੀ ਅੱਖ ਸਿੰਮਦੀ ਹੈ, ਕਿਸੇ ਸਿਰ ਦੀ ਚੁੰਨੀ ਲੀਰਾਂ ਹੁੰਦੀ, ਕਿਸੇ ਬਾਪ ਦੀ ਪੱਗ ਸਿਰ ਤੋਂ ਲੱਥ ਕੇ ਗਲ ਵਿਚ ਪੈਂਦੀ, ਕਿਸੇ ਬਾਲੜੇ ਦੇ ਸਿਰ ਦੀ ਛਾਂ ਖੁੱਸਦੀ, ਕਿਸੇ ਦਾ ਅੰਬਰ ਗੁੰਮ ਜਾਵੇ, ਕਿਸੇ ਦੀ ਛੱਤ ਹੀ ਗਵਾਚ ਜਾਵੇ, ਆਪਣਾ ਕੋਈ ਅਜੇਹਾ ਕਹਿ ਜਾਵੇ ਕਿ ਬੰਦਾ ਕਬਰ ਵਿਚ ਜਾਣ ਲਈ ਕਾਹਲਾ ਹੋ ਜਾਵੇ ਜਾਂ ਇਕ ਸਿਆੜ ਬਦਲੇ ਹੀ ਆਪਣੇ ਹੀ ਆਪਣੇ ਦਾ ਗਾਟਾ ਲਾਹ ਦੇਣ। ਅਜੇਹੀ ਹਾਲਾਤ ਵਿਚ ਬੰਦਾ ਮਨ ਨੂੰ ਮਿਲਦਾ। ਇਕ ਚੀਸ ਮਨ ਦੀ ਪਰਿਕਰਮਾ ਕਰਦੀ, ਸਮੁੱਚ ਨੂੰ ਪੀੜ ਪੀੜ ਕਰ ਜਾਂਦੀ। ਬਹੁਤ ਵਿਰਲੇ ਹੁੰਦੇ ਜਿਹੜੇ ਪੀੜ-ਪੀੜ ਹੁੰਦੇ। ਜਦ ਕੋਈ ਇਸ ਪੀੜ ਵਿਚ ਪੀੜ ਹੋ ਜਾਂਦਾ ਤਾਂ ਸਮਝੋ ਕਿ ਉਸਦਾ ਮਨ ਜਿਉਂਦਾ ਹੈ।

ਮਨ ਮਾਰ ਕੇ ਜਿਊਣਾ, ਜਿਊਣ ਨਹੀਂ ਹੁੰਦਾ ਯਾਰੋ। ਮਨ ਮਾਰ ਕੇ ਜਿਊਣ ਵਾਲਾ ਸਿਰਫ਼ ਤੁਰਦੀ ਫਿਰਦੀ ਲਾਸ਼ ਅਤੇ ਲਾਸ਼ ਸਦਾ ਭਾਵਹੀਣ। ਸਿਰਫ਼ ਸਾਹ ਲੈਂਦੀ ਮਸ਼ੀਨ ਹੁੰਦੀ। ਕੋਈ ਪ੍ਰਤੀਕਿਰਿਆ ਨਹੀਂ, ਕੋਈ ਹਾਵ-ਭਾਵ ਨਹੀਂ ਅਤੇ ਨਾ ਹੀ ਕੋਈ ਪ੍ਰਸ਼ਨ-ਜਵਾਬ। ਸਿਰਫ਼ ਸਾਹ ਪੂਰੇ ਕਰਨ ਤੀਕ ਸੀਮਤ।

ਵਾਸਤਾ ਈ! ਕਦੇ ਵੀ ਲਾਸ਼ ਨਾ ਬਣੋ। ਲਾਸ਼ ਬਣ ਗਏ ਤਾਂ ਤੁਹਾਡੇ ਪੱਲੇ ਰਹਿਣਾ ਕੀ? ਤੁਸੀਂ ਭਾਵੇਂ ਹੋਵੋ 'ਹੈ' ਜਾਂ 'ਸੀ'। ਇਸ ਨਾਲ ਕਿਸੇ ਨੂੰ ਵਾਸਤਾ ਈ ਕੀ?

ਮਨ ਦੀਆਂ ਬਰੂਹਾਂ ਨੂੰ ਸਦਾ ਨਤਮਸਤਕ ਹੁੰਦੇ ਰਹੋ। ਬੰਦੇ ਲਈ ਬੜਾ ਜ਼ਰੂਰੀ ਹੁੰਦਾ ਹੈ ਮਨ ਨੂੰ ਹਰ ਪਲ, ਹਰ ਰੋਜ਼, ਹਰ ਵਕਤ ਅਤੇ ਹਰ ਮੋੜ 'ਤੇ ਮਿਲਦੇ ਰਹੋ। ਮਨ ਨੂੰ ਨਾ ਮਿਲਣ ਵਾਲੇ ਹਰਕਤਹੀਨ ਤਾਬੂਤ ਹੁੰਦੇ। ਹਰਕਤਹੀਣਤਾ ਹੀ ਅਰਥਹੀਣਤਾ ਪੈਦਾ ਕਰਦੀ ਜਿਸ ਵਿਚੋਂ ਹਮੇਸ਼ਾ ਮਨੁੱਖਤਾ ਮਨਫ਼ੀ ਹੁੰਦੀ।

ਮਨ 'ਤੇ ਕਦੇ ਵੀ ਤਲਖ਼ੀਆਂ, ਤਨਜ਼ਾਂ ਤਿੱਗੜਮਾਂ, ਤੁਹਮਤਾਂ ਦਾ ਬੋਝ ਨਾ ਪਾਓ ਕਿਉਂਕਿ ਮਨ ਤਾਂ ਬਹੁਤ ਕੋਮਲ ਹੁੰਦਾ ਅਤੇ ਬਹੁਤ ਜਲਦੀ ਬੁੱਝ ਜਾਂਦਾ ਜਦ ਇਸ 'ਤੇ ਮਨ-ਮਾਰੂ ਅਲਾਮਤਾਂ ਹਾਵੀ ਹੁੰਦੀਆਂ। ਮਨ ਨੂੰ ਭਾਰ ਨਾਲ ਤਿੜਕਣ ਨਾ ਦਿਓ ਸਗੋਂ ਹਲਕਾ-ਫੁੱਲਕਾ ਰੱਖੋ ਤਾਂ ਜੋ ਮਨ ਅੰਬਰ ਵਰਗੇ ਸੁਪਨੇ ਲਵੇ ਅਤੇ ਇਨ੍ਹਾਂ ਸੁਪਨਿਆਂ ਵਿਚੋਂ ਸੂਹੇ ਰੰਗਾਂ ਦੀ ਕਲਾ-ਨਕਾਸ਼ੀ ਹੋਵੇ।

ਮਨ ਨੂੰ ਹਵਾ ਵਿਚ ਅੱਠਖੇਲੀਆਂ ਕਰਨ ਦਿਓ, ਮਹਿਕਾਂ ਸੰਗ ਲਬਰੇਜ਼ ਹੋਣ ਦਿਓ ਅਤੇ ਰੰਗਾਂ ਵਿਚ ਓਤਪੋਤ ਹੋਣ ਦਿਓ ਤਾਂ ਕਿ ਮਨ ਆਪਣੀ ਮੌਜ ਵਿਚੋਂ ਸੂਖ਼ਮਤਾ, ਸੰਵੇਦਨਾ ਅਤੇ ਸਿਰਜਣਾਤਮਿਕਤਾ ਨੂੰ ਆਪਣਾ ਕਰਮਵੇਤਾ ਬਣਾ ਸਕੇ।

ਮਨ 'ਤੇ ਕਦੇ ਵੀ ਹੰਝੂਆਂ-ਹਾਵਿਆਂ ਦੀ ਚਿੱਤਰਕਾਰੀ ਨਾ ਕਰੋ ਅਤੇ ਨਾ ਹੀ ਇਸ 'ਤੇ ਝਰੀਟਾਂ ਪੈਣ ਦਿਓ ਕਿਉਂਕਿ ਇਨ੍ਹਾਂ ਝਰੀਟਾਂ ਦੇ ਜ਼ਖ਼ਮ ਤਾਂ ਕੁਝ ਸਮੇਂ ਬਾਅਦ ਆਠਰ ਜਾਣਗੇ ਪਰ ਇਨ੍ਹਾਂ ਝਰੀਟਾਂ ਦੇ ਦਾਗ ਤਾਅ-ਉਮਰ ਹੀ ਚਸਕਦੇ ਰਹਿਣਾ। ਇਨ੍ਹਾਂ ਦੀ ਚਸਕ ਨਾਲ ਬਹੁਤ ਕੁਝ ਮਨ ਵਿਚ ਤਿੜਕਦਾ ਹੈ। ਮਨ ਵਿਚਲਾ ਦਰਦ ਹੀ ਹੁੰਦਾ ਜੋ ਕਦੇ ਕਵਿਤਾ ਦਾ ਰੂਪ ਧਾਰ ਕੇ ਵਰਕਿਆਂ 'ਤੇ ਵਹਿੰਦਾ। ਕਦੇ ਸ਼ਬਦਾਂ ਵਿਚ ਸਿੰਮਦਾ ਅਤੇ ਕਦੇ ਅੱਥਰੂਆਂ ਨੂੰ ਖ਼ਾਰਾ ਕਰਦਾ। ਕਿਸੇ ਕਹਾਣੀ ਜਾਂ ਕਲਾ-ਕਿਰਤ ਦਾ ਆਧਾਰ ਹੁੰਦਾ। ਕਦੇ ਇਹ ਦਰਦ ਅੱਖਾਂ ਥੀਂ ਵਹਿੰਦਾ ਪਰ ਕਦੇ ਇਹ ਨੈਣਾਂ ਵਿਚ ਜੰਮੇ ਅੱਥਰੂਆਂ ਦੀ ਆਹਟ ਵੀ ਬਣਦਾ। ਇਹ ਅੱਖਾਂ ਵਿਚ ਸਿੰਮੇ ਹੋਏ ਅਥਰੂ ਹੀ ਹੁੰਦੇ ਜੋ ਮਨੁੱਖ ਨੂੰ ਅੰਦਰੋਂ ਗਾਲ਼ਦੇ ਅਤੇ ਸਾਹਾਂ ਨੂੰ ਔਂਤਰੇ ਹੋਣ ਦਾ ਸਰਾਪ ਮਿਲਦਾ ਤੇ ਮਨੁੱਖ ਦਾ ਸਿਵਾ ਸੇਕਣ ਤੀਕ ਦੀ ਨੌਬਤ ਆ ਜਾਂਦੀ।



ਮਨ ਦੀ ਸਲੇਟ 'ਤੇ ਜੇਕਰ ਕੁਝ ਉਕਰਨ ਦਾ ਜਨੂੰਨ ਹੈ ਤਾਂ ਇਸ 'ਤੇ ਚੰਗਿਆਈ, ਬੰਦਿਆਈ, ਭਲਿਆਈ, ਸ਼ੁੱਭ-ਭਾਵਨਾ ਅਤੇ ਸੁਚੇਤਨਾ ਦੀਆਂ ਲਕੀਰਾਂ ਵਾਹੋ। ਇਨ੍ਹਾਂ ਵਿਚੋਂ ਸੂਰਜ ਦਾ ਝਉਲਾ ਪੈਂਦਾ ਹੋਵੇ ਅਤੇ ਇਸ ਦੇ ਪਿਛਵਾੜੇ ਵਿਚ ਅੰਬਰ ਦੀ ਨੀਲੱਤਣ ਹੋਵੇ। ਸੂਰਜ ਦਾ ਪਰਛਾਵਾਂ ਝੀਲ ਦੇ ਨਿੱਤਰੇ ਪਾਣੀਆਂ ਵਿਚ ਟਹਿਲਦਾ ਹੋਵੇ। ਚੌਗਿਰਦੇ ਵਿਚ ਪੰਛੀਆਂ ਦਾ ਰਾਗ ਸੁਣਾਈ ਦੇਵੇ, ਨਿੱਕੇ ਬੋਟਾਂ ਦੇ ਪਰਾਂ ਵਿਚ ਉਡਾਣ ਭਰੀ ਹੋਵੇ ਅਤੇ ਉਨ੍ਹਾਂ ਦੀਆਂ ਸੋਚਾਂ ਵਿਚ ਸੁਪਨਿਆਂ ਦੀ ਪ੍ਰਵਾਜ਼ ਹੋਵੇ।

ਮਨ ਹੀ ਹੁੰਦਾ ਜੋ ਤੁਹਾਡਾ, ਤੁਹਾਡੇ ਸਮੁੱਚ ਅਤੇ ਤੁਹਾਡੀ ਜੀਵਨ-ਸ਼ੈਲੀ ਦਾ ਪ੍ਰਤੀਬਿੰਬ। ਮਨ ਤੁਹਾਡੀ ਅਰਥਗੋਈ ਹੀ ਤਾਂ ਹੁੰਦਾ ਜੋ ਤੁਹਾਡਾ ਅੰਦਰਲਾ ਪ੍ਰਗਟਾਅ, ਤੁਹਾਡੇ ਕਾਰ-ਵਿਹਾਰ, ਤੁਹਾਡੀ ਬੋਲ-ਚਾਲ, ਤੁਹਾਡੇ ਵਰਤੋਂ-ਵਿਹਾਰ ਜਾਂ ਤੁਹਾਡੇ ਸ਼ਖਸੀ ਵਿਕਾਸ ਵਿਚੋਂ ਹੀ ਪੜ੍ਹਿਆ ਜਾ ਸਕਦਾ।

ਮਨ-ਬਰੂਹਾਂ, ਤੁਹਾਡੀ ਹੀ ਉਡੀਕ ਕਰਦੀਆਂ। ਕਦੇ ਦਸਤਕ ਦੇਣਾ ਤਾਂ ਪਤਾ ਲੱਗੇਗਾ;

ਮਨ-ਬਰੂਹੀਂ ਢੁੱਕਣ ਲੱਗਿਆਂ
ਸੁੱਚਾ ਪਾਣੀ ਡੋਲੋ
ਫਿਰ ਸਿਉਂਕੇ ਬੰਦ ਦਰਾਂ ਨੂੰ
ਧੀਰੇ ਧੀਰੇ ਖੋਲੋ।

ਮਨ-ਬਰੂਹੀਂ ਦਸਤਕ ਹੁੰਦੀ
ਢੁੱਕਿਆ ਕੋਈ ਪਿਆਰਾ
ਕੋਮਲ ਮਾਸੂਮ ਖ਼ਿਆਲ ਨੂੰ
ਮਿਲਿਆ ਮੋਹ-ਹੁੰਗਾਰਾ।

ਮਨ-ਬਰੂਹੀਂ ਦਸਤਕ ਦਿੰਦਿਆਂ,
ਦਰਾਂ 'ਚ ਚਾਨਣ ਚੋਵੋ
ਮਨ-ਮੰਦਰ ਵਿਚ ਜੰਮੀ ਮੈਲ ਨੂੰ
ਰਗੜ ਰਗੜ ਕੇ ਧੋਵੋ।

ਮਨ-ਬਰੂਹੀਂ ਪੈਰ ਧਰੇਂਦਿਆਂ
ਮੰਗੋ ਸੁੱਚਮ ਸੁਗਾਤ
ਸੁੱਖਨ-ਸੁਨੇਹੜੀਂ ਭਿੱਜੀ ਹੋਈ
ਉਗਮੂ ਫਿਰ ਪ੍ਰਭਾਤ।

ਮਨ-ਬਰੂਹੀਂ ਅੰਦਰ ਲੰਘ ਕੇ
ਲਾਓ ਮੋਹ ਦੀਆਂ ਦਾਬਾਂ
ਦੇਖਣਾ ਤੁਹਾਡਾ ਹਾਸਲ ਬਣਨਾ
ਸੰਦਲੀ ਸੂਹੇ ਖ਼ਾਬਾਂ।

ਮਨ-ਬਰੂਹਾਂ ਵਿਚੋਂ ਲਿਸ਼ਕੇ
ਜਾਂ ਚਾਨਣ-ਰੱਤੀ ਝੀਤ
ਸਮਝੋ ਤੁਹਾਡੀ ਨਿੱਭਣ ਲੱਗੀ
ਖ਼ੁਦ ਨਾਲ ਖ਼ੁਦ ਪ੍ਰੀਤ।

ਮਨ-ਅੰਬਰ 'ਚ ਜਗਦੇ ਰਹਿੰਦੇ
ਸੂਰਜ, ਚੰਨ ਤੇ ਤਾਰੇ
ਕੋਸੇ ਚਾਨਣ 'ਚ ਭਿੱਜੀ ਰੂਹ
ਲੈਂਦੀ ਪੀਂਘ ਹੁਲਾਰੇ।

ਮਨ-ਮੋਹ ਦੀ ਦਰਗਾਹੇ ਜਾ ਕੇ
ਘਿਓ ਦਾ ਦੀਪ ਜਗਾਓ
ਨਿੱਘ ਦੀਆਂ ਭਰ ਕੇ ਬੁੱਕਾਂ
ਵਰਤੋ ਤੇ ਵਰਤਾਓ।

ਮਨ ਤੋਂ ਮਨ ਦਾ ਸਫ਼ਰ ਅਨਾਦੀ
ਕੁਝ ਕੁ ਵਿਰਲੇ ਕਰਦੇ
ਹੋ ਅਭੇਦ ਪਿੱਘਲ ਕੇ ਅੰਦਰੋਂ
ਇਕ ਦੂਜੇ ਲਈ ਹਰਦੇ।

ਯਾਦ ਰੱਖਣਾ! ਜ਼ਿੰਦਗੀ ਸਿਰਫ਼ ਜ਼ਿੰਦਗੀ ਹੀ ਨਹੀਂ ਹੁੰਦੀ ਸਗੋਂ ਮਨ ਦੀ ਝੀਤ ਵਿਚੋਂ ਵਗ ਰਿਹਾ ਚਾਨਣ ਦਾ ਦਰਿਆ, ਕੋਸੇ ਕੋਸੇ ਸਾਹਾਂ ਦੀ ਪੁਰਵਾਈ ਅਤੇ ਚਾਨਣ-ਰੁੱਤਾਂ ਦਾ ਮਨ ਦੀ ਬੀਹੀ ਵਿਚੋਂ ਨਿਕਲ ਤੁਹਾਡੇ ਅੰਤਰੀਵ ਵਿਚ ਫੈਲਣਾ। ਫਿਰ ਇਨ੍ਹਾਂ ਰਾਂਗਲੀਆਂ ਰੁੱਤਾਂ ਦਾ ਅੰਤਰੀਵ ਤੋਂ ਬਾਹਰ ਨੂੰ ਜਾਣ ਦਾ ਹੁਨਰ ਅਤੇ ਹਾਸਲ ਹੀ ਜੀਵਨ ਹੁੰਦਾ। ਤੁਸੀਂ ਇਸ ਹਾਸਲ ਨੂੰ ਕਿਹੜਾ ਰੰਗ ਦੇਣਾ ਚਾਹੁੰਦੇ ਹੋ, ਇਹ ਤੁਹਾਡੀ ਮਨ ਦੀ ਸਿਹਤ ਅਤੇ ਸੰਵੇਦਨਾ 'ਤੇ ਨਿਰਭਰ।

ਮਨ ਦੀਆਂ ਮੁਹਾਰਾਂ ਸੂਰਜ ਵੰਨੀਂ ਰੱਖੋਗੇ ਤਾਂ ਤੁਹਾਨੂੰ ਤੁਹਾਡਾ ਪ੍ਰਛਾਵਾਂ ਨਜ਼ਰ ਨਹੀਂ ਆਵੇਗਾ ਅਤੇ ਤੁਹਾਡੇ ਰਾਹਾਂ ਨੂੰ ਨਵੀਂ ਸੇਧ ਅਤੇ ਸਿਰਨਾਵਾਂ ਮਿਲੇਗਾ। ਸਿਰ ਉਚਾ ਰੱਖ ਕੇ ਤੁਰਨ ਦੀ ਜਾਚ ਆਵੇਗੀ ਅਤੇ ਨਾਲ ਹੀ ਤੁਹਾਨੂੰ ਪਤਾ ਲੱਗੇਗਾ ਕਿ ਚਾਨਣ ਵਿਚ ਮੰਜ਼ਲ-ਪ੍ਰਾਪਤੀ ਕਿੰਨੀ ਆਸਾਨ ਹੁੰਦੀ ਹੈ। ਬਹੁਤ ਜ਼ਰੂਰੀ ਹੁੰਦਾ ਅੰਦਰਲੇ ਦੀਵੇ ਨਾਲ ਖ਼ੁਦ ਨੂੰ ਚਮਕਾਉਣਾ।

ਮਨ ਵਿਚ ਵਗਦਾ ਇਹ ਚਾਨਣ ਦਾ ਦਰਿਆ ਹੀ ਹੁੰਦਾ ਜੋ ਤੁਹਾਡੀ ਸੋਚ ਅਤੇ ਦ੍ਰਿਸ਼ਟੀਕੋਣ ਵਿਚ ਪੈਦਾ ਹੁੰਦਾ ਅਤੇ ਇਸਦੀ ਨਿਰੰਤਰਤਾ ਹੀ ਸੁੱਚੇ ਸਾਹਾਂ ਦੀ ਲਗਾਤਾਰਤਾ ਜਿਸ ਨਾਲ ਸਾਹ-ਸੁਰੰਗੀ ਵਜਦ ਵਿਚ ਆਉਂਦੀ, ਬੰਦੇ ਨੂੰ ਜਿਊਣਾ ਸਿਖਾਉਂਦੀ ਅਤੇ ਫਿਰ ਜ਼ਿੰਦਗੀ ਦਾ ਵਰਦਾਨ ਝੋਲੀ ਵਿਚ ਪਾਉਂਦੀ।

ਮਨ ਸਭ ਤੋਂ ਤਾਕਤਵਰ। ਸਭ ਮੁਸ਼ਕਲਾਂ, ਰੁਕਾਵਟਾਂ, ਕਠਿਨਾਈਆਂ ਤੇ ਔਕੜਾਂ ਇਸਦੇ ਸਾਹਵੇਂ ਤੁੱਛ। ਮਨ ਜਦ ਫੈਸਲਾ ਕਰ ਲਵੇ ਤਾਂ ਕੁਝ ਵੀ ਪ੍ਰਾਪਤ ਕੀਤਾ ਜਾ ਸਕਦਾ। ਮਾਨਸਿਕ ਤਾਕਤ ਹਮੇਸ਼ਾ ਹੀ ਸਰੀਰਕ ਤਾਕਤ ਤੋਂ ਜ਼ਿਆਦਾ ਸ਼ਕਤੀਸ਼ਾਲੀ। ਤਾਂ ਹੀ ਕਈ ਵਾਰ ਸਰੀਰਕ ਪੱਖੋਂ ਊਣੇ ਵਿਅਕਤੀ ਉਹ ਕੁਝ ਪ੍ਰਾਪਤ ਕਰ ਲੈਂਦੇ ਜਿਹੜੇ ਸਰੀਰਕ ਪੱਖੋਂ ਪੂਰੇ ਕਦੇ ਕਿਆਸ ਵੀ ਨਹੀਂ ਸਕਦੇ। ਸਿਰਫ਼ ਮਨ ਨੂੰ ਸਾਧਨ ਅਤੇ ਸੇਧਤ ਕਰਨ ਦੀ ਜਾਚ ਹੋਵੇ ਤਾਂ ਬੰਦਾ ਅੰਬਰ ਨੂੰ ਥੱਲੇ ਲਾਹ ਸਕਦਾ, ਸਮੁੰਦਰ ਨੂੰ ਆਪਣਾ ਬਿਸਤਰ ਬਣ ਸਕਦਾ ਅਤੇ ਧਰਤ ਨੂੰ ਆਪਣੀ ਤਲੀ 'ਤੇ ਟਿਕਾ ਸਕਦਾ।

ਮਨੁੱਖ ਦਾ ਵੱਸ ਕੀਤਾ ਹੋਇਆ ਮਨ ਉਸਦਾ ਸਭ ਤੋਂ ਵੱਡਾ ਅਦੀਬ ਕਿ ਬੇਕਾਬੂ ਹੋਇਆ ਮਨ ਸਭ ਤੋਂ ਖ਼ਤਰਨਾਕ ਰਕੀਬ। ਮਨ ਕਮਾਉਂਦਾ ਦੁਸ਼ਮਣੀ ਅਤੇ ਮਨ ਬਣਾਵੇ ਯਾਰ। ਮਨ ਹੀ ਮੂੰਹ ਮੋੜਦਾ ਅਤੇ ਮਨ ਬਣੇ ਦਿਲਦਾਰ। ਮਨ ਦਰਵਾਜ਼ੇ ਖੋਲੀਏ ਤਾਂ ਚਾਨਣ ਆਵੇ ਲੰਘ ਅਤੇ ਅੰਦਰ ਸੂਹਾ ਹੋਂਵਦਾ ਅਤੇ ਰੱਤੜਾ ਹੋਵੇ ਰੰਗ। ਮਨ ਹੀ 'ਮੈਂ' 'ਮੈਂ' ਕਰਦਾ ਭਰਿਆ ਰਹੇ ਹੰਕਾਰ, ਪਰ ਜਦ 'ਮੈਂ' ਤੋਂ 'ਤੂੰ' ਕੂਕਦਾ ਤਾਂ ਖੁੱਲਦਾ ਰੂਹ-ਦੁਆਰ। ਮਨ ਦੀਆਂ ਮੱਤਾਂ ਮੰਨਦਿਆਂ ਜ਼ਿੰਦਗੀ ਖੁਸ਼ਗਵਾਰ ਕਿਉਂਕਿ ਮਨ ਨਹੀਂ ਕਦੇ ਕਰਦਾ ਖ਼ੁਦ ਨਾਲ ਵਪਾਰ। ਮਨ ਦਾ ਮੁੱਖੜਾ ਰੱਤੜਾ, ਖੁੱਲੀਆਂ ਕੰਨੀਆਂ ਚਾਰ। ਚਾਰੇ ਪਾਸੀਂ ਰਹਿਮਤਾਂ ਨਾ ਓਹਲਾ ਤੇ ਨਾ ਦੀਵਾਰ।

ਮਨ ਜਜ਼ਬਾਤਾਂ ਦੀ ਕਰਮਭੂਮੀ। ਬਹੁਤ ਕੁਝ ਉਪਜਦਾ ਇਸ ਵਿਚ। ਜਜ਼ਬਾਤ, ਜ਼ਬਤ ਵਿਚ ਰਹਿਣ ਤਾਂ ਜ਼ਿੰਦਗੀ ਦਾ ਮੁਹਾਂਦਰਾ ਨਿੱਖ਼ਰਦਾ, ਬੇਕਾਬੂ ਹੋਣ ਤਾਂ ਮੁਹਾਂਦਰਾ ਵਿਗੜਦਿਆਂ ਦੇਰ ਨਹੀਂ ਲੱਗਦੀ।

ਮਨ ਨੂੰ ਹੋੜਦਿਆਂ, ਕਲਮ ਕੂਕਦੀ ਹੈ;
ਠਹਿਰ ਮਨਾਂ ਵੇ ਕਾਹਲਿਆ!
ਕਿੰਨੇ ਕੁ ਰਹਿਗੇ ਸਾਹ?
ਰੱਜ ਜੀਵਨ ਨੂੰ ਮਾਣ ਲਾ
ਕੱਲ ਦਾ ਕੀ ਵਸਾਹ?

ਸੋਚ ਮਨਾਂ ਵੇ ਭੋਲਿਆ!
ਕੀਤੀ ਕੀ ਕਮਾਈ?
ਕੀ ਕੁਝ ਹਾਸਲ ਹੋ ਗਿਆ
ਕਿਹੜੀ ਰੁੱਤ ਗਵਾਈ?

ਜਾਗ ਮਨਾਂ ਵੇ ਸੁੱਤਿਆ!
ਦੇਖ ਰੂਹਾਂ ਦੇ ਰੰਗ,
ਕਰ ਲੈ ਜੀਵਨ ਸਫ਼ਲਾ
ਮੁੱਖ ਤੋਂ ਲਾਹ ਕੇ ਸੰਗ।

ਪੜ੍ਹ ਮਨਾਂ! ਜ਼ਰਾ ਖੋਲ ਕੇ
ਜੀਵਨ-ਰੱਤੀ ਕਿਤਾਬ,
ਧਰਨੇ ਦੇਖੀਂ ਸ਼ਬਦਾਂ
ਤੇਰੇ ਨੈਣੀਂ ਖ਼ਾਬ।

ਸਮਝ ਮਨਾਂ ਵੇ ਕਮਲਿਆ!
ਦੁਨੀਆਂ ਕੂੜ-ਕੁਸੱਤ,
ਵਿਰਲਿਆਂ ਤੈਨੂੰ ਅਰਪਣਾ
ਸੁਖਨ, ਸੁਹਜ, ਸੁਮੱਤ।

ਮੰਨ ਮਨਾਂ ਵੇ ਰੁੱਸਿਆ!
ਬਹਿ ਕੇ ਫੋਲੀਏ ਦੁੱਖ,
ਕਿਹੜੇ ਰਾਹੀਂ ਤੁਰ ਗਏ
ਰੁੱਖ, ਕੁੱਖ, ਮਨੁੱਖ?

ਮਿਲ ਮਨਾਂ ਮਨ-ਮੱਤਿਆ!
ਤੇਰਾ ਤੈਥੋਂ ਦੂਰ,
ਅੰਦਰ ਦੀਵਾ ਬਾਲ ਕੇ
ਹੋ ਜਾ ਨੂਰੋ-ਨੂਰ।

ਲੱਗ ਗਲ਼ੇ ਮਨਾਂ ਮੇਰਿਆ!
ਪਹਿਨੀਏ ਸੰਦਲੀ ਭਾਅ
ਇਕ ਦੂਜੇ ਤੋਂ ਵਾਰੀਏ
ਮਹਿਕਾਂ ਰੱਤੜਾ ਸਾਹ।

ਮਨ ਦੀਆਂ ਮੰਨਣ ਵਾਲੇ, ਫੱਕਰ ਅਤੇ ਆਸ਼ਕ ਲੋਕ। ਦੁਨੀਆਂ ਤੋਂ ਬੇਪ੍ਰਵਾਹ ਅਤੇ ਬੇਲਾਗ। ਉਨ੍ਹਾਂ ਦੀ ਆਪਣੀ ਹੀ ਦੁਨੀਆ। ਆਪਣੀ ਜ਼ਿੰਦਗੀ ਨੂੰ ਆਪਣੇ ਹੀ ਰੰਗ-ਢੰਗ ਨਾਲ ਜਿਉਂਦੇ। ਖ਼ੁਦ ਨਾਲ ਸੰਵਾਦ ਰਚਾਉਂਦੇ, ਮਨ-ਚਾਹਿਆ ਹਾਸਲ ਪਾਉਂਦੇ ਅਤੇ ਆਪਣੇ ਅੰਦਰ ਨੂੰ ਰਿਝਾਉਂਦੇ ਅਤੇ ਇਸਦੀ ਝੋਲੀ ਵਿਚ ਸ਼ੁਕਰਗੁਜ਼ਾਰੀ ਦਾ ਸ਼ਗਨ ਪਾਉਂਦੇ।

ਮਨ ਦੀ ਸ਼ਾਂਤੀ ਵਾਲਾ ਸਭ ਤੋਂ ਅਮੀਰ। ਇਸ ਅਮੀਰੀ ਨੂੰ ਕੋਈ ਲੁੱਟ ਨਹੀਂ ਸਕਦਾ। ਖੋਹ ਨਹੀਂ ਸਕਦਾ ਅਤੇ ਨਾ ਹੀ ਇਹ ਅਮੀਰੀ ਬੰਦੇ ਨਾਲੋਂ ਆਪਣਾ ਨਾਤਾ ਤੋੜਦੀ।

ਮਨਾਂ ਦੇ ਕਰੀਬੀ ਲੋਕ ਇਨਸਾਨ ਹੁੰਦੇ ਕਿਉਂਕਿ ਵਿਰਲੇ ਹੀ ਹੁੰਦੇ ਜੋ ਮਨਾਂ ਦੀ ਸਾਂਝ ਪਾਉਂਦੇ। ਦਰਅਸਲ ਮਨ ਤੋਂ ਮਨ ਤੀਕ ਦਾ ਸਫ਼ਰ ਬਹੁਤ ਔਖਾ। ਕਠਨ ਹੁੰਦਾ ਕਿਸੇ ਦੇ ਮਨ ਵਿਚ ਆਲ੍ਹਣਾ ਪਾਉਣਾ। ਮਨ ਦੀ ਨੇੜਤਾ ਨਾਲੋਂ ਵੱਡੀ ਕੋਈ ਨੇੜਤਾ ਹੀ ਨਹੀਂ ਹੁੰਦੀ।

ਮਨ 'ਤੇ ਲੱਗੇ ਹੋਏ ਉਹ ਜ਼ਖ਼ਮ ਸਾਰੀ ਉਮਰ ਹੀ ਦਰਦ ਦਿੰਦੇ ਰਹਿੰਦੇ ਜਿਹੜੇ ਆਪਣਿਆਂ ਨੇ ਬਿਨਾਂ ਕਿਸੇ ਕਸੂਰ ਤੋਂ ਦਿੱਤੇ ਹੁੰਦੇ।

ਮਨ ਦੀ ਮੌਜ ਲਈ ਬਹੁਤ ਜ਼ਰੂਰੀ ਹੁੰਦਾ ਹੈ ਕਦੇ ਬਾਰਸ਼ ਵਿਚ ਭਿੱਜੋ। ਕਦੇ ਟਿੱਕੀ ਰਾਤ ਦੀ ਚੁੱਪ ਨੂੰ ਮਾਣੋ। ਕਦੇ ਕੁਦਰਤ ਨਾਲ ਇਕਸੁਰ ਹੋਵੋ। ਕਦੇ ਜੰਗਲ ਵਿਚ ਫਿਰਦਿਆਂ ਬਿਰਖ਼ਾਂ ਨਾਲ ਗੱਲਾਂ ਕਰੋ। ਵਗਦੇ ਦਰਿਆ ਦੀਆਂ ਲਹਿਰਾਂ ਨਾਲ ਦਿਲਲੱਗੀਆਂ ਕਰੋ। ਕਦੇ ਮਿੱਤਰ ਦਾ ਹੱਥ ਫੜ ਕੇ ਬੇਮਤਲਬ ਹੀ ਭਟਕਣ ਦਾ ਆਨੰਦ ਮਾਣੋ। ਕਦੇ ਰੂਹ ਦੇ ਹਾਣੀ ਸੰਗ ਰੂਹ-ਰੇਜ਼ਤਾ ਮਾਣੋ ਅਤੇ ਕਦੇ ਕਦਾਈਂ ਖ਼ੁਦ ਨੂੰ ਮਿਲੋ।

ਸਦਾ ਯਾਦ ਰੱਖਣਾ! ਜੀਵਨ ਵਿਚ ਬਹੁਤ ਸਾਰੇ ਲੋਕ ਹਰੇਕ ਦੀ ਜ਼ਿੰਦਗੀ ਵਿਚ ਆਉਂਦੇ। ਸਿਰਫ਼ ਕੁਝ ਕੁ ਲੋਕ ਹੀ ਮਨ-ਮਿਲਿਆਂ ਦੇ ਮੇਲੇ ਵਿਚ ਮਸਤੀ ਨੂੰ ਯਾਰ ਬਣਾਉਂਦੇ ਅਤੇ ਸਾਹਾਂ ਵਿਚੋਂ ਜੀਵਨ-ਨਾਦ ਉਪਜਾਉਂਦੇ।

ਕੀ ਤੁਸੀਂ ਵੀ ਕਦੇ ਜੀਵਨ ਨਾਦ ਨੂੰ ਕਦੇ ਸੁਣਿਆ ਜਾਂ ਮਾਣਿਆ ਹੈ? ਇਸਦੀ ਭਾਲ ਖ਼ੁਦ ਤੋਂ ਸ਼ੁਰੂ ਕਰੋਗੇ ਤਾਂ ਤੁਹਾਡੀ ਭਾਲ ਸਫ਼ਰ ਜ਼ਰੂਰ ਹੋਵੇਗੀ।

# ਕੇਰਲਾ ਹਾਈ ਕੋਰਟ ਨੇ ਦੱਸਿਆ ਗਰਮੀਆਂ ਦੀਆਂ ਸਕੂਲੀ ਛੁੱਟੀਆਂ ਦਾ ਮਹੱਤਵ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਕਮਾਲ ਕਰ ਦਿੱਤੀ ਕੇਰਲਾ ਦੀ ਹਾਈ ਕੋਰਟ ਨੇ! ਸਕੂਲੀ ਬੱਚਿਆਂ ਲਈ ਵਰਦਾਨੀ ਫੈਸਲਾ ਸੁਣਾਇਆ। ਬੋਰਡ ਨੂੰ ਸਕੂਲਾਂ ਵਿਚ ਹੋਣ ਵਾਲੀਆਂ ਗਰਮੀਆਂ ਦੀਆਂ ਛੁੱਟੀਆਂ ਦਾ ਮਹੱਤਵ ਸਮਝਾਇਆ।

ਬੋਰਡ ਵਲੋਂ ਗਰਮੀਆਂ ਦੀਆਂ ਛੁੱਟੀਆਂ ਵਿਚ 'ਵੇਕੇਸ਼ਨ ਕਲਾਸਾਂ' (ਛੁੱਟੀਆਂ ਵਿਚ ਪੜ੍ਹਾਈ) ਸਬੰਧੀ ਪਟੀਸ਼ਨ ਨੂੰ ਹੋਰ ਵਧਾਉਣ ਤੋਂ ਇਨਕਾਰ ਕਰਦਿਆਂ ਜਸਟਿਸ ਪੀ.ਵੀ. ਕੁਨਹੀਕ੍ਰਿਸ਼ਨਨ ਨੇ ਆਪਣੀ 24 ਮਈ ਦੀ ਜੱਜਮੈਂਟ ਵਿਚ ਗਰਮੀਆਂ ਦੀਆਂ ਛੁੱਟੀਆਂ ਦੀ ਹੇਠ ਲਿਖੀ ਬਹੁ-ਪੱਖੀ ਮਹੱਤਤਾ ਦਰਸਾਈ-

'ਗਰਮੀਆਂ ਦੀਆਂ ਛੁੱਟੀਆਂ ਵਿਦਿਆਰਥੀਆਂ ਲਈ ਜ਼ਰੂਰੀ ਹਨ ਤਾਂ ਕਿ ਉਹ ਆਪਣੇ ਸਾਕ-ਸਬੰਧੀਆਂ ਨਾਲ ਸਮਾਂ ਬਿਤਾ ਸਕਣ ਅਤੇ ਮਾਨਸਿਕ ਤਫਰੀਹ ਕਰ ਸਕਣ। ਸਿਰਫ ਪੁਸਤਕਾਂ ਉਪਰ ਹੀ ਕੇਂਦਰਤ ਰਹਿਣਾ ਬੱਚਿਆਂ ਲਈ ਕਾਫੀ ਨਹੀਂ। ਉਨ੍ਹਾਂ ਨੂੰ ਨੱਚਣ-ਗਾਉਣ ਦਿਉ, ਉਨ੍ਹਾਂ ਨੂੰ ਅਗਲੇ ਦਿਨ ਦੇ ਹੋਮ-ਵਰਕ ਦੇ ਡਰ ਤੋਂ ਬਿਨਾਂ ਆਪਣੇ ਮਨ-ਪਸੰਦ ਖਾਣੇ ਦਾ ਆਨੰਦ ਲੈਣ ਦਿਉ, ਉਨ੍ਹਾਂ ਨੂੰ ਆਪਣੇ ਚਹੇਤੇ ਟੀ.ਵੀ ਪ੍ਰੋਗਰਾਮ ਨੂੰ ਮਾਨਣ ਦਿਉ; ਉਨ੍ਹਾਂ ਨੂੰ ਕ੍ਰਿਕਟ, ਫੁੱਟਬਾਲ ਜਾਂ ਹੋਰ ਮਨਪਸੰਦ ਖੇਡਾਂ ਖੇਲਣ ਦਿਉ ਅਤੇ ਆਪਣੇ ਸਾਕ-ਸਬੰਧੀਆਂ ਨਾਲ ਘੁੰਮਣ-ਫਿਰਨ ਜਾਣ ਦਿਉ। ਇਕ ਸਿਰ-ਖਪਾਊ ਅਕਾਦਮਿਕ ਸਾਲ ਅੱਗੇ ਆ ਰਿਹੈ। ਉਸ ਦੀ ਆਮਦ ਤੋਂ ਪਹਿਲਾਂ, ਵਿਦਿਆਰਥੀ ਭਾਈਚਾਰੇ ਲਈ ਇਕ 'ਬਰੇਕ' (ਛੁੱਟੀ) ਜ਼ਰੂਰੀ ਹੈ। ਦਸਵੀਂ ਜਮਾਤ ਅਤੇ ਹਾਇਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਦੇ ਫੈਸਲਾਕੁਨ ਅਕਾਦਮਿਕ ਸਾਲ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਲਾਜ਼ਮੀ ਇਕ ਬਰੇਕ ਮਿਲਣੀ ਚਾਹੀਦੀ ਹੈ'।

ਜੀਅ ਕਰਦਾ ਜੱਜ ਸਾਹਿਬ ਦੇ ਹੱਥ ਚੁੰਮ ਲਵਾਂ। ਸਾਰੀ ਉਮਰ ਆਪ ਅਧਿਆਪਕ ਰਿਹਾ ਹੋਣ ਕਾਰਨ ਅਤੇ ਸਕੂਲ ਪੜ੍ਹਦੇ ਬੱਚਿਆਂ ਅਤੇ ਉਨ੍ਹਾਂ ਦੇ ਬੱਚਿਆਂ ਉਪਰ ਲੱਦੇ ਸਕੂਲੀ ਬਸਤਿਆਂ ਦੇ ਬੋਝ, ਹੋਮ ਵਰਕ ਅਤੇ ਛੁੱਟੀਆਂ ਦੌਰਾਨ ਵੀ ਬੇਮਤਲਬੀ ਭਾਰ ਪਾਏ ਜਾਣ ਤੋਂ ਭਲੀ ਭਾਂਤ ਜਾਣੂੰ ਹੋਣ ਕਾਰਨ ਸਾਨੂੰ ਕੇਰਲਾ ਹਾਈ ਕੋਰਟ ਦੇ ਜਸਟਿਸ ਸਾਹਿਬ ਵਲੋਂ ਅੰਤਾਂ ਦੇ ਬੋਝ ਹੇਠਾਂ ਦੱਬੇ ਸਕੂਲੀ ਵਿਦਿਆਰਥੀਆਂ ਦਾ ਮਸੀਹਾ ਬਣ ਕੇ ਬਹੁੜਨਾ ਰੱਬੀ ਵਰਤਾਰਾ ਲੱਗਿਐ!

ਇਕ-ਮੈਂਬਰੀ ਬੈਂਚ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਨੂੰ ਮਿਲੇ ਉਸ ਅੰਤ੍ਰਿਮ ਆਰਡਰ ਨੂੰ ਹੋਰ ਵਧਾਉਣ ਤੋਂ ਇਨਕਾਰ ਕਰ ਰਿਹਾ ਸੀ ਜਿਸ ਤਹਿਤ ਬੋਰਡ ਨੂੰ 14 ਸਾਲ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਦੀਆਂ ਛੁੱਟੀਆਂ ਵਿਚ ਕਲਾਸਾਂ ਲਗਾਏ ਜਾਣ ਦੀ ਗੱਲ ਕਹੀ ਗਈ ਸੀ।

ਯਾਦ ਰਹੇ ਕਿ ਕੇਰਲਾ ਪ੍ਰਾਂਤ ਦੇ ਡਾਇਰੈਕਟਰ ਆਫ ਜਨਰਲ ਐਜੂਕੇਸ਼ਨ ਨੇ ਛੁੱਟੀਆਂ 'ਚ ਕਲਾਸਾਂ ਲਗਾਏ ਜਾਣ 'ਤੇ ਇਤਰਾਜ਼ ਕੀਤਾ ਸੀ। ਕੇਰਲਾ ਦੀ ਸੀ.ਬੀ.ਐਸ.ਈ. ਸਕੂਲ ਮੈਨੇਜਮੈਂਟ ਐਸੋਸੀਏਸ਼ਨ ਨੇ ਇਸ ਵਿਰੁੱਧ ਹਾਈ ਕੋਰਟ ਵਿਚ ਰਿਟ ਪਟੀਸ਼ਨ ਪਾ ਦਿੱਤੀ ਸੀ ਜਿਸ ਉਪਰ ਸੁਣਵਾਈ ਕਰਦਿਆਂ ਜਸਟਿਸ ਪੀ.ਵੀ. ਕੁਨਹੀਕ੍ਰਿਸ਼ਨਨ ਨੇ ਵਿਦਿਆਰਥੀਆਂ ਦੀ ਭਲਾਈ ਲਈ ਗਰਮੀਆਂ ਦੀਆਂ ਛੁੱਟੀਆਂ ਦੇ ਮਹੱਤਵ ਸਬੰਧੀ ਬੜੇ ਪ੍ਰਭਾਵਸ਼ਾਲੀ ਵਿਚਾਰ ਪ੍ਰਗਟ ਕੀਤੇ।

ਉਨ੍ਹਾਂ ਹੋਰ ਕਿਹਾ 'ਇਕ ਸਰਗਰਮ ਅਕਾਦਮਿਕ ਵਰ੍ਹੇ ਉਪਰੰਤ ਵਿਦਿਆਰਥੀਆਂ ਨੂੰ 'ਬਰੇਕ' ਮਿਲਣੀ ਜ਼ਰੂਰੀ ਹੈ। ਇਸ ਕਾਰਨ ਹੀ ਉਨ੍ਹਾਂ ਨੂੰ ਗਰਮੀਆਂ ਦੀਆਂ ਛੁੱਟੀਆਂ ਦਿਤੀਆਂ ਜਾਂਦੀਆਂ ਹਨ। ਵਿਦਿਆਰਥੀਆਂ ਨੂੰ ਛੁੱਟੀਆਂ ਮਾਨਣੀਆਂ ਚਾਹੀਦੀਆਂ ਹਨ ਅਤੇ ਅਗਲੇ ਅਕਾਦਮਿਕ ਵਰ੍ਹੇ ਲਈ ਆਪਣੇ ਆਪ ਨੂੰ ਤਰੋ-ਤਾਜ਼ਾ ਕਰਨਾ ਚਾਹੀਦਾ ਹੈ। ਛੁੱਟੀਆਂ ਦੀ ਬਰੇਕ ਵਿਦਿਆਰਥੀਆਂ ਨੂੰ ਰਵਾਇਤੀ ਪੜ੍ਹਾਈ ਦੇ ਸਾਧਨਾਂ ਤੋਂ ਆਪਣਾ ਧਿਆਨ ਲਾਂਭੇ ਕਰਨ ਦਾ ਮੌਕਾ ਪ੍ਰਦਾਨ ਕਰਦੀਆਂ ਹਨ। ਉਹ ਸਹਿ-ਪਾਠਕ੍ਰਮੀ ਸਰਗਰਮੀਆਂ ਸਬੰਧੀ ਆਪਣੀਆਂ ਅਭਿਲਾਸ਼ਾਵਾਂ,ਜਿਹੜੀਆਂ ਉਹ ਸਕੂਲੀ ਕਲਾਸਾਂ ਸਮੇਂ ਪੂਰੀਆਂ ਨਹੀਂ ਸਨ ਕਰ ਸਕਦੇ, ਨੂੰ ਅਮਲ ਵਿਚ ਲਿਆ ਸਕਦੇ ਹਨ'।




ਜੱਜ ਸਾਹਿਬ ਨੇ ਇਸ ਗੱਲ ਉਪਰ ਵਿਸ਼ੇਸ਼ ਜ਼ੋਰ ਦਿੱਤਾ ਕਿ ਬੱਚਿਆਂ ਨੂੰ ਆਪਣਾ ਵਿਹਲਾ ਵਕਤ ਪਰਿਵਾਰ ਅਤੇ ਯਾਰਾਂ-ਦੋਸਤਾਂ ਨਾਲ ਬਿਤਾਉਣਾ ਜ਼ਰੂਰੀ ਹੈ, ਖਾਸ ਤੌਰ 'ਤੇ ਉਦੋਂ ਜਦੋਂ ਉਨ੍ਹਾਂ ਨੂੰ ਇਕ ਸਰਗਰਮ ਅਕਾਦਮਿਕ ਸਾਲ ਅੱਗੇ ਉਡੀਕ ਰਿਹਾ ਹੁੰਦੈ!

ਡੀ.ਜੀ.ਈ ਦੇ ਸਰਕੂਲਰ ਨੇ ਵੀ ਗਰਮੀਆਂ ਦੀਆਂ ਛੁੱਟੀਆਂ ਵਿਚ ਕਲਾਸਾਂ ਲਗਾਏ ਜਾਣ ਵਿਰੁੱਧ ਗਰਮ ਮੌਸਮ ਅਤੇ ਵਿਦਿਆਰਥੀਆਂ ਵਲੋਂ ਛੁੱਟੀਆਂ ਮਾਨਣ ਦਾ ਤਰਕ ਦਿੱਤਾ ਸੀ।

ਕੇਰਲਾ ਦੀ ਹਾਈ ਕੋਰਟ ਨੇ ਬੱਚਿਆਂ ਦੀ ਬਾਂਹ ਫੜੀ ਅਤੇ ਛੁੱਟੀਆਂ ਵਿਚ ਕਲਾਸਾਂ ਵਿਰੁੱਧ ਫੈਸਲਾ ਸੁਣਾਇਆ ਤਾਂ ਕਿ ਬੱਚੇ ਵੀ 'ਫਨ' ਕਰ ਸਕਣ!

ਜੱਜ ਸਾਹਿਬ, ਤੁਹਾਡਾ 'ਬੜਾ ਵਾਲਾ' ਸ਼ੁਕਰੀਆ!

ਇਕ ਪਾਸੇ ਤਾਂ ਅਸੀਂ ਆਪਣੇ ਬੱਚਿਆਂ ਨੂੰ ਇਹ ਦੋਸ਼ ਦਿੰਦੇ ਹਾਂ ਕਿ ਉਹ ਕਿਸੇ ਰਿਸ਼ਤੇਦਾਰ ਨਾਲ ਮਿਲ ਕੇ ਰਾਜ਼ੀ ਨਹੀਂ ਪਰ ਦੂਜੇ ਪਾਸੇ ਅਸੀਂ (ਸਾਡੇ ਸਕੂਲ) ਉਨ੍ਹਾਂ ਨੂੰ ਵਿਹਲ ਦੇਣਾ ਤਾਂ ਇਕ ਪਾਸੇ, ਸਿਰ ਖੁਰਕਣ ਦਾ ਸਮਾਂ ਨਹੀਂ ਦਿੰਦੇ। ਬਸਤਿਆਂ ਦਾ ਬੋਝ ਹਰ ਸਾਲ ਵਧਦਾ ਜਾ ਰਿਹੈ। ਸਕੂਲੀ ਪਾਠਕ੍ਰਮ ਔਖੇ ਤੋਂ ਔਖਾ ਕੀਤਾ ਜਾ ਰਿਹੈ। ਮੈਂ ਇਕ ਸੰਵੇਦਨਸ਼ੀਲ ਵਿਦਿਆਰਥੀ ਨੂੰ ਜਾਣਦੈਂ ਜਿਸ ਦੇ ਬਸਤੇ ਦਾ ਬੋਝ ਕਰੀਬ ਨੌਂ ਕਿਲੋਗਰਾਮ ਹੈ! ਧੜੀ ਧੜੀ ਦੀਆਂ ਕਿਤਾਬਾਂ ਅਤੇ ਕਿਲੋ ਕਿਲੋ ਦੀਆਂ ਕਾਪੀਆਂ! ਮਿਡਲ ਵਿਚ ਪੜ੍ਹਦਾ ਇਹ ਮਾੜਚੂ ਜਿਹਾ ਵਿਦਿਆਰਥੀ ਪਿੱਠ ਉਪਰ ਬਸਤਾ ਐਦਾਂ ਲੱਦਦਾ ਜਿਵੇਂ ਕਿਸੇ ਖੋਤੇ ਉਪਰ ਭਾਰ ਲੱਦਿਆ ਹੋਵੇ! ਵਿਚਾਰੇ ਦਾ ਹੁਣ ਤੋਂ ਹੀ ਕੁੱਬ ਨਿਕਲ ਆਇਆ!

ਕਿਸੇ ਦਿਨ-ਦਿਹਾਰ ਦੀ ਛੁੱਟੀ ਹੋਵੇ ਤਾਂ ਉਸ ਨੂੰ ਆਨ-ਲਾਈਨ ਮਨਾਉਣ ਦੇ ਬਹਾਨੇ ਬੱਚੇ ਅਤੇ ਉਨ੍ਹਾਂ ਦੇ ਮਾਪੇ ਟੰਗੇ ਰਹਿੰਦੇ ਹਨ। ਛੁੱਟੀ ਫਿਰ ਖੇਹ ਤੇ ਸੁਆਹ ਹੋਈ! ਹੋਰ ਕਈ ਕਿਸਮ ਦੇ ਪਟੌਂਟੇ ਕਰਨੇ ਪੈਂਦੇ ਹਨ ਨੰਨੇ-ਮੁੰਨੇ ਹੱਥਾਂ ਨੂੰ।

ਕਲੀਆਂ ਵਰਗੇ ਕੋਮਲ ਬੱਚਿਆਂ ਉਪਰ ਸਕੂਲਾਂ ਅਤੇ ਮਾਂ-ਬਾਪ ਵਲੋਂ ਚੰਗੀ ਪੇਸ਼ਕਾਰੀ/ਪ੍ਰਾਪਤੀ ਲਈ ਇਸ ਕਦਰ ਦਬਾਅ ਪਾਇਆ ਜਾਂਦੈ ਕਿ ਨੰਨ੍ਹੀਆਂ ਜਿੰਦਾਂ ਨਪੀੜੀਆਂ ਅਤੇ ਮਧੋਲੀਆਂ ਜਾਂਦੀਆਂ ਹਨ। ਨੱਚਣ-ਕੁੱਦਣ ਦੀ ਉਮਰੇ ਹੀ ਤਣਾਅ ਅਤੇ ਬੋਝ-ਗ੍ਰਸਤ ਚਿਹਰੇ ਮੁਰਝਾਏ ਮੁਰਝਾਏ ਦਿਸਦੇ ਹਨ।

ਗਲਾ-ਕਾਟਵੇਂ ਮੁਕਾਬਲੇਬਾਜ਼ੀ ਦੇ ਦੌਰ ਨੇ ਬੱਚਿਆਂ ਕੋਲੋਂ ਉਨ੍ਹਾਂ ਦਾ ਬਚਪਨ ਹੀ ਖੋਹ ਲਿਐ।

ਇਸ ਸਭ ਕੁਝ ਨੇ ਕਈ ਬੱਚਿਆਂ ਨੂੰ ਬਹਾਨੇਬਾਜ਼ ਬਣਾ ਦਿੱਤੈ- 'ਅਭੀ ਸੱਚ ਬੋਲਤਾ ਹੈ ਅਭੀ ਕੁਛ ਨਹੀਂ ਵਿਗੜਾ,/ ਮਗਰ ਡਾਂਟੋਗੇ ਤੋ ਬੱਚਾ ਬਹਾਨਾ ਸੀਖ ਜਾਏਗਾ"(ਕਵੀ ਬੁਧੈਸੇਨ)।

ਪਿਆਰ, ਪ੍ਰੇਰਨਾ, ਪ੍ਰੋਤਸਾਹਨ ਨਾਲ ਹੀ ਬੱਚੇ ਪ੍ਰਭਾਵਿਤ ਹੁੰਦੇ ਹਨ, ਪਰੈਸ਼ਰ ਨਾਲ ਨਹੀਂ।

ਡਿਜੀਟਲ ਦੌਰ ਦੇ ਯਾਰੋ, ਬੱਚਿਆਂ ਨੂੰ ਕੁਝ ਕੁ ਸਮੇਂ ਲਈ ਤਾਂ ਬੱਚੇ ਰਹਿਣ ਦਿਉ!" ਜ਼ਮਾਨੇ ਮੇਂ ਕੁਛ ਤੋ ਅੱਛਾ ਰਹਿਨੇ ਦੀਆ ਜਾਏ,/ ਇਨ ਬੱਚੋਂ ਕੋ ਬੱਚਾ ਰਹਿਨੇ ਦੀਆ ਜਾਏ"!

ਸਾਡੇ ਵੇਲੇ ਗਰਮੀਆਂ ਦੀਆਂ ਛੁੱਟੀਆਂ ਦਾ ਮਤਲਬ ਹੁੰਦਾ ਸੀ ਨਾਨਕੇ ਜਾਣਾ ਤੇ ਜਾਂ ਭੂਆ ਦੇ ਪਿੰਡ।

ਨਾਨਕਿਆਂ ਨੇ ਕਯਾ ਸ਼ਹਿਜ਼ਾਦੇ/ ਸ਼ਹਿਜ਼ਾਦੀਆਂ ਵਾਂਗ ਸੇਵਾ ਕਰਨੀ। ਨਾਨਾ-ਨਾਨੀ, ਮਾਮਾ-ਮਾਮੀ ਨੇ ਸਦਕੇ-ਬਲਿਹਾਰੇ ਜਾਣਾ! ਭੂਆ ਨੇ ਰੱਜ ਰੱਜ ਖੁਆਣਾ-ਪਿਆਉਣਾ। ਬਸ, ਦੁੜੰਗੇ ਮਾਰਦੇ ਫਿਰੀਦਾ ਸੀ! ਹਾਂ, ਹੋਮ ਵਰਕ ਜ਼ਰੂਰ ਮੁਕਾ ਲਈਦਾ ਸੀ।

ਮਸਤੀ ਬਚਪਨ ਦੀ ਹਸਤੀ ਹੈ! ਮੌਲਾ ਦੀ ਖੁਸ਼ੀ ਮਾਸੂਮਾਂ ਦੀ ਮੁਸਕਾਨ ਵਿਚ ਹੈ-"ਘਰ ਸੇ ਮਸਜਿਦ ਹੈ ਬਹੁਤ ਦੂਰ ਚਲੋ ਯੂੰ ਕਰ ਲੇਂ,/ਕਿਸੀ ਰੋਤੇ ਹੂਏ ਬੱਚੇ ਕੋ ਹਸਾਇਆ ਜਾਏ" (ਨਿਦਾ ਫਾਜ਼ਲੀ)। ਸੁਰਜੀਤ ਪਾਤਰ ਵੀ ਕਹਿੰਦੈ-"ਤੂੰ ਪਿੰਜਰ, ਪ੍ਰੇਤ, ਕਬਰਾਂ ਪੂਜਦਾ ਏਂ,/ ਮੈਂ ਪੂਜਾਂ ਬੱਚਿਆਂ ਦੀ ਮੁਸਕਣੀ ਨੂੰ"।

ਸਕੂਲਾਂ ਵਾਲਿਉ! ਬੱਚਿਆਂ ਵਾਲਿਉ! 'ਬੱਚੋਂ ਕੇ ਛੋਟੇ ਹਾਥੋਂ ਕੋ ਚਾਂਦ ਸਿਤਾਰੇ ਛੂਨੇ ਦੋ,/ਚਾਰ ਕਿਤਾਬੇਂ ਪੜ੍ਹ ਕੇ ਵੋ ਭੀ ਹਮ ਜੈਸੇ ਹੋ ਜਾਏਂਗੇ'(ਨਿਦਾ ਫਾਜ਼ਲੀ)

ਕੇਰਲਾ ਹਾਈ ਕੋਰਟ ਦੇ ਜਸਟਿਸ ਪੀ.ਵੀ. ਕੁਨਹੀਕ੍ਰਿਸ਼ਨਨ ਜ਼ਿੰਦਾਬਾਦ! ਕੇਰਲਾ ਦੇ ਬੱਚਿਉ! ਗਰਮੀਆਂ ਦੀਆਂ ਛੁੱਟੀਆਂ ਹੁਣ ਰੱਜ ਕੇ ਮਾਣੋ! ਬਸ ਪਾ ਦਿਉ ਧਮਾਲਾਂ!

ਵੈਲਸ਼ ਕਵੀ ਵਿਲੀਯਮ ਹੈਨਰੀ ਡੇਵੀਜ਼ ਕਯਾ ਖੂਬ ਕਹਿੰਦੈ-

ਇਹ ਜੀਵਨ ਕਾਹਦਾ ਜੀਵਨ ਹੈ ਜੇ ਚਿੰਤਾ-ਫਿਕਰਾਂ ਨਾਲ ਭਰਿਐ?

ਨਾ ਹੀ ਨੀਝ ਨਾਲ ਤੱਕਣ ਦਾ ਸਮਾਂ ਤੇ ਨਾ ਹੀ ਨਿੱਠ ਕੇ ਤੂੰ ਖੜਿਐ!

## ਨਵੀਆਂ ਖੋਜਾਂ ਨਵੇਂ ਤੱਥ

# ਬਹੁਤ ਰੋਚਕ ਹੈ ਹਵਾ ਤੋਂ ਬਿਜਲੀ ਪੈਦਾ ਕਰਨ ਦਾ ਨਵਾਂ ਢੰਗ

ਡਾ. ਡੀ.ਪੀ. ਸਿੰਘ

ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਪਿਛਲੇ ਦਿਨੀਂ ਅਮਰੀਕਾ ਦੇ ਖੋਜਕਾਰਾਂ ਨੇ ਹਵਾ ਵਿਚੋਂ ਨਮੀ ਨੂੰ ਇਕੱਠਾ ਕਰ ਕੇ ਬਿਜਲੀ ਪੈਦਾ ਕਰਨ ਦਾ ਇਕ ਨਵਾਂ ਤਰੀਕਾ ਲੱਭਿਆ ਹੈ।

ਐਡਵਾਂਸਡ ਮਟੀਰੀਅਲ ਖੋਜ ਪੱਤ੍ਰਿਕਾ ਵਿਚ ਛਪੀ ਇਕ ਰਿਪੋਰਟ ਅਨੁਸਾਰ, ਲਗਭਗ ਕਿਸੇ ਵੀ ਪਦਾਰਥ ਦੇ ਬਣੇ ਯੰਤਰ ਦੀ ਵਰਤੋਂ ਨਾਲ ਹਵਾ ਤੋਂ ਬਿਜਲੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸ਼ਰਤ ਇਹ ਹੈ ਕਿ ਅਜਿਹੇ ਯੰਤਰ ਦੀ ਸਤਹਿ ਉੱਤੇ 100 ਨੈਨੋਮੀਟਰ (ਨਮ) ਵਿਆਸ ਵਾਲੇ ਬਹੁਤ ਹੀ ਮਹੀਣ ਛੇਕ ਮੌਜੂਦ ਹੋਣ। ਵਰਣਨਯੋਗ ਹੈ ਕਿ 100 ਨੈਨੋਮੀਟਰ ਦੂਰੀ ਲਗਭਗ 0.000004 ਇੰਚ ਹੁੰਦੀ ਹੈ। ਜੋ ਕਿ ਮਨੁੱਖੀ ਵਾਲਾਂ ਦੀ ਚੌੜਾਈ ਦੇ ਇਕ ਹਜ਼ਾਰਵੇਂ ਹਿੱਸੇ ਤੋਂ ਵੀ ਛੋਟੀ ਹੁੰਦੀ ਹੈ।

ਇਸ ਖੋਜ ਪੱਤਰ ਦੇ ਮੁੱਖ ਲੇਖਕ ਸ਼ਾ ਮਾਂਗ ਲੂ ਦਾ ਕਹਿਣਾ ਹੈ ਕਿ ਇਹ ਬਹੁਤ ਹੀ ਦਿਲਚਸਪ ਖੋਜ ਹੈ। 'ਅਸੀਂ ਹਵਾ ਦੀ ਪਤਲੀ ਤਹਿ ਤੋਂ ਪ੍ਰਦੂਸ਼ਣ ਮੁਕਤ ਬਿਜਲੀ ਹਾਸਲ ਕਰਨ ਦਾ ਰਾਹ ਖੋਲ੍ਹ ਰਹੇ ਹਾਂ।' ਸ਼ਾ ਮਾਂਗ ਲੂ ਮੈਸਾਚੁਸੇਟਸ ਐਮਹਰਸਟ ਯੂਨੀਵਰਸਿਟੀ ਵਿਖੇ ਇਲੈਕਟ੍ਰੀਕਲ ਅਤੇ ਕੰਪਿਊਟਰ ਇੰਜਨੀਅਰਿੰਗ ਵਿਭਾਗ ਵਿਚ ਗ੍ਰੈਜੂਏਟ ਪੱਧਰ ਦਾ ਵਿਦਿਆਰਥੀ ਹੈ।

ਖੋਜ ਪੱਤਰ ਵਿਚ ਵਰਣਨ ਕੀਤਾ ਗਿਆ ਹੈ ਕਿ ਬਿਜਲੀ ਪ੍ਰਾਪਤੀ ਲਈ ਹਵਾ ਵਿਚ ਮੌਜੂਦ ਪਾਣੀ ਦੇ ਅਣੂਆਂ ਦੇ ਅੰਦਰੂਨੀ ਬਿਜਲਈ ਚਾਰਜ ਨੂੰ ਮਹੀਣ ਨੈਨੋ ਛੇਕਾਂ ਦੀ ਵਰਤੋਂ ਨਾਲ ਕਿਵੇਂ ਵਰਤਿਆ ਜਾ ਸਕਦਾ ਹੈ।

ਨੈਨੋ ਆਕਾਰ ਦੇ ਮਹੀਣ ਛੇਕਾਂ ਵਿਚਲੀ ਦੂਰੀ ਪਾਣੀ ਦੇ ਅਣੂਆਂ ਵਿਚਕਾਰ 'ਔਸਤ ਮੁਕਤ ਮਾਰਗ' ਦੀ ਲੰਬਾਈ ਦੇ ਬਰਾਬਰ ਹੁੰਦੀ ਹੈ। ਪਾਣੀ ਦੇ ਅਣੂਆਂ ਦਾ 'ਔਸਤ ਮੁਕਤ ਮਾਰਗ' ਉਹ ਦੂਰੀ ਹੁੰਦੀ ਹੈ ਜੋ ਹਵਾ ਅੰਦਰ ਪਾਣੀ ਦੇ ਇਕ ਅਣੂ ਦੀ ਪਾਣੀ ਦੇ ਕਿਸੇ ਹੋਰ ਅਣੂ ਨਾਲ ਟਕਰਾਉਣ ਤੋਂ ਪਹਿਲਾਂ ਤੈਅ ਕੀਤੀ ਦੂਰੀ ਹੈ।

ਇਸ ਔਸਤ ਮੁਕਤ ਮਾਰਗ ਜਿੰਨੀ ਦੂਰੀ ਵਿਖੇ ਮੌਜੂਦ 100 ਨੈਨੋ ਮੀਟਰ ਵਿਆਸ ਵਾਲੇ ਮਹੀਣ ਛੇਕਾਂ ਵਾਲੇ ਯੰਤਰ ਦਾ ਨਿਰਮਾਣ ਕਰ ਕੇ ਖੋਜਕਾਰਾਂ ਨੇ ਅਣੂ ਦੇ ਕੁਦਰਤੀ ਬਿਜਲਈ ਚਾਰਜ ਦੀ ਪ੍ਰਾਪਤੀ ਕਰਨ ਦਾ ਰਾਹ ਸੌਖਲਾ ਕਰ ਦਿੱਤਾ ਹੈ। ਇਹ 'ਹਵਾਈ ਜੈਂਨਰੇਟਰ', ਆਪਣੇ ਮਹੀਣ ਛੇਕਾਂ ਦੀ ਬਦੌਲਤ ਕੰਮ ਕਰਦਾ ਹੈ। ਜਿਸ ਦਾ ਭਾਵ ਹੈ ਕਿ ਪਾਣੀ ਦੇ ਸੂਖਮ ਅਣੂ, ਜਿਵੇਂ ਹੀ ਯੰਤਰ ਦੀ ਪਤਲੀ ਪਦਾਰਥੀ ਸਤਹਿ ਨਾਲ ਸਪਰਸ਼ ਵਿਚ ਆਉਂਦੇ ਹਨ ਤਾਂ ਉਹ ਮਹੀਣ ਛੇਕ ਦੇ ਕਿਨਾਰੇ ਨਾਲ ਸਹਿਜੇ ਹੀ ਟਕਰਾ ਜਾਣਗੇ।



ਇਸ ਕਿਰਿਆ ਕਾਰਨ ਹਵਾਈ-ਜੈਂਨਰੇਟਰ ਦੀ ਉੱਪਰਲੀ ਸਤਹਿ ਉੱਤੇ ਟਕਰਾਉਣ ਵਾਲੇ ਪਾਣੀ ਦੇ ਚਾਰਜ-ਯੁਕਤ ਅਣੂਆਂ ਦੀ ਮਾਤਰਾ ਇਸ ਸਤਹਿ ਦੇ ਹੇਠਲੇ ਹਿੱਸੇ ਵਿਚ ਮੌਜੂਦ ਅਣੂਆਂ ਨਾਲੋਂ ਬਹੁਤ ਵਧੇਰੇ ਹੋਵੇਗੀ। ਇਸ ਦੇ ਫਲਸਰੂਪ ਪਦਾਰਥੀ ਪਰਤ ਦੇ ਆਰ-ਪਾਰ ਬਿਜਲਈ ਚਾਰਜ ਮਾਤਰਾ ਵਿਚ ਅਸੰਤੁਲਨ ਪੈਦਾ ਹੋ ਜਾਵੇਗਾ। ਅਜਿਹਾ ਬਿਜਲਈ ਅਸੰਤੁਲਨ, ਬਿਜਲਈ-ਚਾਰਜ ਦੇ ਪ੍ਰਵਾਹ ਨੂੰ ਪੈਦਾ ਕਰਨ ਦਾ ਬੁਨਿਆਦੀ ਸਿਧਾਂਤ ਹੈ। ਆਸਮਾਨੀ ਬਿਜਲੀ ਦਾ ਲਿਸ਼ਕਣਾ ਵੀ ਬੱਦਲਾਂ ਵਿਚ ਅਜਿਹੇ ਹੀ ਬਿਜਲਈ ਅਸੰਤੁਲਨ ਕਾਰਨ ਵਾਪਰਦਾ ਹੈ।

ਮੈਸਾਚੁਸੇਟਸ ਐਮਹਰਸਟ ਯੂਨੀਵਰਸਿਟੀ ਵਿਖੇ ਇਲੈਕਟ੍ਰੀਕਲ ਅਤੇ ਕੰਪਿਊਟਰ ਇੰਜਨੀਅਰਿੰਗ ਵਿਭਾਗ ਦੇ ਸਹਾਇਕ ਪ੍ਰੋਫੈਸਰ ਤੇ ਖੋਜ ਪੱਤਰ ਦੇ ਸਹਿ-ਲੇਖਕ ਜਾਨ ਯਾਓ ਦਾ ਕਹਿਣਾ ਹੈ ਕਿ ਹਵਾ ਵਿਚ ਬਹੁਤ ਜ਼ਿਆਦਾ ਬਿਜਲੀ ਹੁੰਦੀ ਹੈ, ਜਿਸ ਦਾ ਲਾਭ ਉਠਾਉਣਾ ਸੰਭਵ ਹੈ। ਜ਼ਰਾ ਅਜਿਹੇ ਭਵਿੱਖਮਈ ਸੰਸਾਰ ਦੀ ਕਲਪਨਾ ਕਰੋ ਜਿਸ ਵਿਚ ਸਾਨੂੰ ਪ੍ਰਦੂਸ਼ਣ ਰਹਿਤ ਬਿਜਲੀ ਉਪਲੱਬਧ ਹੋਵੇ, ਤਦ ਜਲਵਾਯੂ ਤਬਦੀਲੀਆਂ ਵਰਗੀ ਨਾਮੁਰਾਦ ਬਿਮਾਰੀ ਭੂਤਕਾਲ ਦੀ ਗੱਲ ਹੋਵੇਗੀ...ਅਤੇ ਇਹ ਵੀ ਸੱਚ ਹੈ ਕਿ ਹਵਾਈ ਜੈਂਨਰੇਟਰ ਦੀ ਹੋਂਦ ਅਜਿਹੇ ਭਵਿੱਖੀ ਸੰਸਾਰ ਨੂੰ ਹਕੀਕਤ ਵਿਚ ਬਦਲਣ ਦੇ ਸਮਰੱਥ ਹੈ।'

'ਜ਼ਰਾ ਬੱਦਲਾਂ ਦੀ ਗੱਲ ਹੀ ਲੈ ਲਵੋ। ਹਰ ਬੱਦਲ ਹੀ ਪਾਣੀ ਦੀਆਂ ਬੂੰਦਾਂ ਦਾ ਇਕੱਠ ਹੁੰਦਾ ਹੈ।' ਯਾਓ ਦਾ ਕਹਿਣਾ ਹੈ ਕਿ 'ਹਰ ਬੱਦਲ ਵਿਚ ਮੌਜੂਦ ਪਾਣੀ ਦੀਆਂ ਬੂੰਦਾਂ ਉੱਤੇ ਬਿਜਲਈ ਚਾਰਜ ਹੁੰਦਾ ਹੈ, ਅਤੇ ਯੋਗ ਹਾਲਤਾਂ ਵਿਚ ਇਹ ਚਾਰਜਡ-ਯੁਕਤ ਬੱਦਲ ਆਸਮਾਨ ਵਿਚ ਬਿਜਲੀ ਦੀ ਧਾਰਾ ਪੈਦਾ ਕਰਦੇ ਹਨ - ਪਰ ਸਾਨੂੰ ਇਹ ਨਹੀਂ ਪਤਾ ਕਿ ਅਸੀਂ ਆਸਮਾਨੀ ਬਿਜਲੀ ਤੋਂ ਭਰੋਸੇਯੋਗ ਬਿਜਲੀ-ਧਾਰਾ ਕਿਵੇਂ ਹਾਸਲ ਕਰ ਸਕਦੇ ਹਾਂ।'

ਆਪਣੀ ਨਵੀਂ ਲੱਭਤ ਦਾ ਖੁਲਾਸਾ ਕਰਦੇ ਹੋਏ ਜਾਨ ਯਾਓ ਨੇ ਦੱਸਿਆ ਕਿ 'ਅਸੀਂ ਆਪਣੇ ਖੋਜ ਕਾਰਜਾਂ ਦੌਰਾਨ ਇਕ ਛੋਟੇ-ਆਕਾਰ ਦਾ ਬੱਦਲ ਬਣਾਇਆ ਜੋ ਸਾਡੀ ਲੋੜ ਅਨੁਸਾਰ ਸਹੀ ਮਾਤਰਾ ਵਾਲੀ ਬਿਜਲੀ ਲਗਾਤਾਰ ਪੈਦਾ ਕਰਦਾ ਹੈ ਤੇ ਇਸ ਬਿਜਲੀ-ਧਾਰਾ ਨੂੰ ਪ੍ਰਾਪਤ ਕਰਨਾ ਵੀ ਸੰਭਵ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਉਹ ਹਵਾਈ ਜੈੱਨਰੇਟਰ ਜੋ ਅਜਿਹਾ ਕਰ ਸਕਦਾ ਹੈ ਲਗਭਗ ਕਿਸੇ ਵੀ ਪਦਾਰਥ ਤੋਂ ਬਣਾਇਆ ਜਾ ਸਕਦਾ ਹੈ।'

ਯਾਓ ਦਾ ਕਹਿਣਾ ਹੈ ਕਿ 'ਹਵਾ ਤੋਂ ਬਿਜਲੀ ਪੈਦਾ ਕਰਨ ਵਾਲੇ ਯੰਤਰ ਦੀ ਕਿਰਿਆ ਨੂੰ ਖੋਜਕਾਰਾਂ ਨੇ 'ਏਅਰ-ਜੈੱਨ ਪ੍ਰਭਾਵ' ਦਾ ਨਾਮ ਦਿੱਤਾ ਹੈ। ਇਹ ਯੰਤਰ ਕਿਸੇ ਵੀ ਕਿਸਮ ਦੇ ਪਦਾਰਥ ਦੀ ਵਰਤੋਂ ਨਾਲ ਹਵਾ ਤੋਂ ਬਿਜਲੀ ਦੀ ਪ੍ਰਾਪਤੀ ਕਰਾ ਸਕਣ ਦੀ ਯੋਗਤਾ ਰੱਖਦਾ ਹੈ, ਸ਼ਰਤ ਇਹ ਹੈ ਕਿ ਅਜਿਹੇ ਯੰਤਰ ਦੀ ਸਤਹਿ ਉੱਤੇ 100 ਨੈਨੋਮੀਟਰ ਵਿਆਸ ਵਾਲੇ ਬਹੁਤ ਹੀ ਮਹੀਣ ਛੇਕ ਮੌਜੂਦ ਹੋਣ।'

ਖੋਜਕਾਰਾਂ ਦਾ ਕਹਿਣਾ ਹੈ ਕਿ ਅਜਿਹੇ ਸੁਝਾਵਾਂ ਦੀ ਪੁਸ਼ਟੀ ਲਈ ਪਹਿਲਾਂ ਵੀ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਪਰ ਉਨ੍ਹਾਂ ਦੁਆਰਾ ਬਣਾਇਆ ਮਸ਼ੀਨੀ ਡਿਜ਼ਾਈਨ ਪਹਿਲਾਂ ਬਣਾਏ ਡਿਜ਼ਾਇਨਾਂ ਦੀ ਤੁਲਨਾ ਵਿਚ ਵਧੇਰੇ ਲੰਮੇ ਸਮੇਂ ਲਈ ਕੰਮ ਕਰ ਸਕਦਾ ਹੈ। ਉਨ੍ਹਾਂ ਨੂੰ ਭਰੋਸਾ ਹੈ ਕਿ ਉਨ੍ਹਾਂ ਦੁਆਰਾ ਬਣਾਇਆ ਯੰਤਰ ਨੇੜਲੇ ਭਵਿੱਖ ਵਿਚ ਹੀ ਲਗਾਤਾਰ ਬਿਜਲੀ ਪ੍ਰਦਾਨ ਕਰਨ ਵਾਲਾ ਸਥਾਈ ਸਰੋਤ ਸਿੱਧ ਹੋਵੇਗਾ।

ਖੋਜੀ ਲੇਖਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੁਆਰਾ ਕੀਤੀ ਗਈ ਖੋਜ ਇੰਨੀ ਵਧੇਰੇ ਮਹੱਤਵਪੂਰਨ ਹੈ ਕਿ ਇਸ ਦੇ ਅਮਲ ਰਾਹੀਂ ਕਿਸੇ ਵੀ ਪਦਾਰਥ ਦੀ ਵਰਤੋਂ ਕਰਦੇ ਹੋਏ, ਦੁਨੀਆ ਭਰ ਵਿਚ ਹਵਾ ਤੋਂ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਕਿਉਂਕਿ ਹਵਾ ਹਮੇਸ਼ਾ ਥੋੜੀ ਸਿੱਲ੍ਹੀ ਹੁੰਦੀ ਹੈ, ਇਸ ਲਈ ਹਵਾ ਤੋਂ ਬਿਜਲੀ ਦੀ ਪ੍ਰਾਪਤੀ ਲਈ ਸਾਨੂੰ ਸੂਰਜੀ ਊਰਜਾ ਜਾਂ ਹਵਾਈ ਊਰਜਾ ਵਰਗੇ ਹੋਰ ਨਵੀਨੀਕਰਨ ਯੋਗ ਕੁਦਰਤੀ ਸੋਮਿਆਂ ਉੱਤੇ ਨਿਰਭਰ ਕਰਨ ਦੀ ਲੋੜ ਨਹੀਂ ਰਹੇਗੀ।

ਯਾਓ ਦਾ ਕਹਿਣਾ ਹੈ 'ਬੇਸ਼ੱਕ ਇਹ ਵਿਚਾਰ ਸਧਾਰਨ ਹੈ, ਅਤੇ ਅਜਿਹੀ ਤਰਕੀਬ ਦੀ ਪਹਿਲਾਂ ਕਦੇ ਵੀ ਵਰਤੋਂ ਨਹੀਂ ਕੀਤੀ ਗਈ। ਪਰ ਇਹ ਖੋਜ ਅਨੇਕ ਨਵੀਆਂ ਸੰਭਾਵਨਾਵਾਂ ਦੀ ਜਨਮਦਾਤਾ ਬਣਨ ਦੇ ਸਮਰੱਥ ਹੈ। ਜ਼ਰਾ ਸੋਚੋ, ਬਰਸਾਤੀ ਜੰਗਲਾਂ ਵਾਲੇ ਸਿੱਲ੍ਹੇ ਵਾਤਾਵਰਨ ਵਿਚ ਇਕ ਖਾਸ ਕਿਸਮ ਦੇ ਪਦਾਰਥ ਦੀ ਵਰਤੋਂ ਨਾਲ ਹਵਾ ਤੋਂ ਬਿਜਲੀ ਪ੍ਰਾਪਤ ਕਰ ਸਕਦੇ ਹਾਂ ਤੇ ਖੁਸ਼ਕ ਖੇਤਰਾਂ ਲਈ ਕਿਸੇ ਹੋਰ ਕਿਸਮ ਦੇ ਪਦਾਰਥ ਦੀ ਵਰਤੋਂ ਨਾਲ ਅਸੀਂ ਅਜਿਹਾ ਕਰ ਸਕਾਂਗੇ।'

**ਹੋਰ ਤਾਂ ਹੋਰ, ਏਅਰ-ਜੈੱਨ ਯੰਤਰ ਨੂੰ ਸਟੈਕ ਕਰਨਾ ਵੀ ਸੰਭਵ ਹੈ ਅਤੇ ਅਜਿਹੇ ਸਟੈਕ ਤੋਂ ਪੈਦਾ ਹੋਈ ਬਿਜਲੀ ਦੀ ਮਾਤਰਾ ਕਾਫ਼ੀ ਵਧੇਰੇ ਹੋਣ ਦਾ ਯਕੀਨ ਹੈ। ਲੇਖਕਾਂ ਦਾ ਕਹਿਣਾ ਹੈ ਕਿ ਹਜ਼ਾਰਾਂ ਏਅਰ-ਜੈੱਨ ਯੰਤਰ ਇਕੱਠੇ ਸਟੈਕ ਕਰ ਕੇ ਕਈ ਕਿਲੋਵਾਟ ਮਾਤਰਾ ਦੀ ਬਿਜਲੀ ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੋ ਆਮ ਬਿਜਲੀ ਖਪਤਕਾਰਾਂ ਨੂੰ ਲੋੜੀਂਦੇ ਕਾਰਜਾਂ ਲਈ ਮੁਹੱਈਆ ਕਰਵਾਈ ਵਰਤੀ ਜਾ ਸਕਦੀ ਹੈ।**

# ਊਰਜਾ ਦਾਅ ਸਿਰਮੌਰ ਸਾਧਨ-ਬਿਜਲੀ



ਅਕਾਸ਼ 'ਚ ਬਿਜਲੀ ਦਾ ਚਮਕਣਾ ਕੁਦਰਤੀ ਵਰਤਾਰਾ ਹੈ ਜਿਸ ਦਾ ਜ਼ਿਕਰ ਸੰਸਾਰ ਦੇ ਸਾਰੇ ਪੁਰਾਤਨ ਗ੍ਰੰਥਾਂ ਅਤੇ ਸਾਹਿਤ ਵਿਚ ਮਿਲਦਾ ਹੈ ਅਤੇ ਇਸ ਨਾਲ਼ ਕਈ ਕਿਸਮ ਦੇ ਮਿੱਥ ਜੁੜੇ ਹੋਏ ਹਨ। ਇਸ ਦੀ ਚਮਕ 'ਚ ਊਰਜਾ (Energy) ਦੀ ਮਾਤਰਾ ਬਹੁਤ ਘੱਟ

**ਇੰਜ. ਈਸ਼ਰ ਸਿੰਘ**
**ਫੋਨ: 647 640 2014**

ਅਤੇ ਥੋੜ੍ਹ-ਚਿਰੀ ਹੁੰਦੀ ਹੈ ਪਰ ਕਰੰਟ ਬਹੁਤ ਜ਼ਿਆਦਾ ਹੁੰਦਾ ਹੈ। ਇਸ ਕਰਕੇ ਇਸ ਤੋਂ ਕੋਈ ਲਾਭ ਉਠਾਉਣ ਦੀ ਗੱਲ ਦੂਰ, ਉਲਟਾ ਇਸ ਦੇ ਖ਼ਤਰਿਆਂ ਤੋਂ ਬਚਣ ਦੀ ਲੋੜ ਪੈਂਦੀ ਹੈ। ਅੱਜ-ਕੱਲ੍ਹ ਸਭ ਉੱਚੀਆਂ ਇਮਾਰਤਾਂ ਅਤੇ ਬਣਤਰਾਂ ਆਦਿ 'ਤੇ ਇਸ ਤੋਂ ਬਚਾਓ ਲਈ ਯੰਤਰ ਲੱਗੇ ਹੋਣ ਦੇ ਬਾਵਜੂਦ, ਇਸ ਦੇ ਡਿੱਗਣ ਕਰਕੇ ਹੋਏ ਜਾਨੀ ਨੁਕਸਾਨ ਅਤੇ ਲੱਗੀਆਂ ਅੱਗਾਂ ਦੀਆਂ ਘਟਨਾਵਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਯੂਰਪ ਅਤੇ ਅਮਰੀਕਾ ਦੇ ਸਾਇੰਸਦਾਨਾਂ ਨੇ ਇਸ ਵਰਤਾਰੇ ਬਾਰੇ ਖੋਜਾਂ ਸ਼ੁਰੂ ਕੀਤੀਆਂ ਅਤੇ ਡੇਢ ਕੁ ਸੌ ਸਾਲ ਪਹਿਲਾਂ ਅੱਜ ਦੇ ਸਰੂਪ ਵਾਲ਼ੀ ਬਿਜਲੀ ਦੀ ਕਾਢ ਕੱਢਣ 'ਚ ਸਫਲ ਹੋਏ। ਦਰਅਸਲ ਇਹ ਕਾਢ ਬਿਜਲੀ ਨਾਲ਼ ਸਬੰਧਿਤ ਕਈ ਸਿਲਸਿਲੇਵਾਰ 'ਉਪ-ਕਾਢਾਂ' ਦਾ ਸਮੂਹ ਹੈ। ਇਸ ਦਾ ਬਹੁਤ ਤੇਜ਼ੀ ਨਾਲ਼ ਪਸਾਰ ਹੋਇਆ ਅਤੇ ਅੱਜ ਇਹ ਮਨੁੱਖੀ ਜੀਵਨ ਦੇ ਹਰ ਖੇਤਰ 'ਚ ਦਾਖਲ ਹੋ ਚੁੱਕੀ ਹੈ ਕਿਉਂਕਿ ਇਹ ਊਰਜਾ (Energy) ਦਾ ਸ੍ਰੇਸ਼ਟ, ਸਾਫ-ਸੁਥਰਾ, ਪ੍ਰਭਾਵਕਾਰੀ, ਹਰ-ਵਕਤ ਹਾਜ਼ਰ, ਵਰਤਣ 'ਚ ਸੌਖਾ ਅਤੇ ਸ਼ੋਰ-ਰਹਿਤ ਜ਼ਰੀਆ ਹੈ।

ਊਰਜਾ ਕੰਮ ਕਰ ਸਕਣ ਦੀ ਸਮਰੱਥਾ ਦਿੰਦੀ ਹੈ ਜਿਵੇਂ ਕਿ ਸਰੀਰ ਨੂੰ ਖੁਰਾਕ ਦੀ ਊਰਜਾ ਅਤੇ ਕਾਰ ਨੂੰ ਪੈਟਰੋਲ ਦੀ ਊਰਜਾ ਦਿੰਦੀ ਹੈ। ਇਹ ਮਨੁੱਖੀ ਹੋਂਦ ਦਾ ਮੁੱਖ ਆਧਾਰ ਹੈ ਅਤੇ ਇਸ ਦੇ ਕਈ ਸਾਧਨ ਹਨ ਜਿਵੇਂ ਕਿ ਖੁਰਾਕ, ਕੋਲਾ, ਕੁਦਰਤੀ ਗੈਸ, ਖਣਿਜ, ਤੇਲ, ਧੁੱਪ, ਹਵਾ, ਪਾਣੀ, ਪਰਮਾਣੂ, ਧਰਤੀ ਹੇਠਲੀ ਗਰਮੀ, ਸਮੁੰਦਰੀ ਲਹਿਰਾਂ ਆਦਿ। ਇਹ ਸਭ ਕੁਦਰਤ ਦੇ ਤੋਹਫ਼ੇ ਹਨ ਅਤੇ ਇਨ੍ਹਾਂ ਦੀ ਵਰਤੋਂ ਸਾਡਾ ਹੱਕ ਹੈ ਅਤੇ ਸਦ-ਵਰਤੋਂ ਸਾਡਾ ਫਰਜ਼ ਹੈ। ਇਹ ਸਭ ਰਲ਼ ਕੇ ਮਾਡਰਨ ਸ਼ੈਲੀ ਦੇ ਜੀਵਨ, ਹਰ ਤਰ੍ਹਾਂ ਦੇ ਛੋਟੇ-ਵੱਡੇ ਉਦਯੋਗ, ਸਭ ਖਾਧ-ਵਸਤੂਆਂ ਦੀ ਉਪਜ ਅਤੇ ਪ੍ਰਾਪਤੀ ਅਤੇ ਆਵਾਜਾਈ ਆਦਿ ਦੀਆਂ ਕੁੱਲ ਊਰਜਾ-ਲੋੜਾਂ ਪੂਰੀਆਂ ਕਰ ਰਹੇ ਹਨ। ਹਰੇਕ ਸਾਧਨ ਦੇ ਆਪਣੇ ਵਿਸ਼ੇਸ਼ ਗੁਣ (ਅਤੇ ਤਰੁੱਟੀਆਂ) ਹਨ ਜਿਨ੍ਹਾਂ ਕਰਕੇ ਇਹ ਸਾਰੇ ਹੀ ਆਪੋ-ਆਪਣੀ ਜਗ੍ਹਾ ਉਪਯੋਗੀ ਹਨ ਅਤੇ ਮੌਕੇ ਅਤੇ ਹਾਲਾਤ ਅਨੁਸਾਰ ਵਰਤੇ ਜਾਂਦੇ ਹਨ। ਬਿਜਲੀ ਇਨ੍ਹਾਂ 'ਚੋਂ ਇੱਕ ਹੈ ਜੋ ਸੰਸਾਰ ਦੀਆਂ ਕੁੱਲ ਊਰਜਾ ਲੋੜਾਂ ਦਾ ਅੱਜ ਵੀ ਸਿਰਫ 20% ਹਿੱਸਾ ਹੈ। ਬਿਜਲੀ ਅਤੇ ਕੁੱਲ ਊਰਜਾ ਦਾ ਇਹ ਫਰਕ ਸਮਝਣਾ ਜ਼ਰੂਰੀ ਹੈ; ਇਸ ਬਾਰੇ ਭੁਲੇਖਾ ਲੱਗਣਾ ਇੱਕ ਸਧਾਰਨ ਗੱਲ ਹੈ।

ਦਿਲਚਸਪ ਗੱਲ ਇਹ ਹੈ ਕਿ ਬਿਜਲੀ ਆਪ ਊਰਜਾ ਦਾ ਮੂਲ ਸਾਧਨ ਨਹੀਂ, ਬਲਕਿ ਹੋਰ ਸਾਧਨਾਂ ਦੀ ਊਰਜਾ ਨੂੰ ਵਰਤਣ ਦਾ ਜ਼ਰੀਆ ਹੈ। ਬਿਜਲੀ ਤੋਂ ਪਹਿਲਾਂ ਊਰਜਾ ਦਾ ਮੁੱਖ ਸਾਧਨ ਕੋਲਾ ਸੀ ਅਤੇ ਕੋਲੇ ਤੋਂ ਪਹਿਲਾਂ ਮਨੁੱਖੀ ਸਰੀਰ, ਪਸ਼ੂ, ਹਵਾ, ਪਾਣੀ, ਦਰਖ਼ਤ, ਫਸਲਾਂ ਦੀ ਰਹਿੰਦ- ਖੂੰਹਦ ਅਤੇ ਪਸ਼ੂਆਂ ਦਾ ਗੋਹਾ ਆਦਿ ਸਨ। ਤਕਨਾਲੋਜੀ ਅਤੇ ਹਾਲਾਤ ਅਨੁਸਾਰ ਪਹਿਲੇ ਸਾਧਨਾਂ ਨੂੰ ਛੱਡ ਕੇ ਨਵਿਆਂ ਨੂੰ ਅਪਨਾਉਣ ਨੂੰ 'ਊਰਜਾ- ਪਰਿਵਰਤਨ' ਕਿਹਾ ਜਾਂਦਾ ਹੈ ਅਤੇ ਇਹ ਮਨੁੱਖ ਦੇ ਸਮੁੱਚੇ ਵਿਕਾਸ ਦੀ ਮਹੱਤਵਪੂਰਨ ਕਿਰਿਆ ਰਹੀ ਹੈ। ਅੱਜ ਵੀ ਸੰਸਾਰ ਫੌਸਿਲ ਫਿਊਲਾਂ (ਕੋਲਾ, ਕੁਦਰਤੀ ਗੈਸ, ਖਣਿਜ ਤੇਲ) ਦੀ ਵਰਤੋਂ ਨੂੰ ਘਟਾ ਕੇ ਬਿਜਲੀ ਦੀ ਵਰਤੋਂ ਨੂੰ ਵਧਾਉਣ ਦੇ 'ਊਰਜਾ-ਪਰਿਵਰਤਨ' ਦੇ ਦੌਰ 'ਚੋਂ ਲੰਘ ਰਿਹਾ ਹੈ। ਇਹ ਅੱਜ ਦੇ ਸੰਸਾਰ ਨੂੰ ਦਰਪੇਸ਼ ਸਭ ਤੋਂ ਵੱਧ ਵੰਗਾਰਮਈ ਕੰਮਾਂ 'ਚੋਂ ਇੱਕ ਹੈ ਕਿਉਂਕਿ ਇਹ ਪਹਿਲੇ ਪਰਿਵਰਤਨਾਂ ਤੋਂ ਭਿੰਨ ਹੈ। ਵਰਣਨਯੋਗ ਹੈ ਕਿ 'ਵਾਤਾਵਰਨ ਪਰਿਵਰਤਨ' ਅਤੇ 'ਊਰਜਾ ਪਰਿਵਰਤਨ' ਦੋ ਅੱਡ-ਅੱਡ ਖੇਤਰ ਹਨ ਪਰ ਇੱਕ-ਦੂਜੇ ਨਾਲ਼ ਅਟੁੱਟ ਤਰੀਕੇ ਨਾਲ਼ ਜੁੜੇ ਹੋਏ ਹਨ। ਦੂਜਾ, ਪਹਿਲੇ ਦੀਆਂ ਪੈਦਾ ਕੀਤੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਇੱਕ ਢੰਗ ਹੈ।

ਕੋਲਾ-ਯੁਗ (ਜੋ ਢਾਈ ਸੌ ਸਾਲ ਪਹਿਲਾਂ ਸ਼ੁਰੂ ਹੋਇਆ) ਤੋਂ ਪਹਿਲਾਂ ਊਰਜਾ ਦੀ ਕੁੱਲ ਲੋੜ ਅੱਜ ਦੇ ਮੁਕਾਬਲੇ 'ਚ ਨਾਂਹ-ਮਾਤਰ ਸੀ। ਪਹਿਲਾਂ ਭਾਫ਼ ਇੰਜਣ, ਫਿਰ ਕਾਰਾਂ ਅਤੇ ਬਿਜਲੀ ਦੀਆਂ ਕਾਢਾਂ ਨਾਲ਼ ਸੰਸਾਰ ਦੀਆਂ ਊਰਜਾ-ਲੋੜਾਂ 'ਚ ਬੇਥਾਹ ਵਾਧਾ ਹੋਇਆ ਅਤੇ ਹੁਣ ਵੀ ਹੋਈ ਜਾ ਰਿਹਾ ਹੈ। ਇਸ ਸਮੇਂ ਦੌਰਾਨ ਅਬਾਦੀ ਦੇ ਦਸ ਗੁਣਾ ਵਾਧੇ ਦੇ ਬਾਵਜੂਦ ਕੁੱਲ ਊਰਜਾ ਦੀ ਪ੍ਰਤੀ ਜੀਅ ਖਪਤ 700 ਗੁਣਾ ਵਧੀ ਹੈ। ਇਹ ਖਪਤ ਜਿੱਥੇ ਸਾਡੀ ਅਭੂਤ-ਪੂਰਵ ਬਹੁ-ਪੱਖੀ ਤਰੱਕੀ ਦਾ ਵੱਡਾ ਕਾਰਨ ਬਣੀ ਹੈ ਓਥੇ ਹੀ ਇਹ ਵਿਸ਼ਵ-ਵਿਆਪੀ ਵਾਤਾਵਰਨਿਕ ਸਮੱਸਿਆ ਦਾ ਕਾਰਨ ਵੀ ਬਣੀ ਹੈ। ਇਸ ਸਮੱਸਿਆ ਦਾ ਸਭ ਤੋਂ ਵੱਡਾ ਕਾਰਨ ਫੌਸਿਲ ਫਿਊਲਾਂ ਅਰਥਾਤ ਕੋਲੇ, ਕੁਦਰਤੀ ਗੈਸ ਅਤੇ ਖਣਿਜ ਤੇਲ ਦੀ ਅੰਧਾ-ਧੁੰਧ ਅਤੇ ਬੇਲੋੜੀ ਵਰਤੋਂ ਹੈ। ਬਾਕੀ ਸਾਧਨ ਭਾਵ ਧੁੱਪ, ਹਵਾ, ਪਾਣੀ, ਪਰਮਾਣੂ, ਸਮੁੰਦਰੀ ਲਹਿਰਾਂ ਅਤੇ ਧਰਤੀ ਹੇਠਲੀ ਗਰਮੀ ਪ੍ਰਦੂਸ਼ਣ-ਰਹਿਤ ਹਨ, ਪਰ ਇਨ੍ਹਾਂ ਦੀ ਹਿੱਸੇਦਾਰੀ ਬਹੁਤ ਘੱਟ ਹੈ। ਬਿਜਲੀ ਦੀ ਸਿਫਤ ਇਹ ਹੈ ਕਿ ਇਹ ਦੋਹਾਂ ਕਿਸਮਾਂ ਦੇ ਸਾਧਨਾਂ ਤੋਂ ਬਣਾਈ ਜਾ ਸਕਦੀ ਹੈ ਅਤੇ ਬਣਾਈ ਜਾ ਰਹੀ ਹੈ ਪਰ ਸਭ ਤੋਂ ਵੱਧ ਫੌਸਿਲ ਫਿਊਲਾਂ ਤੋਂ ਹੀ ਬਣਾਈ ਜਾ ਰਹੀ ਹੈ। ਸੋ ਇਸ ਦਾ ਉਤਪਾਦ ਵੀ ਵਾਤਾਵਰਨ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ ਭਾਵੇਂ ਕਿ ਇਹ ਕੇਵਲ ਪੰਜਵਾਂ ਹਿੱਸਾ ਹੈ। ਇਸ ਤੋਂ ਸਪਸ਼ਟ ਹੈ ਕਿ ਜੇ ਸਾਰੀ ਬਿਜਲੀ ਨੂੰ ਪ੍ਰਦੂਸ਼ਣ-ਰਹਿਤ ਕਰ ਵੀ ਲਿਆ ਜਾਵੇ ਤਾਂ ਵੀ ਅਸੀਂ ਪ੍ਰਦੂਸ਼ਣ ਨੂੰ ਪੂਰੀ ਤਰ੍ਹਾਂ ਨਹੀਂ ਰੋਕ ਸਕਾਂਗੇ ਕਿਉਂਕਿ ਹੋਰ ਖੇਤਰ ਵਾਤਾਵਰਨ ਨੂੰ ਵੱਧ ਪ੍ਰਦੂਸ਼ਿਤ ਕਰ ਰਹੇ ਹਨ। ਜਿਵੇਂ ਕਿ ਹਵਾਈ ਅਤੇ ਸਮੁੰਦਰੀ ਜਹਾਜ਼, ਖੇਤੀਬਾੜੀ ਦੀ ਮਸ਼ੀਨਰੀ ਅਤੇ ਖਾਦਾਂ ਦਾ ਉਤਪਾਦ, ਟਰੱਕਿੰਗ, ਸਟੀਲ, ਸੀਮਿੰਟ, ਅਮੋਨੀਆ ਅਤੇ ਪਲਾਸਟਿਕ ਦਾ ਉਤਪਾਦ, ਲੁੱਕ, ਲੁਬਰੀਕੈਂਟ ਆਦਿ ਦੀਆਂ ਜ਼ਰੂਰਤਾਂ। ਫਿਰ ਵੀ ਬਿਜਲੀ ਦੇ ਉਤਪਾਦ ਨੂੰ ਪ੍ਰਦੂਸ਼ਣ-ਰਹਿਤ ਕਰਨ 'ਤੇ ਬਹੁਤਾ ਧਿਆਨ ਦਿੱਤਾ ਜਾ ਰਿਹਾ ਹੈ, ਕਿਉਂਕਿ ਇਹ ਵੱਧ ਸੰਭਵ ਹੈ।

ਬਿਜਲੀ ਪੈਦਾ ਕਰਨ ਵਾਲ਼ੇ ਵੱਡੇ ਬਿਜਲੀ-ਘਰ ਆਮ ਕਰਕੇ ਅਬਾਦੀ ਤੋਂ ਬਹੁਤ ਦੂਰ ਹੁੰਦੇ ਹਨ। ਓਥੋਂ ਇਸ ਨੂੰ ਘਰ-ਘਰ ਅਤੇ ਹੋਰ ਵਰਗਾਂ ਦੇ ਵੱਡੇ ਖਪਤਕਾਰਾਂ ਤੱਕ ਪਹੁੰਚਾਉਣਾ ਤਕਨੀਕੀ ਪੱਖੋਂ ਜਿੰਨਾ ਗੁੰਝਲਦਾਰ, ਔਖਾ ਅਤੇ ਮਹਿੰਗਾ ਕੰਮ ਹੈ, ਓਨਾ ਹੀ ਵਰਤੋਂ ਪੱਖੋਂ ਸਰਲ ਅਤੇ ਸਾਫ-ਸੁਥਰਾ ਹੈ। ਇਸ ਨੂੰ ਸਟੋਰ ਕਰਨ ਦੀ ਲੋੜ ਨਹੀਂ ਪੈਂਦੀ; ਦਰਅਸਲ ਇਹ ਸਟੋਰ ਕੀਤੀ ਹੀ ਨਹੀਂ ਜਾ ਸਕਦੀ (ਛੁੱਟ ਥੋੜੀ-ਬਹੁਤ ਦੇ) ਅਤੇ ਇਹ ਬਿਜਲੀ ਦਾ ਨੁਕਸ ਮੰਨਿਆ ਜਾਂਦਾ ਹੈ। ਸਭ ਸਾਧਨਾਂ ਤੋਂ ਬਣੀਆਂ ਬਿਜਲੀਆਂ ਇੱਕੋ ਜਿਹੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਸਭ ਨੂੰ ਇਕੱਠਾ ਕਰ ਕੇ ਹੀ ਅੱਗੇ ਇਸ ਦੀ ਵੰਡ-ਵੰਡਾਈ ਕੀਤੀ ਜਾਂਦੀ ਹੈ। ਇਹ ਊਰਜਾ ਦੇ ਹੋਰ ਸਾਧਨਾਂ ਵਾਂਗ ਦਿਸਦੀ ਨਹੀਂ। ਇਸ ਦੀ ਮੌਜੂਦਗੀ ਇਸ ਦੇ ਆਪਣੇ ਅਸਰਾਂ ਤੋਂ ਜਾਣੀ ਜਾ ਸਕਦੀ ਹੈ, ਜੋ ਕੇਵਲ ਤਿੰਨ ਹੀ ਹਨ, ਜਿਨ੍ਹਾਂ ਰਾਹੀਂ ਅੱਗੇ ਇਸ ਤੋਂ ਅਨੇਕਾਂ ਕਿਸਮ ਦੇ ਕੰਮ ਲਏ ਜਾਂਦੇ ਹਨ।

ਗਰਮੀ ਪੈਦਾ ਕਰਦੀ ਹੈ (Generates heat) ਚੁੰਬਕੀ ਅਸਰ ਪੈਦਾ ਕਰਦੀ ਹੈ (Creates magnetic effects) ਰਸਾਇਣਕ ਅਸਰ ਪੈਦਾ ਕਰਦੀ ਹੈ (Creates chemical effects) ਬਿਜਲੀ ਮਨੁੱਖਤਾ ਲਈ ਕੁਦਰਤ ਦਾ ਇੱਕ ਅਨੋਖਾ ਵਰਦਾਨ ਸਾਬਤ ਹੋਈ ਹੈ। ਇਸ ਨੂੰ ਊਰਜਾ ਦੀ 'ਕਰੰਸੀ' ਕਿਹਾ ਜਾ ਸਕਦਾ ਹੈ ਕਿਉਂਕਿ ਇਹ ਕਈ ਸਾਧਨਾਂ ਤੋਂ ਬਣਾਈ ਜਾ ਸਕਦੀ ਹੈ ਅਤੇ ਐਸੇ ਅਨੇਕਾਂ ਕੰਮ ਕਰ ਸਕਦੀ ਹੈ ਜੋ ਊਰਜਾ ਦੇ ਮੂਲ ਸਾਧਨ ਬਿਲਕੁਲ ਨਹੀਂ ਕਰ ਸਕਦੇ। ਉਦਾਹਰਨ ਵਜੋਂ ਕੋਲੇ ਦੀ ਊਰਜਾ ਸਿਰਫ ਗਰਮੀ ਦਿੰਦੀ ਹੈ ਪਰ ਜਦ ਇਸ ਨੂੰ ਬਿਜਲੀ 'ਚ ਬਦਲ ਲੈਂਦੇ ਹਾਂ ਤਾਂ ਇਹ ਅਣਗਿਣਤ ਕੰਮ ਕਰ ਸਕਦੀ ਹੈ। ਇਹ ਕਿਤੇ ਠੰਢਾ ਕਰੀ ਜਾਂਦੀ ਹੈ ਕਿਤੇ ਗਰਮ।

ਐਲੀਵੇਟਰ ਨੂੰ ਉੱਪਰ ਵੀ ਓਹੀ ਬਿਜਲੀ ਲਿਜਾਂਦੀ ਹੈ ਜੋ ਇਸ ਨੂੰ ਥੱਲੇ ਲੈ ਕੇ ਆਉਂਦੀ ਹੈ। ਮਸ਼ੀਨਰੀ ਨੂੰ ਚਲਾਉਂਦੀ ਵੀ ਇਹ ਹੈ ਅਤੇ ਬਰੇਕਾਂ ਵੀ ਇਹ ਲਾਉਂਦੀ ਹੈ। ਲੋਹੇ ਆਦਿ ਧਾਤਾਂ ਨੂੰ ਕੱਟ ਵੀ ਦਿੰਦੀ ਹੈ ਜੋੜ ਵੀ ਦਿੰਦੀ ਹੈ। ਬੱਚਿਆਂ ਦੇ ਖਿਡੌਣਿਆਂ, ਹੱਥਾਂ 'ਤੇ ਬੰਨ੍ਹੀਆਂ ਘੜੀਆਂ ਤੇ ਜੇਬਾਂ 'ਚ ਪਾਏ ਮੋਬਾਈਲਾਂ ਤੋਂ ਲੈ ਕੇ ਹਵਾਈ ਅਤੇ ਸਮੁੰਦਰੀ ਜਹਾਜ਼ਾਂ 'ਚ ਅਤੇ ਡਾਕਟਰਾਂ ਦੇ ਹੱਥਾਂ 'ਚ ਫੜੇ ਔਜ਼ਾਰਾਂ 'ਚ ਇੱਕੋ ਬਿਜਲੀ ਕੰਮ ਕਰਦੀ ਹੈ। ਅਨੇਕਾਂ ਤਰ੍ਹਾਂ ਦੀਆਂ ਮਸ਼ੀਨਾਂ ਜਿਹੜੀਆਂ ਹੋਰ ਕਿਸਮ ਦੀ ਊਰਜਾ ਨਾਲ਼ ਚਲਦੀਆਂ ਹਨ, ਨੂੰ ਵੀ ਬਿਜਲੀ ਦੀ ਲੋੜ ਹੈ ਜਿਵੇਂ ਕਿ ਪੈਟਰੋਲ ਜਾਂ ਡੀਜ਼ਲ ਦੀਆਂ ਕਾਰਾਂ ਨੂੰ।

ਬਿਜਲੀ ਦੀਆਂ ਦੋ ਸਭ ਤੋਂ ਲਾਭਦਾਇਕ ਅਤੇ ਸਰਵ-ਵਿਆਪੀ ਖੋਜਾਂ ਹਨ: ਰੌਸ਼ਨੀ ਅਤੇ ਮੋਟਰਾਂ। ਮੋਟਰ ਇੱਕ ਵਚਿੱਤਰ ਕਾਢ ਹੈ ਜੋ ਬਣੀ ਹੋਈ ਬਿਜਲੀ ਨੂੰ ਉਲਟਾ ਫਿਰ ਮਕੈਨੀਕਲ ਊਰਜਾ 'ਚ ਬਦਲ ਦਿੰਦੀ ਹੈ। ਇਨ੍ਹਾਂ ਰਾਹੀਂ ਬਿਜਲੀ ਨੇ ਸੰਸਾਰ ਦੇ ਵਿਕਾਸ ਦੀ ਪਹਿਲੀ ਸਟੇਜ 'ਚ ਮੁੱਖ ਭੂਮਿਕਾ ਨਿਭਾਈ ਹੈ। ਇਸ ਨੇ ਰੌਸ਼ਨੀ ਦੇ ਸਾਰੇ ਪੁਰਾਣੇ ਢੰਗਾਂ (ਮੋਮਬੱਤੀਆਂ, ਕੋਲੇ ਦੀ ਗੈਸ, ਮਿੱਟੀ ਦਾ ਤੇਲ ਆਦਿ) ਨੂੰ ਬਦਲ ਕੇ ਰੌਸ਼ਨੀ ਦੇ ਮਿਆਰ 'ਚ ਬਹੁਤ ਵਾਧਾ ਵੀ ਕੀਤਾ ਅਤੇ ਇਸ ਨੂੰ ਸੁਰੱਖਿਅਤ ਅਤੇ ਸਿਹਤ ਪੱਖੋਂ ਹਾਨੀ-ਰਹਿਤ ਵੀ ਬਣਾਇਆ। ਅੱਜ ਦੇ ਸੋਡੀਅਮ ਲੈਂਪ ਮੋਮ-ਬੱਤੀਆਂ ਤੋਂ ਇੱਕ ਹਜ਼ਾਰ ਗੁਣਾ ਵੱਧ ਅਤੇ ਵਧੀਆ ਰੌਸ਼ਨੀ ਦਿੰਦੇ ਹਨ। ਅੱਜ ਬਿਜਲੀ ਸਾਰੇ ਸੰਸਾਰ ਦੇ ਚੱਪੇ-ਚੱਪੇ ਨੂੰ ਰੁਸ਼ਨਾ ਰਹੀ ਹੈ। ਨਾਲ਼ ਹੀ ਮੋਟਰਾਂ ਨੇ ਹਰ ਕਿਸਮ ਦੇ ਛੋਟੇ-ਵੱਡੇ ਉਦਯੋਗ ਦਾ ਪੂਰਾ ਮੁਹਾਂਦਰਾ ਵੀ ਬਦਲਿਆ ਹੈ ਅਤੇ ਉਤਪਾਦ 'ਚ ਵੀ ਅਥਾਹ ਵਾਧਾ ਕੀਤਾ ਹੈ। ਵੱਡੇ ਸ਼ਹਿਰਾਂ 'ਚ ਪਾਣੀ ਦੀ ਸਪਲਾਈ ਦਾ ਪ੍ਰਬੰਧ ਮੋਟਰਾਂ ਨਾਲ਼ ਸੰਭਵ ਹੈ। ਰੇਲਾਂ ਇਨ੍ਹਾਂ ਨਾਲ਼ ਚਲਦੀਆਂ ਹਨ। ਤੇਲਾਂ ਅਤੇ ਗੈਸਾਂ ਨੂੰ ਹਜ਼ਾਰਾਂ ਕਿਲੋਮੀਟਰਾਂ ਤੱਕ ਪਹੁੰਚਾਉਣ ਵਾਲ਼ੀਆਂ ਵੱਡੀਆਂ-ਵੱਡੀਆਂ ਪਾਈਪਾਂ ਵਿਚ ਇਨ੍ਹਾਂ ਨੂੰ ਅੱਗੇ ਤੋਰਨ ਲਈ ਬਿਜਲੀ ਦੀਆਂ ਮੋਟਰਾਂ ਦੀ ਲੋੜ ਹੈ। ਇਨ੍ਹਾਂ ਨੇ ਸਾਡਾ ਜੀਵਨ ਇਸ ਹੱਦ ਤੱਕ ਆਰਾਮਦਾਇਕ ਕੀਤਾ ਹੈ ਕਿ ਕਾਰ ਦੇ ਸ਼ੀਸ਼ੇ ਵੀ ਇਨ੍ਹਾਂ ਨਾਲ਼ ਖੁੱਲ੍ਹਦੇ-ਬੰਦ ਹੁੰਦੇ ਹਨ। ਅੱਜ ਕਣਕ ਦੇ ਦਾਣੇ ਦੇ ਅਕਾਰ ਦੀਆਂ ਮੋਟਰਾਂ ਤੋਂ ਲੈ ਕੇ ਇਕ-ਇਕ ਲੱਖ ਹੌਰਸ-ਪਾਵਰ ਤੱਕ ਦੀਆਂ ਮੋਟਰਾਂ ਬਣ ਚੁੱਕੀਆਂ ਹਨ।

ਦੂਜੀ ਸਟੇਜ 'ਚ ਬਿਜਲੀ ਕਰਕੇ ਐਸੀਆਂ ਨਵੀਆਂ ਕਾਢਾਂ ਸੰਭਵ ਹੋ ਸਕੀਆਂ ਹਨ ਜਿਨ੍ਹਾਂ ਦੀ ਜਨਮ-ਦਾਤੀ ਅਤੇ ਜਿੰਦ-ਜਾਨ ਪੂਰਨ ਤੌਰ 'ਤੇ ਬਿਜਲੀ ਹੈ। ਉਦਾਹਰਨ ਵਜੋਂ ਕੰਪਿਊਟਰ ਅਤੇ ਡਾਕਟਰੀ ਪੇਸ਼ੇ ਨਾਲ਼ ਜੁੜੀ ਮਸ਼ੀਨਰੀ ਅਤੇ ਜੁੜੇ ਔਜ਼ਾਰ। ਬਿਜਲੀ ਤੋਂ ਬਿਨਾ ਦੂਰ-ਸੰਚਾਰ ਸਾਧਨ ਸੰਭਵ ਹੀ ਨਹੀਂ ਜੋ ਅੱਜ ਦੀ ਤਰੱਕੀ ਦਾ ਵੱਡਾ ਕਾਰਨ ਹਨ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਵੀ ਇਸ ਦੀ ਹੀ ਦੇਣ ਹਨ। ਸਰਵਿਸ ਸੈਕਟਰ (ਹੋਟਲ, ਮਨ-ਪ੍ਰਚਾਵੇ, ਸੈਰ-ਸਪਾਟੇ ਆਦਿ) ਪੂਰੀ ਤਰ੍ਹਾਂ ਬਿਜਲੀ 'ਤੇ ਨਿਰਭਰ ਹੈ। ਥੋੜਾ ਸਮਾਂ ਪਹਿਲਾਂ ਹੀ ਪ੍ਰਚੱਲਤ ਹੋਈ ਈ-ਕਮਰਸ ਰਾਹੀਂ ਖਰੀਦ-ਵੇਚ ਇਸ ਦੀ ਉਪਜ ਹੈ। ਪੂਰੀ ਤਰ੍ਹਾਂ ਬਿਜਲੀ 'ਤੇ ਨਿਰਭਰ ਇਨ੍ਹਾਂ ਕਾਢਾਂ ਦੇ ਅਣ-ਕਿਆਸੇ ਲਾਭ ਹੋਏ ਹਨ। ਇਨ੍ਹਾਂ ਤੋਂ ਬਗੈਰ ਅੱਜ ਦਾ ਸੰਸਾਰ ਅਸੰਭਵ ਹੈ। ਇਹ ਕੰਮ ਬਿਜਲੀ ਦੇ ਲਾਭਾਂ ਦੀ ਲਿਸਟ ਨਹੀਂ, ਸਿਰਫ ਕੁਝ ਸਰਲ ਉਦਾਹਰਣਾਂ ਹਨ। ਇਸ ਤਰ੍ਹਾਂ ਬਿਜਲੀ, ਊਰਜਾ ਦੇ ਸਭ ਸਾਧਨਾਂ ਦਾ ਸਿਰਮੌਰ ਸਾਧਨ ਹੈ।

ਗੁਣਾਂ ਪੱਖੋਂ ਸਿਰਮੌਰ ਹੋਣ ਦੇ ਬਾਵਜੂਦ ਇਹ ਸੰਸਾਰ ਭਰ 'ਚ ਅਤੇ ਖਾਸ ਕਰਕੇ ਭਾਰਤ 'ਚ, ਸਭ ਤੋਂ ਵੱਧ ਨਿਯੰਤਰਤ ਊਰਜਾ ਸੇਵਾ ਹੈ। ਕੇਂਦਰ ਜਾਂ ਸੂਬਾ ਸਰਕਾਰਾਂ ਦੀ ਤਾਂ ਗੱਲ ਹੀ ਛੱਡ ਦਈਏ, ਮਿਉਂਸਪਲ ਕਮੇਟੀਆਂ ਵੀ ਇਸ ਬਾਰੇ ਕਾਨੂੰਨ ਬਣਾਈ ਜਾਂਦੀਆਂ ਹਨ। ਇਹ ਬਹੁਤਾ ਸਰਕਾਰੀ ਜਾਂ ਅਰਧ-ਸਰਕਾਰੀ ਪ੍ਰਬੰਧਾਂ ਹੇਠਾਂ ਕੰਮ ਕਰਦੀ ਹੈ ਅਤੇ ਰਾਜਨੀਤਕ ਲੀਡਰਾਂ ਦੇ ਰਹਿਮੋ-ਕਰਮ 'ਤੇ ਹੈ। ਇਸ ਬਾਰੇ ਵੱਧ ਫੈਸਲੇ ਰਾਜਨੀਤਕ ਸਟੇਜਾਂ ਤੋਂ ਹੁੰਦੇ ਹਨ ਅਤੇ ਇਨ੍ਹਾਂ ਫੈਸਲਿਆਂ 'ਚ ਵਿਸ਼ੇਸ਼ਗਾਂ, ਪ੍ਰਬੰਧਕਾਂ ਜਾਂ ਆਰਥਿਕ ਮਾਹਿਰਾਂ ਦੀ ਬਹੁਤੀ ਭੂਮਿਕਾ ਨਹੀਂ ਹੁੰਦੀ। ਇਸ ਕਰਕੇ ਇਹ ਬਦ-ਇੰਤਜ਼ਾਮੀ, ਚੋਰੀ ਅਤੇ ਮੁਫਤ-ਖੋਰੀ ਦੀ ਸ਼ਿਕਾਰ ਹੈ। ਬਿਜਲੀ ਨਾਲ਼ ਜੁੜੀ ਅਗਲੀ ਨਿਰਾਸ਼ਾਜਨਕ ਗੱਲ ਇਹ ਹੈ ਕਿ ਇਸ ਦੀਆਂ ਸੁਵਿਧਾਵਾਂ ਸਭ ਮਨੁੱਖਾਂ ਨੂੰ ਪ੍ਰਾਪਤ ਨਹੀਂ। ਇੱਕ ਪਾਸੇ ਇਸ ਦੀ ਦੁਰਵਰਤੋਂ ਹੋ ਰਹੀ ਹੈ ਅਤੇ ਦੂਜੇ ਪਾਸੇ ਲੋਕ ਇਸ ਵਾਸਤੇ ਤਰਸ ਰਹੇ ਹਨ। ਇਹ ਨਾਂ-ਬਰਾਬਰੀ ਸਮੱਸਿਆ ਨੂੰ ਗੰਭੀਰ ਅਤੇ ਗੁੰਝ਼ਲਦਾਰ ਬਣਾਉਂਦੀ ਹੈ ਕਿ ਧਰਤੀ ਦਾ ਵਾਤਾਵਰਨ ਪਹਿਲਾਂ ਹੀ ਵਿਨਾਸ਼ ਦੀ ਕਗਾਰ 'ਤੇ ਹੈ ਜਦ ਕਿ ਅਰਬਾਂ ਲੋੜਵੰਦਾਂ ਨੂੰ ਜਿਉਣ-ਜੋਗੀਆਂ ਸਹੂਲਤਾਂ ਦੇਣਾ ਅਜੇ ਬਾਕੀ ਹੈ।

ਆਪਣੇ ਖਾਸ ਗੁਣਾਂ ਕਰਕੇ ਬਿਜਲੀ, ਕੁੱਲ ਊਰਜਾ ਦੇ ਉਤਪਾਦ ਕਰਕੇ ਵਧ ਰਹੇ ਪ੍ਰਦੂਸ਼ਣ ਨੂੰ ਘਟਾਉਣ 'ਚ ਬਹੁਤ ਵੱਡੀ ਭੂਮਿਕਾ ਨਿਭਾ ਸਕਦੀ ਹੈ ਕਿਉਂਕਿ ਇਹ ਪ੍ਰਦੂਸ਼ਣ-ਰਹਿਤ ਸਾਧਨਾਂ ਨੂੰ ਵਰਤ ਸਕਣ ਦੇ ਸਮਰੱਥ ਹੈ। ਇਸ ਪੱਖ ਤੋਂ ਇਹ ਬੇਜੋੜ ਹੈ। ਇਸ ਕਰਕੇ ਹੀ ਯੂ.ਐੱਨ.ਓ ਵਲੋਂ ਵਾਤਾਵਰਨ-ਸੁਧਾਰ ਲਈ ਅਪਣਾਈਆਂ ਮੁੱਖ ਨੀਤੀਆਂ ਮੁੱਖ ਤੌਰ 'ਤੇ ਬਿਜਲੀ-ਕੇਂਦ੍ਰਿਤ ਹਨ ਅਤੇ ਦੁਵੱਲੀ ਪਹੁੰਚ ਵਾਲ਼ੀਆਂ ਹਨ। ਕੁੱਲ ਊਰਜਾ ਵਿਚ ਬਿਜਲੀ ਦੀ ਹਿੱਸੇਦਾਰੀ ਨੂੰ ਵਧਾਉਣਾ ਹੈ ਅਤੇ ਇਸ ਢੰਗ ਨਾਲ਼ ਵਧਾਉਣਾ ਹੈ ਕਿ ਇਸ ਦੇ ਉਤਪਾਦ 'ਚ ਫੌਸਿਲ ਫਿਊਲਾਂ ਦੀ ਹਿੱਸੇਦਾਰੀ ਘਟਦੀ ਜਾਵੇ ਅਤੇ ਸੂਰਜੀ, ਹਵਾ, ਪਾਣੀ, ਪਰਮਾਣੂ ਆਦਿ ਸਾਧਨਾਂ ਦੀ ਵਧਦੀ ਜਾਵੇ। ਇਹੀ 'ਊਰਜਾ ਪਰਿਵਰਤਨ' (Energy Transition) ਹੈ ਜਿਸ ਦਾ ਪਹਿਲਾਂ ਜ਼ਿਕਰ ਆਇਆ ਹੈ। ਲਗਭਗ ਸਾਰੇ ਵਿਸ਼ਵ-ਪ੍ਰਸਿੱਧ ਵਾਤਾਵਰਨ-ਪ੍ਰੇਮੀ ਅਸੂਲੀ ਤੌਰ 'ਤੇ ਯੂ.ਐੱਨ.ਓ ਦੀਆਂ ਇਨ੍ਹਾਂ ਨੀਤੀਆਂ ਦੇ ਪੁਰ-ਜ਼ੋਰ ਹਾਮੀ ਹਨ, ਪਰ ਇਨ੍ਹਾਂ ਗੱਲਾਂ ਦੇ ਵੱਧ ਮੁੱਦਈ ਹਨ ਕਿ ਊਰਜਾ ਦੀਆਂ ਕੁੱਲ ਲੋੜਾਂ ਨੂੰ ਸੰਜਮ ਨਾਲ਼ ਅਤੇ ਕਾਨੂੰਨੀ ਢੰਗ ਵਰਤ ਕੇ ਘਟਾਇਆ ਜਾਵੇ, ਇਸ ਦੀ ਸਦ ਵਰਤੋਂ ਕੀਤੀ ਜਾਵੇ ਅਤੇ ਇਸ ਦੀ ਸਹੀ ਵੰਡ-ਵੰਡਾਈ ਨੂੰ ਪ੍ਰਾਥਮਿਕਤਾ ਦਿੱਤੀ ਜਾਵੇ। ਸਰ ਡੇਵਿਡ ਐਟਨਬਰਾ ਦੀ ਨਸੀਹਤ ਹੈ ਕਿ:

'ਸਾਡੇ ਵਾਸਤੇ ਅਤੀ ਜ਼ਰੂਰੀ ਹੈ ਕਿ ਅਸੀਂ ਨਾ-ਸਿਰਫ ਧਰਤੀ ਦੇ ਸੀਮਤ ਕੁਦਰਤੀ ਸਾਧਨਾਂ ਦੇ ਅੰਦਰ ਰਹੀਏ ਬਲਕਿ ਇਨ੍ਹਾਂ ਨੂੰ ਸਹੀ ਢੰਗ ਨਾਲ਼ ਵੰਡਣਾ ਵੀ ਸਿੱਖੀਏ।'

ਸਹੀ ਵੰਡ ਲਈ ਕੁਦਰਤ ਦੇ ਸਾਧਨਾਂ ਦਾ ਦੁਰ-ਉਪਯੋਗ ਕਰ ਕੇ ਅਯਾਸ਼ੀ ਦਾ ਜੀਵਨ ਜਿਉਂ ਰਹੇ ਅਮੀਰਾਂ 'ਤੇ ਕਾਨੂੰਨੀ ਅਤੇ ਸਮਾਜਿਕ ਪਾਬੰਦੀਆਂ ਲਾਉਣਾ ਸਮੇਂ ਦੀ ਲੋੜ ਹੈ। ਇਸ ਦਾ ਹੱਲ ਤਕਨਾਲੋਜੀ ਨਹੀਂ ਬਲਕਿ ਇਸ ਲਈ ਮੌਜੂਦਾ ਰਾਜਨੀਤਕ, ਆਰਥਿਕ ਅਤੇ ਸਮਾਜਿਕ ਪ੍ਰਬੰਧਾਂ ਅਤੇ ਪ੍ਰਣਾਲੀਆਂ ਨੂੰ ਬਦਲਣ ਦੀ ਲੋੜ ਹੈ। ਇਹ ਤਦ ਹੀ ਸੰਭਵ ਹੈ ਜਦ ਅਸੀਂ ਜਾਗਰੂਕ ਹੋ ਕੇ ਅਤੇ ਜਾਣਕਾਰ ਬਣ ਕੇ ਉਨ੍ਹਾਂ ਲੀਡਰਾਂ ਦੇ ਹੱਥ ਤਕੜੇ ਕਰਾਂਗੇ ਜੋ ਇਨ੍ਹਾਂ ਨੀਤੀਆਂ ਪ੍ਰਤੀ ਸੁਹਿਰਦ ਅਤੇ ਸਰਬ-ਸਾਂਝੀਵਾਲਤਾ ਦੇ ਪੁਰ-ਜ਼ੋਰ ਹਮਾਇਤੀ ਹਨ।

***(ਇਸ ਲੇਖ ਦਾ ਮੁੱਖ ਆਧਾਰ ਕੈਨੇਡਾ ਦੀ ਮੈਨੀਟੋਬਾ ਯੂਨੀਵਰਸਿਟੀ ਦੇ ਵਿਸ਼ਵ-ਪ੍ਰਸਿੱਧ ਸਾਇੰਸਦਾਨ ਅਤੇ ਊਰਜਾ-ਵਿਸ਼ੇਸ਼ਗ ਪ੍ਰੋ. ਵੈਕਲਫ ਸਮਿੱਲ ਦੀ ਬੈਸਟ-ਸੈੱਲਰ ਕਿਤਾਬ*** *'How the World Really Works'* ***-2022 ਹੈ। ਇਸ ਵਿਚ ਦਿੱਤੇ ਤੱਥ ਅਤੇ ਅੰਕੜੇ ਉਨ੍ਹਾਂ ਪ੍ਰਤੀ ਬਣਦੇ ਮਾਣ-ਸਤਿਕਾਰ ਸਹਿਤ ਲਏ ਗਏ ਹਨ।)***

# ਅਲੀ ਫਜ਼ਲ ਦਾ 'ਕੰਧਾਰ' ਜਾਦੂ ਚੱਲ ਨਾ ਸਕਿਆ








*ਅਦਾਕਾਰ ਅਲੀ ਫਜ਼ਲ, ਫਿਲਮ 'ਕੰਧਾਰ' ਦਾ ਦ੍ਰਿਸ਼ ਅਤੇ ਫਿਲਮ ਦਾ ਪੋਸਟਰ।*

**ਜਗਜੀਤ ਸਿੰਘ ਮੱਟੂ**

ਭਾਰਤੀ ਫਿਲਮ ਅਦਾਕਾਰ ਅਲੀ ਫਜ਼ਲ ਨੂੰ ਆਪਣੀ ਹੌਲੀਵੁਡ ਫਿਲਮ 'ਕੰਧਾਰ' ਤੋਂ ਬਹੁਤ ਆਸਾਂ ਸਨ ਪਰ ਇਹ ਫਿਲਮ ਉਹ ਜਲਵਾ ਨਹੀਂ ਦਿਖਾ ਸਕੀ ਜਿਸ ਦੀ ਇਸ ਤੋਂ ਉਮੀਦ ਕੀਤੀ ਜਾ ਰਹੀ ਸੀ। ਇਹ ਫਿਲਮ ਕੁੱਲ 2105 ਸਕਰੀਨਾਂ 'ਤੇ ਰਿਲੀਜ਼ ਹੋਈ ਜਿਸ ਨੂੰ ਲੈ ਕੇ ਅਲੀ ਫਜ਼ਲ ਕਾਫੀ ਉਤਸ਼ਾਹਿਤ ਸੀ ਪਰ ਇਸ ਫਿਲਮ ਨੇ ਪਹਿਲੇ ਦਿਨ ਸਿਰਫ 9 ਲੱਖ 92 ਹਜ਼ਾਰ ਡਾਲਰ ਹੀ ਕਮਾਏ ਜੋ ਕਿਸੇ ਚੰਗੀ ਕਮਾਈ ਵਾਲੀ ਫਿਲਮ ਲਈ ਬਹੁਤ ਘੱਟ ਮੰਨੇ ਜਾ ਰਹੇ ਹਨ। ਇਹ ਫਿਲਮ ਵੀਕਐਂਡ 'ਤੇ ਸਿਰਫ ਢਾਈ ਮਿਲੀਅਨ ਡਾਲਰ ਹੀ ਜੁਟਾ ਸਕੀ। ਇਹ ਫਿਲਮ 26 ਮਈ ਨੂੰ ਰਿਲੀਜ਼ ਹੋਈ ਸੀ ਅਤੇ ਅਲੀ ਨੇ ਕਿਹਾ ਸੀ, "ਇਹ ਫਿਲਮ ਅਮਰੀਕਾ ਵਿਚ ਵੱਡੇ ਪੱਧਰ 'ਤੇ ਰਿਲੀਜ਼ ਹੋ ਰਹੀ ਹੈ। ਜਾਸੂਸੀ ਆਧਾਰਿਤ ਇਸ ਫਿਲਮ ਲਈ ਅਮਰੀਕਾ ਵਿਚ ਵੱਡੇ ਦਰਸ਼ਕ ਮੌਜੂਦ ਹਨ। ਫਿਲਮ 'ਚ ਉਹ ਸਾਰੀਆਂ ਚੀਜ਼ਾਂ ਮੌਜੂਦ ਹਨ ਜਿਸ ਕਾਰਨ ਇਹ ਫਿਲਮ ਦਰਸ਼ਕਾਂ ਦਾ ਪੂਰਾ ਮਨੋਰੰਜਨ ਕਰੇਗੀ। ਇਹ ਫਿਲਮ ਅਮਰੀਕਾ 'ਚ ਲੌਂਗ ਵੀਕਐਂਡ 'ਤੇ ਰਿਲੀਜ਼ ਹੋ ਰਹੀ ਹੈ ਜਿਸ ਕਾਰਨ ਇਸ ਦੀ ਸ਼ੁਰੂਆਤ ਧਮਾਕੇਦਾਰ ਹੋਵੇਗੀ।"

ਇਹ ਐਕਸ਼ਨ ਥ੍ਰਿਲਰ ਫਿਲਮ ਰਿਕ ਰੋਮਨ ਵੌਅ ਦੀ ਨਿਰਦੇਸ਼ਨਾ ਹੇਠ ਬਣੀ ਹੈ ਅਤੇ ਇਸ ਦੀ ਪਟਕਥਾ ਮਿਸ਼ੇਲ ਲਾ-ਫੋਰਚੂਨ ਨੇ ਲਿਖੀ ਹੈ। ਫਿਲਮ ਵਿਚ ਮੁੱਖ ਭੂਮਿਕਾ ਅਦਾਕਾਰ ਗੇਰਾਲਡ ਬਟਲਰ ਦੀ ਹੈ ਜੋ ਇਸ ਫਿਲਮ ਦਾ ਨਿਰਮਾਤਾ ਵੀ ਹੈ। ਇਸ ਫਿਲਮ ਵਿਚ ਨਵੀਦ ਨਿਗ੍ਹਾਬਾਨ, ਅਲੀ ਫਜ਼ਲ, ਬਹਾਦੁਰ ਫੌਲਾਦੀ, ਨੀਨਾ ਟੂਸੇਂਟ-ਵ੍ਹਾਈਟ, ਵੈਸੀਲੀਸ ਕੋਕਲਾਨੀ, ਮਾਰਕ ਆਰਨੋਲਡ, ਕੋਰੇ ਜੌਹਨਸਨ, ਅਬਦੁੱਕ ਅਜ਼ੀਜ਼ ਆਦਿ ਅਦਾਕਾਰ ਨੇ ਵੱਖ-ਵੱਖ ਭੂਮਿਕਾਵਾਂ ਨਿਭਾਈਆਂ ਹਨ। ਫਿਲਮ ਦੀ ਕਹਾਣੀ ਸੀ.ਆਈ.ਏ. ਦੇ ਜਸੂਸ ਟੌਮ ਹੈਰਿਸ ਦੁਆਲੇ ਘੁੰਮਦੀ ਹੈ ਜਿਹੜਾ ਅਫਗਾਨਿਸਤਾਨ ਵਿਚ ਕਿਤੇ ਫਸ ਗਿਆ ਹੈ। ਖੁਫੀਆ ਏਜੰਸੀ ਦੇ ਕੁਝ ਤੱਥ ਲੀਕ ਹੋ ਜਾਣ ਕਾਰਨ ਉਸ ਦੀ ਸ਼ਨਾਖਤ ਹੋ ਜਾਂਦੀ ਹੈ ਅਤੇ ਇਸ ਤੋਂ ਬਾਅਦ ਉਸ ਦੀ ਜ਼ਿੰਦਗੀ ਦਾ ਘੋਲ ਆਰੰਭ ਹੋ ਜਾਂਦਾ ਹੈ। ਉਹ ਆਪਣੇ ਅਫਗਾਨ ਟ੍ਰਾਂਸਲੇਟਰ ਨਾਲ ਆਖਰਕਾਰ ਕੰਧਾਰ ਪੁੱਜ ਜਾਂਦਾ ਹੈ।

ਇਸ ਫਿਲਮ ਦਾ ਪਟਕਥਾ ਲੇਖਕ ਮਿਸ਼ੇਲ ਲਾ-ਫੋਰਚੂਨ ਸਾਬਕਾ ਮਿਲਟਰੀ ਇੰਟੈਲੀਜੈਂਸ ਅਫਸਰ ਹੈ। ਉਸ ਨੇ 'ਬਰਨ ਰਨ' ਸਿਰਲੇਖ ਤਹਿਤ ਇਹ ਪਟਕਥਾ ਲਿਖੀ ਸੀ ਅਤੇ ਫਿਰ 'ਥੰਡਰ ਰੋਡ ਫਿਲਮਜ਼' ਨੂੰ ਵੇਚ ਦਿੱਤੀ। ਉਸ ਨੇ 2013 ਆਪਣੇ ਅਫਗਾਨਿਸਤਾਨ ਵਿਚ ਕਿਆਮ ਦੌਰਾਨ ਆਪਣੇ ਤਜਰਬਿਆਂ ਦੇ ਆਧਾਰ 'ਤੇ ਇਸ ਪਟਕਥਾ ਦੀ ਕਹਾਣੀ ਜੋੜੀ ਸੀ। ਉਦੋਂ ਸਨੋਡਨ ਲੀਕੇਜ ਮਾਮਲਾ ਵਾਹਵਾ ਉਛਲਿਆ ਸੀ। ਫਿਰ 2020 ਵਿਚ ਐਲਾਨ ਹੋ ਗਿਆ ਕਿ ਇਹ ਫਿਲਮ ਗੇਰਾਲਡ ਬਟਲਰ ਬਣਾ ਰਿਹਾ ਹੈ ਅਤੇ ਇਸ ਫਿਲਮ ਵਿਚ ਉਹ ਅਦਾਕਾਰ ਵੀ ਖੁਦ ਹੀ ਹੋਵੇਗਾ। ਇਸ ਵਕਤ ਹੀ ਫਿਲਮ ਦਾ ਨਾਂ ਬਦਲ ਕੇ 'ਕੰਧਾਰ' ਕਰ ਦਿੱਤਾ ਗਿਆ।

ਅਲੀ ਫਜ਼ਲ ਅਤੇ ਨਵੀਦ ਨਿਗ੍ਹਾਬਾਨ ਇਸ ਫਿਲਮ ਨਾਲ ਦਸੰਬਰ 2021 ਵਿਚ ਜੁੜੇ ਸਨ। ਇਸ ਫਿਲਮ ਦੀ ਬਹੁਤੀ ਸ਼ੂਟਿੰਗ ਸਾਊਦੀ ਅਰਬ ਵਿਚ 2 ਦਸੰਬਰ 2021 ਵਿਚ ਹੋਈ ਜੋ ਜਨਵਰੀ 2022 ਤੱਕ ਜਾਰੀ ਰਹੀ। ਆਲੋਚਕਾਂ ਦੇ ਹੁੰਗਾਰੇ ਦੇ ਪੱਖ ਤੋਂ ਇਸ ਫਿਲਮ ਦਾ ਹਾਲ ਇੰਨਾ ਮਾੜਾ ਨਹੀਂ ਹੋਇਆ। ਤਕਰੀਬਨ ਅੱਧੇ ਫਿਲਮ ਆਲੋਚਕਾਂ ਨੇ ਇਸ ਫਿਲਮ ਦੇ ਹੱਕ ਵਿਚ ਰਿਵੀਊ ਕੀਤੇ। ਇਨ੍ਹਾਂ ਵਿਚ ਗੇਰਾਲਡ ਬਟਲਰ ਦੇ ਕੰਮ ਦੀ ਖੂਬ ਤਾਰੀਫ ਕੀਤੀ ਗਈ। ਕੁਝ ਕੁ ਨੇ ਟਿੱਪਣੀ ਕੀਤੀ ਕਿ ਜਿਹੜੇ ਦਰਸ਼ਕ ਐਕਸ਼ਨ ਥ੍ਰਿਲਰ ਸਮਝ ਕੇ ਇਹ ਫਿਲਮ ਦੇਖਣ ਗਏ, ਉਹ ਨਿਰਾਸ਼ ਹੋਏ ਹਨ। ਕਈ ਆਲੋਚਕਾਂ ਨੇ 'ਕੰਧਾਰ' ਨੂੰ ਔਸਤ ਜਿਹੀ ਫਿਲਮ ਕਰਾਰ ਦਿੱਤਾ ਹੈ।

ਅਸਲ ਵਿਚ ਅਲੀ ਫਜ਼ਲ ਨੂੰ ਜਾਪਦਾ ਸੀ ਕਿ ਇਸ ਫਿਲਮ ਨਾਲ ਉਸ ਲਈ ਹੌਲੀਵੁੱਡ ਦੇ ਰਾਸਤੇ ਖੁੱਲ੍ਹ ਜਾਣਗੇ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2008 ਵਿਚ 'ਦਿ ਅਦਰ ਐਂਡ ਆਫ ਦਿ ਲਾਈਨ' ਨਾਲ ਕੀਤੀ ਸੀ। ਫਿਰ 2009 ਵਿਚ ਉਹ '3 ਇਡੀਅਟ' ਫਿਲਮ ਵਿਚ ਛੋਟੇ ਜਿਹੇ ਰੋਲ ਵਿਚ ਨਜ਼ਰ ਆਇਆ। ਇਸੇ ਸਾਲ ਉਸ ਦੀ ਇਕ ਹੋਰ ਫਿਲਮ 'ਏਕ ਠੋ ਚਾਂਸ' ਵੀ ਰਿਲੀਜ਼ ਹੋਈ ਸੀ ਪਰ ਉਹ ਬਹੁਤਾ ਰੜਕਿਆ ਨਹੀਂ। ਪਿਛਲੇ ਸਾਲ ਉਸ ਦੀ ਦੋ ਫਿਲਮਾਂ 'ਡੈੱਥ ਔਨ ਦਿ ਨੀਲ' ਅਤੇ 'ਤੜਕਾ' ਰਿਲੀਜ਼ ਹੋਈਆਂ ਸਨ।

# ਆਦਿਤੀ ਰਾਓ ਹੈਦਰੀ ਦਾ ਮੇਲਾ



ਫਰਾਂਸ ਵਿਚ ਕਾਨ ਫਿਲਮ ਮੇਲੇ ਵਿਚ ਅਦਾਕਾਰਾ ਆਦਿਤੀ ਰਾਓ ਹੈਦਰੀ ਨੇ ਸਾਰਿਆਂ ਦਾ ਦਿਲ ਜਿੱਤ ਲਿਆ। ਆਦਿਤੀ ਨੇ ਅਸਮਾਨੀ ਰੰਗ ਦਾ ਲਿਬਾਸ ਪਹਿਨ ਕੇ ਫਰਾਂਸ ਦੇ ਸਮੁੰਦਰੀ ਕੰਢੇ ਗੇੜਾ ਲਾਇਆ। ਉਸ ਨੇ ਇੰਸਟਾਗ੍ਰਾਮ 'ਤੇ ਆਪਣੀਆਂ ਕੁਝ ਤਸਵੀਰਾਂ ਵੀ ਸਾਂਝੀਆਂ ਕੀਤੀਆਂ। ਇਨ੍ਹਾਂ ਕੱਪੜਿਆਂ ਵਿਚ ਉਹ ਸੱਚਮੁਚ ਰਾਜਕੁਮਾਰੀ ਵਰਗੀ ਲੱਗ ਰਹੀ ਸੀ। ਸੋਸ਼ਲ ਮੀਡੀਆ 'ਤੇ ਤਸਵੀਰਾਂ ਸਾਂਝੀਆਂ ਕਰਨ ਮਗਰੋਂ ਆਦਿਤੀ ਦੇ ਚਾਹੁਣ ਵਾਲਿਆਂ ਨੇ ਉਸ ਦੀ ਤਾਰੀਫ਼ ਕੀਤੀ। ਅਦਾਕਾਰਾ ਦੇ ਦੋਸਤ ਅਦਾਕਾਰ ਸਿਧਾਰਥ ਨੇ ਦਿਲ ਵਾਲੇ ਇਮੋਜੀ ਸਾਂਝੇ ਕੀਤੇ। 2022 ਵਿਚ ਆਦਿਤੀ ਨੇ ਪਹਿਲੀ ਵਾਰ ਕਾਨ ਫਿਲਮ ਮੇਲੇ ਵਿਚ ਸ਼ਿਰਕਤ ਕੀਤੀ ਸੀ। ਹੁਣ ਉਸ ਦੀ ਨਵੀਂ ਫਿਲਮ 'ਲਾਇਨੈੱਸ' ਆ ਰਹੀ ਹੈ ਜੋ ਇੰਡੋ-ਯੂਕੇ ਦੇ ਸਾਂਝੇ ਬੈਨਰ ਬਣਾਈ ਜਾਵੇਗੀ।

# ਅਦਾਕਾਰਾ ਕੰਗਨਾ ਰਣੌਤ ਨੂੰ ਘੇਰਾ

ਅਕਸਰ ਚਰਚਾ ਵਿਚ ਰਹਿੰਦੀ ਅਦਾਕਾਰਾ ਕੰਗਨਾ ਰਣੌਤ ਹੁਣ ਇਕ ਹੋਰ ਕਾਰਨ ਕਰ ਕੇ ਚਰਚਾ ਵਿਚ ਹੈ। ਉਸ ਨੇ ਬੈਜਨਾਥ ਮੰਦਰ ਵਿਚ ਨਿੱਕਰ ਪਾ ਕੇ ਮੱਥਾ ਟੇਕਣ ਪੁੱਜੀ ਇੱਕ ਕੁੜੀ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ ਜਿਸ ਤੋਂ ਬਾਅਦ ਟਵਿਟਰ 'ਤੇ ਲੋਕਾਂ ਦੀਆਂ ਪ੍ਰਤੀਕਿਰਿਆਵਾਂ ਦਾ ਹੜ੍ਹ ਆ ਗਿਆ ਅਤੇ ਉਸ ਨੂੰ ਘੂਰਾ ਪੈ ਗਿਆ। ਕੰਗਨਾ ਨੇ ਟਵੀਟ ਕੀਤਾ, "ਇਹ ਪੱਛਮੀ ਪਹਿਰਾਵਾ ਹੈ ਅਤੇ ਇਨ੍ਹਾਂ ਕੱਪੜਿਆਂ ਦੀ ਬਣਤਰ ਗੋਰਿਆਂ ਨੇ ਤਿਆਰ ਕੀਤੀ ਸੀ। ਮੈਂ ਇੱਕ ਵਾਰ ਵੈਟੀਕਨ ਸਿਟੀ ਵਿਚ ਨਿੱਕਰ ਤੇ ਟੀ-ਸ਼ਰਟ ਪਹਿਨੀ ਸੀ ਪਰ ਮੈਨੂੰ ਇਮਾਰਤ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ। ਆਖ਼ਰ ਮੈਂ ਹੋਟਲ ਜਾ ਕੇ ਕੱਪੜੇ ਬਦਲੇ। ਇਹ ਕੱਪੜੇ ਮਹਿਜ਼ ਰਾਤ ਨੂੰ ਪਹਿਨਣ ਵਾਸਤੇ ਹਨ ਅਤੇ ਇਸ ਤੋਂ ਵੱਧ ਕੁਝ ਨਹੀਂ ਹੈ ਪਰ ਜਿਹੜੇ ਮੂਰਖ ਲੋਕ ਅਜਿਹੇ ਕੱਪੜੇ ਪਹਿਨਦੇ ਹਨ, ਉਨ੍ਹਾਂ ਵਾਸਤੇ ਸਖ਼ਤ ਨਿਯਮ ਹੋਣੇ ਚਾਹੀਦੇ ਹਨ।"

ਕੰਗਨਾ ਦੇ ਇਸ ਟਵੀਟ ਤੋਂ ਬਾਅਦ ਲੋਕਾਂ ਨੇ ਅਦਾਕਾਰਾ ਦੀਆਂ ਪੱਛਮੀ ਪਹਿਰਾਵੇ ਵਾਲੀਆਂ ਤਸਵੀਰਾਂ ਟਵਿੱਟਰ 'ਤੇ ਸਾਂਝੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇੱਕ ਵਰਤੋਂਕਾਰ ਨੇ ਕੰਗਨਾ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਆਖਿਆ, "ਤੁਸੀਂ ਸਾਧਾਰਨ ਕੱਪੜੇ ਪਾ ਕੇ ਤੈਰਾਕੀ ਲਈ ਨਹੀਂ ਜਾ ਸਕਦੇ ਅਤੇ ਨਾ ਹੀ ਬਿਕਨੀ ਪਾ ਕੇ ਕੰਮ 'ਤੇ ਜਾ ਸਕਦੇ ਹੋ। ਇਸ ਲਈ ਸਾਨੂੰ ਹਰ ਮੌਕੇ ਲਈ ਵੱਖਰੇ ਕੱਪੜੇ ਮਿਲੇ ਹਨ। ਕਿਰਪਾ ਕਰ ਕੇ ਦੂਸਰਿਆਂ ਦੀ ਇੱਜ਼ਤ ਕਰਿਆ ਕਰੋ ਅਤੇ ਚੰਗੇ ਕੱਪੜੇ ਪਹਿਨੋ।" ਇਕ ਹੋਰ ਨੇ ਆਖਿਆ ਕਿ ਮੰਦਰਾਂ ਵਿਚ ਪੂਰੇ ਕੱਪੜੇ ਪਾਉਣ ਦੀ ਕੀ ਫਾਇਦਾ ਹੈ? ਪਰਮਾਤਮਾ ਤੁਹਾਡੇ ਕੱਪੜਿਆਂ ਤੋਂ ਅੰਦਾਜ਼ਾ ਨਹੀਂ ਲਾਏਗਾ। ਜੇ ਅਜਿਹਾ ਹੁੰਦਾ ਤਾਂ ਉਹ ਤੁਹਾਨੂੰ ਕੱਪੜਿਆਂ ਸਣੇ ਇਸ ਧਰਤੀ 'ਤੇ ਭੇਜਦਾ।

ਇਸੇ ਦੌਰਾਨ ਕੰਗਨਾ ਰਣੌਤ ਨੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਕੇਦਾਰਨਾਥ ਮੰਦਰ ਵਿਚ ਮੱਥਾ ਟੇਕਿਆ। ਕੰਗਨਾ ਨੇ ਇਸ ਸਬੰਧੀ ਵੀਡੀਓ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਹੈ। ਉਸ ਨੇ ਵੀਡੀਓ ਦੀ ਕੈਪਸ਼ਨ ਲਿਖਿਆ, "ਅਖ਼ੀਰ ਮੈਂ ਕੇਦਾਰਨਾਥ ਜੀ ਦੇ ਦਰਸ਼ਨ ਕੀਤੇ, ਉਹ ਵੀ ਮੇਰੇ ਸਤਿਕਾਰਤ ਕੈਲਾਸ਼ਨੰਦ ਮਹਾਰਾਜ ਤੇ ਵਿਜੇਂਦਰ ਪ੍ਰਸਾਦ ਨਾਲ... ਧੰਨਵਾਦ ਵਿਧਾਇਕ ਉਮੇਸ਼ ਭਾਈ।" ਵੀਡੀਓ ਵਿਚ ਉਹ ਹੈਲੀਕਾਪਟਰ ਤੋਂ ਹੀ ਆਪਣੇ ਪ੍ਰਸ਼ੰਸਕਾਂ ਦੀਆਂ 'ਹਰ ਹਰ ਮਹਾਦੇਵ' ਨਾਲ ਸ਼ੁੱਭ ਇੱਛਾਵਾਂ ਕਬੂਲ ਰਹੀ ਹੈ। ਵੀਡੀਓ ਵਿਚ ਕੰਗਨਾ ਨੂੰ ਵਿਧਾਇਕ ਅਤੇ ਮੰਦਰ ਦੇ ਪੁਜਾਰੀ ਨਾਲ ਮੱਥਾ ਟੇਕਦਿਆਂ ਵੀ ਦੇਖਿਆ ਜਾ ਸਕਦਾ ਹੈ। ਹਾਲ ਹੀ 'ਚ ਕੰਗਨਾ ਦੇ ਨਿਰਦੇਸ਼ਨ ਹੇਠ ਫਿਲਮ 'ਐਮਰਜੈਂਸੀ' ਬਣੀ ਹੈ ਜੋ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਲਾਈ ਐਮਰਜੈਂਸੀ 'ਤੇ ਆਧਾਰਿਤ ਹੈ।



ਨਿਰਵਿਘਨ ਪ੍ਰਕਾਸ਼ਨ ਦੇ 24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

# ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 8 ਜੁਲਾਈ 2023 ਸਨਿਚਰਵਾਰ ਸ਼ਾਮੀ 6:30 ਵਜੇ


**Atlantis Banquets**
1273 N. Rand Road,
Arlington Heights, IL 60004




ਪ੍ਰੋ. ਜੋਗਿੰਦਰ ਸਿੰਘ ਰਮਦੇਵ



ਸ. ਅਮੋਲਕ ਸਿੰਘ ਜੰਮੂ



ਅਜੁਧਿਆ ਸਲਵਾਨ



ਸਵਰਨਜੀਤ ਸਿੰਘ ਢਿੱਲੋਂ



ਗੁਰਿੰਦਰ ਸਿੰਘ ਗਿੱਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਜਸਵੀਰ ਕੌਰ ਢਿਲੋਂ



ਡਾ. ਇਨਕਲਾਬੀ ਥਾਂਦੀ



ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਅਮੋਲਕ ਸਿੰਘ ਗਾਖਲ



ਡਾ. ਗੁਰਦਿਆਲ ਸਿੰਘ ਬਸਰਾਨ



ਹਰਦਿਆਲ ਸਿੰਘ ਦਿਓਲ



ਹਰਜੀਤ ਸਿੰਘ ਸਾਹੀ



ਜਗਦੀਸ਼ਰ ਸਿੰਘ ਕਲੇਰ



ਗੁਰਚਰਨ ਸਿੰਘ ਗਰੇਵਾਲ



ਡਾ. ਹਰਗੁਰਮੁਖਪਾਲ ਸਿੰਘ



ਡਾ. ਤੇਜਿੰਦਰ ਸਿੰਘ ਮੰਡੇਰ



ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ



ਰਾਜਿੰਦਰ ਸਿੰਘ ਬੈਂਸ



ਜੱਸੀ ਗਿੱਲ



ਜੈਦੇਵ ਸਿੰਘ ਭੱਠਲ



ਪਰਮਿੰਦਰ ਸਿੰਘ ਵਾਲੀਆ



ਸਰਵਣ ਸਿੰਘ ਟਿਵਾਣਾ



ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਘੁੰਨ



ਅਵਤਾਰ ਸਿੰਘ ਸਪਰਿੰਗਫੀਲਡ



ਗੁਲਜ਼ਾਰ ਸਿੰਘ ਮੁਲਤਾਨੀ



ਗੁਰਵੀਰ ਸਿੰਘ ਗਿੱਲ



ਜਸਕਰਨ ਸਿੰਘ ਧਾਲੀਵਾਲ

**ਪੰਜਾਬ ਟਾਈਮਜ਼**

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

Ph: 847-359-0746

*e-mail: punjabtimes1@gmail.com, website: www.punjabtimesusa.com*